ISSN 2321- 4449

read more on:
www.parwazparkashan.com

# ਕਹਾਣੀ ਧਾਰਾ

40



ਜਨਵਰੀ-ਮਾਰਚ,2016

ਮੁੱਲ : 40/-

*ਜਨਵਰੀ-ਮਾਰਚ,2016 ਅੰਕ :40*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

# ਕਹਾਣੀ ਧਾਰਾ

**e-mail:**
kahanidhara@gmail.com
kahani_dhara@yahoo.co.in
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,**
**10 ਅੰਕ: ਡਾਲਰ:40, ਤੇ ਪੌਂਡ: 35**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਫਰਵਰੀ, 2016)

## ਤਰਤੀਬ :

**ਸੰਪਾਦਕੀ**
•ਭਾਰਤੀ ਲੇਖਕਾਂ ਨਾਲ ਗੁਜਾਰੇ ਕੁੱਝ ਦਿਨ

**•ਮੁਲਾਕਾਤ**
"ਸਵੈ ਸਥਾਪਤੀ ਲਈ ਸਵੈ ਯਤਨ ਵਾਲਾ ਵਰਤਾਰਾ ਪੰਜਾਬ ਵਿਚਲੇ ਲੇਖਕਾਂ ਵਿਚ ਹੀ ਨਹੀਂ ਬਦੇਸ਼ੀ ਲੇਖਕਾਂ ਵਿਚ ਵੀ ਦੇਖਣ ਨੂੰ ਮਿਲਦਾ"
-ਜਰਨੈਲ ਸਿੰਘ ਸੇਖਾ/ਮੁਲਾ.-ਰਸੂਲਪੁਰੀ-8

**ਕਹਾਣੀਆਂ**
•ਕਪਾਹ ਦੀਆਂ ਢੇਰੀਆਂ/
-ਪਰਵੇਜ਼ ਕੌਰ ਸੰਧੂ-29
•ਮਜ਼ਾਕ ਦੀ ਹੱਦ ਨਹੀਂ ਹੁੰਦੀ /
- ਜਸਵੀਰ ਰਾਣਾ-35
•ਅੱਭੂ-ਪੱਚਰ / - ਗੁਰਪ੍ਰੀਤ ਸਹਿਜੀ -56

•ਡਾ. ਬਲਦੇਵ ਸਿੰਘ 'ਬੱਦਨ' ਵਲੋਂ ਭੇਜਿਆ ਡਾ. ਮਹਿੰਦਰ ਕੌਰ ਗਿੱਲ ਨੂੰ ਖ਼ਤ-63

**ਸੰਵਾਦ**
•ਪੰਜਾਬੀ ਸਾਹਿਤ ਸਭਾ ਦਿੱਲੀ ਕੁੱਝ ਅਨੁਭਵ /
- ਅਤਰਜੀਤ-76
•ਮੈਨੂੰ ਪ੍ਰਗਤੀਵਾਦੀ ਸਾਹਿਤਕ ਜੱਥੇਬੰਦੀਆਂ ਵਾਲੇ ਦੋਸਤਾਂ ਦਾ ਧੱਕਾ ਲਗਾਤਾਰ ਹੁਣ ਤੱਕ ਸਹਿਣਾ ਪੈ ਰਿਹਾ - ਪ੍ਰੇਮ ਪ੍ਰਕਾਸ਼-86
•ਸਾਹਿਤ ਸਭਾਵਾਂ ਅਤੇ ਸੰਵਾਦ /
- ਕਿਰਪਾਲ ਕਜ਼ਾਕ-90
•ਛੋਟੀਆਂ ਸਾਹਿਤਕ ਸੰਸਥਾਵਾਂ ਜ਼ਿਆਦਾ ਸਾਰਥਕ ਕੰਮ ਕਰਦੀਆਂ ਹਨ
-ਮਨਮੋਹਨ ਸਿੰਘ ਬਾਵਾ-95
•ਨਿੱਜੀ ਸਾਹਿਤਕ ਸੰਸਥਾਵਾਂ ਮਿੱਤਰ-ਤੰਤਰ, ਪਰਿਵਾਰ ਤੰਤਰ ਦਾ ਧਰਮ ਬੜੀ ਖ਼ੂਬਸੂਰਤੀ ਨਾਲ ਨਿਭਾ ਰਹੀਆਂ - ਬਲਦੇਵ ਸਿੰਘ-97
•ਪੰਜਾਬੀ ਸਾਹਿਤ ਖੜੋਤ ਦਾ ਸ਼ਿਕਾਰ ਹੋ ਗਿਆ ਹੈ -ਲਾਲ ਸਿੰਘ-98
•ਲੇਖਕਾਂ ਨੂੰ ਕਿਰਤੀਆਂ ਦੀ ਆਵਾਜ਼ ਬਣਨਾ ਚਾਹੀਦਾ -ਅਜਮੇਰ ਸਿੱਧੂ-101
•ਸਾਹਿਤਕਾਰ ਸਮਾਜ ਨੂੰ ਸੇਧ ਦਿੰਦਾ ਹੈ
- ਕਰਮਜੀਤ ਸਿੰਘ ਨਡਾਲਾ 103

**ਆਲੋਚਨਾ**
•ਮਾਨਵੀ ਅਤ੍ਰਿਪਤੀਆਂ ਦਾ ਬਿਰਤਾਂਤ : ਰੇਤ 'ਚ ਨਹਾਉਂਦੀਆਂ ਚਿੜੀਆਂ
ਡਾ. ਸੰਤੋਖ ਸਿੰਘ-106

Titel:Sculpture **:Anuradha Thakur,** Jal. Ph. 98140-29585

ਸੰਪਾਦਕੀ

# ਭਾਰਤੀ ਲੇਖਕਾਂ ਨਾਲ ਗੁਜਾਰੇ ਕੁੱਝ ਦਿਨ

ਲੰਘੇ ਸਾਲ ਦੇ 17 ਤੋਂ 19 ਦਸੰਬਰ ਵਿਚ ਦਿੱਲੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿਚ ਜਾਣ ਦਾ ਪ੍ਰੋਗਰਾਮ ਕਾਫੀ ਦੇਰ ਪਹਿਲਾਂ ਦਾ ਬਣਿਆ ਸੀ। ਵਿਦੇਸ਼ ਦੀਆਂ ਦੋ ਵਕਾਰੀ ਯੂਨੀਵਰਸਿਟੀਆਂ ਨੌਟਿੰਘਮ ਟਰੀਟ ਯੂਨੀਵਰਸਿਟੀ ਅਤੇ ਪਾਲ ਵੈਲਈਰੀ ਮਾਊਂਟ ਪੈਲਰ ਫਰਾਂਸ ਦੀ ਯੂਨੀਵਰਸਿਟੀ ਦਿੱਲੀ ਯੂਨੀਵਰਸਿਟੀ ਦਾ ਅੰਗਰੇਜ਼ੀ ਵਿਭਾਗ ਅਤੇ ਸੈਂਟਰ ਆਫ ਦਲਿਤ ਸੱਟੀਡੀਜ਼ ਰਲ ਕੇ ਇਹ ਕਾਨਫਰੰਸ ਕਰਵਾ ਰਹੀਆਂ ਸਨ। ਜਿਸ ਦਾ ਵਿਸ਼ਾ ਸੀ 'ਦਲਿਤ ਪ੍ਰਕਾਸ਼ਨ ਅਤੇ ਸਾਹਿਤ ਦੇ ਪਾਸਾਰ' ਪੰਜਾਬ ਤੋਂ ਮੈਂ ਤੇ ਦੇਸ ਰਾਜ ਕਾਲੀ 16 ਦਸੰਬਰ ਨੂੰ ਦਿੱਲੀ ਪਹੁੰਚ ਗਏ ਸੀ। ਸਾਡੇ ਪੰਜਾਬੀ ਵਾਲੇ ਪੈਨਲ ਤੋਂ ਕਾਨਫਰੰਸ ਦਾ ਮੁੱਢ ਬੱਝਣਾ ਸੀ ਅਤੇ ਇਸ ਪੈਨਲ ਦੀ ਡਾ. ਰਾਜ ਕੁਮਾਰ ਹੰਸ ਨੇ ਪੰਜਾਬ ਦਲਿਤ ਸਾਹਿਤ ਦੇ ਪਰਕਾਸਨ ਅਤੇ ਸਾਹਿਤ ਦੇ ਪਾਸਾਰ ਦੀ ਭੂਮਿਕਾ ਬੰਨ੍ਹਣੀ ਸੀ। ਲੇਖਕ ਦੇ ਤੌਰ ਤੇ ਦੇਸ ਰਾਜ ਕਾਲੀ ਅਤੇ ਬਲਬੀਰ ਮਾਧੋਪੁਰੀ ਸੀ ਅਤੇ ਮੈਨੂੰ ਦਲਿਤ ਸਾਹਿਤ ਦੇ ਪ੍ਰਕਾਸ਼ਕ ਅਤੇ ਲੇਖਕ ਦੇ ਤੌਰ ਤੇ ਸਾਮਿਲ ਕੀਤਾ ਗਿਆ ਸੀ। ਰਾਜ ਕੁਮਾਰ ਹੰਸ ਨੇ ਆਪਣੇ ਪੈਨਲ ਦੀ ਭੂਮਿਕਾ ਬੰਨ੍ਹਦਿਆਂ ਪੰਜਾਬੀ ਦਲਿਤ ਸਾਹਿਤ ਦੀ ਇਤਿਹਾਸਕਾਰੀ ਸਬੰਧੀ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਪੰਜਾਬੀ ਵਿਚ ਵਜੀਦ ਸਿੰਘ, ਸਾਧੂ ਦਇਆ ਸਿੰਘ ਆਰਿਫ਼ ਵਰਗਿਆਂ ਕਵੀਆਂ ਨੇ ਪੰਜਾਬੀ ਦਲਿਤ ਸਾਹਿਤ ਲਿਖਦਿਆਂ ਪੰਜਾਬ ਦੀ ਸਮਾਜਿਕ ਵੰਡ ਬਾਰੇ ਲਿਖਿਆ। ਜਿਹੜੇ ਲੇਖਕ ਪੰਜਾਬੀ ਸਾਹਿਤ ਦੇ ਇਤਿਹਾਸਕਾਰੀ ਵਿਚੋਂ ਛੇਕ ਦਿੱਤੇ ਗਏ। ਉਸ ਤੋਂ ਉਪਰੰਤ ਉਨ੍ਹਾਂ ਮੌਜੂਦਾ ਪੰਜਾਬੀ ਦਲਿਤ ਸਾਹਿਤ ਦਾ ਜ਼ਿਕਰ ਕੀਤਾ। ਮੈਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬੀ ਦੇ ਦਲਿਤ ਸਾਹਿਤਕਾਰ ਨੂੰ ਆਪਣੀ ਕਿਤਾਬਾਂ ਛਪਵਾਉਣ ਦੀ ਮੁੱਢ ਤੋਂ ਮੁਸ਼ਕਲ ਆਉਂਦੀ ਰਹੀ ਸੀ। ਆਲਮ ਨੇ ਆਪਣੀਆਂ ਕਿਤਾਬਾਂ ਛਾਪ ਛਾਪਣ ਲਈ ਆਪਣੇਂ ਦੋ ਪ੍ਰਕਾਸ਼ਨ ਸ਼ੁਰੂ ਕੀਤੇ। ਬਾਅਦ ਵਿਚ ਇਹ ਵਰਤਾਰਾ ਰਿਹਾ। ਉਸ ਤੋਂ ਉਪਰੰਤ ਵਾਰੀ ਵਾਰੀ ਅਸੀਂ ਆਪਣੇ ਵਿਚਾਰ ਰੱਖੇ। ਦੇਸ ਰਾਜ ਕਾਲੀ ਦੇ ਨਾਵਲ ਤੇ ਡਾ. ਨੀਤੀ ਸਿੰਘ ਨੇ ਖੋਜ ਪੇਪਰ ਪੜ੍ਹਿਆ। ਨੀਤੀ ਸਿੰਘ ਕਾਲੀ ਦੇ ਨਾਵਲ 'ਸ਼ਾਤੀ ਪਰਵ' ਦੇ ਅੰਗਰੇਜ਼ੀ ਵਿਚ ਅਨੁਵਾਦ ਵੀ ਕਰ ਰਹੀ ਹੈ। ਵਿਧਾ ਦੇ ਪੱਖ ਤੋਂ ਵਿਸ਼ੇ ਦੇ ਪੱਖ ਤੋਂ ਕਾਲੀ ਦਾ ਨਾਵਲ ਦੀਆਂ ਖੂਬੀਆਂ ਦਾ ਜ਼ਿਕਰ ਕੀਤਾ। ਇਹ ਅਚੰਭੇ ਵਾਲੀ ਗੱਲ ਹੈ ਕਿ ਜਿਸ ਨਾਵਲ ਉੱਤੇ ਪੰਜਾਬ ਦੇ ਕਿਸੇ ਗਲਪ ਆਲੋਚਨ ਨੇ ਇਕ ਪੈਰ੍ਹਾ ਵੀ ਨਹੀਂ ਲਿਖਿਆ ਉਸ ਨਾਵਲ ਤੇ ਅੰਗਰੇਜ਼ੀ ਵਿਚ ਇਹ ਤੀਜਾ ਪਰਚਾ ਇੰਟਨਨੈਸ਼ਨਲ ਕਾਨਫਰੰਸ ਵਿਚ ਪੜ੍ਹਿਆ ਜਾ ਰਿਹਾ ਸੀ। ਉਪੰਰਤ ਕਾਲੀ ਨੇ ਪੰਜਾਬੀ ਵਿਚ ਨਾਵਲ ਦਾ ਇਕ ਕਾਂਡ ਪੜ੍ਹ ਕੇ ਸੁਣਾਇਆ ਤੇ ਉਸੇ ਕਾਂਡ ਦਾ ਅੰਗਰੇਜ਼ੀ ਅਨੁਵਾਦ ਨੀਤੀ ਸਿੰਘ ਨੇ ਪੜ੍ਹ ਕੇ ਸੁਣਾਇਆ।

ਇਸੇ ਤਰ੍ਹਾਂ ਹਰ ਭਾਸ਼ਾ ਦਾ ਪੈਨਲ ਬਣਾਇਆ ਗਿਆ ਸੀ। ਜਿਸ ਵਿਚ ਦਲਿਤ ਲੇਖਕਾਂ ਦੇ ਨਾਲ ਨਾਲ ਉਸ ਭਾਸ਼ਾ ਦਾ ਇਕ ਦਲਿਤ ਸਾਹਿਤ ਛਾਪਣ ਵਾਲਾ ਪ੍ਰਕਾਸ਼ਕ ਵੀ ਹੁੰਦਾ ਸੀ। ਹਰ ਰੋਜ ਛੇ ਦੇ ਕਰੀਬ ਸੈਸ਼ਨ ਚਲਦੇ ਸਨ। ਦੂਰ ਦੂਰ ਤੋਂ ਹਰ ਭਾਸ਼ਾ ਤੇ ਰਾਜ ਦੇ ਖਤਰਨਾਕ ਕਿਸਮ ਦੇ ਦਲਿਤ ਲੇਖਕ ਆਪਣੇ ਅਨੁਭਵ ਸੁਣਾ ਰਹੇ ਹਨ। ਮੇਰੇ ਲਈ ਇਹ ਪਹਿਲਾਂ ਅਨੁਭਵ ਸੀ ਜਿਥੇ ਮੈਂ ਇਨ੍ਹਾਂ ਲੇਖਕਾਂ ਦੇ ਅਨੁਭਵ ਸੁਣ ਰਿਹਾ ਸੀ ਕਿ ਕਿਵੇਂ ਇਨ੍ਹਾਂ ਨੇ ਪੀੜ੍ਹਾ ਹੰਢਾਈ ਅਤੇ ਆਪਣੇ

ਅਨੁਭਵ ਦੇ ਅਧਾਰ ਤੇ ਨਾਵਲ, ਕਹਾਣੀਆਂ, ਕਵਿਤਾਵਾਂ ਅਤੇ ਚਿੱਤਰਕਾਰੀ ਕੀਤੀ। ਕੁੱਝ ਸਮਾਜਿਕ ਕਾਰਕੁੰਨ ਵੀ ਸਨ। ਇਨ੍ਹਾਂ ਕਾਲਾਕਾਰਾਂ ਵਿਚੋਂ ਕੁਝ ਚੋਣਵੇਂ ਅਦੀਬਾ ਦੇ ਪ੍ਰਸੰਗ ਮੈਂ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

ਇਹ ਕਲਾਕਾਰ ਜਦੋਂ ਬੋਲਦੇ ਸਨ ਤਾਂ ਚਾਰੇ ਪਾਸੇ ਸੁੰਨ ਪਸਰ ਜਾਂਦੀ ਸੀ। ਬੰਗਾਲ ਦੇ ਲੇਖਕਾਂ ਵਿਚ ਬੈਠੀ ਪੰਜਾਹ ਕੁ ਸਾਲ ਦੀ ਕਲਿਆਣੀ ਠਾਕੁਰ ਨੇ ਆਪਣੇ ਅਨੁਭਵ ਦੱਸ ਕੇ ਸਭ ਨੂੰ ਸੁੰਨ ਕਰ ਦਿੱਤਾ। ਕਲਿਆਣੀ ਇਕੋ ਵਾਰ ਲੇਖਕ, ਪ੍ਰਕਾਸ਼ਕ, ਸਮਾਜਿਕ ਕਾਰਕੁੰਨ ਹੈ। ਪੱਕੇ ਤੇ ਰੜੇ ਹੋਏ ਰੰਗ ਦੀ ਇਸ ਔਰਤ ਨੇ ਆਪਣੇ ਵਾਲ਼ ਖੁੱਲੇ ਛੱਡੇ ਹੋਏ ਸਨ। ਇਸ ਔਰਤ ਦਾ ਪਿਛੋਕੜ ਚੰਡਾਲਾਂ ਵਿਚੋਂ ਸੀ। ਉਹ ਬੜੇ ਮਾਣ ਨਾਲ ਕਹਿ ਰਹੀ ਸੀ ਕਿ ਮੈਂ ਚੰਡਾਲਾਂ ਦੀ ਕੁੜੀ ਹਾਂ। ਸਾਨੂੰ ਬੰਗਾਲ ਵਿਚ ਬਹੁਤ ਹੀ ਨਫ਼ਰਤ ਨਾਲ ਦੇਖਿਆ ਜਾਂਦਾ ਹੈ। ਸਾਡੀ ਜਾਤ ਸਮਾਜ ਦੇ ਸਭ ਤੋਂ ਥੱਲੇ ਦੇ ਡੰਡੇ ਦੀ ਹੈ। ਚੰਡਾਲ ਨੂੰ ਪੂਰੇ ਭਾਰਤ ਵਿਚ ਨਫ਼ਰਤ ਨਾਲ ਦੇਖਿਆ ਜਾਂਦਾ ਹੈ। ਹੋਇਆ ਇਹ ਕਿ 19 ਵੀਂ ਸਦੀ ਵਿਚ ਬੰਗਾਲ ਦੇ ਸਮਾਜ ਸੁਧਾਰਕ ਗੁਰੂ ਜੀ ਨੇ 'ਚੰਡਾਲ' ਸ਼ਬਦ ਲਾਹ ਕੇ ਸਾਨੂੰ ਇਕ ਸਤਿਕਾਰ ਯੋਗ ਨਾਂ ਦੇ ਦਿੱਤਾ 'ਨਮੋ ਸ਼ੂਦਰਾ' ਤਾਂ ਕਿ ਸਾਡਾ ਸਮਾਜ ਨਫ਼ਰਤ ਭਰੀ ਜਿੱਲਣ ਵਿਚੋਂ ਨਿਕਲ ਸਕੇ। ਪਰ ਜਦੋਂ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ... ਸਟੇਜ ਤੇ ਲੋਕਾਂ ਨੂੰ ਸਿੱਧੀ ਸੰਬੋਧਨ ਹੋਈ ਮੈਂ ਕਿਹਾ ਕਿ ਨਹੀਂ ਮੈਨੂੰ ਚੰਡਾਲਣ ਹੀ ਕਿਹਾ ਜਾਵੇ। ਫਿਰ ਮੈਂ ਕਲਿਆਣੀ ਚੰਡਾਲਣ ਨਾਂ ਹੇਠ ਕਵਿਤਾਵਾਂ ਦੀ ਇਕ ਸੀਰੀਜ ਛਾਪੀ। 'ਚੰਡਾਲਾ ਦੀ ਕਵਿਤਾ', 'ਚੰਡਾਲਣ ਨੇ ਕਿਹਾ' , 'ਚੰਡਾਲਣ ਦੇ ਭਾਸ਼ਣ', ਚੰਡਾਲਣ ਕੁੜੀ' । ਫਿਰ ਮੈਂ ਕਹਾਣੀਆਂ ਵੀ ਲਿਖੀਆਂ। ਬੰਗਾਲ ਵਿਚ ਦੋ ਮੈਗਜ਼ੀਨ ਸੰਪਾਦਤ ਕਰ ਰਹੀ ਹਾਂ।' ਦਲਿਤ ਨਾਰੀਵਾਦ ਦੀ ਉਹ ਚਰਚਾ ਵਿਚ ਰਹਿਣ ਵਾਲੀ ਕਵਿਤਰੀ ਹੈ। ਕਲਿਆਣੀ ਠਾਕੁਰ ਖੁਦ ਕਿਤਾਬਾਂ ਛਾਪਦੀ ਹੈ, ਖੁਦ ਰਸਾਲੇ ਛਾਪ ਕੇ ਵੇਚਦੀ ਹੈ। ਉਹ ਆਪਣੇ ਸਾਹਿਤ ਨੂੰ ਵੇਚਣ ਲਈ ਪੁਸਤਕ ਮੇਲਿਆ ਵਿਚ ਜਾਂਦੀ ਹੈ। ਉਸ ਦੀ ਸਵੈ ਜੀਵਨੀ ਬਹੁਤ ਜਲਦੀ ਛਪ ਕੇ ਆ ਰਹੀ ਹੈ। ਕਲਿਆਣੀ ਬਹੁਤ ਬੇਬਾਕ ਹੋ ਕੇ ਬੋਲ ਰਹੀ ਸੀ। ਉਸ ਨੇ ਬੰਗਾਲ ਦੇ ਸਥਾਪਤ ਸਾਹਿਤ ਦੀ ਬੇ ਲਿਹਾਜ਼ ਹੋ ਕੇ ਖਿੱਲੀ ਉਡਾਈ। ਮੈਨੂੰ ਉਹ ਬੜੀ ਦਲੇਰ ਔਰਤ ਲੱਗੀ।

ਇਕ ਅਲੱਗ ਪੈਨਲ ਵਿਚ ਬੰਗਾਲ ਦਾ ਦਬੰਗ ਕਿਸਮ ਦਾ ਲੇਖਕ ਮਨੋਰੰਜਨ ਬਾਇਮਾਰੀ ਨੂੰ ਸੁਣਨ ਦਾ ਮੌਕਾ ਵੀ ਮਿਲਿਆ। ਆਪਣੇ ਨਿਵੇਕਲੇ ਪਹਿਰਾਵੇ ਵਿਚ ਮਲੰਗ ਕਿਸਮ ਦਾ ਬੰਦਾ ਸੀ। ਬੇਪਰਵਾਹ। ਗਲ ਵਿਚ ਝੋਲਾ ਪਾਇਆ ਹੋਇਆ। ਥੋੜ੍ਹਾ ਜਿਹਾ ਲੰਗੜਾ ਕੇ ਚਲਦਾ ਸੀ। ਜਦੋਂ ਬੋਲਣ ਲੱਗਾ ਤਾਂ ਹਾਲ ਇਕ ਦਮ ਸਾਂਤ ਹੋ ਗਿਆ। ਉਹ ਹਿੰਦੀ ਵਿਚ ਬੋਲਿਆ। ਉਹਦੇ ਚਿਹਰੇ ਉੱਤੇ ਕਈ ਟੱਕਾਂ ਦੇ ਨਿਸ਼ਾਨ ਦਿਸਦੇ ਸਨ। ਦੇਖਣ ਨੂੰ ਪਹਿਲੀ ਨਜ਼ਰੇ ਉਜੱਡ ਕਿਸਮ ਦਾ ਲਗਦਾ ਹੈ ਪਰ ਜਦੋਂ ਉਸ ਨੇ ਆਪਣੀ ਜ਼ਿੰਦਗੀ ਦਾ ਕਿੱਸਾ ਸੁਣਾਉਣ ਸ਼ੁਰੂ ਕੀਤਾ ਤਾਂ ਸੁੰਨ ਕਰਦਾ ਚਲੇ ਗਿਆ। ਸੰਵਾਦ ਵਿਚ ਉਹ ਆਪਣੀ ਖਿੱਲੀ ਵੀ ਬੇਲਿਜ਼ਾ ਹੋ ਕੇ ਉਡਾ ਰਿਹਾ ਸੀ ਅਤੇ ਨਾਲ ਹੀ ਸਮਾਜ ਦੀ, ਯੂਨੀਵਰਸਿਟੀਆਂ ਦੀ, ਪ੍ਰੋਫੈਸਰਾ ਨੂੰ ਠਿੱਠ ਕਰ ਰਿਹਾ ਸੀ। ਉਹਨੇ ਕਿਹਾ ਕਿ ਮੈਂ ਅਤਿ ਦੇ ਗਰੀਬ ਪਰਿਵਾਰ ਵਿਚ ਜੰਮਿਆ ਸਾਂ। ਪਿਓ ਅਨਪੜ੍ਹ ਸੀ ਮਾਂ ਅਨਪੜ੍ਹ ਸੀ। ਮੈਂ ਵੀ ਅਨਪੜ੍ਹ ਹੀ ਵੱਡਾ ਹੋਣ ਲੱਗਾ। ਉਦੋਂ ਬੰਗਾਲ ਦੀ ਵੰਡ ਹੋ ਗਈ ਸੀ। ਸਾਨੂੰ ਰਫਿਊਜ਼ੀ ਬਣਨ ਪਿਆ। ਕੱਚਾ-ਪੱਕਾ ਜਿਹੜਾ ਘਰ ਸੀ ਉਹ ਹੱਥੋਂ ਨਿਕਲ ਗਿਆ। ਐਨੀ ਕੰਗਾਲੀ ਸੀ ਕਿ ਮੇਰੀ ਭੈਣ ਮੇਰੀਆਂ ਅੱਖਾਂ ਮੋਹਰੇ ਭੁੱਖੀ-ਤਿਹਾਈ ਵਿਲਕ ਵਿਲਕ ਕੇ ਦਮ ਤੋੜ ਗਈ। ਤੇ ਮੈਂ ਘਰੋਂ

ਭਗੌੜਾ ਹੋ ਗਿਆ। ਘਰ ਛੱਡ ਦਿੱਤਾ। ਇਕ ਦਮ ਅਵਾਰਾ। ਰੇਲਵੇ ਸਟੇਸ਼ਨਾ ਉੱਤੇ ਰਾਤ ਗੁਜਾਰਦਾ। ਰਿਕਸ਼ਾ ਵੀ ਚਲਾ ਲੈਂਦਾ। ਜਦੋਂ ਪੈਸੇ ਹੁੰਦੇ ਸਾਥੀਆਂ ਨਾਲ ਦਾਰੂ ਪੀਂਦਾ। ਅੰਤ ਇਕ ਚਾਹ ਦੇ ਖੋਖੇ ਤੇ ਚਾਹ ਵਾਲੇ ਜੂਠੇ ਕੱਪ ਧੋਣ ਲੱਗ ਪਿਆ। ਉਸ ਚਾਹ ਦੇ ਖੋਖੇ ਉੱਤੇ ਨਕਸਲੀ ਆਉਂਦੇ ਸਨ। ਉਹ ਮਾਰਨ ਮਰਨ ਦੀਆਂ ਗੱਲਾਂ ਕਰਦੇ। ਬੜੇ ਗੁੱਸੇ ਖੋਰ। ਮੈਂ ਆਪਣੇ ਅੱਖੀ ਵੇਖੇ। ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਮੈਂ ਉਨ੍ਹਾਂ ਨਾਲ ਰਲ ਗਿਆ। ਉਨ੍ਹਾਂ ਵਿਚ ਕੰਮ ਕਰਦਿਆਂ ਪਤਾ ਲੱਗਾ ਕਿ ਨਕਸਲੀਆਂ ਦੇ ਅਨੇਕਾਂ ਗਰੁੱਪ ਹਨ। ਉਹ ਆਪਸ ਵਿਚ ਲੜਦੇ ਰਹਿੰਦੇ ਹਨ। ਉਥੇ ਵੀ ਮੈਂ ਊਚਨੀਚ ਦੇਖੀ। ਜਦੋਂ ਕੋਈ ਮੀਟਿੰਗ ਕਰਨੀ ਸਾਨੂੰ ਪਹਿਰਾ ਦੇਣ ਲਾ ਦੇਣਾ। ਆਪ ਮੀਟਿੰਗਾ ਕਰੀ ਜਾਣਾ। ਜਾਂ ਫਿਰ ਦਰੀਆਂ 'ਕੱਠੀਆਂ ਕਰਨ ਲਈ ਕਹਿਣਾ। ਪਰ ਜੋ ਪਾਰਟੀ ਮੀਟਿੰਗ ਹੋਣੀ ਸਾਡੇ ਵਰਗੇ ਨੀਚ ਨੂੰ ਜਾਣ ਨੀ ਦੇਣਾ। ਬਾਅਦ ਵਿਚ ਮੈਂ ਦੇਖਿਆ ਕਿ ਕਮਿਊਨਿਸਨ ਪਾਰਟੀਆਂ ਵਿਚ ਇਸੇ ਕਰਕੇ ਕੋਈ ਦਲਿਤ ਲੀਡਰ ਨਹੀਂ ਉਭਰਿਆਂ ਕਿਉਂਕਿ ਉਨ੍ਹਾਂ ਨੂੰ ਉਹ ਟਾਟ ਚੁੱਕਣ ਦਾ ਕੰਮਾਂ ਤੇ ਲਾਈ ਰੱਖਦੇ ਸਨ। ਆਪ ਮੀਟਿੰਗ ਵਿਚ ਫੈਸਲੇ ਲੈਂਦੇ। ਮੈਂ ਕਈ ਸਾਲ ਕਮਿਊਸਿਟ ਪਾਰਟੀ ਨਾਲ ਜੁੜਿਆ ਰਿਹਾ। ਪਰ ਮੇਰੇ ਹੁੰਦਿਆਂ ਰਤਾ ਵੀ ਸਮਾਜਿਕ ਵਿਵਸਥਾ ਨਹੀਂ ਬਦਲੀ। ਬੱਚੇ ਘੋੜਾ ਬਣਨਾ ਖੇਡਦੇ ਹਨ ਨਾ... ਇਕ ਬੱਚਾ ਵਾਰ ਵਾਰ ਘੋੜਾ ਬਣਦਾ ਰਹਿੰਦਾ ਹੈ। ਉਤੇ ਜੋ ਬੈਠਦਾ ਹੈ ਉਹ ਉੱਚੀ ਜਾਤ ਦਾ ਬੈਠਦਾ ਹੈ। ਮੈਂ ਜਦੋਂ ਕਾਮਿਊਸਟ ਪਾਰਟੀ ਵਿਚ ਗਿਆ ਤਾਂ ਸਮਝਿਆ ਕਿ ਜਦੋਂ ਕ੍ਰਾਂਤੀ ਹੋ ਜਾਵੇਗੀ ਤਾਂ ਸਮਾਜ ਬਦਲ ਜਾਵੇਗਾ। ਪਰ ਸਵਾਹ ਕ੍ਰਾਂਤੀ ਆਉਣੀ ਸੀ। ਖੈਰ ਇਹ ਸਾਰਾ ਕੁੱਝ ਛੱਡ ਦਿੱਤਾ। ਰਿਕਸ਼ਾ ਚਲਾਉਂਦਾ, ਦਾਰੂ ਪੀਂਦਾ ਤੇ ਜਦੋਂ ਦਾਅ ਲੱਗਦਾ ਛੁਰੇ ਬਾਜੀ ਵੀ ਕਰ ਲੈਂਦਾ। ਮੈਨੂੰ ਪਤਾ ਹੀ ਨਾ ਲੱਗਾ ਕਦੋਂ ਮੇਰੇ ਹੱਥ ਵਿਚ ਛੁਰਾ ਫੜਾ ਦਿੱਤਾ... ਇਸ ਸਮਾਜ ਨੇ ਉਸ ਵੇਲੇ ਜੇ ਮੇਰੇ ਹੱਥ ਕਲਮ ਫੜਾਈ ਹੁੰਦੀ ਤਾਂ ਅਸੀਂ ਹੋਰ ਵਧੇਰੇ ਆਪਣੇ ਲੋਕਾਂ ਬਾਰੇ ਲਿਖਦੇ। ਪਰ ਛੁਰਾ ਫੜਾ ਦਿੱਤਾ...? ਛੁਰੇ ਬਾਜੀ ਦੇ ਚੱਕਰ ਵਿਚ ਜ਼ੇਲ੍ਹ ਚਲੇ ਗਏ। ਮੈਂ ਤਾਂ ਕੋਰਾ ਅਨਪੜ੍ਹ ਸੀ ਪਤਾ ਹੀ ਨਾ ਲੱਗਾ। ਕਿ ਜੱਜ ਕੀ ਫੈਸਲੇ ਕਰਦੇ ਹਨ ਤੇ ਕਿਵੇਂ ਕਰਦੇ ਹਨ। ਮੈਨੂੰ 10 ਸਾਲ ਦੀ ਕੈਦ ਹੋ ਗਈ। ਮਾਰੇ ਗਏ। ਦੋਸਤੋਂ ਜਿਹੜਾ ਬੰਦਾ ਜਿਉਣਾ ਚਾਹੁੰਦਾ ਹੈ ਉਹ ਕਿਤੇ ਵੀ ਜੀਅ ਸਕਦਾ ਹੈ। ਮੌਕਾ ਮਿਲਣ ਦੀ ਦੇਰ ਹੈ। ਮੈਨੂੰ ਜ਼ੇਲ੍ਹ ਵਿਚ ਇਕ ਭਲਾ ਬੰਦਾ ਮਿਲ ਗਿਆ। ਉਹ ਕਿਤਾਬਾਂ ਪੜ੍ਹਨ ਦਾ ਸ਼ੌਕੀਨ ਸੀ। ਮੈਨੂੰ ਕਹੇ ਤੂੰ ਵੀ ਕਿਤਾਬਾਂ ਪੜ੍ਹ। ਪਰ ਕਿਤਾਬਾਂ ਕਿਵੇਂ ਪੜ੍ਹਾ ਮੈਂ ਤਾਂ ਕੋਰਾ ਅਨਪੜ੍ਹ ਸੀ। ਜ਼ੇਲ੍ਹ ਵਿਚ ਹੀ ਸਾਹਮਣੇ ਨੈਸ਼ਨਲ ਲਾਇਬਰੇਰੀ ਸੀ। ਮੈਂ ਉਥੇ ਜਾਂਦਾ ਤਾਂ ਮੈਨੂੰ ਪੋਥੀਆਂ ਵਿਚ ਕੀ ਲਿਖਿਆ ਹੈ ਕੁਝ ਵੀ ਪਤਾ ਨਾ ਲੱਗਦਾ। ਮੇਰੇ ਅੰਦਰ ਇਨ੍ਹਾਂ ਨੂੰ ਪੜ੍ਹਨ ਦੀ ਚਾਹਤ ਜਾਗੀ... ਤੇ ਮੈਨੂੰ ਉਹ ਭਲਾ ਬੰਦਾ ਅੱਖਰ ਗਿਆਨ ਸਿਖਾਉਣ ਲੱਗਾ। ਜ਼ੇਲ੍ਹ ਵਿਚ ਚਾਕ ਸਲੇਟ ਕਿੱਥੇ ਸੀ। ਉਸ ਨੇ ਧਰਤੀ ਉੱਤੇ ਅੱਖਰ ਲਿਖ ਕੇ ਮੈਨੂੰ ਅੱਖਰ ਗਿਆਨ ਦੇ ਦਿੱਤਾ। ਮੈਂ ਅੱਖਰ ਜੋੜਨ ਲੱਗਾ। ਮੇਰੇ ਪੜ੍ਹਨ ਦੇ ਸੌਕ ਨੂੰ ਵੇਖ ਦੇ ਜ਼ੇਲ ਵਾਰਡਨ ਨੇ ਮੇਰੇ ਲਈ ਕਾਪੀ ਤੇ ਪੈਨ ਦਾ ਪ੍ਰਬੰਧ ਕਰ ਦਿਤਾ। ਸੋ ਇੰਜ ਜ਼ੇਲ੍ਹ ਵਿਚ ਕਿਤਾਬਾਂ ਪੜ੍ਹਨ ਦੀ ਆਦਤ ਪੈ ਗਈ। ਜਦੋਂ ਜੇਲ੍ਹ ਵਿਚੋਂ ਬਾਹਰ ਆਇਆ ਤਾਂ ਕਿਤਾਬਾਂ ਪੜ੍ਹਨ ਦਾ ਸ਼ੌਕ ਤਾਂ ਪੈ ਗਿਆ ਸੀ। ਪਰ ਕੰਮ ਵੀ ਕੋਈ ਕਰਨਾ ਸੀ। ਰਿਸ਼ਕਾ ਚਲਾਉਣ ਲੱਗ ਪਿਆ। ਜਦੋਂ ਵਿਹਲਾ ਹੁੰਦਾ ਰਿਕਸ਼ੇ ਵਿਚੋਂ ਕਿਤਾਬ ਕੱਢਦਾ ਤਾਂ ਪੜ੍ਹਨ ਲੱਗ ਪੈਂਦਾ। ਇਸੇ ਤਰ੍ਹਾਂ ਮੈਂ ਰਿਸ਼ਕਾ ਤੇ ਬੈਠਾ ਕਿਤਾਬ ਪੜ੍ਹ ਰਿਹਾ ਸੀ ਤਾਂ ਇਕ ਔਰਤ ਆਈ। ਮੇਰੇ ਹੱਥ ਵਿਚ ਕਿਤਾਬ ਫੜੀ ਵੇਖ ਦੇ ਹੈਰਾਨ ਹੋਈ। ਉਹ ਮੇਰੇ ਨਾਲ ਗੱਲਾਂ ਕਰਨ ਲੱਗ ਪਈ। ਮੈਂ ਦਬਾ ਦਬਾ ਆਪਣੇ ਬਾਰੇ ਸਾਰਾ ਕੁੱਝ ਦੱਸ

ਦਿੱਤਾ ਕਿ ਅਸੀਂ ਰਫਿਊਜੀ ਹਾਂ... ਮੈਂ ਛੁਰੇ ਬਾਜੀ ਵੀ ਕੀਤੀ.... ਨਕਸਲੀਆਂ ਦੇ ਅੰਦਰਲਾ ਸੱਚ ਵੀ ਵੇਖਿਆ... ਜੇਲ ਵੀ ਗਿਆ... ਬੜੀ ਮੁਸ਼ਕਲ ਨਾਲ ਪੜ੍ਹਨਾ ਸਿੱਖਿਆ... ਸੋ ਕਿਤਾਬ ਵਿਚਲੇ ਇਕ ਸ਼ਬਦ ਦੇ ਅਰਥ ਦਾ ਮੈਨੂੰ ਪਤਾ ਨਹੀਂ ਸੀ ਲੱਗ ਰਿਹਾ। ਪੜ੍ਹੀ ਲਿਖੀ ਔਰਤ ਸਮਝ ਕੇ ਮੈਂ ਉਹਨੂੰ ਉਸ ਸ਼ਬਦ ਬਾਰੇ ਪੁੱਛਿਆ ਤਾਂ ਉਹਨੇ



**ਮਨੋਰੰਜਨ ਬਾਇਮਰੀ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ ਅਤੇ ਕਲਿਆਣੀ ਠਾਕੁਰ ਦਿੱਲੀ ਯੂਨੀ. ਵਿਖੇ**

ਝੱਟ ਦੱਸ ਦਿੱਤਾ। ਆਦਿ ਆਦਿ... ਉਹ ਕਹਿਣ ਲੱਗੀ ਕਿ ਆਹ ਸਾਡਾ ਪਰਚਾ ਹੈ... ਤੂੰ ਆਪਣੇ ਅਨੁਭਵ ਲਿਖ ਕੇ ਭੇਜ ਅਸੀਂ ਛਾਪਾਗੇ। ਉਹ ਔਰਤ ਮੇਰੇ ਹੱਥ ਵਿਚ ਉਹ ਰਸਾਲਾ ਫੜਾ ਕੇ ਚਲੇ ਗਈ। ਪਤਾ ਉਹ ਔਰਤ ਕੌਣ ਸੀ? ... ਉਹ ਸੀ ਮਹਾਂਸ਼ਵੇਤਾ ਦੇਵੀ। ਉਸ ਬਾਰੇ ਮੈਨੂੰ ਬਾਅਦ ਵਿਚ ਪਤਾ ਲੱਗਾ। ਉਹ ਔਰਤ ਨੇ ਮੈਨੂੰ ਲੇਖਕ ਬਣਾ ਦਿੱਤਾ। ਮੈਂ ਲਿਖਣ ਲੱਗਾ... ਤੇ ਉਹ ਛਾਪਣ ਲੱਗੀ। ਮੇਰੀ ਆਹ ਸਵੈ ਜੀਵਨੀ ਦੋ ਭਾਗਾਂ ਵਿਚ ਛਪੀ ਹੈ। ਅਜੇ ਇਸ ਨੂੰ ਛਪਿਆ ਛੇ ਕੁ ਮਹੀਨੇ ਹੋਏ ਹਨ ਹੁਣ ਤੱਕ ਇਹ 20 ਹਜ਼ਾਰ ਤੱਕ ਵਿਕ ਚੁੱਕੀ ਹੈ। ਦੋਸਤੋਂ! ਹੁਣ ਮੈਂ ਮਾਰ-ਵੱਢ ਨਹੀਂ ਕਰ ਸਕਦਾ ਇਸ ਲਈ ਹੁਣ ਲਿਖਦਾ ਹਾਂ... ਜਦੋਂ ਕਤਲ ਕਰਦਾ ਸੀ ਉਦੋਂ ਲਿਖਦਾ ਨਹੀਂ ਸਾਂ... ਜਦੋਂ ਸ਼ਰਨਾਰਥਨੀ ਸਾਂ ਤਾਂ ਦੇਖਿਆ ਕਿ ਕਿਵੇਂ ਥੋੜੇ ਲੋਕਾਂ ਨੇ ਬਹੁਤੇ ਲੋਕਾਂ ਦਾ ਜੀਣਾ ਹਰਾਮ ਕੀਤੀ ਹੋਇਆ ਹੈ... ਮੇਰੇ ਵਰਗਿਆਂ ਦੇ ਹੱਥਾਂ ਵਿਚ ਚਾਕੂ ਕਿਸ ਨੇ ਦੇ ਦਿੱਤਾ... ਜਦੋਂ ਜ਼ੇਲ੍ਹ ਵਿਚ ਰਹੇ ਉਥੇ ਪੜ੍ਹੇ... ਨਾਵਲ ਲਿਖੇ... ਸਵੈ-ਜੀਵਨੀ ਲਿਖੀ... ਜੇ ਪਹਿਲਾਂ ਪੜ੍ਹਨ ਦਾ ਮੌਕਾ ਮਿਲਦਾ ਤਾਂ ਹੋਰ ਲਿਖਦੇ... ਇਕ ਵਾਰ ਮਾਂ ਕਿਸੇ ਦੇ ਘਰ ਕੰਮ ਕਰਦੀ ਸੀ.. ਉਥੇ ਦੋ ਚਾਰ ਨਕਸਲੀ ਆਏ ਉਨ੍ਹਾਂ ਨੇ ਕੰਧ ਤੇ ਸੀ ਪੀ ਐਮ ਲਿਖ ਦਿੱਤਾ... ਦੂਜੇ ਦਿਨ ਹੋਰ ਨਕਸਲੀ ਆਏ ਉਨ੍ਹਾਂ ਨੇ ਐਲ ਲਿਖ ਦਿੱਤਾ... ਤੀਜੇ ਦਿਨ ਜੋ ਆਏ ਉਨ੍ਹਾਂ ਇਕ ਹੋਰ ਐਲ ਲਿਖ ਦਿੱਤਾ। ਮੈਂ ਸੋਚਿਆ ਪੇਂਡੂ ਖੇਤਰਾਂ ਵਿਚ ਨਕਸਲੀਆਂ ਦੇ ਐਨੇ ਗਰੁੱਪ ਹਨ।

ਮੈਨੂੰ ਲੋਕ ਰਿਸ਼ਕਾ ਵਾਲਾ ਲੇਖਕ... ਦਲਿਤ ਲੇਖਕ .... ਮਾਰਕਸਵਾਦੀ ਲੇਖਕ ਤੇ ਹੋਰ ਪਤਾ ਨੀ ਕੀ ਕੀ ਕਹਿੰਦੇ ਹਨ... ਪਰ ਦੋਸਤੋਂ ਮੈਂ ਕੇਵਲ ਲੇਖਕ ਹੀ ਹਾਂ। ਆਪਣੇ ਬਾਰੇ ਮੈਂ ਨਿਡੱਰ ਹੋ ਕੇ ਲਿਖਿਆ। ਮੈਂ ਹੁਣ ਇਕ ਸਕੂਲ ਵਿਚ ਸਫ਼ਾਈ ਕਰਮਚਾਰੀ ਦਾ ਕੰਮ ਕਰਦਾ ਹਾਂ। ਪਰ ਜਦੋਂ ਮੈਂ ਲਿਖਣ ਲੱਗਾ। ਲੇਖਕ ਬਣ ਗਿਆ। ਤਾਂ ਮੈਨੂੰ ਤੁਹਾਡੇ ਵਰਗੀਆਂ ਯੂਨੀਵਰਸਿਟੀਆਂ ਬਲਾਉਣ ਲੱਗ ਪਈਆਂ। ਏਥੇ ਦਿੱਲੀ ਆਉਣ ਲੱਗਿਆਂ ਮੈਨੂੰ ਕੋਈ ਪਾਠਕ ਮੇਰੀ ਸਵੈ ਜੀਵਨੀ ਪੜ੍ਹ ਕੇ ਆਹ ਐਪਲ ਦਾ ਮੁਬਾਇਲ ਦੇ ਗਿਆ। ਮੈਨੂੰ ਤਾਂ ਅਜੇ ਚਲਾਉਣਾ ਵੀ ਨਹੀਂ ਆਉਂਦਾ... ਆਪਣੇ ਸੱਜੇ ਹੱਥ ਵਿਚ ਪਾਈਆਂ ਹੋਈਆਂ ਉਂਗਲੀਆਂ ਵਿਚ ਚਾਂਦੀ ਦੀਆਂ ਮੁੰਦਰੀਆਂ ਦਿਖਾਉਂਦਾ ਹੋਇਆ ਬੋਲਿਆ-ਇਕ ਨੇ ਆਹ ਚਾਂਦੀ ਦੀ ਮੁੰਦੀਆਂ ਭੇਟਾ ਕਰ ਦਿੱਤੀਆਂ ਜਿਨ੍ਹਾਂ ਤੇ ਮੇਰਾ ਬੰਗਲਾ ਵਿਚ ਨਾਂ ਲਿਖਿਆ ਹੋਇਆ ਹੈ। ਦੋਸਤੋਂ ਮੇਰੀ ਕਹਾਣੀ ਬੜੀ ਲੰਮੀ ਏ... ਜੇ ਸਾਰੀ ਸਣਾਉਣ ਲੱਗਾ ਤਾਂ ਮਹੀਨਾ ਲੱਗ ਜਾਵੇਗਾ...। ਪਰ ਮੈਂ ਗੱਲ ਏਥੇ ਹੀ ਖਤਰ ਕਰ ਰਿਹਾ ਹਾਂ।

ਤੇ ਹਾਲ ਤਾੜੀਆਂ ਨਾਲ ਕਿੰਨਾ ਚਿਰ ਗੂੰਜਦਾ ਰਿਹਾ।

ਇਸ ਹੋਰ ਪੈਨਲ ਵਿਚ ਮੇਰੀ ਉਸ ਦਲਿਤ ਲੇਖਕ ਨੂੰ ਸੁਣਨ ਦੀ ਇੱਛਾ ਵੱਧ ਸੀ ਜਿਹੜਾ ਸਾਡੇ ਨਾਲ ਹੀ ਦਿੱਲੀ ਯੂਨੀਵਰਸਿਟੀ ਦੇ ਰੈਸਟ ਹਾਊਸ ਵਿਚ ਠਹਿਰਿਆ ਹੋਇਆ ਸੀ। ਇਕ ਦਿਨ ਪਹਿਲਾਂ ਉਹ ਆਪਣੇ ਤਮਿਲਨਾਡੂ ਦੇ ਪਹਿਰਾਵੇ ਚਿੱਟੀ ਧੋਤੀ ਤੇ ਚਿੱਟੀ ਕਮੀਜ਼ ਵਿਚ ਘੁੰਮ ਰਿਹਾ ਸੀ। ਕਾਲੇ ਰੰਗ ਦੇ ਚਿਹਰਾ ਤੇ ਚਿੱਟੀਆਂ ਮੁੱਛਾ ਵਾਲਾ ਉਹ ਮੈਨੂੰ ਪਹਿਲੀ ਨਜ਼ਰੇ ਮਛਿਆਰਾ ਲੱਗ ਰਿਹਾ ਸੀ। ਹਾਂ ਇਹਦਾ ਨਾਂ ਚੋ ਧਰਮਨ ਹੈ। ਉਹ ਕਮਾਲ ਦਾ ਫੁਰਤੀਲਾ ਲੇਖਕ ਸੀ। ਤਿੰਨ ਦਿਨ ਦੇ ਹਰ ਸੈਸ਼ਨ ਵਿਚ ਉਹ ਬਹੁਤਾ ਚੁੱਪ ਹੀ ਰਿਹਾ। ਕਿਸੇ ਨੇ ਉਹਨੂੰ ਸਵਾਲ ਕਰਦਾ ਜਾਂ ਬੋਲਦਿਆਂ ਨਹੀਂ ਸੁਣਿਆ ਸੀ। ਉਹਨੂੰ ਹਿੰਦੀ ਤੇ ਅੰਗਰੇਜ਼ੀ ਬੋਲਣੀ ਨਹੀਂ ਸੀ ਆਉਂਦੀ। ਥੋੜਾ ਥੋੜਾ ਸਮਝ ਲੈਂਦਾ ਜਾਂ ਬੋਲਦਾ। ਆਪਣੇ ਵਿਚਾਰ ਵੀ ਉਸ ਨੇ ਤਮਿਲ ਭਾਸ਼ਾ ਵਿਚ ਬੋਲੇ। ਐਨੀ ਫਰਾਟੇਦਾਰ ਤਮਿਲ ਬੋ
ਨਾਲ ਸੁਣ ਰਿਹਾ ਸੀ ਤੇ ਉਹਦੇ ਐਕਸ਼ਨ ਨੋਟ ਕ
ਨਾਲ ਦਲਿਤ ਲੋਕ ਜਿਸ ਤਰ੍ਹਾਂ ਪ੍ਰਭਾਵਿਤ ਹੁੰਦ
ਉਹਦਾ ਮਨ ਭਰ ਆਇਆ। ਦਲਿਤ ਲੋਕਾਂ ਦੀ
ਹੁੰਦੀ ਹੈ। ਉਹਨੇ ਦੱਸਿਆ ਕਿ ਕਿਵੇਂ ਮੈਂ ਅਨਪ
ਰਿਹਾ। ਪਰ ਉਸ ਰਾਜ ਵਿਚ ਜਿਹੜੀ ਵੀ ਲਹਿ
ਉਥੋਂ ਦੇ ਦਲਿਤਾਂ ਤੱਕ ਪਹੁੰਚਣੀ ਬੜੀ ਔਖੀ ਹੈ
ਰਹਿੰਦੀ ਹੈ। ਮੇਰੇ ਪਿਤਾ ਫੋਕ ਕਲਾਕਾਰ ਸਨ। ਉ
ਸਨ। ਮੇਰਾ ਪਿਓ ਕਵਿਤਾ ਲਿਖਦਾ ਸੀ। ਮੈਂ ਹਰ
ਵਿਚ... ਖੱਬੇ ਪੱਖੀ ਪਰਚਿਆਂ ਵਿਚ ਲਿਖਣਾ ਸ਼ੁਰੂ ਕੀਤਾ... ਲਿਖਣਾ ਮੈਂ ਕਹਾਣੀ ਤੋਂ ਸ਼ੁਰੂ ਕੀਤਾ। ਪਹਿਲਾਂ ਮੈਂ ਆਪਣੀ ਕਹਾਣੀ ਵਿਚ ਪਛਾਣ ਬਣਾਈ। ਮੈਂ ਕਾਹਲੀ ਵਿਚ ਆਪ ਕਿਤਾਬ ਨਹੀਂ ਛਾਪੀ। ਜਿਹੜੇ ਖੱਬੇ ਪੱਖੀ ਪਰਚਿਆਂ ਨੇ ਮੇਰੀਆਂ ਕਹਾਣੀਆਂ ਛਾਪੀਆਂ ਉਨ੍ਹਾਂ ਆਪਣੀ ਵਿਚਾਰਧਾਰਾ ਦੇ ਅਧਾਰ ਉੱਤੇ ਸੋਧ ਕੇ ਉਨ੍ਹਾਂ ਨੂੰ ਛਾਪਿਆ। ਜਦੋਂ ਮੇਰੀਆਂ ਕਹਾਣੀਆਂ 'ਸਿੰਧੂ ਪਬਲੀਕੇਸ਼ਨ ਟਰੱਸਟ' ਨੇ ਪੜ੍ਹੀਆਂ ਤਾਂ ਉਨ੍ਹਾਂ ਮੇਰੀ ਕਹਾਣੀਆਂ ਦੀ ਕਿਤਾਬ ਛਪਵਾਈ। ਮੇਰੇ ਉੱਤੇ ਇਲਜ਼ਾਮ ਲੱਗਦੇ ਕਿ ਧਰਮਨ ਨੇ ਜੋ ਕਹਾਣੀਆਂ ਲਿਖੀਆਂ ਉਹ ਸਾਹਿਤ ਨਹੀਂ ਹੈ। ਪਰ ਮੈਂ ਪਰਵਾਹ ਨਹੀਂ ਕੀਤੀ। ਮੈਂ ਦਲਿਤ ਮੁੱਦਿਆਂ ਤੇ ਲਿਖਦਾ ਹਾਂ ਇਸ ਲਈ ਮੈਂ ਦਲਿਤ ਲੇਖਕ ਹਾਂ। ਦਲਿਤ ਲੇਖਕ ਹੋਣ ਕਾਰਨ ਮੇਰੇ ਦੋ ਨਾਵਲ ਔਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਛਾਪੇ। ਮੈਨੂੰ



**ਭਗਵੰਤ ਰਸੂਲਪੁਰੀ ਡਾ. ਰਾਜ ਕੁਮਾਰ ਹੰਸ, ਚੋ ਧਰਮਨ ਤੇ ਡਾ. ਨੀਤੀ ਸਿੰਘ ਦਿੱਲੀ ਯੂਨੀ. ਵਿਖੇ**

ਕੌਮੰਤਰੀ ਪੱਧਰ ਤੇ ਪਛਾਣ ਮਿਲੀ। ਮੇਰੀਆਂ ਇਨ੍ਹਾਂ ਕਿਤਾਬਾਂ ਦਾ ਨੋਟਿਸ ਵੱਡੀਆਂ ਅੰਗਰੇਜ਼ੀ ਦੇ ਅਖ਼ਬਾਰਾਂ ਨੇ ਲਿਆ। ਮੇਰੀਆਂ ਰਚਨਾਵਾਂ ਸਲੇਬਸ ਵਿਚ ਲੱਗੀਆਂ। ਮੈਂ ਨਿਡੱਰ ਹੋ ਕੇ ਆਪਣੇ ਆਲੇ ਦੁਆਲੇ ਨੂੰ ਆਪਣੀਆਂ ਲਿਖਤਾਂ ਵਿਚ ਚਿਤਰਿਆਂ। ਅੱਜ ਦਲਿਤ ਮਸਲਾ ਖੇਤਰੀ ਮਸਲਾ ਨਹੀਂ ਹੈ ਇਹ ਕੌਮਾਂਤਰੀ ਮਸਲਾ ਹੈ। ਧਰਮਨ ਕਹਿੰਦੇ ਹਨ ਕਿ ਮੈਂ ਇਨ੍ਹਾਂ ਬ੍ਰਾਹਮਣਾ ਦਾ ਰਿਣੀ ਹਾਂ... ਇਸ ਰਾਮ ਕਥਾ ਦਾ ਰਿਣੀ ਹਾਂ ਜਿਸ ਨੇ ਮੇਰੇ ਅੰਦਰ ਸਾਹਿਤ ਦੇ ਬੀਜ ਬੀਜੇ। ਫਿਰ ਕਿਵੇਂ ਇਹ ਇਕ ਵਿਚਾਰਧਾਰਕ ਬੂਟਾ ਬਣ ਗਿਆ ਤੇ ਮੈਂ ਆਪਣੇ ਲਿਖੇ ਸਹਿਤ ਰਾਹੀਂ ਬ੍ਰਾਹਮਣੀ ਸਿਸਟਮ ਵਿਰੁੱਧ ਲੜਦਾ ਆ ਰਿਹਾ ਹਾਂ।

**ਭਗਵੰਤ ਰਸੂਲਪੁਰੀ ਯੂਦਿਤ, ਨੀਕੁਲੱ ਅਤੇ ਦੇਸ ਰਾਜ ਕਾਲੀ ਦਿੱਲੀ ਯੂਨੀ. ਵਿਖੇ**

ਮੱਧ ਪ੍ਰਦੇਸ਼ ਦੇ ਭੁਪਾਲ ਦੇ ਇਕ ਪਿੰਡ ਵਿਚ ਰਹਿੰਦੀ ਦੁਰਗਾ ਬਾਈ ਦੀਆਂ ਗੱਲਾਂ ਅਚੰਭਾ ਪੈਦਾ ਕਰਨ ਵਾਲੀਆਂ ਹਨ। ਉਹ ਲੇਖਕ ਨਹੀਂ ਸੀ ਉਹ ਕਲਾਕਾਰ ਸੀ। ਉਹ ਮਿੱਟੀ ਤੋਂ ਕਲਾ ਕ੍ਰਿਤਾ ਬਣਾਉਣ ਦਾ ਕੰਮ 10 ਸਾਲ ਦੀ ਉਮਰ ਵਿਚ ਕਰਨ ਲੱਗ ਪਈ ਸੀ। ਫੱਲਾਂ ਦੇ ਅਸਲੀ ਰੰਗਾਂ ਤੋਂ ਰੰਗ ਤਿਆਰ ਕਰਦੀ ਸੀ। ਕੰਧਾਂ ਤੇ ਬ



ਕੇ ਉਹ ਆਪਣੀ ਪਤੀ ਸੁਭਾਸ਼ ਵਿਆਮ ਨਾਲ
ਨੂੰ ਐਸ ਅਨੰਦ ਮਿਲ ਪਿਆ ਜੋ ਅੰਗਰੇਜ਼ੀ ਦਾ
ਨਿਖਾਰ ਲੈ ਕੇ ਆਂਦਾ। ਇਕ ਨਾਵਲੀ ਕਹਾਣੀ
ਦੀ ਕਲਾ ਨਿਖਰ ਕੇ ਬਾਹਰ ਆ ਗਈ। ਸੁਭਾਸ਼
ਕੰਮ ਕਰਦਾ ਸੀ। ਮਿੱਟੀ ਦੀਆਂ ਮੂਰਤੀਆਂ ਤਿਅ
ਆਨੰਦ ਜੀ ਮਿਲ ਪਏ। ਅਸੀਂ ਅਨਪੜ੍ਹ ਸੀ ਉਹ
ਬੜੀ ਮੁਸਕਲ ਨਾਲ ਜੋੜ ਲਾ ਲਾ ਕੇ ਪੜ੍ਹਦੇ ਪਰ
ਕਿ ਇਹ ਜੋ ਗੱਲ ਲਿਖੀ ਹੈ ਇਹ ਛੂਤ-ਛਾਤ
ਬਚਪਨ ਵਿਚ ਵੇਖਦੇ ਹੰਢਾਉਂਦੇ ਆਏ ਹਾਂ। ਇਹ ਵਿਹਾਰ ਤਾਂ ਸਾਡੇ ਨਾਲ ਹੁੰਦਾ ਰਹਿੰਦਾ ਹੈ। ਇਹ ਕਿਤਾਬ ਅੰਬੇਡਕਰ ਬਾਰੇ ਸੀ ਜਿਨ੍ਹਾਂ ਦੇ ਚਿੱਤਰ ਉਨ੍ਹਾਂ ਦੇ ਦਫ਼ਤਰ ਬੈਠ ਕੇ ਤਿਆਰ ਕੀਤੇ। ਇਨ੍ਹਾਂ ਕਲਾਕਾਰਾਂ ਦੀਆਂ ਪੇਂਟਿੰਗਾ ਬਹੁਤ ਬਰੀਕ ਵੇਰਵੇ ਵਾਲੀਆਂ ਹਨ। ਪਿੰਡ ਵਿਚ ਬੈਠੇ ਇਨ੍ਹਾਂ ਕਲਾਕਾਰਾਂ ਦੀ ਕਲਾ ਨੂੰ ਨਿਖਾਰ ਕੇ ਆਨੰਦ ਐਡੇ ਵੱਡੇ ਪਲੇਟਫਾਰਮ ਉੱਤੇ ਲੈ ਕੇ ਆਇਆ ਇਹ ਗੱਲ ਬਹੁਤ ਅਹਿਮੀਅਤ ਰੱਖਦੀ ਹੈ। ਬਾਕੀ ਪੈਨਲਾਂ ਵਿਚ ਲੇਖਕਾਂ ਦੇ ਵਿਚਾਰ ਨਿਵੇਕਲੇ ਅਤੇ ਅਚੰਭਾ ਪੈਦਾ ਕਰਨ ਵਾਲੇ ਸਨ। ਉਹ ਪਲ ਹੋਰ ਵੀ ਯਾਦਗਾਰੀ ਸਨ ਜਿਹੜੇ ਕਾਨਫਰੰਸ ਹਾਲ ਤੋਂ ਬਾਹਰ ਬਿਤਾਏ ਗਏ। ਤਿੰਨ ਦਿਨ ਹਰ ਮੁੱਦੇ ਤੇ ਲੰਮੀਆਂ ਗੱਲਾਂ ਹੁੰਦੀਆਂ ਰਹੀਆਂ। ਰਾਤ ਨੂੰ 2 ਵਜੇ ਤੱਕ ਵੀ।

**-ਭਗਵੰਤ ਰਸੂਲਪੁਰੀ**

**ਮੁਲਾਕਾਤ-**

# ''ਸਵੈ ਸਥਾਪਤੀ ਲਈ ਸਵੈ ਯਤਨ ਵਾਲਾ ਵਰਤਾਰਾ ਪੰਜਾਬ ਵਿਚਲੇ ਲੇਖਕਾਂ ਵਿਚ ਹੀ ਨਹੀਂ ਬਦੇਸ਼ੀ ਲੇਖਕਾਂ ਵਿਚ ਵੀ ਦੇਖਣ ਨੂੰ ਮਿਲਦਾ''

## -ਜਰਨੈਲ ਸਿੰਘ ਸੇਖਾ


## ਮੁਲਾਕਾਤੀ-ਭਗਵੰਤ ਰਸੂਲਪੁਰੀ

ਆਪਣੀ ਕੈਨੇਡਾ ਫੇਰੀ ਦੌਰਾਨ ਮੈਂ ਸਰੀ (ਕੈਨੇਡਾ) ਵਿਚ ਰਹਿੰਦੇ ਜਰਨੈਲ ਸਿੰਘ ਸੇਖਾ ਨੂੰ ਵੀ ਮਿਲਿਆ। ਭਾਵੇਂ ਉਨ੍ਹਾਂ ਦੇ ਨਾਵਲ ਮੈਂ ਪਹਿਲਾਂ ਵੀ ਪੜ੍ਹੇ ਹੋਏ ਸਨ। ਮੈਂ ਉਨ੍ਹਾਂ ਕੋਲ ਸਾਰੇ ਨਾਵਲ ਚੁੱਕ ਲਿਆਇਆ ਤੇ ਦੁਬਾਰਾ ਪੜ੍ਹੇ ਉਥੇ ਮੇਰੇ ਕੋਲ ਸਮਾਂ ਬਹੁਤ ਸੀ। ਜਰਨੈਲ ਸਿੰਘ ਪਰਵਾਸੀ ਜੀਵਨ ਨੂੰ ਜਿਸ ਤਰ੍ਹਾਂ ਆਪਣੇ ਨਾਵਲਾਂ ਵਿਚ ਚਿਤਰਦਾ ਹੈ ਉਹ ਮੇਰੇ ਲਈ ਅਛੂਤੇ ਅਨੁਭਵ ਸਨ। ਉਨ੍ਹਾਂ ਦੇ ਪਾਤਰਾਂ ਰਾਹੀਂ ਮੈਂ ਪਰਵਾਸੀ ਪੰਜਾਬੀਆਂ ਦੇ ਵਿਹਾਰ ਤੇ ਮਾਨਸਿਕਤਾ ਨੂੰ ਸਮਝਣ ਲੱਗਾ। ਖਾਸ ਕਰਕੇ ਉਨ੍ਹਾਂ ਦੇ ਨਾਵਲ 'ਦੁਨੀਆਂ ਕੈਸੀ ਹੋਈ' ਅਤੇ 'ਭਗੌੜਾ' ਦੇ ਪਾਤਰਾਂ ਦੇ ਵਿਹਾਰ ਨੇ ਮੈਨੂੰ ਜਰਨੈਲ ਸਿੰਘ ਨਾਲ ਸੰਵਾਦ ਰਚਾਉਣ ਲਈ ਪ੍ਰੇਰਤ ਕੀਤਾ। ਉਨ੍ਹਾਂ ਦੇ ਨਾਵਲ ਪੜ੍ਹ ਕੇ ਮੈਨੂੰ ਪਰਵਾਸੀ ਕਾਮਿਆਂ ਬਾਰੇ ਕਰਟੀਕ ਜਾਣਕਾਰੀ ਮਿਲੀ ਕਿ ਕਿਵੇਂ ਉਨ੍ਹਾਂ ਦਾ ਵਤੀਰਾ ਪਰਵਾਸੀ ਧਰਤੀ ਉੱਤੇ ਆ ਕੇ ਨਹੀਂ ਬਦਲਦਾ। ਉਹ ਆਪਣੀ ਮਾਨਸਿਕਤਾ ਤੇ ਵਤੀਰਾ ਰਤਾ ਵੀ ਬਦਲਦੇ ਨਹੀਂ। ਇਨ੍ਹਾਂ ਗੱਲਾਂ ਨੂੰ ਹੋਰ ਜਾਨਣ ਲਈ ਉਨ੍ਹਾਂ ਪ੍ਰਤੀ ਮੇਰੇ ਮਨ ਵਿਚ ਸਵਾਲ ਪੈਦਾ ਹੋਣ ਲੱਗੇ, ਜਿਹੜੇ ਹੱਥਲੀ ਮੁਲਾਕਾਤ ਦਾ ਰੂਪ ਧਾਰਨ ਕਰ ਗਏ। ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਮੈਨੂੰ ਸਹਿਯੋਗ ਦਿੱਤਾ।

**? ਸਭ ਤੋਂ ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਬਾਰੇ ਦਸਦਿਆਂ ਪਰਿਵਾਰ ਦੀ ਆਰਥਿਕ ਸਥਿੱਤੀ ਬਾਰੇ ਦੱਸੋ।**

- ਮੇਰਾ ਜਨਮ ਇੱਕ ਸਾਧਾਰਨ ਕਿਸਾਨੀ ਪਰਿਵਾਰ ਵਿੱਚ ਹੋਇਆ। ਆਪਣੇ ਪਿਛੋਕੜ ਦੀ ਗੱਲ ਮੈਂ ਆਪਣੇ ਪੜਦਾਦੇ ਤੋਂ ਸ਼ੁਰੂ ਕਰਨੀ ਚਾਹਵਾਂਗਾ। ਇਸ ਵਿਚ 'ਪਿਦਰਮ ਸੁਲਤਾਨ ਬੂਦ' ਵਾਲੀ ਕੋਈ ਗੱਲ ਨਹੀਂ, ਸਗੋਂ ਇਸ ਦਾ ਸਬੰਧ ਪੁਰਾਤਨ ਪੰਜਾਬ ਦੇ ਇਕ ਕਾਨੂੰਨ ਨਾਲ ਹੈ। ਮੇਰੇ ਪੜਦਾਦੇ ਸ. ਜਿਉਣ ਸਿੰਘ ਕੋਲ ਜੱਦੀ ਜ਼ਮੀਨ ਭਾਵੇਂ ਦਸ ਘੁਮਾਂ ਸੀ ਪਰ ਉਸ ਨੇ ਗਹਿਣੇ, ਬੈਅ ਲੈ ਜ਼ਮੀਨ ਕੇ ਦੋ ਹਲ਼ ਦੀ ਵਾਹੀ ਕੀਤੀ ਹੋਈ ਸੀ। ਭਾਵ ਉਸ ਕੋਲ ਚਾਲੀ ਘੁਮਾਂ ਦੇ ਕਰੀਬ ਜ਼ਮੀਨ ਸੀ। ਸਰ ਛੋਟੂ ਰਾਮ ਦੇ ਪੰਜਾਬ ਵਿਚ ਲਾਗੂ ਕਰਵਾਏ ਜ਼ਰਾਇਤੀ ਕਾਨੂੰਨ ਅਨੁਸਾਰ ਕਾਸ਼ਤਕਾਰ ਦੀ ਜ਼ਮੀਨ ਗੈਰਕਾਸ਼ਕਾਰ ਨਹੀਂ ਸੀ ਖਰੀਦ ਸਕਦਾ। ਪਰ ਕਾਸ਼ਤਕਾਰ ਗੈਰਕਾਸ਼ਤਕਾਰ ਦੀ ਜ਼ਮੀਨ ਖਰੀਦ ਸਕਦਾ ਸੀ। ਉਸ ਕਾਨੂੰਨ ਅਨੁਸਾਰ ਜੱਟ ਜਾਤੀ ਅਤੇ ਕੁਝ ਕੁ ਹੋਰ ਉੱਚ ਜਾਤੀਆਂ ਕਾਸ਼ਤਕਾਰ ਸ੍ਰੇਣੀ ਵਿਚ ਆ ਗਈਆਂ ਤੇ ਬਾਕੀ ਸਭ ਸ੍ਰੇਣੀਆਂ ਗੈਰਕਾਸ਼ਤਕਾਰ ਕਰਾਰ ਦੇ ਦਿੱਤੀਆਂ ਗਈਆਂ ਭਾਵੇਂ ਕਿ ਉਹਨਾਂ ਵਿਚੋਂ ਬਹੁਤ ਸਾਰੀਆਂ ਸ੍ਰੇਣੀਆਂ ਕਾਸ਼ਤ ਕਰਦੀਆਂ ਸਨ। ਇਸ ਤਰ੍ਹਾਂ ਖੇਤੀ ਦਾ ਧੰਦਾ ਇਕ ਵਿਸ਼ੇਸ਼ ਵਰਗ ਨਾਲ ਜੋੜ ਦਿੱਤਾ ਗਿਆ। ਕਿਉਂਕਿ ਮੇਰਾ ਪੜਦਾਦਾ ਦੀ ਜਾਤੀ ਗੈਰਕਾਸ਼ਤਕਾਰ ਸ੍ਰੇਣੀ ਵਿਚ ਆ ਗਈ, ਇਸ ਲਈ ਉਸ ਕੋਲੋਂ ਸਾਰੀ ਗਹਿਣੇ ਦੀ ਜ਼ਮੀਨ ਛੁੱਟ ਗਈ। ਉਸ ਕੋਲ ਦਸ ਘੁਮਾਂ ਜੱਦੀ ਜ਼ਮੀਨ ਤੇ ਦੋ ਘੁੰਮਾ ਬੈਅ ਵਾਲੀ ਜ਼ਮੀਨ ਹੀ ਰਹਿ ਗਈ। ਮੇਰਾ ਦਾਦੇ ਸ. ਸੱਜਣ ਸਿੰਘ ਨੇ ਪੜਦਾਦੇ ਦਾ ਇਕਲੌਤਾ ਤੇ ਲਾਡਲਾ ਪੁੱਤਰ ਹੋਣ ਕਰਕੇ ਨਿੱਠ ਕੇ ਖੇਤੀ ਦਾ ਕੰਮ ਨਾ ਕੀਤਾ। ਅਗਾਂਹ ਮੇਰੇ ਦਾਦੇ ਦੇ ਚਾਰ ਪੁੱਤਰ ਸਨ ਤੇ ਮੇਰਾ ਬਾਪ ਸ. ਮੁਹਿੰਦਰ ਸਿੰਘ ਸਾਰਿਆਂ ਤੋਂ

ਵੱਡਾ ਸੀ। ਪੜਦਾਦੇ ਦੀ ਮੌਤ ਤੋਂ ਬਾਅਦ ਛੇਤੀ ਹੀ ਉਸ ਨੂੰ ਭਰਾਵਾਂ ਨਾਲੋਂ ਅੱਡ ਹੋਣਾ ਪੈ ਗਿਆ। ਅੱਡ ਹੋਣ 'ਤੇ ਤਿੰਨ ਘੁਮਾਂ ਜ਼ਮੀਨ ਉਸ ਦੇ ਹਿੱਸੇ ਵਿੱਚ ਆਈ। ਬਾਪ ਮੇਰਾ ਹਿੱਸੇ ਠੇਕੇ ਉਪਰ ਜ਼ਮੀਨ ਲੈ ਕੇ ਵਾਹੀ ਕਰਦਾ ਸੀ। ਅਗਾਂਹ ਅਸੀਂ ਦਸ ਭੈਣ ਭਰਾ ਸਾਂ। ਚਾਰ ਭੈਣਾਂ ਤੇ ਛੇ ਭਰਾ। ਮੈਂ ਪਰਿਵਾਰ ਦਾ ਪੰਜਵਾਂ ਜੀਅ ਸੀ ਤੇ ਮੇਰਾ ਜਨਮ ਸਕੂਲ ਸਰਟੀਫੀਕੇਟ ਅਨਸਾਰ ਪਹਿਲੀ ਅਗਸਤ 1934 ਨੂੰ ਸੇਖਾ ਕਲਾਂ ਤਹਿਸੀਲ ਮੋਗਾ ਵਿਖੇ ਹੋਇਆ। ਉਸ ਸਮੇਂ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੀ ਚਲਦਾ ਸੀ। ਜਦੋਂ ਮੇਰਾ ਬਾਪ ਅੱਡ ਹੋਇਆ ਤਾਂ ਉਸ ਸਮੇਂ ਮੇਰੀ ਵੱਡੀ ਭੈਣ ਵਿਆਹੁਣਯੋਗ ਸੀ। ਮੇਰੇ ਬਾਪ ਨੇ ਸੌ ਕੁ ਰੁਪਿਆ ਕਰਜ਼ਾ ਚੁੱਕ ਕੇ ਭੈਣ ਦਾ ਵਿਆਹ ਕੀਤਾ। ਇਸ ਤਰ੍ਹਾਂ ਕਬੀਲਦਾਰੀ ਸ਼ੁਰੂ ਹੁੰਦਿਆਂ ਹੀ ਉਹ ਕਰਜ਼ੇ ਹੇਠ ਆ ਗਿਆ। ਉਸ ਤੋਂ ਮਗਰੋਂ ਵੀ ਕਈ ਵਿਆਹ ਕੀਤੇ ਜਿਸ ਕਾਰਨ ਕਰਜ਼ੇ ਦੀ ਪੰਡ ਭਾਰੀ ਹੀ ਹੁੰਦੀ ਗਈ। ਪਰ ਮੇਰਾ ਬਾਪ ਸਿਰੜੀ ਤੇ ਹੌਸਲੇ ਵਾਲਾ ਸੀ। ਉਸ ਨੇ ਔਖਿਆਈਆਂ ਤਾਂ ਝੱਲੀਆਂ ਪਰ ਆਪਣੇ ਮੁੰਡਿਆਂ ਨੂੰ ਸਕੂਲ ਜ਼ਰੂਰ ਭੇਜਿਆ। ਮੇਰੇ ਦੋਵੇਂ ਵੱਡੇ ਭਰਾ ਤਾਂ ਪ੍ਰਾਇਮਰੀ ਵਿਚੋਂ ਹਟ ਗਏ ਪਰ ਮੈਂ ਪ੍ਰਾਇਮਰੀ ਪਾਸ ਕਰ ਕੇ ਪਿੰਡੋਂ ਤਕਰੀਬਨ ਸੱਤ ਮੀਲ ਦੂਰ ਖਾਲਸਾ ਹਾਈ ਸਕੂਲ ਵਿਚ ਦਾਖਲ ਹੋ ਗਿਆ। ਸਕੂਲੋਂ ਆ ਕੇ ਖੇਤੀ ਦੇ ਕੰਮ ਵਿਚ ਹੱਥ ਵਟਾਉਣਾ ਪੈਂਦਾ ਤੇ ਪੜ੍ਹਨ ਦੀ ਵਿਹਲ ਹੀ ਨਾ ਮਿਲਦੀ। ਫਿਰ ਵੀ ਮੈਂ 1953 ਵਿਚ ਚੰਗੇ ਨੰਬਰ ਲੈ ਕੇ ਦਸਵੀਂ ਪਾਸ ਕਰ ਗਿਆ। (ਦਸਵੀਂ ਮੈਂ ਕਿਹੜੇ ਹਾਲਾਤ ਵਿਚ ਪਾਸ ਕੀਤੀ ਤੇ ਆਪਣੇ ਜੀਵਨ ਦੀਆਂ ਹੋਰ ਘਟਨਾਵਾਂ ਮੈਂ 'ਚੇਤਿਆਂ ਦੀ ਚਿਲਮਨ' ਪੁਸਤਕ ਵਿਚ ਲਿਖ ਦਿੱਤੀਆਂ ਹਨ।) ਮੇਰੇ ਬਾਅਦ ਮੇਰੇ ਦੋ ਛੋਟੇ ਭਰਾ ਵੀ ਦਸਵੀਂ ਪਾਸ ਕਰ ਗਏ। ਜਦੋਂ ਮੈਂ ਅਧਿਆਪਕ ਬਣ ਕੇ ਕਮਾਉਣ ਲੱਗਾ ਤਾਂ ਘਰ ਦੀ ਆਰਥਿਕ ਹਾਲਤ ਕੁਝ ਸੁਧਰਨੀ ਸ਼ੁਰੂ ਹੋਈ। ਜਿਵੇਂ ਜਿਵੇਂ ਹੋਰ ਹੱਥ ਕੰਮ ਕਰਦੇ ਗਏ ਹੌਲ਼ੀ ਹੌਲ਼ੀ ਆਰਥਿਕ ਹਾਲਤ ਹੋਰ ਚੰਗੀ ਹੁੰਦੀ ਗਈ। ਸਾਰੇ ਕਰਜ਼ੇ ਲਾਹੁਣ ਤੋਂ ਬਾਅਦ ਮੇਰਾ ਬਾਪ ਮੁੜ ਜ਼ਮੀਨ ਖਰੀਦਣ ਦੀ ਸਥਿਤੀ ਵਿਚ ਹੋ ਗਿਆ। ਬਾਪ ਦਾ ਹੱਥ ਸੁਖਾਲਾ ਹੋਣ ਦੇ ਨਾਲ ਉਹਦੀ ਪਿੰਡ ਵਿਚ ਵੀ ਪੁੱਛ ਪ੍ਰਤੀਤ ਹੋਣ ਲਗੀ। ਉਸ ਨੂੰ ਸਰਬਸੰਮਤੀ ਨਾਲ ਕੁਆਪਰੇਟਿਵ ਸੁਸਾਇਟੀ ਦਾ ਪ੍ਰਧਾਨ ਤੇ ਪਿੰਡ ਦੇ ਸਾਂਝੇ ਗੁਰਦਵਾਰੇ ਦਾ ਪ੍ਰਧਾਨ ਥਾਪਿਆ ਗਿਆ।



ਜਰਨੈਲ ਸਿੰਘ ਸੇਖਾ

ਆਪਣੇ ਪਰਿਵਾਰਕ ਪਿਛੋਕੜ ਤੋਂ ਅੱਗੇ ਮੈਂ ਆਪਣੇ ਪਰਿਵਾਰ ਬਾਰੇ ਵੀ ਗੱਲ ਕਰ ਲਵਾਂ। ਦਸਵੀਂ ਕਰਨ ਮਗਰੋਂ ਨੌਂ ਕੁ ਮਹੀਨੇ ਮੈਂ ਅਣਸਿਖਿਅਤ ਅਧਿਆਪਕ ਵਜੋਂ ਪੜ੍ਹਾਇਆ ਤੇ ਫਿਰ ਜੇ.ਬੀ.ਟੀ.ਕਰ ਕੇ ਸੰਨ 55 ਵਿਚ ਡੀ.ਬੀ. ਪ੍ਰਾਇਮਰੀ ਸਕੂਲ ਵਿਚ ਪੱਕਾ ਅਧਿਆਪਕ ਲੱਗ ਗਿਆ। ਗਿਆਨੀ ਮੈਂ ਸੰਨ 56 ਵਿਚ ਹੀ ਕਰ ਲਈ ਸੀ ਪਰ ਘਰੇਲੂ ਹਾਲਾਤ ਸਾਜ਼ਗਾਰ ਨਾ ਹੋਣ ਕਾਰਨ ਅਗਲੀ ਉੱਚ ਵਿਦਿਆ ਗਿਆਰਾਂ ਸਾਲ ਬਾਅਦ ਪ੍ਰਾਈਵੇਟਲੀ ਸ਼ੁਰੂ ਕਰ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1974 ਵਿਚ ਮੁਕੰਮਲ ਕੀਤੀ। ਅਧਿਆਪਕ ਬਣਨ ਮਗਰੋਂ ਸੰਨ 57 ਵਿਚ ਤਹਿਸੀਲ ਜਗਰਾਉਂ ਦੇ ਪਿੰਡ ਦੇਹੜਕੇ ਦੀ ਕੁੜੀ, ਕੁਲਦੀਪ ਕੌਰ ਨਾਲ ਮੇਰਾ ਵਿਆਹ ਹੋ ਗਿਆ। ਸਾਡੇ ਤਿੰਨ ਬੱਚੇ, ਇਕ ਕੁੜੀ ਦੋ ਮੁੰਡੇ ਹਨ। ਤਿੰਨੇ

ਹੀ ਆਪਣਾ ਸੁਹਣਾ ਪਰਿਵਾਰਕ ਜੀਵਨ ਬਤੀਤ ਕਰ ਰਹੇ ਹਨ। ਅਗਾਂਹ ਉਹਨਾਂ ਦੇ ਬੱਚੇ ਵੀ ਬਹੁਤ ਪੜ੍ਹੇ ਲਿਖੇ ਹਨ। ਮੈਂ ਪਰਿਵਾਰਕ ਪੱਖੋਂ ਸੰਤੁਸ਼ਟ ਹਾਂ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਵੀ ਸੁਰਖਰੂ ਹਾਂ। ਆਰਥਿਕ ਪੱਖੋਂ ਕਦੇ ਕੋਈ ਸੰਤੁਸ਼ਟ ਨਹੀਂ ਹੋਇਆ। ਪਹਿਲਾਂ ਵੀ ਆਈ ਚਲਾਈ ਹੋਈ ਜਾਂਦੀ ਸੀ ਤੇ ਅਜੋਕੇ ਮਹਿੰਗਾਈ ਦੇ ਜ਼ਮਾਨੇ ਵਿਚ ਵੀ ਆਈ ਚਲਾਈ ਹੋਈ ਜਾਂਦੀ ਹੈ।

**? ਬਚਪਨ ਤੋਂ ਜਵਾਨੀ ਤਕ ਤੁਹਾਡੀਆਂ ਭਾਵਨਾਵਾਂ ਕਿਸ ਤਰ੍ਹਾਂ ਦੀਆਂ ਸਨ।**

-'ਭਾਵਨਾਵਾਂ' ਸ਼ਬਦ ਦੇ ਅਰਥ ਬੜੇ ਵਿਸ਼ਾਲ ਨੇ। ਇਹ ਸ਼ਬਦ ਆਪਣੇ ਵਿਚ 'ਸੰਵੇਦਨਾਵਾਂ', 'ਰੀਝਾਂ', 'ਚਾਹਤਾਂ', 'ਸੋਚਾਂ' ਤੇ 'ਰੁਚੀਆਂ' ਆਦਿ ਨੂੰ ਸਾਂਭੀ ਬੈਠਾ ਹੈ। ਫਿਰ ਵੀ ਮੈਂ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕਰਾਂਗਾ। ਸੰਸਾਰ 'ਤੇ ਆਉਣ ਮਗਰੋਂ ਜਿਹੜਾ ਸੰਸਾਰ ਸੋਝੀ ਦਾ ਪਹਿਲਾ ਧੁੰਦਲਾ ਜਿਹਾ ਦ੍ਰਿਸ਼ ਮੇਰੀ ਯਾਦ ਵਿਚ ਉਕਰਿਆ ਹੋਇਆ ਹੈ, ਉਹ ਇਹ ਹੈ ਕਿ ਮੈਂ ਉਦੋਂ ਤਿੰਨ ਸਾਲ ਦਾ ਹੋਵਾਂਗਾ। ਮੇਰੀ ਵੱਡੀ ਭੈਣ ਮੈਨੂੰ ਆਪਣੀ ਗੋਦੀ ਚੁੱਕ ਕੇ ਅੰਦਰਲੇ ਘਰ ਕੋਲ ਲੱਗੀ ਲੋਹੜੀ 'ਤੇ ਲੈ ਕੇ ਗਈ ਸੀ। (ਅੱਡ ਹੋਣ ਮਗਰੋਂ ਮੇਰੇ ਬਾਪ ਨੂੰ ਰਹਾਇਸ਼ ਲਈ ਬਾਹਰਲਾ ਪਸ਼ੂਆਂ ਵਾਲਾ ਵਾੜਾ ਮਿਲਿਆ ਸੀ, ਜਿਹੜਾ ਅੰਦਰਲੇ ਘਰ ਤੋਂ ਕੁਝ ਦੂਰੀ 'ਤੇ ਸੀ।) ਇਕ ਵੱਡੀ ਸਾਰੀ ਅੱਗ ਦੀ ਢੇਰੀ ਕੋਲ ਉਹ ਮੈਨੂੰ ਆਪਣੀ ਗੋਦੀਉਂ ਉਤਾਰਨਾ ਚਾਹੁੰਦੀ ਸੀ ਪਰ ਮੈਂ ਉਸ ਦੀ ਗੋਦੀ 'ਚੋਂ ਨਹੀਂ ਸੀ ਉਤਰ ਰਿਹਾ ਅਤੇ ਉਸ ਨੇ ਮੈਨੂੰ ਝੰਜੋੜ ਕੇ ਆਪਣੀ ਗੋਦੀਉਂ ਲਾਹਿਆ ਸੀ। ਮੈਨੂੰ ਗੋਦੀਉਂ ਉਤਾਰ ਕੇ ਉਹ ਆਪਣੀਆਂ ਸਹੇਲੀਆਂ ਨਾਲ ਨੱਚਣ ਗਾਉਣ ਲੱਗੀ। ਉਸ ਸਮੇਂ ਸ਼ਾਇਦ ਮੇਰੇ ਅੰਦਰ ਕੋਈ ਡਰ ਦੀ ਭਾਵਨਾ ਕੰਮ ਕਰ ਰਹੀ ਹੋਵੇਗੀ, ਜਿਹੜਾ ਮੈਂ ਆਪਣੀ ਭੈਣ ਤੋਂ ਪਾਸੇ ਨਹੀਂ ਸੀ ਹੋ ਰਿਹਾ। ਮੈਂ ਇਕ ਪਾਸੇ ਖੜ੍ਹ ਕੇ ਰੋਣ ਲੱਗ ਪਿਆ। ਰੋਂਦਾ ਦੇਖ,ਉਸ ਨੇ ਮੈਨੂੰ ਮੁੜ ਗੋਦੀ ਚੁੱਕ ਲਿਆ। ਬਹੁਤ ਬਾਅਦ ਵਿਚ ਮੈਨੂੰ ਅਹਿਸਾਸ ਹੋਇਆ ਸੀ ਕਿ ਮੈਂ ਆਪਣੀਆਂ ਭਾਵਨਾਵਾਂ ਦੀ ਪੂਰਤੀ ਲਈ ਭੈਣ ਦੀਆਂ ਭਾਵਨਾਵਾਂ ਦਾ ਕਤਲ ਕੀਤਾ ਸੀ। ਉਸ ਯਾਦ ਤੋਂ ਬਿਨਾਂ ਮੈਨੂੰ ਪੰਜ ਸਾਲ ਦੀ ਉਮਰ ਤਕ ਦੀ ਹੋਰ ਕੋਈ ਘਟਨਾ ਯਾਦ ਨਹੀਂ। ਇਕ ਉਹ ਦ੍ਰਿਸ਼ ਵੀ ਮੇਰੇ ਚੇਤੇ ਵਿਚ ਉਕਰਿਆ ਪਿਆ ਹੈ ਜਦੋਂ ਮੇਰਾ ਦਾਦਾ ਮੈਨੂੰ ਤੇ ਮੇਰੇ ਚਚੇਰੇ ਭਰਾ ਬਲਦੇਵ ਨੂੰ ਪਹਿਲੇ ਦਿਨ ਸਕੂਲ ਦਾਖਲ ਕਰਾਉਣ ਗਿਆ ਸੀ। ਅਸੀਂ ਦੋਵੇਂ ਚਾਈਂ ਚਾਈਂ ਉਸ ਦੇ ਦੋਵੇਂ ਹੱਥ ਫੜੀ ਸਕੂਲ ਗਏ ਸੀ। ਸਾਡੇ ਦਾਦੇ ਨੇ ਸਕੂਲ ਜਾ ਕੇ ਪਤਾਸਿਆਂ ਵਾਲਾ ਲਫ਼ਾਫ਼ਾ ਇਕ ਪਤਲੇ ਜਿਹੇ ਮਾਸਟਰ ਨੂੰ ਫੜਾ ਦਿੱਤਾ, ਬਾਅਦ ਵਿਚ ਪਤਾ ਲੱਗਾ ਸੀ ਕਿ ਉਸ ਦਾ ਨਾਂ ਭਗਵਾਨ ਸਿੰਘ ਹੈ। ਜਦੋਂ ਸਾਡਾ ਦਾਦਾ ਵਾਪਸ ਮੁੜਨ ਲੱਗਾ ਤਾਂ ਅਸੀਂ ਵੀ ਉਹਦੇ ਨਾਲ ਹੀ ਤੁਰ ਪਏ। ਪਤਲੇ ਜਿਹੇ ਮਾਸਟਰ ਨੇ ਦਬਕਾ ਮਾਰ ਕੇ ਸਾਨੂੰ ਵਾਪਸ ਮੁੜਨ ਲਈ ਕਿਹਾ। ਮੈਂ ਤਾਂ ਡਰਦਾ ਮਾਰਾ ਉੱਥੇ ਹੀ ਖੜ੍ਹ ਗਿਆ ਪਰ ਬਲਦੇਵ ਡੂਟ ਵੱਟ ਕੇ ਦਾਦੇ ਤੋਂ ਪਹਿਲਾਂ ਘਰ ਪਹੁੰਚ ਗਿਆ। ਪਤਾ ਨਹੀਂ ਮੇਰੇ ਅੰਦਰ ਕਿਹੜੀ ਡਰ ਦੀ ਭਾਵਨਾ ਕੰਮ ਕਰ ਰਹੀ ਸੀ ਕਿ ਮੈਂ ਬਚਪਨ ਤੋਂ ਹੀ ਇਕ ਸਹਿਮ ਦੇ ਸਾਏ ਥੱਲੇ ਜੀਣਾ ਸ਼ੁਰੂ ਕਰ ਦਿੱਤਾ ਸੀ। ਘਰ ਵਿਚ ਵੀ ਮੈਂ ਚੁੱਪ ਚੁੱਪ ਹੀ ਰਹਿੰਦਾ ਸੀ। ਉਂਵ ਬੱਚਿਆਂ ਦੀਆਂ ਬਚਪਨ ਦੀਆਂ ਭਾਵਨਾਵਾਂ ਤਾਂ ਇਹ ਹੁੰਦੀਆਂ ਹਨ ਕਿ ਉਹਨਾਂ ਨੂੰ ਖੇਡਣ ਮੱਲਣ ਦੇ ਮੌਕੇ ਵੱਧ ਮਿਲਣ ਤੇ ਕੋਈ ਕੰਮ ਨਾ ਕਰਨਾ ਪਵੇ। ਬਚਪਨ ਦੀ ਉਮਰ ਫਿਕਰਾਂ ਤੋਂ ਰਹਿਤ ਹੁੰਦੀ ਹੈ ਤੇ ਉਹਨਾਂ ਦੀਆਂ ਭਾਵਨਾਵਾਂ ਤਾਰਿਆਂ ਨਾਲ ਗੱਲਾਂ ਕਰਨ ਦੀਆਂ ਹੁੰਦੀਆਂ ਹਨ ਪਰ ਮੇਰੀਆਂ ਭਾਵਨਾਵਾਂ ਪਤਾ ਨਹੀਂ ਕਿਉਂ ਬਚਪਨ ਵਿਚ ਹੀ ਦੱਬੀਆਂ ਰਹਿ ਗਈਆਂ। ਫਿਰ ਵੀ ਮੈਂ ਘਰੋਂ ਬਾਹਰ ਆਪਣੇ ਨਿੱਕੇ ਸਾਥੀਆਂ ਨਾਲ ਖੇਡ ਕੁੱਦ ਕੇ ਆਪਣੀਆਂ ਭਾਵਨਾਵਾਂ ਦੀ ਪੂਰਤੀ ਕਰ ਹੀ ਲੈਂਦਾ ਸੀ। ਬਿਨਾ ਕਿਸੇ ਸਹਾਰੇ ਦੇ ਥੱਲੇ ਸਿਰ ਲਾ ਕੇ ਬੜੀ ਦੇਰ ਖੜ੍ਹਾ ਰਹਿੰਦਾ ਸੀ। ਪੁਠਾ ਹੋ ਕੇ ਹੱਥਾਂ ਨਾਲ ਪੰਜ ਦਸ ਕਦਮ ਤੁਰਨ ਵਰਗੇ ਕਰਤਬ ਕਰ ਲੈਂਦਾ ਸੀ ਪਰ ਉਹ ਵੀ ਆਪਣੇ ਨਿੱਕੇ ਸਾਥੀਆਂ ਕੋਲ। ਜਦੋਂ ਕਈ ਵੱਢ ਵਡੇਰਾ ਨੇੜੇ ਆ ਜਾਂਦਾ ਤਾਂ ਆਪਣੇ ਕਰਤਬ ਬੰਦ

ਕਰ ਦਿੰਦਾ ਸੀ। ਜਦੋਂ ਮੈਂ ਤੀਸਰੀ ਜਮਾਤ ਵਿਚ ਹੋਇਆ ਤਾਂ ਟਾਈਫਾਈਡ ਜਿਹੀ ਨਾਮੁਰਾਦ ਬਿਮਾਰੀ ਨੇ ਦੱਬ ਲਿਆ। ਮਰਨੋ ਤਾਂ ਬਚਾਅ ਹੋ ਗਿਆ ਪਰ ਕਮਜ਼ੋਰੀ ਇੰਨੀ ਹੋ ਗਈ ਕਿ ਤੁਰਨਾ ਵੀ ਭੁੱਲ ਗਿਆ ਤੇ ਸਾਰੀਆਂ ਭਾਵਨਾਵਾਂ ਬਿਮਾਰੀ ਨੇ ਹੀ ਦੱਬ ਲਈਆਂ। ਘਰ ਬੈਠੇ ਆਪਣੇ ਕਾਨਿਆਂ ਵਰਗੇ ਹੱਥਾਂ ਪੈਰਾਂ ਨੂੰ ਹੀ ਦੇਖੀ ਜਾਣਾ। ਸਕੂਲ ਦਾ ਇਕ ਸਾਲ ਵੀ ਮਾਰਿਆ ਗਿਆ। ਬਾਕੀ ਬਚਪਨ ਮਿੱਟੀ ਘੱਟੇ ਵਿਚ ਖੇਡਦਿਆਂ ਤੇ ਪਸ਼ੂ ਚਰਾਉਂਦਿਆਂ ਹੀ ਬੀਤਿਆ। ਜਿਹੋ ਜਿਹਾ ਉਹਨਾਂ ਸਮਿਆਂ ਵਿਚ ਆਮ ਪਿੰਡਾਂ ਦੇ ਮੁੰਡਿਆਂ ਦਾ ਬੀਤਦਾ ਸੀ। ਹਾਂ! ਇਕ ਹੋਰ ਗੱਲ ਦੀ ਵੀ ਮੇਰੇ ਅੰਦਰ ਚਾਹਤ ਰਹਿੰਦੀ। ਜਦੋਂ ਪਿੰਡ ਵਿਚ ਕਿਤੇ ਨਚਾਰਾਂ, ਨਕਲੀਆਂ ਜਾਂ ਕਵੀਸ਼ਰਾਂ ਦਾ ਅਖਾੜਾ ਲੱਗਣਾ ਤਾਂ ਉੱਥੇ ਜ਼ਰੂਰ ਚਲੇ ਜਾਣਾ। ਇਸ ਚਾਹਤ ਕਾਰਨ ਮਾਂ ਕੋਲੋਂ ਕਈ ਵਾਰ ਝਿੜਕਾਂ ਵੀ ਖਾਧੀਆਂ। ਗਰਮੀਆਂ ਦੇ ਦਿਨਾਂ ਵਿਚ ਘਰਦਿਆਂ ਨੇ ਸਕੂਲੋਂ ਮੁੜਦਿਆਂ ਹੀ ਮੱਝਾਂ ਦੇ ਮਗਰ ਤੋਰ ਦੇਣਾ। ਪਿੰਡੋਂ ਨਿਕਲਦਿਆ ਹੀ ਮੱਝਾਂ ਨੂੰ ਕੁੱਟਣਾ ਸ਼ੁਰੂ ਕਰ ਦੇਣਾ। ਅੰਦਰਲਾ ਗੁੱਸਾ ਮੱਝਾਂ ਉਪਰ ਕੱਢਣਾ। ਖੁੱਲ੍ਹੇ ਖੇਤਾਂ ਵਿਚ ਮੱਝਾਂ ਨੇ ਚਰਦੇ ਫਿਰਨਾ ਤੇ ਆਪ ਇਕ ਪਾਸੇ ਬੈਠ ਕੇ ਕਿਸੇ ਹਾਣੀ ਛੇੜੂ ਨਾਲ ਕੋਈ ਖੇਡਾਂ ਖੇਡਣ ਲੱਗ ਜਾਣਾ। ਵੱਗਾਂ ਵੇਲੇ ਵਾਪਸ ਮੁੜਦਿਆਂ ਰਾਸਤੇ ਵਿਚ ਮੱਝ ਉਪਰ ਬੈਠ ਕੇ ਆਉਣਾ। ਪਿੰਡ ਦੇ ਨੇੜਲੇ ਛੱਪੜ ਵਿਚ ਮੱਝਾਂ ਨੂੰ ਨਹਾਉਂਦਿਆ ਆਪ ਵੀ ਤਾਰੀਆਂ ਲਾਉਣੀਆਂ। ਦਿਨ ਦੇ ਛੁਪਾ ਨਾਲ ਛੱਪੜ 'ਚੋਂ ਮੱਝਾਂ ਨੂੰ ਕੱਢ ਕੇ ਘਰ ਲੈ ਆਉਣਾ, ਕਿੱਲਿਆਂ 'ਤੇ ਬੰਨ੍ਹ ਕੇ ਛੇਤੀ ਛੇਤੀ ਰੋਟੀ ਖਾਣੀ ਤੇ ਘਰ ਨੇੜਲੀ ਸੱਥ ਵਿਚ ਬੈਠੇ ਵਿਹਲੜਾਂ ਦੀਆਂ ਗੱਲਾਂ ਸੁਣਨ ਚਲੇ ਜਾਣਾ। ਹਨ੍ਹੇਰੇ ਹੋਏ ਘੋਟਾ ਸਿਉਂ ਮਜ੍ਹਬੀ ਸਿੱਖ ਨੇ ਸੋਟੀ ਨਾਲ ਰਾਹ ਟੋਹਦਿਆਂ ਸੱਥ ਵਿਚ ਆ ਬੈਠਣਾ ਤੇ ਜਿੱਥੋਂ ਪਿਛਲੀ ਰਾਤ ਬਾਤ ਦੀ ਲੜੀ ਛੱਡੀ ਹੋਣੀ, ਉੱਥੋਂ ਮੁੜ ਸ਼ੁਰੂ ਕਰ ਲੈਣੀ। ਗਈ ਰਾਤ ਤਕ ਉਸ ਦੀਆਂ ਬਾਤਾਂ ਸੁਣੀ ਜਾਣੀਆਂ, ਜਿਨ੍ਹਾਂ ਦੀ ਲੜੀ ਉਹ ਕਦੀ ਨਹੀਂ ਸੀ ਟੁੱਟਣ ਦਿੰਦਾ। ਮਾਂ ਦੀ ਤਾਂ ਘੱਟ ਵੱਧ ਹੀ ਪਰਵਾਹ ਕਰੀਦੀ ਸੀ। ਬਾਪ ਨੇ ਕਦੀ ਪੁੱਛਿਆ ਹੀ ਨਹੀਂ ਸੀ ਕਿ ਜੁਆਕ ਕਿੱਥੇ ਨੇ ਤੇ ਕੀ ਕਰਦੇ ਐ। ਇਹ ਕੰਨ ਰਸ ਉਦੋਂ ਤਕ ਹੀ ਰਿਹਾ ਜਦੋਂ ਮੈਂ ਪੰਜਵੀਂ ਪਾਸ ਕਰ ਕੇ ਖਾਲਸਾ ਹਾਈ ਸਕੂਲ ਗੁਰੂ ਤੇਗ ਬਹਾਦਰ (ਰੋਡੇ) ਮੁੜ ਪੰਜਵੀਂ ਵਿਚ ਦਾਖਲਾ ਨਹੀਂ ਸੀ ਲਿਆ। ਜਦੋਂ ਹਾਈ ਸਕੂਲ ਵਿਚ ਜਾਣ ਲੱਗਾ ਤਾਂ ਉਸ ਸਮੇਂ ਮੇਰੀਆਂ ਭਾਵਨਾਵਾਂ ਨੇ ਵੀ ਆਪਣਾ ਇਕ ਵੱਖਰਾ ਰੰਗ ਅਪਣਾ ਲਿਆ। ਸਾਡਾ ਪਿੰਡ ਪੜ੍ਹਾਈ ਵਾਲੇ ਪੱਖ ਤੋਂ ਬਹੁਤ ਹੀ ਪਛੜਿਆ ਹੋਇਆ ਸੀ। ਸਾਡੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪਿੰਡ ਦੇ ਮੁੰਡਿਆਂ ਨਾਲੋਂ ਨੇੜਲੇ ਪਿੰਡਾਂ ਦੇ ਮੁੰਡੇ ਵੱਧ ਦਾਖਲ ਹੁੰਦੇ ਸਨ। ਜਿਹੜੇ ਸਾਡੇ ਪਿੰਡ ਦੇ ਮੁੰਡੇ ਪੜ੍ਹਦੇ ਵੀ ਸਨ, ਉਹ ਪੜ੍ਹਾਈ ਵਾਲੇ ਪਾਸੇ ਘਟ ਹੀ ਧਿਆਨ ਦਿੰਦੇ। ਬਹੁਤੇ ਪ੍ਰਾਇਮਰੀ ਪਾਸ ਕਰ ਕੇ ਹੀ ਸਕੂਲ ਛੱਡ ਜਾਂਦੇ ਸਨ। 1953 ਵਿਚ ਮੈਂ 5000 ਦੀ ਅਬਾਦੀ ਵਾਲੇ ਪਿੰਡ ਵਿਚੋਂ ਚੌਥਾ ਮੁੰਡਾ ਦਸਵੀਂ ਪਾਸ ਹੋਇਆ ਸੀ। ਪ੍ਰਾਇਮਰੀ ਸਕੂਲ ਵਿਚ ਮੈਂ ਗੰਭੀਰਤਾ ਨਾਲ ਪੜ੍ਹਾਈ ਵੱਲ ਧਿਆਨ ਨਹੀਂ ਸੀ ਦਿੱਤਾ। ਅਗਾਂਹ ਮੇਰੇ ਮਾਪੇ ਮੈਨੂੰ ਪੜ੍ਹਾਉਣਾ ਨਹੀਂ ਸੀ ਚਾਹੁੰਦੇ। ਹਾਈ ਸਕੂਲ ਵਿਚ ਮੈਂ ਬੜੀ ਜਦੋ ਜਹਿਦ ਨਾਲ ਦਾਖਲਾ ਲਿਆ। ਉਸ ਸਮੇਂ ਮੇਰੇ ਮਨ ਵਿਚ ਇਕੋ ਹੀ ਭਾਵਨਾ ਸੀ ਕਿ ਮੈਂ ਅਗਾਂਹ ਪੜ੍ਹਨਾ ਹੈ। ਇਸ ਲਈ ਮੈਂ ਪੁਸਤਕਾਂ ਬਹੁਤ ਧਿਆਨ ਨਾਲ ਪੜ੍ਹਦਾ। ਜਿਹੜਾ ਮੁੰਡਾ ਮੇਰੇ ਕੋਲੋਂ ਥੋੜ੍ਹੇ ਵੱਧ ਨੰਬਰ ਲੈਂਦਾ, ਮੇਰੀ ਕੋਸ਼ਿਸ਼ ਹੁੰਦੀ ਕਿ ਮੈਂ ਉਸ ਜਿੰਨੇ ਨੰਬਰ ਜ਼ਰੂਰ ਲੈ ਜਾਵਾਂ। ਘਰ ਆ ਕੇ ਮੈਨੂੰ ਖੇਤੀ ਦੇ ਕੰਮਾਂ ਵਿਚ ਹੱਥ ਵਟਾਉਣਾ ਪੈਂਦਾ ਸੀ, ਇਸ ਲਈ ਘਰ ਵਿਚ ਪੜ੍ਹਨ ਦਾ ਮੌਕਾ ਨਹੀਂ ਸੀ ਮਿਲਦਾ। ਮੈਂ ਆਪਣਾ ਕੰਮ ਸਕੂਲ ਵਿਚ ਹੀ ਮੁਕਾ ਲੈਂਦਾ ਸੀ। ਸੋ ਮੇਰੀਆ ਭਾਵਨਾਵਾਂ ਪੜ੍ਹਾਈ ਦੇ ਦੁਆਲੇ ਹੀ ਘੁੰਮਦੀਆਂ ਰਹੀਆਂ।

**? ਤੁਹਾਡੇ ਮਨ ਅੰਦਰ ਸਾਹਿਤ ਸਿਰਜਣ ਤੇ ਪੜ੍ਹਨ ਦੇ ਬੀਜ਼ ਕਿਸ ਤਰ੍ਹਾਂ ਪੈਦਾ ਹੋਏ।**

-ਬਚਪਨ ਵਿਚ ਮੈਂ ਚੁੱਪੂ ਤੇ ਡਰੂ ਜਿਹਾ ਮੁੰਡਾ ਹੁੰਦਾ ਸੀ। ਚੁੱਪ ਬੈਠੇ ਦੂਜਿਆਂ ਦੀਆਂ ਗੱਲਾਂ ਸੁਣੀ

ਜਾਣੀਆਂ। ਮਜ਼੍ਹਬੀਆਂ ਦੇ ਵਿਹੜੇ ਵਿਚ ਇਕ ਸੁਨੱਖਾ ਬੁੜ੍ਹਾ ਹੁੰਦਾ ਸੀ ਜਿਸ ਨੂੰ ਘੋਟਾ ਸਿਉਂ ਕਹਿ ਕੇ ਬਲਾਉਂਦੇ ਸਨ। ਉਸ ਨੂੰ ਇਤਿਹਾਸਕ, ਮਿਥਿਹਾਸਕ, ਭੂਤ ਪ੍ਰੇਤਾਂ ਤੇ ਰਾਜਿਆਂ ਰਾਣਿਆਂ ਦੀਆਂਬਾਤਾਂ ਬਹੁਤ ਯਾਦ ਸਨ। ਮੈਨੂੰ ਉਸਦੀਆਂ ਬਾਤਾਂ ਸੁਣਨ ਦਾ ਭੁਸ ਪੈ ਗਿਆ ਤੇ ਮੈਂ ਬਾਤਾਂ ਸੁਣਨ ਖਾਤਰ ਹੀ ਗਈ ਰਾਤ ਤਕ ਸੱਥ ਵਿਚ ਬੈਠਾ ਰਹਿੰਦਾ ਸੀ। ਉਹ ਅਖੀਰ ਵਿਚ ਇਹ ਕਹਿ ਕੇ ਬਾਤ ਖਤਮ ਕਰਦਾ, "ਆ ਵੇ ਸੋਢਿਆ ਤੋੜ ਦੇ ਤਵੀਤ ਨੂੰ, ਦੁਨੀਆ ਕਿੱਥੋਂ ਹੋ ਹੋ ਵਸਦੀ ਐ।" ਫਿਰ "ਵਸਣਾ ਉਹਨਾਂ ਵੀ ਐ ਜਿਨ੍ਹਾਂ ਨੇ-ਕਹਿ ਕੇ ਅਗਲੀ ਬਾਤ ਸ਼ੁਰੂ ਕਰ ਦੇਣੀ। ਉਹ ਕਦੀ ਬਾਤਾਂ ਦੀ ਲੜੀ ਨਹੀਂ ਸੀ ਟੁੱਟਣ ਦਿੰਦਾ। ਸਾਡੀ ਮਾਂ ਨੂੰ ਵੀ ਬਹੁਤ ਬਾਤਾਂ ਯਾਦ ਸਨ ਪਰ ਉਸ ਨੂੰ ਕੰਮਾਂ ਤੋਂ ਹੀ ਵਿਹਲ ਨਹੀਂ ਸੀ ਮਿਲਦੀ। ਫੇਰ ਵੀ ਜਦੋਂ ਕਦੇ ਵਿਹਲ ਮਿਲਦੀ ਤਾਂ ਰਾਤ ਸਮੇਂ ਉਸ ਕੋਲੋਂ ਵੀ ਬਾਤਾਂ ਸੁਣਦੇ। ਸ਼ਾਇਦ ਕਹਾਣੀ ਦੇ ਬੀਜ ਉਦੋਂ ਮਨ ਮਸਤਕ ਵਿਚ ਬੀਜੇ ਗਏ ਹੋਣ ਤੇ ਜਦੋਂ ਪ੍ਰਸਿਥਤੀਆਂ ਸਾਜ਼ਗਾਰ ਹੋਈਆਂ, ਉਹ ਪੁੰਗਰਨ ਲੱਗ ਪਏ। ਕਵਿਤਾ ਦੇ ਬੀਜ ਬੀਜੇ ਜਾਣ ਦਾ ਕਾਰਨ ਮੇਰੇ ਚਾਚੇ ਦਾ ਕਵੀਸ਼ਰ ਹੋਣਾ ਹੋ ਸਕਦਾ ਹੈ। ਗੁਰਦਵਾਰੇ ਦਾ ਪੜ੍ਹਿਆ ਮੇਰਾ ਚਾਚਾ ਭਗਤਾ ਭਾਈ ਕਾ ਦੇ ਵਸਾਖਾ ਸਿੰਘ ਕਵੀਸਰ ਨਾਲ ਕਵੀਸ਼ਰੀ ਕਰਦਾ ਸੀ। ਕਦੀ ਕਦੀ ਉਹ ਮੈਨੂੰ ਕੋਈ ਛੰਦ ਲਿਖਾ ਦਿੰਦਾ ਤੇ ਮੈਂ ਗੁਰਦਵਾਰੇ ਵਿਚ ਮਨਾਈ ਜਾਂਦੀ ਮੱਸਿਆ, ਪੁੰਨਿਆ ਤੇ ਸੰਗਰਾਂਦ ਦੇ ਮੌਕੇ ਉਹ ਛੰਦ ਗਾ ਕੇ ਬੋਲ ਦਿੰਦਾ। ਇਕ ਵਾਰ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵ 'ਤੇ ਜਿਹੜਾ ਛੰਦ ਮੈਨੂੰ ਬੋਲਣ ਲਈ ਦਿੱਤਾ ਉਸ ਦੀ ਇਕ ਤੁਕ ਸੀ, 'ਪੂਹ ਸੁਦੀ ਸੱਤਵੀਂ ਜੀ ਸਾਲ ਸਤਾਰਾਂ ਸੌ ਅਜਿਆਰੇ, ਮੈਂ ਐਸੇ ਪ੍ਰੀਤਮ ਦੇ ਜਾਵਾਂ ਚਰਨਾਂ ਤੋਂ ਬਲਿਹਾਰੇ।' ਮੈਂ ਚਾਚੇ ਕੋਲੋਂ ਪੁੱਛ ਲਿਆ, "ਚਾਚਾ, ਅਜਿਆਰੇ ਦਾ ਕੀ ਮਤਲਬ ਐ?" ਉਹ ਕਹਿੰਦਾ, "ਮਤਬਲਾਂ ਮਗਰ ਨਈਂ ਜਾਈਦਾ, ਤੁਕ ਨਾਲ ਤੁਕ ਮਿਲਣੀ ਚਾਹੀਦੀ ਐ।" ਮੈਂ ਸੋਚਿਆ,'ਇਉਂ ਤਾਂ ਤੁਕ ਨਾਲ ਤੁਕ ਮੈਂ ਵੀ ਮਿਲਾ ਸਕਦਾ ਹਾਂ' ਸੋ, ਮੈਂ ਤੁਕ ਨਾਲ ਤੁਕ ਮੇਲਣ ਲੱਗ ਪਿਆ। ਸ਼ਾਇਦ ਇਸ ਤਰ੍ਹਾਂ ਤੁਕ ਨਾਲ ਤੁਕ ਜੋੜਨ ਨਾਲ ਮੇਰੇ ਮਨ ਅੰਦਰ ਕਵਿਤਾ ਦਾ ਬੀਜ ਬੀਜਿਆ ਗਿਆ ਹੋਵੇ।

ਪੰਜਾਬੀ ਪੜ੍ਹਨੀ ਲਿਖਣੀ ਮੈਂ ਸ਼ੌਕੀਆਂ ਹੀ ਗੁਰਦਵਾਰੇ ਵਿਚੋਂ ਸਿੱਖ ਲਈ ਸੀ। ਪਿੰਡ ਵਿਚ ਪ੍ਰਾਇਮਰੀ ਸਕੂਲ ਹੋਣ ਕਰਕੇ ਮਾਪਿਆ ਨੇ ਸਕੂਲ਼ ਦਾਖਲ ਕਰਵਾ ਦਿੱਤਾ, ਉਥੇ ਪੜ੍ਹਾਈ ਉਰਦੂ ਵਿਚ ਹੁੰਦੀ ਸੀ। ਸਕੂਲ ਮਜਬੂਰੀ ਵਸ ਹੀ ਜਾਈਦਾ ਸੀ। ਪਰ ਮਨ ਅੰਦਰ ਪੜ੍ਹਨ ਦੇ ਬੀਜ ਬੀਜੇ ਜਾਣ ਦੀ ਇਕ ਨਿੱਕੀ ਜਿਹੀ ਕਹਾਣੀ ਹੈ। ਸਾਡਾ ਪਿੰਡ ਬਹੁਤ ਪਛੜਿਆ ਹੋਣ ਕਰਕੇ ਪਿੰਡ ਵਿਚ ਕੋਈ ਲਾਇਬ੍ਰੇਰੀ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਜੇ ਪ੍ਰਾਇਮਰੀ ਸਕੂਲ ਵਿਚ ਲਾਇਬ੍ਰੇਰੀ ਦੀਆਂ ਕੁਝ ਕਿਤਾਬਾਂ ਹੋਣਗੀਆਂ ਤਾਂ ਅਧਿਆਪਕਾਂ ਨੇ ਉਹਨਾਂ ਨੂੰ ਕਦੀ ਹਵਾ ਵੀ ਨਹੀਂ ਸੀ ਲੁਆਈ। ਹਾਂ, ਮੇਰਾ ਇਕ ਚਾਚਾ ਐਸ.ਵੀ. ਟੀਚਰ ਸੀ। ਉਸ ਨੇ ਆਪਣੇ ਵੱਡੇ ਮੁੰਡੇ ਦੇ ਪੜ੍ਹਨ ਲਈ 'ਬਾਲ ਸੰਦੇਸ਼' ਤੇ 'ਬਾਲ ਸੰਸਾਰ' ਦੋ ਰਸਾਲੇ ਲਗਵਾਏ ਹੋਏ ਸਨ ਜਿਹੜੇ ਮਹੀਨੇ ਬਾਅਦ ਡਾਕ ਰਾਹੀਂ ਆਉਂਦੇ ਸਨ। ਕਲਕੱਤੇ ਤੋਂ ਆਏ ਇਕ ਬੰਦੇ ਨੇ ਜਰਨੈਲ ਸਿੰਘ 'ਅਰਸ਼ੀ' ਦਾ ਹਫ਼ਤਾ ਵਾਰੀ ਅਖਬਾਰ 'ਲਲਕਾਰ' ਵੀ ਲੁਆਇਆ ਹੋਇਆ ਸੀ। ਡਾਕੀਆ ਹਫ਼ਤੇ ਮਗਰੋਂ ਪਿੰਡ ਆਉਂਦਾ ਅਤੇ ਚਾਚੇ ਨੂੰ ਡਾਕ ਵੰਡਣ ਲਈ ਦੇ ਜਾਂਦਾ ਸੀ। ਜਦੋਂ ਡਾਕ ਆਉਂਣੀ ਤਾਂ ਚਿੱਠੀਆਂ ਵੰਡਣ ਦੇ ਬਹਾਨੇ ਮੈਂ ਉਹਨਾ ਕੋਲ ਚਲੇ ਜਾਣਾ ਤੇ ਅਖਬਾਰ ਵਿਚੋਂ ਦੋ ਕਾਲਮ 'ਝੋਕਾਂ ਹਾਣੀਆਂ ਦੀਆਂ' ਤੇ ਤੂੰਬੇ ਨੂੰ ਬੁੜ੍ਹਕਣ ਦੇ' ਜ਼ਰੂਰ ਪੜ੍ਹਨੇ। ਜਦੋਂ ਮਹੀਨੇ ਮਗਰੋਂ ਬਾਲ ਮੈਗਜ਼ੀਨ ਆਉਣੇ ਤਾਂ ਉਹਨਾ ਵਿਚੋਂ ਕਵਿਤਾਵਾਂ ਤੇ ਕਹਾਣੀਆਂ ਪੜ੍ਹ ਲੈਣੀਆਂ। ਇਕ ਦਿਨ ਜਦੋਂ ਡਾਕੀਆ ਚਾਚਾ ਜੀ ਦੇ ਘਰ ਡਾਕ ਦੇ ਗਿਆ ਤਾਂ ਮੈਂ 'ਬਾਲ ਸੰਸਾਰ' ਚੁਕ ਕੇ ਪੜ੍ਹਨ ਲੱਗ ਪਿਆ। ਮੇਰੀ ਚਾਚੀ ਮੇਰੇ ਹੱਥੋਂ ਰਸਾਲਾ ਫੜ ਕੇ ਕਹਿੰਦੀ, "ਮੀਤਾ ਚੌਥੀ ਵਿਚੋਂ ਹਟ ਗਿਆ ਸੀ ਤੇ ਮੱਲਾ (ਮੇਰੇ ਵੱਡੇ ਭਰਾ) ਪੰਜਵੀਂ 'ਚੋਂ। ਤੂੰ ਵੀ ਪੰਜਵੀਂ ਕਰ ਕੇ ਹਟ

ਜਾਣੈ, ਫੇਰ ਤੈਨੂੰ ਇਹ ਕਿਤਾਬਾਂ ਪੜ੍ਹਨ ਦੀ ਕੀ ਲੋੜ ਐ?" ਮੈਂ ਕਿਹਾ, "ਚਾਚੀ, ਮੈਂ ਤਾਂ ਬੀਆ ਪਾਸ ਕਰਨੀ ਐ।"

"ਹੂੰਅ! ਬੀਆ ਨਾਬੀਆ! ਕਰਾ ਦੂ ਭਾਈ ਜੀ (ਸਾਡੇ ਪਾਸੇ ਜੇਠ ਨੂੰ 'ਭਾਈ ਜੀ' ਕਿਹਾ ਜਾਂਦਾ ਸੀ) ਤੈਨੂੰ ਬੀਆ ਪਾਸ।" ਚਾਚੀ ਨੇ ਕੁਝ ਹੋਰ ਵੀ ਕਿਹਾ ਹੋਵੇ, ਮੈਨੂੰ ਯਾਦ ਨਹੀਂ ਪਰ ਚਾਚੀ ਦੇ ਇਹ ਬੋਲ ਸਦਾ ਮੇਰੇ ਨਾਲ ਰਹੇ। ਸ਼ਾਇਦ ਮੇਰੇ ਮਨ ਦੇ ਕਿਸੇ ਕੋਨੇ ਵਿਚ ਪੁਸਤਕਾਂ ਪੜ੍ਹਨ ਵਾਲੇ ਬੀਜ ਉਦੋਂ ਤੋਂ ਪੁੰਗਰਨ ਲੱਗ ਪਏ ਹੋਣ।

**? ਕੀ ਕਾਰਨ ਸੀ ਕਿ ਤੁਸੀਂ ਪਹਿਲਾਂ ਕਹਾਣੀ ਲਿਖਣ ਨੂੰ ਤਰਜੀਹ ਦਿੱਤੀ ਤੇ ਫਿਰ ਨਾਵਲ ਵਲ ਕਿਉਂ ਆਏ।**

– ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਲਿਖਣਾ ਮੈਂ ਤੁਕਬੰਦ ਕਵਿਤਾ ਤੋਂ ਸ਼ੁਰੂ ਕੀਤਾ ਸੀ। ਬਾਅਦ ਵਿਚ ਕਵਿਤਾ ਵਿਚ ਕੁਝ ਪਕਿਆਈ ਵੀ ਆਈ। ਮੈਂ ਬਹੁਤ ਸਾਰੇ ਗੀਤ ਵੀ ਲਿਖੇ। 'ਕਵਿਤਾ' ਮੈਗਜ਼ੀਨ ਵਿਚ ਛਪਿਆ ਮੇਰਾ ਇਕ ਗੀਤ ਲਖਬੀਰ ਸਿੰਘ ਲੱਖਾ ਨੇ ਸੰਨ 57 ਵਿਚ ਆਲ ਇੰਡੀਆ ਰੇਡੀਉ 'ਤੇ ਗਾਇਆ ਵੀ ਸੀ ਤੇ ਉਹ ਗੀਤ ਰੇਡੀਉ 'ਤੇ ਮੁੜ ਮੁੜ ਸੁਣਾਇਆ ਜਾਂਦਾ ਰਿਹਾ। ਮੇਰੀਆਂ ਬਹੁਤ ਸਾਰੀਆਂ ਕਵਿਤਾਵਾਂ ਸੰਪਾਦਿਤ ਪੁਸਤਕਾਂ 'ਆਸਾਂ ਰਾਂਗਲੀਆਂ' ਮਾਲਵੇ ਦਾ ਪੁੰਗਰਦਾ ਸਾਹਿਤ' 'ਢੰਗੂਰ' ਆਦਿ ਵਿਚ ਛਪੀਆਂ ਵੀ ਹਨ। ਕਵਿਤਾ ਤੋਂ ਬਿਨਾਂ ਮੈਂ ਪੰਜਾਹ ਦੇ ਕਰੀਬ ਜਿਗਰਪਾਰੇ ਵੀ ਲਿਖੇ ਜਿਹੜੇ 69ਤੋਂ 71 ਤਕ ਬਰਨਾਲੇ ਤੋਂ ਛਪਦੇ ਤ੍ਰੈਮਾਸਕ ਮੈਗਜ਼ੀਨ 'ਮੁਹਾਂਦਰਾ' ਵਿਚ ਛਪਦੇ ਰਹੇ। ਸੰਨ 55 ਵਿਚ ਜਸਵੰਤ ਸਿੰਘ ਕੰਵਲ ਦੀ ਨਿਗਰਾਨੀ ਹੇਠ ਲਿਖਾਰੀ ਸਭਾ ਮੋਗਾ ਬਣੀ। ਅਸੀਂ ਪੰਜ ਜਣੇ ਉਸ ਦੇ ਬਾਨੀ ਮੈਂਬਰ ਸਾਂ। ਸਭਾ ਦੀਆਂ ਮੀਟਿੰਗਾਂ ਵਿਚ ਬਹੁਤੀਆਂ ਕਵਿਤਾਵਾ ਹੀ ਪੜ੍ਹੀਆਂ ਜਾਂਦੀਆਂ ਤੇ ਉਹਨਾਂ ਉਪਰ ਭਖਵੀਂ ਬਹਿਸ ਵੀ ਹੁੰਦੀ। ਕਵਿਤਾ ਸੁਣਾਉਣ ਵਾਲਿਆਂ ਵਿਚ ਮੈਂ ਵੀ ਇਕ ਸਾਂ। ਫਿਰ ਮੈਂ ਸੱਚੀ ਘਟਨਾ 'ਤੇ ਅਧਾਰਤ ਇਕ ਕਹਾਣੀ ਲਿਖੀ। ਜਦੋਂ ਮੈਂ ਇਹ ਕਹਾਣੀ ਸਭਾ ਵਿਚ ਪੜ੍ਹੀ ਤਾਂ ਕੰਵਲ ਸਾਹਿਬ ਨੇ ਉਸ ਨੂੰ ਬਹੁਤ ਸਲਾਹਿਆ ਤੇ ਸੁਝਾ ਦਿੱਤਾ ਕਿ ਮੈਂ ਕਹਾਣੀ ਵਲ ਬਹੁਤਾ ਧਿਆਨ ਦਿਆਂ। ਉਸ ਤੋਂ ਬਾਅਦ ਮੈਂ ਕਹਾਣੀ ਵਲ ਰੁਚਿਤ ਹੋ ਗਿਆ ਅਤੇ ਕਵਿਤਾ ਪਿੱਛੇ ਰਹਿ ਗਈ।

ਕੈਨੇਡਾ ਆ ਕੇ ਵੀ ਮੈਂ ਕਈ ਕਹਾਣੀਆਂ ਲਿਖੀਆਂ। ਮੇਰਾ ਪਹਿਲਾ ਨਾਵਲ 'ਦੁਨੀਆ ਕੈਸੀ ਹੋਈ' ਅਸਲ ਵਿਚ ਕਹਾਣੀਆਂ ਦਾ ਸੰਗ੍ਰਹਿ ਹੀ ਹੈ। ਉਸ ਦਾ ਹਰ ਕਾਂਡ ਮੁਕਮਲ ਕਹਾਣੀ ਹੈ ਤੇ ਸਾਰੀਆਂ ਕਹਾਣੀਆਂ ਤਰਤੀਬਵਾਰ ਜੁੜ ਕੇ ਨਾਵਲ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਨਾਵਲ ਛਪਦਿਆਂ ਹੀ ਇਸ ਉਪਰ ਪੰਜਾਬ ਯੂਨੀਵਰਸਿਟੀ ਦੀ ਇਕ ਕੁੜੀ ਬਲਜੀਤ ਕੌਰ ਨੇ ਐਮ.ਫਿਲ ਕੀਤੀ ਅਤੇ ਉਦੋਂ ਹੀ ਇਹ ਨਾਵਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਪਰਵਾਸੀ ਪੇਪਰ ਐਮ. ਏ. ਲਈ ਮਨਜ਼ੂਰ ਹੋ ਗਿਆ। ਇਸ ਨਾਵਲ ਦੀ ਲੋਕ-ਪ੍ਰਿਅਤਾ ਤੋਂ ਉਤਸਾਹਤ ਹੋ ਕੇ ਮੈਂ ਨਾਵਲ ਨੂੰ ਆਪਣੀ ਲੇਖਣੀ ਦਾ ਮੁਖ ਸ੍ਰੋਤ ਬਣਾ ਲਿਆ।

**? ਤੁਸੀਂ ਕੀ ਕਾਰਨ ਸਮਝਦੇ ਹੋ ਕਿ ਨਾਵਲ ਮਾਲਵੇ ਵਿਚ ਹੀ ਕਿਉਂ ਵਧੇਰੇ ਲਿਖਿਆ ਤੇ ਪੜ੍ਹਿਆ ਜਾਂਦਾ ਹੈ।**

–ਇਹ ਸਵਾਲ ਥੋੜ੍ਹਾ ਸੋਚਣ ਲਈ ਮਜ਼ਬੂਰ ਕਰਦਾ ਹੈ। ਇਹ ਗੱਲ ਠੀਕ ਹੈ ਕਿ ਦੂਸਰੇ ਖਿਤਿਆਂ ਨਾਲੋਂ ਮਾਲਵੇ ਵਿਚ ਨਾਵਲ ਵਧੇਰੇ ਲਿਖਿਆ ਜਾ ਰਿਹਾ ਹੈ ਪਰ ਬਦੇਸ਼ਾਂ ਵਿਚ ਬੈਠਿਆਂ ਨੂੰ ਇਹ ਕਿਵੇਂ ਗਿਆਨ ਹੋਵੇ ਕਿ ਨਾਵਲ ਵਧੇਰੇ ਮਾਲਵੇ ਵਿਚ ਹੀ ਪੜ੍ਹਿਆ ਜਾਂਦਾ ਹੈ। ਫਿਰ ਵੀ ਮੈਂ ਆਪਣੀ ਸੂਝ ਅਨੁਸਾਰ ਤੁਹਾਡੇ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗਾ। ਸੰਨ 47 ਤੋਂ ਪਹਿਲਾਂ ਜਦੋਂ ਪੰਜਾਬ ਦੀ ਵੰਡ ਨਹੀਂ

ਸੀ ਹੋਈ ਤਾਂ ਰਾਜਨੀਤਕ,ਆਰਥਿਕ, ਧਾਰਮਿਕ ਤੇ ਹੋਰ ਸਮਾਜਿਕ ਗਤੀਵਿਧੀਆਂ ਦਾ ਕੇਂਦਰ ਮਾਝਾ ਹੀ ਸੀ। ਪੰਜਾਬ ਵਿਚ ਇਕੋ ਇਕ ਪੰਜਾਬ ਯੂਨੀਵਰਸਿਟੀ ਹੁੰਦੀ ਸੀ ਜਿਹੜੀ ਲਾਹੌਰ ਵਿਚ ਸਥਿਤ ਸੀ। ਇਹੋ ਕਾਰਨ ਸੀ ਕਿ ਸਾਹਿਤ ਦਾ ਕੇਂਦਰ ਵੀ ਇਹੋ ਖੇਤਰ ਰਿਹਾ। ਮਾਲਵਾ ਖੇਤਰ ਹਰ ਪੱਖੋਂ ਬਹੁਤ ਪਛੜਿਆ ਗਿਣਿਆ ਜਾਂਦਾ ਰਿਹਾ। ਉਸ ਸਮੇਂ ਨਾਮਵਰ ਨਾਵਲਕਾਰ, ਭਾਈ ਵੀਰ ਸਿੰਘ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤ ਲੜੀ, ਕਰਤਾਰ ਸਿੰਘ ਦੁੱਗਲ (ਦੁਗੱਲ ਦਾ ਪਿਛੋਕੜ ਭਾਵੇਂ ਪੋਠੋਹਾਰ ਸੀ ਪਰ ਰਹਿੰਦੇ ਲਾਹੌਰ ਸਨ), ਹਰਨਾਮ ਦਾਸ ਸਹਿਰਾਈ ਆਦਿ ਇਸ ਖਿੱਤੇ ਨਾਲ ਹੀ ਸਬੰਧ ਰਖਦੇ ਸਨ,ਉਹਨਾਂ ਵੇਲਿਆਂ ਵਿਚ ਮਾਲਵੇ ਦਾ ਕੇਵਲ ਇਕੋ ਨਾਵਲਕਾਰ ਜਸਵੰਤ ਸਿੰਘ ਕੰਵਲ ਪੰਜਾਬੀ ਸਾਹਿਤ ਵਿਚ ਆਪਣੀ ਪਛਾਣ ਬਣਾ ਸਕਿਆ ਸੀ। ਸੰਨ 47 ਵਿਚ ਪੰਜਾਬ ਛੋਟਾ ਹੋ ਕੇ ਢਾਈ ਆਬ ਰਹਿ ਗਿਆ। ਫਿਰ ਰਾਜਨੀਤਕ, ਆਰਥਿਕ, ਸਮਾਜਿਕ ਤੇ ਧਾਰਮਿਕ ਗਤੀਵਿਧੀਆਂ ਦਾ ਧੁਰਾ ਮਾਝੇ ਦੇ ਨਾਲ ਦੁਆਬਾ ਵੀ ਗਿਆ ਪਰ ਵਿਕਾਸ ਦੀ ਹਵਾ ਮਾਲਵੇ ਖੇਤਰ ਵਿਚ ਵੀ ਰੁਮਕਣ ਲੱਗ ਪਈ। ਸਾਹਿਤ ਸਭਾਵਾਂ ਹੋਂਦ ਵਿਚ ਆ ਗਈਆਂ ਤੇ ਮਾਲਵੇ ਖਿੱਤੇ ਵਿਚੋਂ ਵੀ ਨਾਵਲਕਾਰ ਸਿਰ ਚੁੱਕਣ ਲੱਗ ਪਏ, ਜਿਨ੍ਹਾਂ ਵਿਚ ਗੁਰਦਿਆਲ ਸਿੰਘ ਤੇ ਰਾਮ ਸਰੂਪ ਅਣਖੀ ਸਨ। ਸੰਨ 66 ਵਿਚ ਪੰਜਾਬ ਦੇ ਹੋਰ ਟੁਕੜੇ ਹੋ ਗਏ।

ਪੰਜਾਬੀ ਸੂਬਾ ਬਣਨ ਮਗਰੋਂ ਮਾਝਾ ਤੇ ਦੁਆਬਾ ਮਿਲਾ ਕੇ ਵੀ ਮਾਲਵੇ ਦੇ ਖੇਤਰਫਲ ਨਾਲੋਂ ਬਹੁਤ ਛੋਟੇ ਰਹਿ ਗਏ ਅਤੇ ਸਮਾਜਿਕ, ਆਰਥਿਕ ਤੇ ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਮਾਲਵਾ ਬਣ ਗਿਆ।ਵਿਦਿਆ ਪੱਖੋਂ ਵੀ ਇਲਾਕਾ ਪਛੜਿਆ ਨਾ ਰਿਹਾ ਜਿਸ ਕਾਰਨ ਲੋਕਾਂ ਵਿਚ ਪੜ੍ਹਨ ਦੀ ਰੁਚੀ ਵਧੇਰੇ ਹੋ ਗਈ। ਇਸ ਦੇ ਉਲਟ ਦੁਆਬੇ ਵਿਚੋਂ ਪੜ੍ਹਿਆ ਲਿਖਿਆ ਵਰਗ ਬਦੇਸ਼ਾਂ ਨੂੰ ਪਲਾਇਨ ਕਰਨ ਲੱਗਾ, ਜਿਨ੍ਹਾਂ ਵਿਚ ਕੁਝ ਸਾਹਿਤਕਾਰ (ਨਾਵਲਕਾਰ) ਵੀ ਸਨ, ਜਿਵੇਂ; ਸਵਰਨ ਚੰਦਨ, ਗਿਆਨੀ ਕੇਸਰ ਸਿੰਘ ਤੇ ਅਜਾਇਬ ਕਮਲ ਆਦਿ। ਖਾਲੀ ਥਾਂ ਦੀ ਪੂਰਤੀ ਲਈ ਭਾਰਤ ਦੇ ਹੋਰ ਖੇਤਰਾਂ ਵਿਚੋਂ ਲੋਕ ਏਥੇ ਆ ਕੇ ਵਸਣ ਲੱਗੇ, ਜਿਨ੍ਹਾਂ ਦੀ ਬੋਲੀ ਪੰਜਾਬੀ ਨਹੀਂ ਸੀ। ਇਸ ਦੇ ਉਲਟ ਮਾਲਵੇ ਵਿਚੋਂ ਪਲਾਇਨ ਘਟ ਹੋਇਆ। ਮਾਲਵੇ ਵਿਚ ਵਧੇਰੇ ਸਾਹਿਤ (ਨਾਵਲ) ਰਚਨਾ ਦਾ ਇਕ ਇਹ ਕਾਰਨ ਹੋ ਸਕਦਾ ਹੈ।

ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਭਾਸ਼ਾ ਦਾ ਮਸਲਾ ਬਹੁਤ ਉਭਾਰਿਆ ਗਿਆ ਸੀ। ਜਲੰਧਰ ਪ੍ਰਿੰਟ ਮੀਡੀਏ ਦਾ ਕੇਂਦਰ ਬਣ ਗਿਆ ਸੀ। ਉੱਥੋਂ ਦੇ ਕੁਝ ਅਖਬਾਰਾਂ ਵਲੋਂ ਹਿੰਦੀ ਨੂੰ ਮਾਤ ਭਾਸ਼ਾ ਲਿਖਵਾਉਣ ਦਾ ਪਰਚਾਰ ਹੁੰਦਾ ਰਿਹਾ। ਇਸ ਲਈ ਮਾਝੇ ਦੁਆਬੇ ਦੇ ਹਿੰਦੂਆਂ ਨੇ ਹਿੰਦੀ ਨੂੰ ਤਰਜੀਹ ਦਿੱਤੀ। ਇਸ ਦੇ ਉਲਟ ਮਾਲਵੇ ਦੇ ਲੋਕਾਂ ਵਿਚ ਇਸ ਪਰਚਾਰ ਦਾ ਥੋੜਾ ਅਸਰ ਹੋਇਆ। ਮਾਲਵੇ ਵਿਚ ਤਾਂ ਬਹੁਤੇ ਹਿੰਦੂਆਂ ਦੀ ਰਹਿਤਲ ਵੀ ਸਿੱਖ ਰਹਿਤਲ ਵਰਗੀ ਸੀ। ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ ਤੇ ਨਿਰੰਜਣ ਸ਼ਰਮਾ ਸੇਖਾ ਵਰਗੇ ਲੇਖਕ ਦਾੜ੍ਹੀ ਕੇਸ ਰੱਖ ਕੇ ਪੱਗਾਂ ਬੰਨ੍ਹਦੇ ਸਨ। ਮਾਲਵੇ ਵਿਚ ਪੰਜਾਬੀ ਨੂੰ ਓਨੀ ਢਾਅ ਨਾ ਲੱਗੀ ਜਿੰਨੀ ਦੁਆਬੇ ਮਾਝੇ ਵਿਚ ਪੰਜਾਬੀ ਨੂੰ ਲੱਗੀ। ਮਾਲਵੇ ਦੀ ਧਰਤੀ 'ਤੇ ਵਧੇਰੇ ਨਾਵਲ ਲਿਖੇ ਜਾਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ।

ਇਕ ਉੱਘੇ ਅਮਰੀਕਣ ਚਿੰਤਕ ਏ.ਐਮ. ਵੇਟ ਦੀ ਪੂਰੀ ਕੁਟੇਸ਼ਨ ਤਾਂ ਯਾਦ ਨਹੀਂ ਪਰ ਉਸ ਦਾ ਭਾਵ ਇਹ ਹੈ, 'ਸਿਰਜਨਹਾਰੀ ਪਰਿਤਭਾ ਪਰਕ੍ਰਿਤਕ (ਪੇਂਡੂ) ਮਾਹੌਲ ਵਿਚ ਵਧੇਰੇ ਵਿਕਸਤ ਹੁੰਦੀ ਹੈ।' ਸੰਸਾਰ ਦੇ ਜਿੰਨੇ ਵੀ ਕਲਾਸਿਕ ਨਾਵਲ, ਦੋਸਤੋਇਵਸਕੀ ਦਾ 'ਜੁਰਮ ਤੇ ਸਜ਼ਾ', ਟੌਲਸਟੌਏ ਦਾ 'ਜੰਗ ਤੇ ਅਮਨ', ਹਾਰਡੀ ਦਾ 'ਟੈੱਸ', ਗੋਰਕੀ ਦਾ 'ਮਾਂ' ਅਤੇ ਸ਼ੋਲੋਖੋਵ ਦਾ 'ਡਾਨ ਵਹਿੰਦਾ ਰਿਹਾ' ਸਭ ਪੇਂਡੂ ਧਰਾਤਲ ਨਾਲ ਹੀ ਸਬੰਧਤ ਹਨ। ਸੋ ਇਹ ਗੱਲ ਪੰਜਾਬ ਦੇ ਮਾਲਵਾ ਖੇਤਰ ਉਪਰ ਵੀ ਪੂਰੀ ਢੁਕਦੀ ਹੈ। ਜਦੋਂਮਾਲਵੇ ਵਿਚ ਵਿਦਿਆ ਦਾ ਪਾਸਾਰ ਹੋ ਗਿਆ ਤਾਂ ਸਿਰਜਨ ਹਾਰਿਆਂ ਨੂੰ ਆਪਣੀ ਪਰਿਤਭਾ ਦਿਖਾਉਣਾ ਦਾ ਮੌਕਾ

ਮਿਲ ਗਿਆ। ਕਿਉਂਕਿ ਬਾਹਰੋਂ ਪੂੰਜੀ ਆਉਣ ਨਾਲ ਮਾਝੇ ਦੁਆਬੇ ਦਾ ਤਾਂ ਸ਼ਹਿਰੀਕਰਨ ਹੋ ਰਿਹਾ ਸੀ। ਪੂੰਜੀ ਦਾ ਪਾਸਾਰ ਹੋਣ ਨਾਲ ਲੋਕਾਂ ਵਿਚ ਮੰਡੀ ਮਾਨਸਿਕਤਾ ਵਿਕਸਤ ਹੋਣ ਲੱਗ ਪਈ ਸੀ। ਅਤੇ ਸਿਜਣਹਾਰਤਾ ਵਾਲੇ ਪਾਸੇ ਘਟ ਰੁਚਿਤ ਹੋ ਗਏ ਪਰ ਇਸ ਦੇ ਉਲਟ ਮਾਲਵਾ ਖੇਤਰ ਵਿਚ ਬਹੁਤਾ ਪੇਂਡੂ ਮਾਹੌਲ ਹੀ ਰਿਹਾ। ਸ਼ਹਿਰਾਂ ਦੀ ਰਹਿਤਲ ਵੀ ਪੇਂਡੂ ਇਲਾਕੇ ਦੀ ਦਿੱਖ ਹੀ ਪ੍ਰਦਾਨ ਕਰਦੀ ਸੀ। ਲੇਖਕਾਂ ਕੋਲ ਸੋਚਣ, ਲਿਖਣ ਤੇ ਪੜ੍ਹਨ ਲਈ ਵਧੇਰੇ ਵਿਹਲ ਸੀ।

ਇਸ ਖਿੱਤੇ ਵਿਚ ਕਈ ਯੂਨਵਰਸਿਟੀਆਂ ਹੋਂਦ ਵਿਚ ਆ ਗਈਆਂ। ਵਿਦਿਆ ਦਾ ਪਾਸਾਰ ਹੋਣ ਲੱਗ ਪਿਆ। ਯੂਨੀਵਰਸਿਟੀਆਂ, ਕਾਲਜ ਹੋਂਦ ਵਿਚ ਆਉਣ ਨਾਲ ਲਿਖਣ ਪੜ੍ਹਨ ਦੇ ਵਸੀਲੇ ਵੀ ਬਹੁਤੇ ਹੋ ਗਏ, ਜਿਸ ਕਾਰਨ ਵਿਦਵਾਨ ਵਰਗ ਦਾ ਪਾਸਾਰ ਹੋ ਗਿਆ। ਉਹਨਾਂ ਵਿਚ ਲੇਖਕ (ਨਾਵਲਕਾਰ) ਵੀ ਵੱਧ ਹੋਣੇ ਕੁਦਰਤੀ ਸੀ। ਸ਼ਾਇਦ ਇਕ ਇਹ ਕਾਰਨ ਵੀ ਹੋਵੇ ਕਿ ਮਾਲਵੇ ਵਿਚ ਨਾਵਲ ਵਧੇਰੇ ਲਿਖਿਆ ਤੇ ਪੜ੍ਹਿਆ ਜਾਣ ਲੱਗਾ।

ਮਾਲਵਾ ਖੇਤਰ ਨਿਰੋਲ ਖੇਤੀ ਬਾੜੀ ‘ਤੇ ਨਿਰਭਰ ਸੀ। ਹਾੜ੍ਹੀ, ਸੌਣੀ ਵਿਚ ਕੁਝ ਮਹੀਨੇ ਕੰਮ ਦੇ ਹੁੰਦੇ ਤੇ ਫਿਰ ਵਿਹਲ ਹੀ ਹੁੰਦੀ। ਲੋਕ ਵਿਹਲੇ ਸਮੇਂ ਨੂੰ ਬੋਹੜਾਂ ਪਿੱਪਲਾਂ ਦੀਆਂ ਛਾਵਾਂ ਹੇਠ ਬੈਠ ਕੇ ਗੱਲਾਂ ਬਾਤਾਂ ਸੁਣਨ ਸੁਣਾਉਣ ਵਿਚ ਬਤੀਤ ਕਰਦੇ। ਮਲਵਈਆਂ ਵਿਚ ਸੁਣਨ ਤੇ ਸਣਾਉਣ ਦੀ ਪ੍ਰਵਿਰਤੀ ਦੂਜੇ ਖੇਤਰਾਂ ਨਾਲੋਂ ਕੁਦਰਤੀ ਵਧੇਰੇ ਹੈ। ਇਸੇ ਕਰਕੇ ਦੂਜੇ ਖੇਤਰਾਂ ਨਾਲੋਂ ਮਾਲਵੇ ਦੀਆਂ ਬਾਤਾਂ ਬਹੁਤ ਲੰਮੀਆਂ ਹਨ। ਇਕ ਜਣਾ ਬਾਤਾਂ ਸੁਣਾਉਂਦਾ ਤੇ ਉਸ ਦੇ ਆਲੇ ਦੁਆਲੇ ਬੈਠੇ ਸਰੋਤੇ ਸਾਰੀ ਸਾਰੀ ਰਾਤ ਬਾਤਾਂ ਸੁਣੀ ਜਾਂਦੇ। ਜਦੋਂ ਇਸ ਖਿੱਤੇ ਵਿਚ ਵਿਦਿਆ ਦਾ ਪਾਸਾਰ ਹੋ ਗਿਆ, ਇਹੋ ਲੰਮੀਆਂ ਬਾਤਾਂ ਨਾਵਲ ਦਾ ਰੂਪ ਧਾਰਨ ਕਰ ਗਈਆਂ ਅਤੇ ਪੜ੍ਹਨ ਦੀ ਰੁਚੀ ਵੀ ਪੈਦਾ ਹੋ ਗਈ।

**? ਤੁਸੀਂ ਮਾਲਵੇ ਦੀ ਜ਼ਿੰਦਗੀ ਨਾਲੋਂ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਚਿਤਰਨ ਨੂੰ ਹੀ ਕਿਉਂ ਤਰਜੀਹ ਦਿੱਤੀ।**

–ਲੇਖਕ ਜਿਸ ਸਮਾਜ ਵਿਚ ਰਹਿੰਦਾ ਹੈ, ਉਸ ਦਾ ਉਥੋਂ ਦੀਆਂ ਸਮੱਸਿਆਵਾਂ ਨਾਲ ਵਾਹ ਪੈਂਦਾ ਰਹਿੰਦਾ ਹੈ। ਉਸ ਦਾ ਨੈਤਿਕ ਫਰਜ਼ ਬਣਦਾ ਹੈ ਕਿ ਉਹ ਉਥੋਂ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਲਿਖਤਾਂ ਦਾ ਆਧਾਰ ਬਣਾਵੇ ਅਤੇ ਜੇ ਉਸ ਵਿਚ ਸਮਰੱਥਾ ਹੈ ਤਾਂ ਉੱਥੋਂ ਦੇ ਜੀਵਨ ਦੀਆਂ ਅੰਦਰਲੀਆਂ ਪਰਤਾਂ ਨੂੰ ਚਿਤਰਨ ਦੀ ਵੀ ਕੋਸ਼ਿਸ਼ ਕਰੇ। ਮਾਲਵੇ, ਮਾਝੇ ਜਾਂ ਦੁਆਬੇ ਵਿਚ ਰਹਿੰਦੇ ਲੇਖਕ ਉਥੋਂ ਦੀ ਜ਼ਿੰਦਗੀ ਨੂੰ ਚਿਤਰਨ ਲਈ ਸਮਰੱਥ ਹਨ। ਪੰਜਾਬ ਵਿਚ ਰਹਿੰਦੇ ਲੇਖਕਾਂ ਨੂੰ ਪੰਜਾਬੀਆਂ ਦੇ ਮਸਲਿਆ ਨੂੰ ਆਪਣੀਆਂ ਲਿਖਤਾਂ ਦਾ ਆਧਾਰ ਬਣਾਉਣਾ ਚਾਹੀਦਾ ਹੈ ਤੇ ਉਹ ਬਣਾ ਵੀ ਰਹੇ ਹਨ। ਜਦੋਂ ਮੈਂ ਮਾਲਵੇ ਵਿਚ ਰਹਿੰਦਾ ਸੀ ਤਾਂ ਮੇਰੀਆਂ ਲਿਖਤਾਂ ਵੀ ਮਾਲਵੇ ਦੀ ਜ਼ਿੰਦਗੀ ‘ਤੇ ਹੀ ਆਧਾਰਤ ਸਨ। ਕਿਉਂਕਿ ਮੈਂ ਮਾਲਵੇ ਵਿਚ ਜੰਮਿਆ, ਪਲ਼ਿਆ, ਵੱਡਾ ਹੋਇਆ ਸਾਂ ਪਰ ਜਦੋਂ ਸੇਵਾਮੁਕਤ ਹੋ ਕੇ ਵਡੇਰੀ ਉਮਰ ਵਿਚ ਪਰਵਾਸ ਧਾਰਨ ਕਰ ਕੇ ਬਦੇਸ਼ ਦੀ ਧਰਤੀ ਨੂੰ ਆਪਣਾ ਵਸੇਬਾ ਬਣਾਇਆ ਤਾਂ ਮੈਨੂੰ ਏਥੋਂ ਦੀਆਂ ਸਮੱਸਿਆਵਾਂ ਨਾਲ ਦੋ ਚਾਰ ਹੋਣਾ ਪਿਆ। ਮੈਂ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਨੇੜੇ ਤੋਂ ਦੇਖਿਆ, ਜਿਵੇਂ; ਇਥੋਂ ਦੇ ਪੰਜਾਬੀ ਖੇਤ ਮਜ਼ਦੂਰਾਂ ਦੇ ਮਸਲੇ, ਫੈਕਟਰੀ ਮਜ਼ਦੂਰਾਂ ਦੀਆਂ ਸਮੱਸਿਆਵਾਂ ਜਾਂ ਪਰਵਾਸੀ ਪੰਜਾਬੀਆਂ ਨੂੰ ਆਪਣੀ ਸਮਾਜਿਕ ਤੇ ਸਭਿਆਚਾਰਕ ਹੋਂਦ ਪ੍ਰਤੀ ਖਤਰੇ ਦਾ ਡਰ ਤੇ ਰਿਸ਼ਤਿਆਂ ਦੀ ਟੁੱਟ ਭੱਜ ਆਦਿ। ਸੋ ਮੈਂ ਉਹਨਾਂ ਸਮੱਸਿਆਵਾ ਨੂੰ ਆਪਣੀਆਂ ਲਿਖਤਾਂ ਦਾ ਆਧਾਰ ਬਣਾਇਆ। ਅਸਲ ਵਿਚ ਮੈਂ ਆਪਣੇ ਨਾਵਲਾਂ ਤੇ ਕਹਾਣੀਆਂ ਵਿਚ ਹੁਣ ਵੀ ਬਹੁਤਾ ਮਾਝੀਆਂ, ਦੁਆਬੀਆਂ ਤੇ ਮਲਵਈਆਂ ਦੀ ਜ਼ਿੰਦਗੀ ਨੂੰ ਹੀ ਚਿਤਰਿਆ ਹੈ ਭਾਵੇਂ ਕਿ ਉਹ ਬਦੇਸ਼ੀ ਧਰਤੀ ‘ਤੇ ਰਹਿੰਦੇ ਹਨ। ‘ਦੁਨੀਆ ਕੈਸੀ ਹੋਈ’

ਨਾਵਲ ਵਿਚ ਬੇਸ਼ਕ ਕੁਝ ਕੁ ਪਾਤਰ ਚੀਨੀ, ਪਾਕਿਸਤਾਨੀ ਅਤੇ ਫਿਜ਼ੀਅਨ ਵੀ ਹਨ ਪਰ ਬਹੁਤੇ ਪਾਤਰ ਸਮੁੱਚੇ ਪੰਜਾਬ ਵਿਚੋਂ ਹਨ ਅਤੇ ਉਹਨਾਂ ਵਿਚੋਂ ਬਹੁਤੇ ਪਾਤਰ ਮਲਵਈ ਹੀ ਹਨ। ਇਸੇ ਤਰ੍ਹਾਂ 'ਭਗੌੜਾ', 'ਵਿਗੋਚਾ' ਤੇ 'ਬਿਗਾਨੇ' ਦੇ ਪਾਤਰਾਂ ਵਿਚੋਂ ਬਹੁਤੇ ਮਾਲਵੇ ਦੀ ਧਰਤੀ ਨਾਲ ਸਬੰਧ ਰਖਦੇ ਹਨ। ਨਾਵਲਾਂ ਦੀਆਂ ਕਹਾਣੀਆਂ ਵਿਚ ਪਿੱਛਲ ਝਾਤ ਰਾਹੀਂ ਮਾਲਵੇ ਦੀ ਧਰਤੀ ਨੂੰ ਚਿਤਰਤ ਕੀਤਾ ਗਿਆ ਹੈ। ਬੇਸ਼ੱਕ ਮੁਖ ਘਟਨਾਵਾਂ ਬਦੇਸ਼ੀ ਧਰਾਤਲ 'ਤੇ ਘਟਦੀਆਂ ਚਿਤਰਤ ਹੋਈਆਂ ਹਨ। ਮੇਰਾ ਮੁੱਖ ਮੰਤਵ ਬਦੇਸ਼ੀ ਪੰਜਾਬੀਆਂ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਚਿਤਰਤ ਕਰਨਾ ਸੀ ਅਤੇ ਹੈ।

**? ਤੁਹਾਡਾ ਨਾਵਲ 'ਭਗੌੜਾ' ਕੈਨੇਡਾ ਵਿਚ ਗੈਰ-ਕਾਨੂੰਨੀ ਪਰਵਾਸ ਕਰਨ ਵਾਲੇ ਪੰਜਾਬੀਆਂ ਦੀ ਲੰਮੀ ਸੰਘਰਸ਼ਮਈ ਜ਼ਿੰਦਗੀ ਨਾਲ ਸਬੰਧਤ ਹੈ, ਇਹ ਅਨੁਭਵ ਤੁਹਾਡਾ ਆਪਣਾ ਹੈ?**

– ਲੇਖਕ ਕੋਲ ਬਹੁਤ ਸਾਰਾ ਅਨੁਭਵ ਆਪਣਾ ਹੀ ਹੁੰਦਾ ਹੈ ਪਰ ਉਹ ਸਮਾਜ ਵਿਚ ਵਿਚਰਦਿਆਂ ਬਿਗਾਨੇ ਅਨੁਭਵ ਨੂੰ ਵੀ ਆਪਣੀ ਪੈਨੀ ਅੱਖ ਨਾਲ ਨਿਹਾਰਦੇ ਹੋਏ ਆਪਣੀਆਂ ਲਿਖਤਾਂ ਦਾ ਆਧਾਰ ਬਣਾਉਂਦਾ ਹੈ। 'ਭਗੌੜਾ' ਨਾਵਲ ਦੇ ਸੰਦਰਭ ਵਿਚ ਦੱਸਣਾ ਚਾਹਵਾਂਗਾ ਕਿ ਜਦੋਂ ਮੈਂ ਇਕ ਫਰਨੀਚਰ ਫੈਕਟਰੀ ਵਿਚ ਕੰਮ ਕਰਨ ਲੱਗਾ, ਉਥੇ ਮੈਂ ਮਾਲਕ ਤੇ ਮਜ਼ਦੂਰ ਦੇ ਰਿਸ਼ਤੇ ਦੀ ਮਾਨਸਿਕਤਾ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ। ਅਜੋਕੇ ਪੰਜਾਬੀ ਫੈਕਟਰੀ ਮਾਲਕ ਪਹਿਲਾਂ ਖੁਦ ਫੈਕਟਰੀ ਮਜ਼ਦੂਰ ਹੀ ਹੁੰਦੇ ਸਨ। ਮਾਲਕ ਸਦਾ ਤੋਂ ਮਜ਼ਦੂਰ ਦਾ ਸੋਸ਼ਣ ਕਰਦਾ ਆ ਰਿਹਾ ਹੈ। ਮਜ਼ਦੂਰ ਵੀ ਮਾਲਕ ਨੂੰ ਖ਼ੂਨ ਚੂਸਣ ਵਾਲਾ ਹੀ ਸਮਝਦਾ ਹੈ। ਜਦੋਂ ਮਾਲਕ ਆਪ ਮਜ਼ਦੂਰ ਦੀ ਸਥਿਤੀ ਵਿਚ ਸੀ ਤਾਂ ਉਸ ਦਾ ਆਪਣੇ ਮਾਲਕ ਪ੍ਰਤੀ ਕੀ ਨਜ਼ਰੀਆ ਸੀ ਪਰ ਜਦੋਂ ਉਹੋ ਮਜ਼ਦੂਰ ਫੈਕਟਰੀ ਮਾਲਕ ਦੀ ਸਥਿਤੀ ਵਿਚ ਆ ਗਿਆ ਤਾਂ ਉਸ ਦਾ ਮਜ਼ਦੂਰਾਂ ਪ੍ਰਤੀ ਰਵਈਆ ਬਿਲਕੁਲ ਹੀ ਬਦਲ ਗਿਆ ਸੀ। ਮੈਂ ਇਸ ਵਿਸ਼ੇ ਨੂੰ ਲੈ ਕੇ ਇਕ ਕਹਾਣੀ ਲਿਖਣੀ ਚਾਹੁੰਦਾ ਸੀ। ਪਰ ਉਹਨਾ ਦਿਨਾਂ ਵਿਚ ਮੇਰਾ ਇਕ ਮੁੰਡੇ ਨਾਲ ਮੇਲ ਹੋਇਆ ਜਿਹੜਾ ਕਿ ਉਸੇ ਫੈਕਟਰੀ ਵਿਚ ਕੰਮ ਕਰਦਾ ਸੀ। ਉਹ ਗੈਰ ਕਾਨੂੰਨੀ ਤੌਰ 'ਤੇ ਕੈਨੇਡਾ ਵਿਚ ਆਇਆ ਸੀ ਤੇ ਉਸ ਨੂੰ ਰਫਿਊਜੀ ਸਟੇਟਸ ਤਾਂ ਮਿਲਿਆ ਹੋਇਆ ਸੀ ਪਰ ਵਰਕ ਪਰਮਿਟ ਨਹੀਂ ਸੀ ਮਿਲਿਆ। ਮਾਲਕ ਉਸ ਤੋਂ ਕੰਮ ਵੀ ਜ਼ਿਆਦਾ ਲੈਂਦੇ ਸਨ ਤੇ ਸਰਕਾਰ ਵਲੋਂ ਨੀਯਤ ਕੀਤੀ ਗਈ ਤਨਖਾਹ ਤੋਂ ਵੀ ਘਟ ਤਨਖਾਹ ਦਿੰਦੇ ਸਨ। ਉਸ ਨੇ ਮੈਨੂੰ ਆਪਣੀ ਹੱਡ-ਬੀਤੀ ਸੁਣਾਈ ਤਾਂ ਮੈਂ ਉਹ ਕਹਾਣੀ ਲਿਖਣ ਦਾ ਵਿਚਾਰ ਛੱਡ ਦਿੱਤਾ ਤੇ ਉਸ ਦੀ ਕਹਾਣੀ ਨੂੰ ਆਧਾਰ ਬਣਾ ਕੇ ਇਹ ਨਾਵਲ ਲਿਖਿਆ, ਜਿਸ ਵਿਚ ਉਸ ਕਹਾਣੀ ਵਾਲਾ ਥੀਮ ਵੀ ਆ ਗਿਆ ਸੀ। ਬਾਕੀ ਨਾਵਲ ਵਿਚਲੀਆਂ ਬਹੁਤ ਸਾਰੀਆਂ ਘਟਨਾਵਾਂ ਵੀ ਮੈਂ ਆਪਣੇ ਹੱਢੀਂ ਹੰਢਾਈਆਂ ਹੋਈਆਂ ਸੀ, ਜੋ ਮੇਰੇ ਅਨੁਭਵ ਦਾ ਹਿੱਸਾ ਹੀ ਹਨ। ਇੰਗਲੈਂਡ ਵਿਚ ਮੇਰੀ ਲੜਕੀ ਵਿਆਹੀ ਹੋਣਾ ਕਾਰਨ ਮੈਨੂੰ ਓਥੇ ਜਾਣ ਦਾ ਮੌਕਾ ਮਿਲਦਾ ਰਹਿੰਦਾ ਹੈ। ਜਦੋਂ ਮੈਂ ਇਹ ਨਾਵਲ ਲਿਖਣ ਦਾ ਮਨ ਬਣਾ ਲਿਆ ਤਾਂ ਮੈਂ ਨਾਵਲ ਲਿਖਣ ਤੋਂ ਪਹਿਲਾਂ ਇੰਗਲੈਂਡ ਜਾ ਕੇ ਉਹ ਥਾਵਾਂ ਦੇਖੀਆਂ, ਜਿਨ੍ਹਾਂ ਦਾ ਮੈਂ ਨਾਵਲ ਵਿਚ ਵਰਨਣ ਕਰਨਾ ਚਾਹੁੰਦਾ ਸਾਂ। ਜਰਮਨੀ, ਫਰਾਂਸ ਤੇ ਬੈਲਜੀਅਮ ਦੀ ਭਗੋਲਿਕ, ਸਮਾਜਿਕ, ਧਾਰਮਿਕ ਤੇ ਰਾਜਨੀਤਕ ਸਥਿਤੀ ਬਾਰੇ ਬਹੁਤ ਸਾਰੀ ਜਾਣਕਾਰੀ ਇਨ੍ਹਾਂ ਦੇਸ਼ਾਂ ਨਾਲ ਸਬੰਧਤ ਪੁਸਤਕਾਂ ਵਿਚੋਂ ਮਿਲ ਗਈ ਅਤੇ ਬਹੁਤ ਸਾਰੀ ਜਾਣਕਾਰੀ ਵੈਨਕੂਵਰ ਰਹਿਣ ਵਾਲੇ ਉਥੋਂ ਦੇ ਕਈ ਵਸਨੀਕਾਂ ਨਾਲ ਗੱਲ ਬਾਤ ਕਰ ਕੇ ਹਾਸਲ ਕਰ ਲਈ। ਬਸ ਇਕ ਦੇਸ਼ ਚੈਕੋਸਲੋਵਾਕੀਆ ਬਾਰੇ ਜਾਣਕਾਰੀ ਕਿਤੋਂ ਨਹੀਂ ਸੀ ਮਿਲ ਰਹੀ। ਜਾਣਕਾਰੀ ਦਾ ਇਕੋ ਸਰੋਤ ਆਪਣੀ ਹੱਡ-ਬੀਤੀ ਸਣਾਉਣ ਵਾਲਾ ਸ਼ਖਸ ਹੀ ਸੀ। ਉਹ ਜਾਣਕਾਰੀ ਮੇਰਾ ਮੰਤਵ ਪੂਰਾ ਨਹੀਂ ਸੀ ਕਰਦੀ। ਜਿਸ ਸਮੇਂ ਨਾਲ ਨਾਵਲ ਦੀ ਕਹਾਣੀ ਸਬੰਧ ਰਖਦੀ ਹੈ, ਉਦੋਂ ਚੈਕੋਸਲੋਵਾਕੀਆ ਅਜੇ ਇਕੋ ਦੇਸ਼ ਸੀ। ਚੈੱਕ ਗਣਰਾਜ ਤੇ ਸਲੋਵਾਕ ਗਣਰਾਜ ਵੱਖ ਵੱਖ ਨਹੀਂ ਸੀ

ਹੋਏ। ਮੇਰੇ ਲਈ ਮਰਹੂਮ ਡਾ. ਦਰਸ਼ਨ ਗਿੱਲ, ਜਿਹੜਾ ਕਿ ਉਸ ਸਮੇਂ ਬੀ. ਸੀ. ਅਸੈਸਮਿੰਟ ਬੋਰਡ ਦਾ ਡਾਇਰੈਕਟਰ ਸੀ, ਨੇ ਇੰਟਰਨੈੱਟ ਰਾਹੀਂ ਚੈਕੋਸਲੋਵਾਕੀਆ ਦੀ ਸਾਰੀ ਜਾਣਕਾਰੀ ਦੇ 200 ਸਫੇ ਉਪਲਬਧ ਕਰਵਾਏ। ਨਾਵਲ ਵਿਚ ਆਏ ਸਥਾਨਾਂ ਦੀ ਬਹੁਪੱਖੀ ਮੁਕੰਮਲ ਜਾਣਕਾਰੀ ਪ੍ਰਾਪਤ ਕਰਨ ਮਗਰੋਂ ਹੀ ਇਹ ਨਾਵਲ ਇਸ ਰੂਪ ਵਿਚ ਹੋਂਦ ਵਿਚ ਆਇਆ। ਇਸ ਨੂੰ ਮੇਰਾ ਨਿਜੀ ਜਾਂ ਬਾਹਰੋਂ ਪ੍ਰਾਪਤ ਕੀਤਾ ਅਨੁਭਵ ਕਹਿ ਸਕਦੇ ਹੋ।

**? 'ਭਗੌੜਾ' ਨਾਵਲ ਦੇ ਮੁਖ ਪਾਤਰ, ਸੁਖਬੀਰ ਬਾਰੇ ਦੱਸੋ ਜੋ ਚੈਕੋਸਲੋਵਾਕੀਆ, ਜਰਮਨੀ, ਤੇ ਇੰਗਲੈਂਡ ਹੁੰਦਾ ਹੋਇਆ ਕੈਨੇਡਾ ਵਿਚ ਪੱਕਾ ਪਰਵਾਸ ਕਰਦਾ ਹੈ।**

– ਜਿਸ ਮੁੰਡੇ ਬਾਰੇ ਫਰਨੀਚਰ ਫੈਕਟਰੀ ਵਿਚ ਵਾਕਫੀਅਤ ਹੋਣ ਬਾਰੇ ਪਹਿਲੇ ਸਵਾਲ ਵਿਚ ਸੰਕੇਤ ਦਿੱਤਾ ਹੈ, ਇਹ ਉਹੀ ਮੁੰਡਾ,ਸੁਖਬੀਰ (ਅਸਲ ਨਾਂ ਕੁਝ ਹੋਰ) ਹੈ। ਮੈਂ ਇਕ ਸੀਜ਼ਨ ਬੇਰੀਆਂ ਤੋੜੀਆਂ। ਸਿਆਲਾਂ ਵਿਚ ਖੇਤਾਂ ਵਿਚ ਕੰਮ ਬੰਦ ਹੋ ਜਾਂਦਾ ਹੈ, ਇਸ ਲਈ ਮੈਂ ਕਿਸੇ ਹੋਰ ਕੰਮ ਦੀ ਭਾਲ ਵਿਚ ਸੀ ਕਿ ਕਿਸੇ ਜਾਣੂ ਦੀ ਸਫਾਰਸ਼ ਨਾਲ ਮੈਨੂੰ ਇਕ ਫਰਨੀਚਰ ਫੈਕਟਰੀ ਵਿਚ ਕੰਮ ਮਿਲ ਗਿਆ। ਉਸ ਸਮੇਂ ਘਟ ਤੋਂ ਘਟ ਮਜ਼ਦੂਰੀ ਸਾਢੇ ਛੇ ਡਾਲਰ ਘੰਟਾ ਸੀ। ਜਦੋਂ ਮੈਨੂੰ ਪਹਿਲਾ ਪੇ ਚੈਕ ਮਿਲਿਆ ਤਾਂ ਕੁਝ ਘੰਟੇ ਘਟਾ ਕੇ ਲਿਖੇ ਹੋਏ ਸਨ। ਮੇਰੇ ਪੁੱਛਣ 'ਤੇ ਫਰਨੀਚਰ ਫੈਕਟਰੀ ਮਾਲਕ ਨੇ ਦੱਸਿਆ, "ਇਕ ਤਾਂ ਤੁਸੀਂ ਸਿਆਣੇ (ਵਡੇਰੀ ਉਮਰ) ਹੋ ਤੇ ਦੂਜੇ ਤੁਸੀਂ ਕੰਮ ਵਿਚ ਵੀ ਨਵੇਂ ਹੋ, ਏਸ ਕਰਕੇ ਤੁਹਾਨੂੰ ਅਜੇ ਛੇ ਡਾਲਰ ਘੰਟੇ ਦੇ ਹਿਸਾਬ ਨਾਲ ਹੀ ਪੇ ਚੈਕ ਮਿਲਣਗੇ।" ਮੇਰੇ ਕੋਲ ਖੜ੍ਹਿਆਂ ਹੀ ਸੁਖਬੀਰ ਨੂੰ ਨਕਦ ਰਕਮ ਦੇ ਦਿੱਤੀ। ਮੈਂ ਸਾਧਾਰਨ ਹੀ ਪੁੱਛ ਲਿਆ, "ਥੋਨੂੰ ਪੇਅ ਕਿਸ ਹਿਸਾਬ ਨਾਲ ਦਿੰਦੇ ਐ?" ਉਸ ਨੇ ਢਿੱਲਾ ਜਿਹਾ ਮੂੰਹ ਕਰ ਕੇ ਕਿਹਾ, "ਮੈਂ ਕਦੀ ਪੁੱਛਿਆ ਨਹੀਂ, ਇਹ ਆਪਣੀ ਮਰਜ਼ੀ ਨਾਲ ਜਿਹੜੇ ਡਾਲਰ ਦੇਣੇ ਹੁੰਦੇ ਐ ਦੇ ਦਿੰਦੇ ਨੇ। ਕਦੀ ਕਦੀ ਤਾਂ ਇਹ ਚਾਰ ਡਾਲਰ ਘੰਟਾ ਵੀ ਨਹੀਂ ਬਣਦੇ।" ਇਸ ਬਾਰੇ ਤਾਂ ਮੈਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਉਹ ਰਫਿਊਜੀ ਸਟੇਟਸ ਹੋਣ ਤੇ ਵਰਕ ਪਰਮਿਟ ਨਾ ਮਿਲਿਆ ਹੋਣ ਕਰਕੇ ਬਾਹਰ ਕਿਤੇ ਕੰਮ ਨਹੀਂ ਕਰ ਸਕਦਾ। ਏਥੇ ਉਹ ਚੋਰੀ ਕੰਮ ਕਰਦਾ ਸੀ। ਮੈਂ ਉਸ ਉਪਰ ਇਕ ਕਹਾਣੀ ਲਿਖਣ ਬਾਰੇ ਸੋਚਿਆ। ਇਸ ਮੰਤਵ ਲਈ ਇਕ ਦਿਨ ਮੈਂ ਉਸ ਕੋਲੋਂ ਕੁਝ ਗੱਲਾਂ ਪੁੱਛਣ ਲੱਗਾ ਤਾਂ ਉਸ ਨੇ ਮੈਨੂੰ ਆਪਣੀਸਾਰੀ ਹੱਡ–ਬੀਤੀ ਸੁਣਾ ਦਿੱਤੀ। ਉਹਦੀ ਹੱਡ–ਬੀਤੀ ਮੈਨੂੰ ਇੰਨੀ ਦਿਲ ਟੁੰਬਵੀਂ ਲੱਗੀ ਕਿ ਮੈਂ ਉਸ ਦੀ ਦੱਸੀ ਕਹਾਣੀ 'ਤੇ ਆਧਾਰਤ 'ਭਗੌੜਾ' ਨਾਵਲ ਲਿਖਣ ਦਾ ਫੈਸਲਾ ਕਰ ਲਿਆ। ਅਸਲ ਜ਼ਿੰਦਗੀ ਦੀ ਕਹਾਣੀ ਅਨੁਸਾਰ ਤਾਂ ਉਹ ਕਾਲਜ ਪੜ੍ਹਦਾ ਯੂਨੀਅਨ ਵਿਚ ਸਰਗਰਮ ਹੋਣ ਕਰਕੇ ਪੰਜਾਬ ਪੁਲੀਸ ਦੀਆਂ ਨਜ਼ਰਾਂ ਵਿਚ ਚੜ੍ਹ ਗਿਆ ਸੀ। ਪੁਲੀਸ ਨੇ ਇਕ ਦਿਨ ਉਸ ਨੂੰ ਫੜਨ ਲਈ ਉਹਨਾਂ ਦੇ ਘਰ ਛਾਪਾ ਮਾਰਿਆ ਪਰ ਉਹ ਕੁਦਰਤੀ ਉਸ ਦਿਨ ਘਰ ਨਹੀਂ ਸੀ। ਪੁਲੀਸ ਤਸ਼ਦਦ ਤੋਂ ਡਰਦਿਆਂ ਉਹਦੇ ਘਰਦਿਆਂ ਨੇ ਉਸ ਨੂੰ ਉਹਦੇ ਮਾਮੇ ਕੋਲ ਦਿੱਲੀ ਘੱਲ ਦਿੱਤਾ। ਉਸ ਦੇ ਮਾਮੇ ਨੇ ਏਜੰਟ ਰਾਹੀਂ ਉਹਦਾ ਚੈਕੋਸਲੋਵਾਕੀਆ ਦਾ ਵਿਦਿਆਰਥੀ ਵੀਜ਼ਾ ਲਗਵਾ ਦਿੱਤਾ। ਚੈਕੋਸਲੋਵਾਕੀਆ ਵਿਚ ਕੁਝ ਦਿਨ ਉਹਨਾਂ ਨੂੰ ਇਕ ਘੋੜਿਆਂ ਦੇ ਤਬੇਲੇ ਵਿਚ ਰਹਿਣਾ ਪਿਆ। ਫਿਰ ਰਾਹ ਦੀਆਂ ਦੁਸ਼ਵਾਰੀਆਂ ਝਾਗਦਾ ਹੋਇਆ ਉਹ ਜਰਮਨੀ ਪਹੁੰਚਿਆ ਤੇ ਉਥੇ ਇਕ ਗਾਰਮਿੰਟ ਫੈਕਟਰੀ ਵਿਚ ਨਿਗੁਣੀ ਜਿਹੀ ਉਜਰਤ 'ਤੇ ਕੰਮ ਕੀਤਾ। ਰਫਿਊਜੀ ਸਟੇਟਸ ਮਿਲਣ ਮਗਰੋਂ ਇਕ ਰੈਸਟੋਰੈਂਟ ਵਿਚ ਕੰਮ ਕੀਤਾ। ਉਥੇ ਰੈਸਟੋਰੈਂਟ ਦੇ ਮਾਲਕ ਦੀ ਕੁੜੀ, ਡਰੈਸਲਰ ( ਅਸਲ ਨਾਂ ਹੋਰ) ਨਾਲ ਨੇੜਤਾ ਬਣੀ। ਰਫਿਊਜੀ ਕੇਸ ਰੱਦ ਹੋਣ ਮਗਰੋਂ ਅਪੀਲ ਕੀਤੀ ਪਰ ਉਹ ਵੀ ਰੱਦ ਹੋ ਗਈ। ਜਿਸ ਕਾਰਨ ਉਹਨੂੰ ਜਰਮਨੀ ਵਿਚੋਂ ਨਿਕਲਣ ਲਈ ਮਜਬੂਰ ਹੋਇਆ। ਔਕੜਾਂ ਝਲਦਾ ਹੋਇਆ ਬੈਲਜੀਅਮ ਰਾਹੀਂ ਇੰਗਲੈਂਡ ਪਹੁੰਚਿਆ। ਫਿਰ ਇੰਗਲੈਂਡ ਤੋਂ ਜਾਲ੍ਹੀ

ਪਾਸਪੋਰਟ ਰਾਹੀਂ ਡਰੈਸਲਰ ਦੀ ਸਹਾਇਤਾ ਨਾਲ ਕੈਨੇਡਾ ਵਿਚ ਪ੍ਰਵੇਸ਼ ਕੀਤਾ। ਡਰੈਸਲਰ ਏਥੇ ਵੀ ਬਹੁਤਾ ਸਮਾਂ ਉਸ ਦੇ ਨਾਲ ਰਹੀ। (ਮੈਂ ਉਸ ਕੁੜੀ ਨੂੰ ਕਈ ਵਾਰ ਮਿਲਿਆ ਸੀ ਅਤੇ ਉਸ ਨਾਲ ਗੱਲਾਂ ਵੀ ਕੀਤੀਆਂ ਸਨ।)ਏਥੇ ਵੀ ਸੁਖਬੀਰ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਅੰਤ ਨੂੰ ਕੈਨੇਡਾ ਦਾ ਪੱਕਾ ਵਸਨੀਕ ਬਣ ਹੀ ਗਿਆ। ਅੱਜ ਕਲ੍ਹ ਉਹ ਅਤੇ ਦੇਵ (ਅਸਲ ਨਾਂ ਕੁਝ ਹੋਰ), 'ਭਗੌੜਾ' ਨਾਵਲ ਦਾ ਇਕ ਪਾਤਰ, ਇਕ ਫਰਨੀਚਰ ਫੈਕਟਰੀ ਦੇ ਮਾਲਕ ਹਨ। ਇਹ ਹੈ ਸੁਖਬੀਰ ਨਾਮ ਦੇ ਪਾਤਰ ਦੀ ਅਸਲ ਜ਼ਿੰਦਗੀ ਪਰ ਮੈਂ ਨਾਵਲ ਦੀ ਲੋੜ ਨੂੰ ਮੁਖ ਰਖਦਿਆਂ ਸੁਖਬੀਰ ਦੇ ਕਿਰਦਾਰ ਵਿਚ ਕੁਝ ਹੋਰ ਪਾਤਰਾਂ ਦੇ ਕਿਰਦਾਰ ਵੀ ਰਲਗਡ ਕੀਤੇ ਹਨ ਤਾਂ ਜੋ ਨਾਵਲ ਲਿਖਣ ਦਾ ਅਸਲ ਮੰਤਵ ਰੂਪਮਾਨ ਹੋ ਸਕੇ।

**? ਡਰੈਸਲਰ ਔਰਤ ਪਾਤਰ ਅਤੇ ਸੁਰੇਖਾ ਪਾਤਰ ਨੂੰ ਸੁਖਬੀਰ ਪੌੜੀ ਦੇ ਤੌਰ 'ਤੇ ਵਰਤਦਾ ਹੈ ਪਰ ਨਾਲ ਹੀ ਮਰਦ ਦੀਆਂ ਕੁਦਰਤੀ ਭਾਵਨਾਵਾਂ ਪੇਸ਼ ਕਰਦਿਆਂ ਇਨ੍ਹਾਂ ਔਰਤਾਂ ਨਾਲ ਅੰਦਰੋਂ ਕੁਦਰਤੀ ਜੁੜਿਆ ਹੋਇਆ ਵੀ ਪੇਸ਼ ਕੀਤਾ ਗਿਆ ਹੈ। ਇਹ ਪੇਸ਼ਕਾਰੀ ਤੁਹਾਡਾ ਸੁਚੇਤ ਯਤਨ ਹੈ ਜਾਂ ਅਚੇਤ।**

– ਮੇਰੇ ਵਿਚਾਰ ਵਿਚ ਸਿਰਜਕ ਦੇ ਮਨ ਅੰਦਰ ਜੋ ਅਚੇਤ ਰੂਪ ਵਿਚ ਪਿਆ ਹੁੰਦਾ ਹੈ, ਉਹ ਸੁਚੇਤ ਹੋ ਕੇ ਉਸ ਦੀ ਸਿਰਜਣਾ ਕਰਦਾ ਹੈ। ਤੁਹਾਡਾ ਕਥਨ ਠੀਕ ਹੈ ਕਿ ਤਿੰਨਾਂ ਪਾਤਰਾਂ ਦੀ ਜਿਹੜੀ ਪੇਸ਼ਕਾਰੀ ਹੋਈ ਹੈ, ਉਹ ਮੇਰਾ ਸੁਚੇਤ ਉਪਰਾਲਾ ਹੈ। ਮੈਂ ਇਹ ਵੀ ਦਸਣਾ ਚਾਹਵਾਂਗਾ ਕਿ ਜਦੋਂ ਮੈਂ 'ਭਗੌੜਾ' ਨਾਵਲ ਦੇ ਪਲਾਟ ਤੇ ਗੋਂਦ ਬਾਰੇ ਸੋਚਣਾ ਸ਼ੁਰੂ ਕੀਤਾ ਤਾਂ ਅਚੇਤ ਹੀ ਮੈਨੂੰ ਨਾਵਲ 'ਦੁਨੀਆ ਕੈਸੀ ਹੋਈ' ਦੇ ਪਾਤਰਾਂ ਦੇ ਸੁਭਾਅ ਵਿਚ ਆਈ ਤਬਦੀਲੀ ਦਾ ਖਿਆਲ ਆ ਗਿਆ। ਉਹ ਪੰਜਾਬ ਰਹਿੰਦੇ ਖੇਤਾਂ ਦੇ ਮਾਲਕ ,ਦਾਨੀ ਸੁਭਾਅ ਵਾਲੇ ,ਹਰ ਇਕ ਦੀ ਸਹਾਇਤਾ ਕਰ ਕੇ ਖੁਸ਼ ਹੁੰਦੇ ਸਨ ਤੇ ਹੁਣ ਖੇਤ ਮਜ਼ਦੂਰ ਬਣ ਕੇ ਉਹਨਾਂ ਦੀ ਮਾਨਸਿਕਤਾ ਵਿਚ ਤਬਦੀਲੀ ਇਹ ਆ ਗਈ ਕਿ ਉਹ ਬੇਰੀ ਦੇ ਇਕ ਇਕ ਦਾਣੇ ਲਈ ਫਲੈਟੋ ਫਲੈਟੀ ਹੋਣ ਲੱਗ ਪੈਂਦੇ। ਫਲਾਂ ਵਾਲੀ ਚੰਗੀ ਕਤਾਰ ਲਈ ਝਗੜਦੇ। ਇਸ ਪਿੱਛੇ ਕਿਹੜੀ ਮਾਨਸਿਕਤਾ ਕੰਮ ਕਰਨ ਲੱਗ ਪਈ ਸੀ? ਕੀ ਉਹ ਛੇਤੀ ਅਮੀਰ ਹੋ ਕੇ ਪਹਿਲੀ ਅਵਸਥਾ ਵਿਚ ਆਉਣਾ ਚਾਹੁੰਦੇ ਸਨ। ਨਹੀਂ, ਮੇਰੀ ਸੋਚ ਸੀ ਕਿ ਇਸ ਪਿੱਛੇ ਮੰਡੀ ਮਾਨਸਿਕਤਾ ਕੰਮ ਕਰਦੀ ਹੈ, ਜਿਸ ਕਰਕੇ ਬੰਦਾ ਸਮਾਜ ਨਾਲੋਂ ਆਪਣਾ ਨਾਤਾ ਕਮਜ਼ੋਰ ਕਰੀ ਜਾ ਰਿਹਾ ਹੈ ਤੇ ਸਵੈ ਨਾਲ ਜੁੜ ਕੇ ਨਿੱਜਵਾਦੀ ਬਣਦਾ ਜਾ ਰਿਹਾ ਹੈ। ਸੁਖਬੀਰ ਦੇ ਸੁਭਾਅ ਪਿੱਛੇ ਵੀ ਵੱਡਾ ਕਾਰਨ ਮੰਡੀ ਮਾਨਸਿਕਤਾ ਤੇ ਸਵੈ ਨਾਲ ਜੁੜਨਾ ਹੀ ਜਾਪਦਾ ਹੈ ਇਸੇ ਕਰਕੇ ਉਹ ਦੂਸਰੇ ਦੇ ਜਜ਼ਬਿਆਂ ਦੀ ਕਦਰ ਨਹੀਂ ਕਰਦਾ। ਜਦੋਂ ਉਹ ਕਾਲਜ ਵਿਚ ਪੜ੍ਹਦਾ ਸੀ ਤਾਂ ਸਟੂਡੈਂਟ ਯੂਨੀਅਨ ਵਿਚ ਕੰਮ ਕਰਦਾ ਹੋਇਆ ਸਾਂਝੇ ਕੰਮਾਂ ਵਿਚ ਵੀ ਵਧ ਚੜ੍ਹ ਕੇ ਹੱਥ ਵਟਾਉਂਦਾ ਸੀ। ਪਰ ਜਦੋਂ ਉਸ ਨੂੰ ਪਰਵਾਸੀ ਹੋਣ ਲਈ ਮਜਬੂਰ ਹੋਣਾ ਪਿਆ ਤਾਂ ਉਸ ਨੇ ਕੇਵਲ ਆਪਣੇ ਆਪ ਬਾਰੇ ਹੀ ਸੋਚਣਾ ਸ਼ੁਰੂ ਕਰ ਦਿੱਤਾ ਸਮੂਹਵਾਦੀ ਸੋਚ ਨੂੰ ਛੱਡ ਕੇ ਨਿੱਜਵਾਦੀ ਸੋਚ ਦਾ ਧਾਰਨੀ ਬਣ ਗਿਆ। ਪੂੰਜੀਵਾਦ ਨੇ ਖਪਤਕਾਰੀ ਦਾ ਅਜੇਹਾ ਚੱਕਰ ਚਲਾਇਆ ਹੈ ਕਿ ਮਨੁਖ ਨੂੰ ਮਸ਼ੀਨ ਬਣਾ ਕੇ ਰੱਖ ਦਿੱਤਾ ਹੈ। ਉਹ ਸਵੈ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਹੀ ਨਹੀਂ ਕਰਦਾ। ਉਹ ਪਹਿਲਾਂ ਆਪਣਾ ਲਾਭ ਦੇਖਦਾ ਹੈ। ਜਿੱਥੋਂ ਉਸ ਨੂੰ ਥੋੜਾ ਜਿਹਾ ਵੀ ਲਾਭ ਮਿਲਦਾ ਦਿਸਦਾ ਹੈ ਤਾਂ ਉਹ ਉਸ ਨੂੰ ਹਰ ਵਿੰਗੇ ਟੇਢੇ ਢੰਗ ਨਾਲ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸੁਖਬੀਰ ਦੀ ਮਾਨਸਿਕਤਾ ਵੀ ਇਹੋ ਜਿਹੀ ਹੀ ਬਣ ਗਈ ਹੈ। ਜਿੰਨੀ ਦੇਰ ਤਕ ਉਸ ਨੂੰ ਸੁਰੇਖਾ ਨਾਲ ਮਿਲਣ ਦੀ ਆਸ ਬਣੀ ਰਹੀ ਉਸ ਨੇ ਮੈਡਮ ਪਾਲ ਨਾਲ ਸੰਪਰਕ ਬਣਾਈ ਰਖਿਆ ਹੈ ਪਰ ਜਦੋਂ ਉਹ ਡਰੈਸਲਰ ਦੇ ਸੰਪਰਕ ਵਿਚ ਆ ਗਿਆ ਤਾਂ ਉਹਨੇ ਉਹਨਾਂ ਨੂੰ ਬੜੀ ਦੇਰ ਤਕ ਵਿਸਾਰੀ ਰੱਖਿਆ। ਪਰ ਦੇਰ ਪਾ ਕੇ ਮੁੜ ਉਸ ਨਾਲ ਜੁੜਨ ਦੀ ਕੋਸ਼ਿਸ਼ ਕਰਨ ਲੱਗਾ। ਇਸ ਪਿੱਛੇ ਕੁਦਰਤੀ ਮਰਦ ਭਾਵਨਾਂ ਕੰਮ ਕਰਦੀ ਵੀ ਹੋ ਸਕਦੀ ਹੈ, ਜਿਸ ਕਾਰਨ ਉਹ ਦੋਹਾਂ ਔਰਤਾਂ ਨਾਲ ਜੁੜਿਆ ਰਹਿਣਾ ਚਾਹੁੰਦਾ

ਹੈ। ਉਂਞ ਇਹ ਕੁਦਰਤੀ ਪ੍ਰਵਿਰਤੀ ਵੀ ਹੈ ਕਿ ਮਨੁੱਖ ਪਹਿਲੇ ਪਿਆਰ ਨੂੰ ਭੁਲਾ ਨਹੀਂ ਸਕਦਾ। ਪਰ ਪਦਾਰਥਕ ਰੁਚੀਆਂ ਦੇ ਭਾਰੂ ਹੋਣ ਤੇ ਸਵੈ ਵਿਚ ਕੇਂਦਰਤ ਹੋਣ ਨੇ ਉਸ ਨੂੰ ਦੋ ਬੇੜੀਆਂ ਵਿਚ ਸਵਾਰ ਕਰੀ ਰੱਖਿਆ। ਅਖੀਰ ਇਸ ਦਾ ਖਮਿਆਜ਼ਾ ਵੀ ਉਸ ਨੂੰ ਭੁਗਤਣਾ ਪਿਆ। ਡਰੈਸਲਰ ਤੇ ਸੁਰੇਖਾ ਨੇ ਉਸ ਤੋਂ ਦੂਰੀ ਬਣਾ ਲਈ। ਉਸ ਦੀ ਕਾਰ ਦਾ ਚੌਰਾਹੇ ਵਿਚਕਾਰ ਖੜ੍ਹਾ ਹੋਣਾ ਦਸਦਾ ਹੈ ਕਿ ਉਸ ਨੂੰ ਇਕ ਰਾਹ ਚੁਣਨਾ ਹੀ ਪਵੇਗਾ।

**? ਤੁਹਾਡਾ ਇਕ ਨਾਵਲ ਹੋਰ ਹੈ 'ਦੁਨੀਆ ਕੈਸੀ ਹੋਈ' ਜੋ ਕਿ ਬੇਰੀ ਤੋੜਨ ਵਾਲੇ ਪੰਜਾਬੀ ਮੂਲ ਦੇ ਕੈਨੇਡਾ ਦੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਬਾਰੇ ਹੈ। ਜ਼ਿੰਦਗੀ ਦੀ ਐਨੀ ਪ੍ਰਮਾਣਕਤਾ ਤੁਸੀਂ ਕਿਵੇਂ ਪੇਸ਼ ਕਰ ਸਕੇ। ਮੈਨੂੰ ਇਹ ਨਾਵਲ ਸਵੈਜੀਵਨੀ ਮੂਲਕ ਲਗਦਾ ਹੈ।**

– 'ਦੁਨੀਆ ਕੈਸੀ ਹੋਈ' ਨਾਵਲ ਨੂੰ ਸਵੈਜੀਵਨੀ ਮੂਲਕ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਨਾਵਲ ਮੇਰੇ ਹੱਡੀਂ ਹੰਢਾਏ ਸੱਚ 'ਤੇ ਆਧਾਰਤ ਹੈ। ਉਂਞ ਵੀ ਪੰਜਾਬੀ ਸਾਹਿਤ ਵਿਚ ਕੈਨੇਡੀਅਨ ਖੇਤ ਮਜ਼ਦੂਰਾਂ ਉਪਰ ਲਿਖਿਆ ਜਾਣ ਵਾਲਾ ਇਹ ਪਹਿਲਾ ਨਾਵਲ ਗਿਣਿਆ ਜਾਂਦਾ ਹੈ। ਕੈਨੇਡੀਅਨ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਚਿਤਰਨ ਦਾ ਸਬੱਬ ਇਸ ਤਰ੍ਹਾਂ ਬਣਿਆ ਕਿ ਜਦੋਂ ਮੈਂ ਸੰਨ 1994 ਵਿਚ ਕੈਨੇਡਾ ਪਰਵਾਸ ਕੀਤਾ ਤਾਂ ਮੇਰੇ ਲੜਕੇ ਨੂੰ ਏਥੇ ਆਇਆਂ ਦੋ ਸਾਲ ਦਾ ਸਮਾਂ ਹੀ ਹੋਇਆ ਸੀ। ਉਹ ਅਜੇ ਆਪਣੇ ਪੈਰਾਂ ਸਿਰ ਨਹੀਂ ਸੀ ਹੋਏ ਤੇ ਬੇਸਮਿੰਟ ਵਿਚ ਹੀ ਰਹਿੰਦੇ ਸਨ। ਮੈਂ ਉਹਨਾਂ ਦੀ ਸਹਾਇਤਾ ਕਰਨੀ ਚਾਹੁੰਦਾ ਸਾਂ। ਮੈਂ ਕੰਮ ਲਈ ਕਈ ਪਾਸੇ ਹੱਥ ਪੈਰ ਮਾਰੇ ਪਰ ਕਿਤੇ ਵੀ ਕੋਈ ਕੰਮ ਨਾ ਮਿਲਿਆ। ਅਖੀਰ ਮੈਂ ਇਕ ਸਾਲ ਖੇਤਾਂ ਵਿਚ ਕੰਮ ਕੀਤਾ। ਖੇਤਾਂ ਵਿਚ ਕੰਮ ਕਰਨ ਵਾਲੇ ਬਹੁਤੇ ਕਾਮੇ ਵਡੇਰੀ ਉਮਰ ਦੇ ਸਨ ਅਤੇ ਸਨ ਵੀ ਰੱਜੇ ਪੁੱਜੇ ਘਰਾਂ ਦੇ ਜਾਂ ਚੰਗੀਆਂ ਨੌਕਰੀਆਂ ਕਰਦੇ ਆਏ। ਉਹ ਆਪਣੇ ਪਿਛੋਕੜ ਦੀਆਂ ਬਹੁਤ ਡੀਂਗਾਂ ਮਾਰਦੇ ਪਰ ਨਿੱਕੀ ਨਿੱਕੀ ਗੱਲ ਪਿੱਛੇ ਇਕ ਦੂਜੇ ਨਾਲ ਲੜਨ ਝਗੜਣ ਵੀ ਲੱਗ ਜਾਂਦੇ। ਮੈਂ ਉਹਨਾਂ ਦੀ ਮਾਨਸਿਕਤਾ ਬਾਰੇ ਸੋਚਦਾ। ਮੇਰਾ ਹਾਲ ਵੀ ਉਹਨਾਂ ਨਾਲੋਂ ਕੋਈ ਵੱਖਰਾ ਨਹੀਂ ਸੀ। ਮੈਂ ਇਨ੍ਹਾਂ ਖੇਤ ਕਾਮਿਆਂ ਦੇ ਸੁਭਾਵਾਂ ਨੂੰ ਬਹੁਤ ਹੀ ਪੈਨੀ ਦ੍ਰਿਸ਼ਟੀ ਨਾਲ ਜਾਚਿਆ। ਫਿਰ ਖੇਤ ਕਾਮਿਆਂ ਦੀ ਮਾਨਸਿਕਤਾ ਬਾਰੇ ਪਹਿਲਾਂ ਮੈਂ ਕੁਝ ਕਹਾਣੀਆਂ ਲਿਖੀਆਂ। ਦੋ ਕਹਾਣੀਆਂ ਪੰਜਾਬੀ ਲੇਖਕ ਮੰਚ ਦੀ ਮੀਟਿੰਗ ਵਿਚ ਵੀ ਸੁਣਾਈਆਂ, ਜਿਹੜੀਆਂ ਬਹੁਤ ਪਸੰਦ ਕੀਤੀਆਂ ਗਈਆਂ। ਉਹਨਾਂ ਕਹਾਣੀਆਂ ਵਿਚ ਮੈਨੂੰ ਇਕਸਾਰਤਾ ਪ੍ਰਤੀਤ ਹੋਈ। ਜਿਸ ਕਾਰਨ ਮੈਂ ਹੋਰ ਕਹਾਣੀਆਂ ਲਿਖ ਕੇ ਇਨ੍ਹਾਂ ਨੂੰ ਇਕ ਨਾਵਲ ਦਾ ਰੂਪ ਦੇ ਦਿੱਤਾ। ਕਿਉਂਕਿ ਮੈਂ ਪਹਿਲਾਂ ਅਜੇਹੇ ਕਈ ਨਾਵਲ ਦੂਜੀਆਂ ਭਾਸ਼ਾਵਾਂ ਵਿਚ ਪੜ੍ਹੇ ਸਨ ਜਿਨ੍ਹਾਂ ਦਾ ਹਰ ਕਾਂਡ ਮੁਕੰਮਲ ਕਹਾਣੀ ਵੀ ਸੀ ਤੇ ਸਾਰੀਆਂ ਕਹਾਣੀਆਂ ਮਿਲ ਕੇ ਮੁਕੰਮਲ ਨਾਵਲ ਬਣ ਜਾਂਦਾ ਸੀ। ਇਸ ਨਾਵਲ ਵਿਚ ਕੁਝ ਪਾਤਰ ਹਰ ਕਾਂਡ ਵਿਚ ਆਉਂਦੇ ਹਨ ਜਿਨ੍ਹਾਂ ਵਿਚ ਇਕ ਪਾਤਰ ਜਗਤਾਰ ਸਿੰਘ ਵੀ ਹੈ, ਬਾਕੀ ਪਾਤਰ ਬਦਲ ਬਦਲ ਕੇ ਆਉਂਦੇ ਜਾਂਦੇ ਹਨ। ਤੁਹਾਨੂੰ ਸ਼ਾਇਦ ਜਗਤਾਰ ਸਿੰਘ ਦੇ ਕਿਰਦਾਰ ਵਿਚੋਂ ਮੇਰੇ ਸੁਭਾਅ ਦਾ ਝੌਲ਼ਾ ਪਿਆ ਹੋਵੇ ਤੇ ਉਸ ਨੂੰ ਭਾਂਪ ਕੇ ਹੀ ਇਸ ਨੂੰ ਸਵੈ-ਜੀਵਨੀ ਮੂਲਕ ਨਾਵਲ ਕਿਹਾ ਹੈ।

**? ਤੁਸੀਂ 'ਦੁਨੀਆ ਕੈਸੀ ਹੋਈ' ਦੇ ਖੇਤ ਮਜ਼ਦੂਰਾਂ ਨੂੰ ਕਿਸ ਦ੍ਰਿਸ਼ਟੀ ਨਾਲ ਚਿਤਰਿਆ ਹੈ।**

– ਮੈਂ ਖੇਤ ਮਜ਼ਦੂਰਾਂ ਦੇ ਕਿਰਦਾਰ ਨੂੰ ਚਿਤਰਿਆ ਤਾਂ ਯਥਾਰਥਕ ਦ੍ਰਿਸ਼ਟੀ ਨਾਲ ਹੀ ਹੈ। ਇਸ ਯਥਾਰਥ ਪਿੱਛੇ ਇਕ ਹੋਰ ਸੋਚ ਵੀ ਕੰਮ ਕਰਦੀ ਸੀ। ਉਹ ਸੀ ਖੇਤ ਮਜ਼ਦੂਰਾਂ ਦੇ ਸੁਭਾਅ ਵਿਚ ਆਈ ਤਬਦੀਲੀ। ਪੰਜਾਬ ਵਿਚ ਕਿਸਾਨ ਨੂੰ ਸਖੀ ਗਿਣਿਆ ਜਾਂਦਾ ਹੈ ਜਿਹੜਾ ਔਖਾ ਹੋ ਕੇ ਵੀ ਦੂਜੇ ਦੀ ਸਹਾਇਤਾ ਕਰਨ ਲਈ ਤਤਪਰ ਰਹਿੰਦਾ ਹੈ। ਪੰਜਾਬ ਤੋਂ ਕੈਨੇਡਾ ਆਉਣ ਵਾਲੇ ਸਭ ਵਿਅਕਤੀ ਗਰੀਬ ਘਰਾਂ ਦੇ ਨਹੀਂ ਸੀ।

ਜਿਹੜੇ ਓਥੇ ਖੇਤ ਮਾਲਕ ਸਨ ਉਹਨਾ ਨੂੰ ਏਥੇ ਆ ਕੇ ਖੇਤ ਮਜ਼ਦੂਰ ਬਣਨਾ ਪਿਆ। ਕਈ ਓਥੇ ਚੰਗੀਆਂ ਨੌਕਰੀਆਂ ਕਰਦੇ ਉਚ ਅਹੁਦਿਆਂ ਨੂੰ ਛੱਡ ਕੇ ਜਾਂ ਰਿਟਾਇਰ ਹੋ ਕੇ ਆਏ ਸਨ। ਇਕ ਤਾਂ ਉਹ ਹੀਣ ਭਾਵਨਾ ਦੇ ਮਾਰੇ ਹੋਏ ਸਨ, ਜਿਸ ਕਾਰਨ ਉਹ ਆਪਣੇ ਪਿਛੋਕੜ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ। ਦੂਜੇ, ਉਹ ਡਾਲਰ ਜੋੜਨ ਦੀ ਕਾਹਲ ਵਿਚ ਇਕ ਦੂਜੇ ਤੋਂ ਅਗਾਂਹ ਲੰਘਣ ਦੀ ਕੋਸ਼ਿਸ਼ ਕਰਦੇ। ਬੇਰੀ ਦੇ ਇਕ ਇਕ ਦਾਣੇ ਪਿੱਛੇ ਲੜਦੇ। ਬੇਰੀਆਂ ਦੀ ਤੋਲ ਤੁਲਾਈ 'ਤੇ ਝਗੜਦੇ। ਪੂੰਜੀਵਾਦੀ ਪ੍ਰਬੰਧ ਨੇ ਉਹਨਾਂ ਨੂੰ ਇਕ ਮਸ਼ੀਨ ਦੀ ਨਿਆਈਂ ਬਣਾ ਦਿੱਤਾ ਸੀ। ਉਹ ਇਥੋਂ ਦੇ ਹਾਲਾਤ ਨਾਲ ਸਮਝੌਤਾ ਨਹੀਂ ਸੀ ਕਰ ਸਕੇ। ਕਈਆਂ ਦਾ ਤਾਂ ਬੇਰੀਆਂ ਤੋੜਨ ਮਗਰੋਂ ਵਾਪਸ ਪੰਜਾਬ ਜਾ ਕੇ ਹੋਰ ਜ਼ਮੀਨ ਖਰੀਦਣ ਦੀਆਂ ਗੱਲਾਂ ਹੀ ਵੱਡਾ ਵਿਸ਼ਾ ਹੁੰਦਾ। ਕਈਆਂ ਨੂੰ ਆਪਣੇ ਪੁਰਖਿਆਂ ਵਲੋਂ ਮਿਲੀ ਜੱਦੀ ਜ਼ਮੀਨ ਤੋਂ ਆਪਣੇ ਨਾਂ ਖਾਰਜ ਹੋ ਜਾਣ ਦਾ ਤੌਖਲਾ ਹੀ ਵੱਢ ਵੱਢ ਖਾਂਦਾ ਕਿਉਂਕਿ ਉਹਨਾਂ ਦੇ ਮੁੰਡੇ ਕੁੜੀਆਂ ਉਹ ਜ਼ਮੀਨ ਵਿਕਵਾ ਕੇ ਉਸ ਰਕਮ ਨਾਲ ਆਪਣੇ ਮਕਾਨ ਬਣਾਉਣਾ ਲੋੜਦੇ ਸਨ। ਸੋ ਕੈਨੇਡੀਅਨ ਪੰਜਾਬੀ ਖੇਤ ਮਜ਼ਦੂਰਾਂ ਦੀ ਮਾਨਸਿਕਤਾ ਦੇ ਭਿੰਨ ਭਿੰਨ ਕੋਨਾਂ ਨੂੰ ਯਥਾਰਥ ਢੰਗ ਨਾਲ ਚਿਤਰਨਾ ਹੀ ਮੇਰੀ ਦ੍ਰਿਸ਼ਟੀ ਵਿਚ ਸੀ।

**? ਇਸ ਨਾਵਲ ਵਿਚ ਬੇਰੀਆਂ ਦੇ ਕਿਸਾਨ ਮਾਲਕਾਂ ਦੀਆਂ ਸਮੱਸਿਆਵਾਂ ਐਨੀਆਂ ਉਭਰ ਕੇ ਸਾਹਮਣੇ ਨਹੀਂ ਆਈਆਂ।**

-ਕੈਨੇਡਾ ਵਿਚ ਕੁਝ ਕੁ ਖੇਤ ਮਾਲਕ ਹੀ ਖੇਤਾਂ ਦੀ ਦੇਖ ਭਾਲ ਦਾ ਕੰਮ ਕਰਦੇ ਹਨ, ਮੈਂ ਕੁਝ ਇਕ ਖੇਤ ਮਾਲਕਾਂ ਦਾ ਨਾਵਲ ਵਿਚ ਜ਼ਿਕਰ ਵੀ ਕੀਤਾ ਹੈ। ਬਹੁਤੇ ਖੇਤ ਮਾਲਕ ਤਾਂ ਕੋਈ ਹੋਰ ਬਿਜਨੈਸ ਕਰਦੇ ਹੁੰਦੇ ਹਨ। ਉਹ ਆਪ ਬਹੁਤ ਘਟ ਸਾਹਮਣੇ ਆਉਂਦੇ ਹਨ। ਉਹਨਾ ਨੇ ਫਾਰਮਾਂ ਦੀ ਦੇਖ ਭਾਲ ਲਈ ਕੁਝ ਕਰਿੰਦੇ ਰੱਖੇ ਹੋਏ ਹੁੰਦੇ ਹਨ,ਉਹੀ ਖੇਤੀ ਬਾੜੀ ਦਾ ਕੰਮ ਸੰਭਾਲਦੇ ਹਨ। ਉਂਞ ਏਥੋਂ ਦੇ ਖੇਤ ਮਾਲਕਾਂ ਦੀਆਂ ਖੇਤੀ ਨਾਲ ਸਬੰਧਤ ਸਮੱਸਿਆਵਾਂ ਵੀ ਹੁੰਦੀਆਂ ਹਨ, ਜਿਵੇਂ, ਫਸਲਾਂ ਦਾ ਮਾਰਿਆ ਜਾਣਾ, ਫਸਲ ਦਾ ਸਮੇਂ ਸਿਰ ਕੈਨਰੀਆਂ ਵਿਚ ਨਾ ਪਹੁੰਚਣਾ, ਫਸਲ ਦਾ ਸਹੀ ਭਾਅ ਨਾ ਮਿਲਣਾ ਆਦਿ ਪਰ ਮੇਰਾ ਨਾਵਲ ਲਿਖਣ ਦਾ ਮੁਖ ਟੀਚਾ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਚਿਤਰਨਾ ਸੀ। ਖੇਤ ਮਾਲਕ ਵੀ ਖੇਤ ਮਜ਼ਦੂਰਾਂ ਦਾ ਸੋਸ਼ਣ ਕਰਦੇ ਹਨ ਪਰ ਉਹ ਅਪ੍ਰਤੱਖ ਰੂਪ ਵਿਚ ਆਪਣੇ ਕਰਿੰਦਿਆਂ ਰਾਹੀਂ। ਮਾਲਕ ਦੇ ਕਰਿੰਦੇ ਤੁਲਾਈ ਵਿਚ ਤਾਂ ਹੇਰਾ ਫੇਰੀਆਂ ਕਰਦੇ ਹੀ ਹਨ, ਉਹ ਖੇਤ ਮਜ਼ਦੂਰਾਂ ਦਾ ਮਾਨਸਕ ਸੋਸ਼ਣ ਵੀ ਕਰਦੇ ਹਨ। ਕਦੀ ਕੱਚੇ ਦਾਣੇ ਤੋੜ ਲੈਣ 'ਤੇ ਝਿੜਕਾਂ, ਕਦੀ ਕੋਈ ਬੇਰੀ ਦਾ ਪੱਕਾ ਦਾਣਾ ਪਿਛੇ ਰਹਿ ਜਾਵੇ ਤਾਂ ਝਿੜਕਾਂ। ਇਸੇ ਤਰ੍ਹਾਂ ਠੇਕੇਦਾਰ ਵੀ ਖੇਤ ਮਜ਼ਦੂਰਾਂ ਦਾ ਸੋਸ਼ਣ ਕਰਦੇ ਹਨ। ਇਹ ਸਭ ਮੈਂ ਨਾਵਲ ਵਿਚ ਬਖੂਬੀ ਚਿਤਰਨ ਦੀ ਕੋਸ਼ਿਸ਼ ਕੀਤੀ ਹੈ।

**? ਇਕ ਨਾਵਲ 'ਵਿਗੋਚਾ' ਹੈ। ਇਸ ਨਾਵਲ ਵਿਚ ਦੋ ਵਿਸ਼ੇ ਨਾਲੋਂ ਨਾਲ ਚਲਦੇ ਹਨ। ਇਹ ਨਾਵਲ ਲਿਖਣ ਦਾ ਖਿਆਲ ਕਿਵੇਂ ਆਇਆ।**

- ਵਿਗੋਚਾ' ਨਾਵਲ ਵਿਚ ਪਰਵਾਸੀ ਪੰਜਾਬੀਆਂ ਦੀ ਸੌ ਸਾਲ ਲੰਮੀ ਸੰਘਰਸ਼ਮਈ ਜ਼ਿੰਦਗੀ ਦੀ ਕਹਾਣੀ ਦਾ ਵਰਨਣ ਹੈ। ਇਸ ਨਾਵਲ ਨੂੰ ਲਿਖਣ ਪਿੱਛੇ ਵੀ ਇਕ ਕਹਾਣੀ ਹੈ। ਜਦੋਂ ਮੇਰਾ ਨਾਵਲ 'ਭਗੌੜਾ' ਛਪ ਕੇ ਆ ਗਿਆ ਤਾਂ ਮੈਂ 'ਬੇਗਾਨੇ' ਨਾਵਲ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਇਸ ਨਾਵਲ ਦੀ ਕਹਾਣੀ ਮੇਰੇ ਅੰਤਰ ਮਨ ਵਿਚ ਪਹਿਲਾਂ ਹੀ ਚਲ ਰਹੀ ਸੀ। ਪਰ ਇਕ ਘਟਨਾ ਨੇ ਇਸ ਨਾਵਲ ਨੂੰ ਪਿੱਛੇ ਪਾ ਦਿੱਤਾ। ਗੱਲ ਇਉਂ ਹੋਈ ਕਿ 2003 ਦੇ ਜੂਨ ਮਹੀਨੇ ਵੈਨਕੂਵਰ ਤੋਂ ਲੇਖਕਾਂ ਦਾ ਕਾਫਲਾ, ਵੈਨ ਰਾਹੀਂ, ਪੰਜਾਬੀ ਸਾਹਿਤ ਸਭਾ ਕੈਲਗਰੀ ਦੇ ਸਾਲਾਨਾ ਸਮਾਗਮ ਵਿਚ ਭਾਗ ਲੈਣ ਲਈ ਜਾ ਰਿਹਾ ਸੀ, ਜਿਸ ਵਿਚ ਮਰਹੂਮ ਡਾ. ਦਰਸ਼ਨ ਗਿੱਲ, ਮੰਗਾ ਬਾਸੀ, ਮੁਹਿੰਦਰ ਸੂਮਲ, ਬਲਦੇਵ ਦੂਹੜੇ, ਨਦੀਮ

ਪਰਮਾਰ, ਹਰਜੀਤ ਦੌਧਰੀਆ ਸਨ ਤੇ ਮੈਂ ਵੀ ਉਹਨਾਂ ਦੇ ਨਾਲ ਹੀ ਸਫ਼ਰ ਕਰ ਰਿਹਾ ਸੀ। ਡਾ.ਦਰਸਨ ਗਿੱਲ ਨੇ ਮੈਨੂੰ ਪੁੱਛ ਲਿਆ, "ਸੇਖਾ, ਹੁਣ ਕਿਹੜਾ ਨਾਵਲ ਲਿਖਣ ਦੀ ਵਿਉਂਤ ਬਣਾਈ ਹੈ?" ਮੈਂ ਲਿਖੇ ਜਾਣ ਵਾਲੇ ਨਾਵਲ ਦਾ ਵਿਸ਼ਾ ਦੱਸ ਦਿੱਤਾ। ਉਸ ਕਿਹਾ, "ਤੂੰ ਇਸ ਵਿਸ਼ੇ ਨੂੰ ਛੱਡ ਤੇ ਡਰਗਜ਼ 'ਤੇ ਨਾਵਲ ਲਿਖ। ਅਜੋਕਾ ਭਖਦਾ ਵਿਸ਼ਾ ਡਰਗਜ਼ ਅਤੇ ਗੈਂਗ ਵਾਰ ਹੈ। ਆਪਣੇ 90 ਮੁੰਡੇ ਇਸ ਗੈਂਗ ਵਾਰ ਦੀ ਭੇਂਟ ਚੜ੍ਹ ਗਏ ਨੇ। ਤੂੰ ਇਸ ਬਾਰੇ ਨਾਵਲ ਲਿਖ।" ਮੈਂ ਕਿਹਾ, "ਮੈਂ ਅੱਜ ਤਕ ਕੋਈ ਡਰਗ ਮੂੰਹ 'ਤੇ ਧਰ ਕੇ ਵੀ ਨਹੀਂ ਦੇਖੀ ਤੇ ਨਾਂ ਹੀ ਮੈਂ ਕਿਸੇ ਡਰਗੀ ਨੂੰ ਜਾਣਦਾ ਹਾਂ। ਅਜੇਹਾ ਨਾਵਲ ਕਿਵੇਂ ਲਿਖਿਆ ਜਾ ਸਕਦਾ ਹੈ ਜਿਸ ਦਾ ਲੇਖਕ ਨੂੰ ਅਨੁਭਵ ਹੀ ਨਾ ਹੋਵੇ।" ਉਸ ਕਿਹਾ, "ਲੇਖਕ ਨੂੰ ਤਾਂ ਅਨੁਭਵ ਪ੍ਰਾਪਤ ਕਰਨਾ ਪੈਂਦਾ ਹੈ। ਇਹ ਤੂੰ ਕਰ ਸਕਦੈਂ।" ਦਰਸ਼ਨ ਦੇ ਇੰਨਾ ਕਹਿਣ 'ਤੇ ਮੁਹਿੰਦਰ ਸੂਮਲ ਤੇ ਬਲਦੇਵ ਦੂਹੜੇ, ਜਿਨ੍ਹਾਂ ਦੇ ਲੜਕੇ ਗੈਂਗ ਵਾਰ ਦੀ ਗ੍ਰਿਫਤ ਵਿਚ ਆਏ ਹੋਏ ਸਨ, ਬੋਲ ਪਏ, "ਸੇਖਾ, ਤੁਸੀਂ ਇਸ ਬਾਰੇ ਲਿਖੋ ਸਹੀ, ਇਸ ਸਬਜੈਕਟ ਬਾਰੇ ਬਹੁਤ ਸਾਰੀ ਜਾਣਕਾਰੀ ਅਸੀਂ ਦੇਵਾਂਗੇ।" ਉਹਨਾਂ ਦੀ ਹਲਾਸ਼ੇਰੀ ਨਾਲ ਮੈਂ ਇਹ ਬੀੜਾ ਉਠਾ ਲਿਆ। ਇਸ ਵਿਸ਼ੇ ਬਾਰੇ ਬਹੁਤ ਸਾਰੀ ਖੋਜ ਕਰਨ ਮਗਰੋਂ ਜਦੋਂ ਮੈਂ ਸਬੰਧਤ ਜਾਣਕਾਰੀ ਤੋਂ ਸੰਤੁਸ਼ਟ ਹੋ ਗਿਆ ਤਾਂ ਨਾਵਲ ਲਿਖਣਾ ਸ਼ੁਰੂ ਕਰ ਦਿੱਤਾ। ਪਹਿਲਾ ਕਾਂਡ ਲਿਖ ਰਿਹਾ ਸੀ ਕਿ ਪਤਾ ਨਹੀਂ ਕਿਵੇਂ ਇਹ ਸ਼ਬਦ ਲਿਖੇ ਗਏ। ਮੁਖ ਪਾਤਰ ਦੀ ਮਾਂ ਉਸ ਨੂੰ ਸਮਝਾਉਂਦੀ ਹੋਈ ਕਹਿੰਦੀ ਹੈ, "ਬੌਬੀ, ਸਾਡੇ ਵੱਡ ਵਡੇਰਿਆਂ ਨੇ ਏਥੇ, ਬਦੇਸ਼ਾਂ ਵਿਚ ਆ ਕੇ ਕੁਰਬਾਨੀਆਂ ਕਰ ਕੇ ਆਪਣੀ ਥਾਂ ਬਣਾਈ ਸੀ। ਜਿਨ੍ਹਾਂ ਵਿਚ ਤੇਰੇ ਦਾਦੇ ਪੜਦਾਦੇ ਵੀ ਸਨ। ਏਸੇ ਕਰਕੇ ਅੱਜ ਅਸੀਂ ਏਥੇ ਸਿਰ ਉੱਚਾ ਕਰ ਕੇ ਤੁਰੇ ਫਿਰਦੇ ਹਾਂ।" ਇਸ ਵਾਕ ਨੇ ਮੈਨੂੰ ਹੋਰ ਸ਼ਬਦ ਲਿਖਣੋ ਰੋਕ ਦਿੱਤਾ। ਮੈਂ ਸੋਚਿਆ ਕਿ 'ਉਹਨਾਂ ਦਾਦਿਆ ਪੜਦਾਦਿਆਂ ਦੀ ਗੱਲ ਕਿਉਂ ਨਾ ਕੀਤੀ ਜਾਵੇ ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਏਥੇ ਸਿਰ ਉੱਚਾ ਕਰ ਕੇ ਤੁਰੇ ਫਿਰਦੇ ਹਾਂ।' ਸੋ ਮੈਂ ਨਾਵਲ ਲਿਖਣ ਵਾਲਾ ਕੰਮ ਉੱਥੇ ਹੀ ਬੰਦ ਕਰ ਦਿੱਤਾ ਅਤੇ ਪੰਜਾਬੀਆਂ ਦੀ ਕੈਨੇਡਾ ਆਉਣ ਦੀ ਗਾਥਾ ਬਾਰੇ ਖੋਜ ਕਰਨ ਵਿਚ ਜੁਟ ਗਿਆ। ਇਸ ਤਰ੍ਹਾਂ 'ਵਿਗੋਚਾ' ਨਾਵਲ ਲਿਖਣ ਲਈ ਦੋ ਵਿਸ਼ਿਆਂ ਦੀ ਚੋਣ ਹੋ ਗਈ।

**? ਨਾਵਲ' ਵਿਗੋਚਾ' ਵਿਚ ਪੰਜਾਬੀ ਪਰਵਾਸੀਆਂ ਦਾ ਕੈਨੇਡਾ ਵਿਚਲਾ ਇਕ ਸਦੀ ਦਾ ਇਤਿਹਾਸ ਹੈ। ਇਸ ਨੂੰ ਲਿਖਣ ਲਈ ਆਪਣੇ ਸਰੋਤਾਂ ਬਾਰੇ ਕੁਝ ਦੱਸ ਸਕਦੇ ਹੋ?**

– ਜ਼ਰੂਰ ਦੱਸ ਸਕਦਾ ਹਾਂ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਮੁਹਿੰਦਰ ਸੂਮਲ ਤੇ ਬਲਦੇਵ ਦੂਹੜੇ ਨੇ ਮੈਨੂੰ ਵਿਸ਼ਵਾਸ ਦੁਆਇਆ ਸੀ ਕਿ ਉਹ ਨਸ਼ਿਆਂ ਬਾਰੇ ਤੇ ਨਸ਼ਾ ਤਸਕਰੀ ਬਾਰੇ ਜਾਣਕਾਰੀ ਦੇਣ ਵਿਚ ਸਹਾਇਤਾ ਕਰਨਗੇ। ਇਸ ਵਿਸ਼ੇ ਬਾਰੇ ਜਾਣਕਾਰੀ ਲੈਣ ਲਈ ਕਿਸੇ ਨਾਲ ਸੰਪਰਕ ਕਰਨ ਤੋਂ ਪਹਿਲਾਂ ਮੈਂ ਇਸ ਵਿਸ਼ੇ ਨਾਲ ਸਬੰਧਤ ਕਈ ਨਾਵਲ ਪੜ੍ਹੇ, 'ਗੌਡ ਫਾਦਰ' ਫਿਲਮ ਨੂੰ ਬਹੁਤ ਧਿਆਨ ਨਾਲ ਦੇਖਿਆ। ਉਸ ਤੋਂ ਮਗਰੋਂ ਮੈਂ ਆਪਣੇ ਖਾਸ ਦੋਸਤਾਂ ਰਾਹੀਂ ਗੈਂਗ ਵਾਰ ਨਾਲ ਸਬੰਧਤ ਕਈ ਵਿਅਕਤੀਆਂ ਨਾਲ ਮੁਲਾਕਾਤਾਂ ਕੀਤੀਆਂ। ਕਈਆਂ ਨੇ ਤਾਂ ਹੱਸ ਕੇ ਆਪਣੇ ਤਜਰਬਿਆਂ ਬਾਰੇ ਦੱਸਿਆ ਤੇ ਕਈਆਂ ਮੈਨੂੰ ਪੁਲੀਸ ਦਾ ਮੁਖਬਰ ਸਮਝ ਕੇ ਗੱਲ ਕਰਨ ਤੋਂ ਹੀ ਇਨਕਾਰ ਕਰ ਦਿੱਤਾ। ਕਿਸੇ ਨੇ ਉਹਨਾਂ ਦਾ ਨਾਂ ਜ਼ਾਹਰ ਕਰਨ 'ਤੇ ਜਾਨੋਂ ਮਾਰ ਦੇਣ ਦੀ ਧਮਕੀ ਵੀ ਦਿੱਤੀ। ਪਰ ਮੈਂ ਆਪਣੇ ਕੰਮ ਵਿਚ ਲੱਗਾ ਰਿਹਾ। ਨਸ਼ਿਆਂ ਤੇ ਨਸ਼ਾ ਤਸਕਰੀ ਬਾਰੇ ਮੇਰੇ ਕੋਲ ਚੋਖੀ ਸਮਾਗਰੀ ਹੋ ਗਈ ਸੀ ਅਤੇ ਮੈਂ ਨਾਵਲ ਦੀ ਗੋਂਦ ਬਾਰੇ ਸੋਚ ਕੇ ਨਾਵਲ ਲਿਖਣਾ ਸ਼ੁਰੂ ਕਰ ਦਿੱਤਾ ਤਾਂ ਜਿਵੇਂ ਮੈਂ ਦੱਸਿਆ ਹੈ ਕਿ ਇਕ ਵਾਕ ਲਿਖਣ ਮਗਰੋਂ ਹੀ ਮੈਂ ਨਾਵਲ ਦੇ ਢਾਂਚੇ ਵਿਚ ਤਬਦੀਲੀ ਕਰਨ ਦਾ ਮਨ ਬਣਾ ਲਿਆ ਤੇ ਕੈਨੇਡੀਅਨ ਪੰਜਾਬੀਆਂ ਦੇ ਕੈਨੇਡਾ ਵਿਚਲੇ ਸੰਘਰਸ਼ ਦੀ ਗਾਥਾ ਦੀ ਖੋਜ ਵਿਚ ਜੁਟ ਗਿਆ। ਇਸ ਵਿਸ਼ੇ ਨਾਲ ਸਬੰਧਤ ਜਿਹੜੀਆਂ ਪੁਸਤਕਾਂ ਮੇਰੀ ਲਾਇਬ੍ਰੇਰੀ

ਵਿਚ ਪਈਆਂ ਸਨ ਪਹਿਲਾਂ ਉਹ ਪੜ੍ਹੀਆਂ, ਜਿਵੇਂ ਸੋਹਣ ਸੁਰਿੰਦਰ ਸਿੰਘ ਸੰਘਾ ਦੀ 'ਕੈਨੇਡੀਅਨ ਸਿੱਖਾਂ ਦਾ ਇਤਿਹਾਸ', ਸਾਧੂ ਸੁਖਵੰਤ ਦੀ 'ਸੰਘਰਸ਼ ਦੇ ਸੌ ਵਰ੍ਹੇ', ਗਿਆਨੀ ਕੇਸਰ ਸਿੰਘ ਦੀ 'ਕੈਨੇਡੀਅਨ ਸਿਖਸ ਐਂਡ ਕਾਮਾ ਗਾਟਾ ਮਾਰੂ' ਅਤੇ ਗਿਆਨੀ ਜੀ ਦਾ ਵੱਡ ਅਕਾਰੀ ਨਾਵਲ 'ਹੱਥਿਆਰਬੰਦ ਇਨਕਲਾਬ'। ਫਿਰ ਵੈਨਕੂਵਰ ਦੀਆਂ ਲਾਇਬ੍ਰੇਰੀਆਂ ਵਿਚੋਂ ਸਬੰਧਤ ਵਿਸ਼ੇ ਨਾਲ ਪੁਸਤਕਾਂ ਭਾਲ ਟੋਲ ਕੇ ਪੜ੍ਹੀਆਂ। ਵੀਹਵਿਆਂ ਤੀਹਵਿਆਂ ਵਿਚ ਆਏ ਕੁਝ ਪੰਜਾਬੀ ਪਰਵਾਸੀਆਂ ਨਾਲ ਮੁਲਾਕਾਤਾਂ ਕੀਤੀਆਂ ਅਤੇ ਉਹਨਾਂ ਕੋਲੋਂ ਉਸ ਸਮੇਂ ਦੇ ਗਰੇਟਰ ਵੈਨਕੂਵਰ ਦੀ ਭੂਗੋਲਿਕ ਜਾਣਕਾਰੀ ਪ੍ਰਾਪਤ ਕੀਤੀ। ਖਾਸ ਕਰਕੇ 1932 ਵਿਚ ਪੜ੍ਹਨ ਦੀ ਖਾਤਰ ਕੈਨੇਡਾ ਆਏ ਮਿਹਰ ਸਿੰਘ ਸੰਧੂ ਅਤੇ ਗੁਰਦੇਵ ਸਿੰਘ ਢਿੱਲੋਂ ਨੇ ਮੇਰੀ ਬਹੁਤ ਸਹਾਇਤਾ ਕੀਤੀ। ਉਹਨਾਂ ਪੁਰਾਣੇ ਵੈਨਕੂਵਰ ਦੇ ਘਰਾਂ ਦੀ ਬਣਤਰ,ਸੜਕਾਂ ਤੇ ਗਲ਼ੀਆਂ ਅਤੇ ਆਵਾਜਾਈ ਦੇ ਸਾਧਨਾਂ ਬਾਰੇ ਬੜੀ ਬਾਰੀਕੀ ਨਾਲ ਜਾਣਕਾਰੀ ਦਿੱਤੀ। ਮਿਹਰ ਸਿੰਘ ਸੰਧੂ ਨੇ ਤਹਿਵਿਆਂ ਵਿਚ ਲਈਆਂ ਗਈਆਂ ਯੂਨੀਵਰਸਿਟੀ ਤੇ ਕਈ ਹੋਰ ਸਥਾਨਾਂ ਦੀਆਂ ਕੁਝ ਫੋਟੋਆਂ ਵੀ ਦਿਖਾਈਆਂ। ਇਸ ਤੋਂ ਬਿਨਾਂ ਇਸ ਵਿਸ਼ੇ ਨਾਲ ਸਬੰਧਤ ਸਾਮਗਰੀ ਜਿੱਥੋਂ ਵੀ ਮੈਨੂੰ ਉਪਲਬਧ ਹੋਈ ਉਥੋਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਮੇਰੇ ਛੇ ਸਾਲ ਨਾਵਲ ਨਾਲ ਸਬੰਧਤ ਸਾਮਗਰੀ ਇਕੱਤਰ ਕਰਦਿਆਂ ਹੀ ਬਤੀਤ ਹੋ ਗਏ ਤੇ ਸੱਤਾਂ ਸਾਲਾਂ ਵਿਚ 'ਵਿਗੋਚਾ' ਨਾਵਲ ਲਿਖਿਆ ਗਿਆ।

**? ਇਹ ਵਿਗੋਚਾ ਕਿਸ ਨੇ ਕਿਵੇਂ ਹੰਢਾਇਆ?**

-'ਵਿਗੋਚਾ' ਨਾਵਲ ਪੜ੍ਹਦਿਆਂ ਥਾਂ ਥਾਂ 'ਤੇ ਵਿਗੋਚਾ ਹੰਢਾਉਂਦੇ ਕਿਰਦਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲੀਆਂ ਵਿਚ ਕੈਨੇਡੀਅਨ ਪਰਵਾਸੀਆਂ ਨੂੰ ਆਪਣੇ ਪਰਿਵਾਰਾਂ ਨੂੰ ਨਾਲ ਲੈ ਜਾਣ ਦੀ ਆਗਿਆ ਨਹੀਂ ਸੀ ਹੁੰਦੀ। ਜਦੋਂ ਮਰਦ ਪਰਵਾਸ ਧਾਰਨ ਕਰ ਲੈਂਦੇ ਸਨ ਤਾਂ ਉਹਨਾਂ ਦੀਆਂ ਪਤਨੀਆਂ,ਬੱਚੇ ਤੇ ਪਰਿਵਾਰ ਪਿੱਛੇ ਰਹਿ ਕੇ ਵਿਗੋਚੇ ਦਾ ਦਰਦ ਹੰਢਾਉਂਦੇ ਸਨ ਤੇ ਮਰਦ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਕੇ ਵਿਗੋਚੇ ਦਾ ਦਰਦ ਸਹਿਣ ਕਰਦੇ ਸਨ। ਫਿਰ ਜਦੋਂ ਪਰਿਵਾਰ ਇਕੱਠੇ ਹੋ ਗਏ ਅਤੇ ਬੱਚੇ ਜਵਾਨ ਹੋ ਗਏ ਤਾਂ ਕਈਆਂ ਪਰਿਵਾਰਾਂ ਦੇ ਬੱਚੇ ਨਸ਼ਿਆਂ ਦੇ ਧੰਦੇ ਵਿਚ ਪੈ ਕੇ ਮਾਪਿਆਂ ਤੋਂ ਦੂਰ ਹੋ ਗਏ ਜਾਂ ਕਈ ਨੌਜਵਾਨ ਗੈਂਗ ਵਾਰ ਵਿਚ ਮਾਰੇ ਗਏ ਤਾਂ ਮਾਵਾਂ ਨੂੰ ਵਿਗੋਚੇ ਦਾ ਦਰਦ ਹੰਢਾਉਣ ਲਈ ਮਜ਼ਬੂਰ ਹੋਣਾ ਪਿਆ।

**? ਤੁਹਾਡਾ ਇਕ ਨਾਵਲ 'ਬੇਗਾਨੇ' ਵੀ ਹੈ। ਇਸ ਵਿਚ ਤੁਸੀਂ ਪਰਵਾਸੀ ਪੰਜਾਬੀ ਬੱਚਿਆਂ ਦੀ ਸਮੱਸਿਆ ਨੂੰ ਉਭਾਰਿਆ ਹੈ। ਕਿਵੇਂ ਵਿਆਹੁਤਾ ਰਿਸ਼ਤੇ ਬਣਦੇ ਹਨ, ਟੁੱਟਦੇ ਹਨ ਤੇ ਇਸ ਟੁੱਟ ਭੱਜ ਵਿਚ ਬੱਚੇ ਕਿੰਨਾ ਸਫਰ ਕਰਦੇ ਹਨ। ਇਸ ਦੇ ਪਿਛੋਕੜ ਵਿਚ ਨਾਵਲ ਦੇ ਪਾਤਰਾਂ ਬਾਰੇ ਦੱਸੋ।**

- ਪਹਿਲਾਂ ਮੈਂ ਨਾਵਲ ਦੇ ਪਾਤਰਾਂ ਬਾਰੇ ਹੀ ਦੱਸ ਦਿਆਂ ਕਿ ਇਸ ਦੇ ਸਾਰੇ ਪਾਤਰ ਯਥਾਰਥ ਜ਼ਿੰਦਗੀ ਵਿਚੋਂ ਹੀ ਲਏ ਗਏ ਹਨ ਪਰ ਇਹਨਾਂ 'ਤੇ ਕਲਪਨਾ ਦੀ ਪੁੱਠ ਜ਼ਰੂਰ ਚੜ੍ਹੀ ਹੋਈ ਹੈ। ਕਿਉਂਕਿ ਜਿਹੜਾ ਪਾਤਰ ਅਸਲ ਜ਼ਿੰਦਗੀ ਵਿਚ ਜਿਵੇਂ ਵਿਚਰ ਰਿਹਾ ਹੈ ਜ਼ਰੂਰੀ ਨਹੀਂ ਕਿ ਉਹ ਨਾਵਲੀ ਜ਼ਿੰਦਗੀ ਵਿਚ ਵੀ ਉਵੇਂ ਦਰਸਾਇਆ ਜਾਵੇ। ਲੇਖਕ ਨੇ ਇਹ ਨਹੀਂ ਦੇਖਣਾ ਹੁੰਦਾ ਹੈ ਕਿ ਪਾਤਰ ਦਾ ਕਿਰਦਾਰ ਕਿਹੋ ਜਿਹਾ ਹੈ, ਉਸ ਨੇ ਦੇਖਣਾ ਹੁੰਦਾ ਹੈ ਕਿ ਉਸ ਦਾ ਕਿਰਦਾਰ ਕਿਹੋ ਜਿਹਾ ਹੋਣਾ ਚਾਹੀਦਾ ਸੀ। ਲੇਖਕ ਨੂੰ ਆਪਣੇ ਮੰਤਵ ਦੀ ਪੂਰਤੀ ਲਈ ਪਾਤਰ ਦਾ ਕਿਰਦਾਰ ਚਿਤਰਦੇ ਸਮੇਂ ਉਸ ਪਾਤਰ ਦੀ ਯਥਾਰਥਕ ਦਿੱਖ ਬਣਾਈ ਰੱਖਣੀ ਚਾਹੀਦੀ ਹੈ। ਸੋ ਮੈਂ ਨਾਵਲ ਦੇ ਸਾਰੇ ਪਾਤਰਾਂ ਦੀ ਯਥਾਰਥਕ ਦਿੱਖ ਬਣਾਈ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਹੈ।

ਹੁਣ ਨਾਵਲ ਦੇ ਪਿਛੋਕੜ ਤੇ ਬੱਚਿਆਂ ਦੀਆਂ ਸਮੱਸਿਆਵਾ ਬਾਰੇ ਗੱਲ ਕਰਨੀ ਚਾਹਵਾਂਗਾ। ਪਿਛਲੇ ਕੁਝ ਸਮੇਂ ਤੋਂ ਕੈਨੇਡਾ ਸਰਕਾਰ ਨੇ ਬੱਚਾ ਗੋਦ ਲੈਣ ਦੇ ਕਾਨੂੰਨ ਵਿਚ ਸਖਤੀ ਲਿਆਉਣ ਕਾਰਨ

ਪੰਜਾਬੀ ਪਰਵਾਸੀਆਂ ਵਿਚ ਆਪਣੇ ਪਰਿਵਾਰਾਂ ਵਿਚੋਂ ਬੱਚੇ ਅਡਾਪਟ ਕਰ ਕੇ ਲਿਆਉਣ ਦੀ ਰੁਚੀ ਘਟ ਗਈ ਹੈ ਪਰ ਪਹਿਲੀਆਂ ਵਿਚ ਤਾਂ ਕਾਨੂੰਨੀ ਜਾਂ ਗੈਰਕਾਨੂੰਨੀ ਢੰਗ ਨਾਲ ਆਪਣੇ ਸਕੇ ਸਬੰਧੀਆਂ ਦੇ ਨਿਆਣੇ ਮੰਗਵਾਉਣ ਵਿਚ ਪੰਜਾਬੀ ਪਰਵਾਸੀਆਂ ਵਿਚ ਹੋੜ ਲੱਗੀ ਹੋਈ ਸੀ। ਉਹ ਬੱਚਿਆਂ ਨੂੰ ਅਡਾਪਟ ਕਰ ਕੇ ਏਧਰ ਤਾਂ ਲੈ ਆਉਂਦੇ ਸੀ ਪਰ ਉਹਨਾਂ ਨਾਲ ਉਹੋ ਜਿਹਾ ਵਿਵਹਾਰ ਨਹੀਂ ਸੀ ਕਰਦੇ ਜਿਹੋ ਜਿਹਾ ਉਹ ਆਪਣੇ ਬੱਚਿਆਂ ਨਾਲ ਕਰਦੇ ਸਨ।ਮੇਰੀ ਜਾਣਕਾਰੀ ਵਿਚ ਕੁਝ ਪਰਿਵਾਰ ਅਜੇਹੇ ਸਨ ਜਿਨ੍ਹਾਂ ਦੀਆਂ ਪਹਿਲੀਆਂ ਪਤਨੀਆਂ ਦੀ ਮੌਤਹੋ ਗਈ ਸੀ ਜਾਂ ਉਹਨਾਂ ਤੋਂ ਤਲਾਕ ਲੈ ਲਿਆ ਹੋਇਆ ਸੀ ਪਰ ਉਹਨਾਂ ਨੇ ਆਪਣੇ ਬੱਚੇ ਆਪਣੇ ਕੋਲ ਹੀ ਰੱਖੇ ਸਨ। ਉਹਨਾਂ ਨੇ ਜਿਨ੍ਹਾਂ ਤਲਾਕਸ਼ੁਦਾ ਇਸਤਰੀਆਂ ਨਾਲ ਵਿਆਹ ਕਰਵਾਏ ਉਹ ਆਪਣੇ ਬੱਚਿਆਂ ਨੂੰ ਵੀ ਆਪਣੇ ਨਾਲ ਲੈ ਕੇ ਆਈਆਂ। ਨਵੀਆਂ ਮਾਵਾਂ ਆਪਣੇ ਪਤੀਆਂ ਦੇ ਬੱਚਿਆਂ ਨਾਲ ਉਹ ਸਨੇਹ ਨਹੀਂ ਸੀ ਕਰਦੀਆਂ, ਜਿੰਨਾ ਸਨੇਹ ਉਹ ਆਪਣੇ ਬੱਚਿਆਂ ਨਾਲ ਕਰਦੀਆਂ ਸੀ। ਪਿਉਆਂ ਵੱਲੋਂ ਵੀ ਪਤਨੀਆਂ ਦੇ ਬੱਚਿਆਂ ਨੂੰ ਨਫਰਤ ਦੀ ਨਿਗਾਹ ਨਾਲ ਹੀ ਦੇਖਿਆ ਜਾਂਦਾ ਸੀ। ਬੱਚੇ ਵੀ ਇਕ ਦੂਜੇ ਨਾਲ ਹਿਲ ਮਿਲ ਕੇ ਨਹੀਂ ਸੀ ਰਹਿੰਦੇ। ਉਹਨਾਂ ਦੇ ਘਰਾਂ ਵਿਚ ਬਹੁਤ ਕਲੇਸ਼ ਰਹਿੰਦਾ। ਇਕ ਇਸਤਰੀ ਨੇ ਤਾਂ ਆਪਣੇ ਬੱਚੇ ਦੀ ਖਾਤਰ ਆਪਣੇ ਨਵੇਂ ਪਤੀ ਤੋਂ ਵੀ ਤਲਾਕ ਲੈ ਲਿਆ ਸੀ। ਇਸ ਤਰ੍ਹਾਂ ਬਹੁਤੇ ਰਿਸ਼ਤਿਆਂ ਵਿਚ ਟੁੱਟ ਭੱਜ ਦਾ ਕਾਰਨ ਵੀ ਬੱਚਿਆਂ ਦੀਆਂ ਸਮੱਸਿਆਵਾਂ ਬਣਦੀਆਂ ਸਨ ਅਤੇ ਇਸ ਦਾ ਅਸਰ ਬੱਚਿਆਂ ਦੀ ਮਾਨਸਿਕਤਾ ਉਪਰ ਪੈਂਦਾ ਸੀ। ਅਜੇਹੇ ਬੱਚੇ ਅੱਗੇ ਸਮਾਜ ਦੀ ਸਿਰਦਰਦੀ ਦਾ ਕਾਰਨ ਬਣਦੇ ਸਨ। ਮੈਂ ਅਜੇਹੇ ਬੱਚਿਆਂ ਦੀ ਮਾਨਸਿਕਤਾ ਬਾਰੇ ਨਾਵਲ ਲਿਖਣਾ ਚਾਹੁੰਦਾ ਸੀ। ਬੱਚਿਆਂ ਦੀ ਇਸ ਗੁੰਝਲਦਾਰ ਮਾਨਸਿਕਤਾ ਪਿੱਛੇ ਰਿਸ਼ਤਿਆਂ ਦੀ ਟੁਟ ਭੱਜ, ਮਾਪਿਆਂ ਦਾ ਕੰਮਾ ਦੇ ਰੁਝੇਵਿਆਂ ਕਾਰਨ ਬੱਚਿਆਂ ਵੱਲ ਬਹੁਤਾ ਧਿਆਨ ਨਾ ਦੇ ਸਕਣਾ, ਬੱਚਿਆਂ ਦਾ ਬੇਬੀ-ਸਿੱਟਰਾਂ, ਪਾਲਕ ਮਾਵਾਂ, ਬਾਲ ਸੰਭਾਲ ਘਰਾਂ, ਬਾਲ ਸੁਧਾਰ ਘਰਾਂ ਵਿਚ ਰਹਿਣ ਵਰਗੇ ਕਈ ਕਾਰਕ ਕੰਮ ਕਰਦੇ ਹਨ। ਇਹਨਾਂ ਕਾਰਨਾਂ ਨੂੰ ਵੀ ਮੈਂ ਨਾਵਲ ਦਾ ਹਿੱਸਾ ਬਣਾਉਣਾ ਜ਼ਰੂਰੀ ਸਮਝਿਆ। ਕੈਨੇਡਾ ਦੀ ਸਰਕਾਰ ਬੱਚਿਆਂ ਦੀ ਸਾਂਭ ਸੰਭਾਲ ਪ੍ਰਤੀ ਬਹੁਤ ਸਤਰਕ ਹੈ। ਉਹ ਮਾਪਿਆਂ ਦੀ ਬੱਚਿਆਂ ਪ੍ਰਤੀ ਥੋੜੀ ਜਿਹੀ ਵੀ ਅਣਗਹਿਲੀ ਨੂੰ ਸਹਿਣ ਨਾ ਕਰਦੀ। ਮਾਪਿਆਂ ਵਲੋਂ ਛੋਟੀ ਜਿਹੀ ਗਲਤੀ ਕਰਨ 'ਤੇ ਝਟ ਬੱਚੇ ਨੂੰ ਆਪਣੀ ਦੇਖ ਰੇਖ ਹੇਠ ਲੈ ਲੈਂਦੀ ਹੈ, ਮਾਪੇ ਭਾਵੇਂ ਬੱਚੇ ਪ੍ਰਤੀ ਕਿੰਨੇ ਵੀ ਸੁਹਿਰਦ ਹੋਣ। ਇਸ ਲਈ ਮੈਂ ਕੈਨੇਡਾ ਵਿਚ ਬੱਚਿਆਂ ਦੀ ਸਾਂਭ ਸੰਭਾਲ ਦੇ ਕਾਨੂੰਨੀ ਪ੍ਰਬੰਧ ਨੂੰ ਵੀ ਨਾਵਲ ਦਾ ਭਾਗ ਬਣਾਉਣਾ ਚਾਹੁੰਦਾ ਸੀ। ਸੋ ਨਾਵਲ ਦੇ ਸਾਰੇ ਪੱਖਾਂ ਨੂੰ ਮੁੱਖ ਰਖਦਿਆਂ ਮੈਂ ਇਸ ਦੇ ਪਾਤਰਾਂ ਦੀ ਚੋਣ ਕੀਤੀ ਹੈ। ਨਾਵਲ ਵਿਚਲੇ ਸਾਰੇ ਪਾਤਰ ਸਮਾਂ, ਸਥਿਤੀਆਂ ਤੇ ਹਾਲਾਤ ਦੇ ਅਧੀਨ ਆਪਣੇ ਕਾਰਜ ਕਰੀ ਜਾਂਦੇ ਹਨ। ਸਮੇਂ ਦੀਆਂ ਸਥਿਤੀਆਂ ਨਾਵਲ ਵਿਚਲੇ ਉਤਰਾ ਚੜ੍ਹਾਵਾਂ ਨੂੰ ਸਿਰਜਣ ਵਿਚ ਸਹਾਈ ਹੁੰਦੀਆਂ ਹਨ।

**? ਤੁਸੀਂ ਹਰ ਨਾਵਲ ਵਿਚ ਲਿਖਿਆ ਹੈ ਕਿ ਨਾਵਲ ਦੇ ਪਾਤਰ, ਸਮਾਂ, ਸਥਾਨ, ਘਟਨਾਵਾਂ ਕਲਪਿਤ ਹਨ। ਜਿਸ ਦਾ ਭਾਵ ਹੈ ਕਿ ਇਹ ਨਾਵਲ ਸੱਚੀਆਂ ਘਟਨਾਵਾਂ ਤੇ ਪਾਤਰਾਂ 'ਤੇ ਅਧਾਰਤ ਹਨ। ਇਹ ਨੋਟ ਲਿਖਣ ਦੀ ਕੀ ਲੋੜ ਹੈ?**

– ਮੈਂ ਆਪਣੇ ਸਾਰੇ ਨਾਵਲਾਂ ਉਪਰ ਹੀ ਇਹ ਨੋਟ ਦਿੱਤਾ ਹੋਇਆ ਹੈ। ਅਸਲ ਵਿਚ ਇਹ ਨੋਟ ਲਿਖਣ ਦੀ ਲੋੜ ਹੀ ਉਦੋਂ ਪੈਂਦੀ ਹੈ, ਜਦੋਂ ਕੋਈ ਲਿਖਤ ਸੱਚੀਆਂ ਘਟਨਾਵਾਂ 'ਤੇ ਆਧਾਰਤ ਹੋਵੇ। ਬੇਸ਼ਕ ਮੈਂ ਹਰ ਨਾਵਲ ਉਪਰ ਇਹ ਨੋਟ ਲਿਖਿਆ ਹੈ ਫਿਰ ਵੀ ਮੈਨੂੰ ਕੁਝ ਸਾਥੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਨਾਵਲ 'ਦੁਨੀਆ ਕੈਸੀ ਹੋਈ' ਵਿਚ ਬੇਰੀਆਂ ਤੋੜਦੇ ਇਕ ਮਿੱਤਰ ਪਿਆਰੇ ਨੂੰ ਮੈਂ ਨਾਂਹਵਾਚੀ ਪਾਤਰ ਦੇ ਰੂਪ ਵਿਚ ਪੇਸ਼ ਕੀਤਾ, ਜਿਹੜਾ ਕਿ ਪੰਜਾਬ ਪੁਲੀਸ ਵਿਚ ਐਸ.ਆਈ. ਰਿਹਾ ਸੀ। ਪਾਤਰ

ਚਿਤਰਨ ਵਿਚ ਉਸ ਦੀ ਦਿੱਖ ਦਾ ਪਤਾ ਨਹੀਂ ਸੀ ਲਗਦਾ ਪਰ ਘਟਨਾਵਾਂ ਤੋਂ ਉਸ ਨੂੰ ਪਤਾ ਲੱਗ ਗਿਆ ਕਿ ਨਾਵਲ ਵਿਚ ਜੋ ਲਿਖਿਆ ਗਿਆ ਹੈ, ਉਹ ਉਸ ਬਾਰੇ ਹੀ ਹੈ। ਉਸ ਨੇ ਮੈਨੂੰ ਧਮਕੀ ਦੇਂਦਿਆਂ ਕਿਹਾ, "ਮੈਂ ਤੇਰੇ 'ਤੇ ਕੇਸ ਕਰ ਦੇਣੈ।" ਉਸ ਨੇ ਕੇਸ ਤਾਂ ਨਾ ਕੀਤਾ ਪਰ ਮੇਰੇ ਨਾਲ ਬੋਲਣਾ ਛੱਡ ਦਿੱਤਾ। ਇਸੇ ਤਰ੍ਹਾਂ ਨਾਵਲ 'ਭਗੌੜਾ' ਵਿਚ ਇਕ ਥਾਂ ਫਰਨੀਚਰ ਫੈਕਟਰੀ ਵਿਕਣ ਦਾ ਜ਼ਿਕਰ ਆਉਂਦਾ ਹੈ। ਫੈਕਟਰੀ ਵੇਚ ਦੇਣ ਦੇ ਕਾਰਨਾਂ ਵਿਚ ਇਕ ਪਾਤਰ ਦੇ ਨਾਂਹਵਾਚੀ ਰੋਲ ਦਾ ਵਰਨਣ ਵੀ ਹੈ। ਉਹ ਪਾਤਰ ਆਪ ਤਾਂ ਪੰਜਾਬੀ ਜਾਣਦਾ ਨਹੀਂ ਸੀ। ਜਦੋਂ ਉਸ ਦੇ ਸਹੁਰੇ ਨੇ ਨਾਵਲ ਪੜ੍ਹਿਆ ਤਾਂ ਉਸ ਨੇ ਉਹਨੂੰ ਦੱਸ ਦਿੱਤਾ। ਮੈਂ ਬਥੇਰਾ ਕਿਹਾ ਕਿ ਇਹ ਨਾਵਲ ਹੈ, ਇਸ ਦੇ ਪਾਤਰ ਕਾਲਪਨਿਕ ਹਨ ਪਰ ਉਹ ਮੇਰੇ ਨਾਲ ਗੁੱਸੇ ਹੀ ਰਿਹਾ। ਇਸੇ ਤਰ੍ਹਾਂ ਇਕ ਹੋਰ ਘਟਨਾ ਦਸਦਾ ਹਾਂ। 'ਵਿਗੋਚਾ' ਨਾਵਲ ਲਿਖਣ ਸਮੇਂ ਮੇਰਾ ਇਕ ਦੋਸਤ ਮੈਨੂੰ ਇਕ ਅਜੇਹੀ ਨਸ਼ੇੜੀ ਗੋਰੀ ਇਸਤਰੀ ਨਾਲ ਮੁਲਾਕਾਤ ਕਰਵਾਉਣ ਲੈ ਗਿਆ, ਜਿਹੜੀ ਉਹਨਾਂ ਦੇ ਕਰਾਏ ਵਾਲੇ ਮਕਾਨ ਵਿਚ ਰਹਿੰਦੀ ਸੀ। ਕੁਝ ਸਮਾਂ ਉਹ ਨਸ਼ਾ ਤਸਕਰੀ ਵਿਚ ਵੀ ਉਲਝੀ ਰਹੀ ਸੀ। ਮੇਰੇ ਦੋਸਤ ਨੇ ਉਸ ਨਾਲ ਮੁਲਾਕਾਤ ਦਾ ਸਮਾਂ ਪਹਿਲਾਂ ਹੀ ਲਿਆ ਹੋਇਆ ਸੀ। ਅਸੀਂ ਬਾਰਾਂ ਬੀਅਰਾਂ ਦਾ ਇਕ ਕਰੇਟ ਉਸ ਵਾਸਤੇ ਲੈ ਗਏ। ਉਸ ਨੇ ਬੀਅਰਾਂ ਵਾਲਾ ਕਰੇਟ ਤਾਂ ਇਕ ਪਾਸੇ ਰੱਖ ਲਿਆ ਤੇ ਪੈਂਦੀ ਸੱਟੇ ਹੀ ਕਿਹਾ, "ਇਸ ਮੁਲਾਕਾਤ ਦੇ ਕਿੰਨੇ ਪੈਸੇ ਦਿਉਗੇ ਤੇ ਜਦੋਂ ਨਾਵਲ ਵਿਚ ਮੇਰਾ ਕਿਰਦਾਰ ਆ ਗਿਆ ਤਾਂ ਫਿਰ ਕੀ ਦਿਆ ਕਰੋਗੇ?" ਅਸੀਂ ਉਸ ਨੂੰ ਦੱਸਿਆ ਕਿ ਪੰਜਾਬੀ ਦੀਆਂ ਪੁਸਤਕਾਂ ਤੋਂ ਕੋਈ ਆਮਦਨ ਨਹੀਂ ਹੁੰਦੀ ਸਗੋਂ ਲੇਖਕ ਨੂੰ ਆਪਣੇ ਕੋਲੋਂ ਪੈਸੇ ਦੇ ਕੇ ਆਪਣੀਆਂ ਪੁਸਤਕਾਂ ਛਪਵਾਉਣੀਆਂ ਪੈਂਦੀਆਂ ਹਨ। ਉਸ ਨੇ ਕਿਹਾ, "ਮੈਂ ਨਹੀਂ ਜਾਣਦੀ ਕਿ ਤੁਹਾਨੂੰ ਕੁਝ ਮਿਲਦਾ ਹੈ ਜਾਂ ਨਹੀਂ ਪਰ ਮੈਂ ਪੈਸੇ ਲਏ ਬਿਨਾਂ ਆਪਣੀ ਵਿਥਿਆ ਨਹੀਂ ਦੱਸਣੀ। ਜੇ ਮੇਰੇ ਬਾਰੇ ਕੁਝ ਲਿਖਿਆ ਤਾਂ ਮੈਂ ਤੁਹਾਡੇ 'ਤੇ ਮੁਕਦਮਾ ਕਰ ਦੇਣੈ।"

ਕਈ ਵਾਰ ਨਾਵਲ ਵਿਚ ਕਿਸੇ ਪਾਤਰ ਨਾਲ ਵਾਪਰੀ ਘਟਨਾ ਉਸੇ ਨਾਮ ਵਾਲੇ ਮਨੁੱਖ ਨਾਲ ਵਾਪਰੀ ਹੁੰਦੀ ਹੈ। ਉਹ ਬੰਦਾ ਆਪਣਾ ਨਾਮ ਪੜ੍ਹ ਕੇ ਇਤਰਾਜ ਪਰਗਟਾਉਂਦਾ ਹੈ ਕਿ ਏਥੇ ਮੇਰਾ ਨਾਮ ਕਿਉਂ ਵਰਤਿਆ! ਸੋ ਇੰਨਾਂ ਗੱਲਾਂ ਤੋਂ ਡਰਦਿਆਂ ਹੀ ਉਪਰੋਕਤ ਸ਼ਬਦ ਲਿਖਣੇ ਪੈਂਦੇ ਹਨ।

**? ਤੁਹਾਡੇ ਨਾਵਲਾਂ ਦੇ ਪਾਤਰ ਜੱਟ ਕਿਸਾਨੀ ਵਿਚੋਂ ਆਉਂਦੇ ਹਨ। ਤੁਸੀਂ ਆਪਣੇ ਨਾਵਲਾਂ ਵਿਚੋਂ ਪੰਜਾਬ ਦੀਆਂ ਹੋਰ ਜਾਤੀ ਸਮੂਹਾਂ ਦੇ ਪਾਤਰ ਕਿਉਂ ਨਹੀਂ ਲੈ ਕੇ ਆਏ? ਕੀ ਉਨ੍ਹਾਂ ਦਾ ਅਨੁਭਵ ਨਹੀਂ ਹੈ।**

– ਪਹਿਲੀ ਗੱਲ, ਮੈਂ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਪਿੰਡਾਂ ਵਿਚ ਹੀ ਗੁਜ਼ਾਰਿਆ ਹੈ, ਜਿੱਥੇ ਜਾਤ ਪਾਤ ਦਾ ਬੋਲ-ਬਾਲਾ ਰਿਹਾ ਹੈ। ਅਧਿਆਪਕ ਹੋਣ ਦੇ ਨਾਤੇ, ਸਮਾਜਿਕ ਤੇ ਟਰੇਡ ਯੂਨੀਅਨ ਦੇ ਕੰਮਾਂ ਵਿਚ ਸਰਗਰਮ ਰਹਿਣ ਕਾਰਨ ਮੈਂ ਹਰ ਜਾਤੀ ਦੇ ਮਨੁੱਖ ਨਾਲ ਬਹੁਤ ਨੇੜਿਉਂ ਵਿਚਰਿਆ ਹਾਂ। ਇਸ ਲਈ ਮੈਂ ਜਾਤੀ ਸਮੂਹਾਂ ਦੇ ਅਨੁਭਵ ਤੋਂ ਕੋਰਾ ਨਹੀਂ ਪਰ ਨਾਵਲਾਂ ਦੇ ਵਿਸ਼ੇ ਅਨੁਸਾਰ ਪਾਤਰਾਂ ਦੀ ਚੋਣ ਕਰਨੀ ਪੈਂਦੀ ਹੈ। ਦੂਸਰੀ ਗੱਲ ਇਹ ਹੈ ਕਿ ਮੇਰੇ ਨਾਵਲਾਂ ਦੇ ਬਹੁਤੇ ਪਾਤਰ ਕਿਸਾਨੀ ਵਿਚੋਂ ਹਨ, ਉਹਨਾਂ ਵਿਚ ਜੱਟ ਵੀ ਹਨ ਤੇ ਹੋਰ ਜਾਤੀਆਂ ਦੇ ਕਿਸਾਨ ਵੀ। ਮੈਂ ਇਹ ਵੀ ਸਪਸ਼ਟ ਕਰ ਦਿਆਂ ਕਿ ਮੈਂ ਆਪ ਕਿਸਾਨੀ ਪਰਿਵਾਰ ਵਿਚੋਂ ਹਾਂ ਪਰ ਜੱਟ ਪਰਿਵਾਰ ਵਿਚੋਂ ਨਹੀਂ। ਮੈਂ ਆਪਣੇ ਨਾਵਲਾਂ ਵਿਚ ਕਿਸੇ ਵਿਸ਼ੇਸ਼ ਜਾਤੀ ਵਰਗ ਦਾ ਜ਼ਿਕਰ ਨਹੀਂ ਕੀਤਾ। ਇਸੇ ਕਰਕੇ ਮੇਰੇ ਬਹੁਤੇ ਪਾਤਰਾਂ ਦੀ ਜਾਤੀ ਦਾ ਪਤਾ ਨਹੀਂ ਲਗਦਾ। ਗੋਤਾਂ ਤੋਂ ਕਿਸੇ ਦੀ ਜਾਤ ਨਹੀਂ ਪਰਖੀ ਜਾ ਸਕਦੀ ਕਿਉਂਕਿ ਮਾਲਵੇ ਵਿਚ ਬਹੁਤੇ ਗੋਤ ਰਲਵੇਂ ਮਿਲਵੇਂ ਹਨ। ਜਿਵੇਂ; 'ਗਿੱਲ' ਤੇ 'ਸਿੱਧੂ' ਗੋਤ ਮਜ਼ਬੀ, ਤਰਖਾਣ, ਟਾਂਕ ਕਸ਼ਤਰੀ (ਦਰਜੀ, ਛੀਂਬਾ), ਨਾਈ, ਰਵੀਦਾਸੀਆ ਆਦਿ ਜਾਤੀਆਂ ਦੇ ਵੀ ਹਨ। ਨਾਵਲਾਂ ਨੂੰ ਅਲੋਚਨਾਤਮਿਕ ਦ੍ਰਿਸ਼ਟੀ ਨਾਲ ਪੜ੍ਹਿਆਂ ਪਤਾ ਲੱਗੇਗਾ ਕਿ ਮੈਂ ਆਪਣੇ ਨਾਵਲਾਂ ਵਿਚ ਜਾਤ ਪਾਤ ਅਤੇ ਧਾਰਮਿਕ ਪੱਖ ਨੂੰ ਬੜ੍ਹਾਵਾ ਨਹੀਂ

ਦਿੱਤਾ। ਉਂਞ ਮੇਰੇ ਸਾਰੇ ਨਾਵਲਾਂ ਵਿਚ ਜੱਟਾਂ ਤੋਂ ਬਿਨਾਂ ਹੋਰ ਜਾਤੀਆਂ ਦੇ ਪਾਤਰ ਵੀ ਹਨ। 'ਵਿਗੋਚਾ' ਨਾਵਲ ਵਿਚ ਤਾਂ ਰਵੀਦਾਸੀਆ ਜਾਤੀ ਦਾ ਇਕ ਪਾਤਰ 'ਅਨੂਪ' ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਉਸ ਦੀ ਮੌਤ ਜੱਟ ਹਉਮੈ ਕਾਰਨ ਹੀ ਹੁੰਦੀ ਦਿਖਾਈ ਗਈ ਹੈ।

**? ਕੈਨੇਡਾ ਦਾ ਪੰਜਾਬੀ ਨਾਵਲ ਸਮੁੱਚੇ ਪੰਜਾਬੀ ਨਾਵਲ 'ਚ ਕਿਸ ਸਥਾਨ 'ਤੇ ਖੜ੍ਹਾ ਹੈ।**

– ਭਗਵੰਤ ਜੀ, ਮੇਰੇ ਵਿਚਾਰ ਵਿਚ ਅਜੋਕਾ ਕੈਨੇਡੀਅਨ ਪੰਜਾਬੀ ਨਾਵਲ ਸਮੁੱਚੇ ਪੰਜਾਬੀ ਨਾਵਲ ਦੇ ਬਰਾਬਰ ਖੜ੍ਹਾ ਹੈ। ਕੈਨੇਡਾ ਵਿਚ ਚੰਗਾ ਨਾਵਲ ਲਿਖਿਆ ਜਾ ਰਿਹਾ ਹੈ ਅਤੇ ਏਥੇ ਲਿਖੇ ਜਾ ਰਹੇ ਨਾਵਲਾਂ ਉਪਰ ਤਕਰੀਬਨ ਉਤਰੀ ਭਾਰਤ ਦੀ ਹਰ ਯੂਨੀਵਰਸਿਟੀ ਵਿਚ ਖੋਜ ਕਾਰਜ ਹੋ ਰਿਹਾ ਹੈ। ਇਕ ਨਿੱਕੀ ਜਿਹੀ ਹੋਰ ਉਦਾਹਰਨ, ਪੰਜਾਬੀ ਸਾਹਿਤ ਵਿਚ ਦਿੱਤੇ ਜਾਂਦੇ ਇਨਾਮਾਂ ਵਿਚ, ਪੈਸਿਆਂ ਦੇ ਪੱਖ ਤੋਂ (ਪਹਿਲਾ ਇਨਾਮ 25000 ਡਾਲਰ) ਸਭ ਤੋਂ ਵੱਡਾ ਇਨਾਮ 'ਢਾਹਾਂ ਗਲਪ ਇਨਾਮ' ਹੈ ਜਿਹੜਾ ਕਿ 2014 ਤੋਂ ਵੈਨਕੂਵਰ ਵਿਚ ਸ਼ੁਰੂ ਹੋਇਆ ਹੈ। 2015 ਦੇ ਢਾਹਾਂ ਇਨਾਮ ਲਈ ਮੁਕਾਬਲੇ ਵਿਚ ਆਈਆਂ ਅਨੇਕ ਗਲਪ ਪੁਸਤਕਾਂ ਵਿਚੋਂ ਅਖੀਰ ਵਿਚ ਜਿਨ੍ਹਾਂ ਪੰਜਾਂ ਪੁਸਤਕਾਂ ਦੀ ਚੋਣ ਕੀਤੀ ਗਈ, ਉਹਨਾਂ ਵਿਚ ਇਕ ਕਹਾਣੀ ਸੰਗ੍ਰਹਿ ਤੇ ਚਾਰ ਨਾਵਲ ਸਨ। ਚਾਰਾਂ ਵਿਚਇਕ ਇੰਗਲੈਂਡ ਵਿਚ ਲਿਖਿਆ ਗਿਆ ਤੇ ਇਕ ਕੈਨੇਡਾ ਵਿਚ ਲਿਖਿਆ ਗਿਆ ਨਾਵਲ ਸੀ। ਪੰਜਾਂ ਪੁਸਤਕਾਂ ਵਿਚੋਂ ਹੀ ਪਹਿਲੇ ਤੇ ਦੂਜੇ ਇਨਾਮ ਲਈ ਚੋਣ ਕੀਤੀ ਗਈ ਸੀ। ਚਾਰਾਂ ਨਾਵਲਾਂ ਵਿਚੋਂ ਦੋ ਬਦੇਸ਼ਾਂ ਵਿਚ ਲਿਖੇ ਗਏ ਪੰਜਾਬੀ ਨਾਵਲ ਸਨ। ਸੋ ਕਹਿ ਸਕਦੇ ਹਾਂ ਕਿ ਸਮੁੱਚੇ ਨਾਵਲ ਵਿਚ ਕੈਨੇਡਾ ਦੇ ਪੰਜਾਬੀ ਨਾਵਲ ਦਾ ਸਥਾਨ ਬਰਾਬਰ ਦਾ ਹੈ।

**? ਦੁਨੀਆ ਕੈਸੀ ਹੋਈ' ਤੋਂ 'ਬੇਗਾਨੇ' ਤਕ ਤੁਹਾਡੇ ਨਾਵਲ ਨਿਰੰਤਰ ਵਿਕਾਸ ਕਰਦੇ ਹਨ। ਇਨ੍ਹਾਂ ਵਿਚ ਵਿਸ਼ੇ ਜ਼ਰੂਰ ਨਵੇਂ ਹਨ ਪਰੰਤੂ ਸ਼ਿਲਪ ਤੇ ਬ੍ਰਿਤਾਂਤ ਪਰੰਪਰਕ ਪੈਟਰਨ ਵਾਲੇ ਹਨ। ਕੀ ਤੁਸੀਂ ਇਸ ਗੱਲ ਨੂੰ ਮੰਨਦੇ ਹੋ? ਜੇ ਨਹੀਂ ਤਾਂ ਆਪਣੇ ਸ਼ਿਲਪ ਤੇ ਬ੍ਰਿਤਾਂਤ ਦੀਆਂ ਖੂਬੀਆਂ ਬਾਰੇ ਦੱਸੋ।**

– ਆਪ ਜੀ ਦੀ ਸੋਚ ਅਨੁਸਰ ਇਹ ਗੱਲ ਸਹੀ ਹੋਵੇਗੀ। ਮੇਰੇ ਨਾਵਲਾਂ ਵਿਚ ਸ਼ਿਲਪ ਤੇ ਬ੍ਰਿਤਾਂਤ ਦੀਆਂ ਖੂਬੀਆਂ ਨਾ ਵੀ ਹੋਣ ਪਰ ਮੇਰੇ ਵਿਚਾਰ ਅਨੁਸਾਰ, ਮੇਰੇ ਸਾਰੇ ਨਾਵਲਾਂ ਵਿਚਲੇ ਸ਼ਿਲਪ ਤੇ ਬ੍ਰਿਤਾਂਤ ਵਿਚ ਪਰੰਪਰਕ ਨਾਵਲਾਂ ਨਾਲੋਂ ਵਖਰੇਵਾਂ ਜ਼ਰੂਰ ਹੈ। 'ਦੁਨੀਆਂ ਕੈਸੀ ਹੋਈ' ਨਾਵਲ ਵਿਸ਼ੇ ਤੇ ਸ਼ਿਲਪ ਪੱਖੋਂ ਪੰਜਾਬੀ ਸਾਹਿਤ ਵਿਚ ਪਹਿਲਾ ਨਾਵਲ ਹੈ ਜਿਸ ਦਾ ਹਰ ਕਾਂਡ ਆਪਣੇ ਆਪ ਵਿਚ ਇਕ ਮੁਕੰਮਲ ਕਹਾਣੀ ਹੈ। ਇਸੇ ਤਰ੍ਹਾਂ ਦੂਸਰੇ ਨਾਵਲਾਂ ਵਿਚ ਬ੍ਰਿਤਾਂਤ ਦੀ ਥਾਂ ਬਹੁਤੀ ਵਾਰਤਾਲਾਪ ਤੇ ਮਨਬਚਨੀ ਅਤੇ ਚਿੱਠੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਮੈਂ ਨਹੀਂ ਸਮਝਦਾ ਕਿ ਲਕੀਰ ਦਾ ਫਕੀਰ ਬਣ ਕੇ ਮੈਂ ਨਾਵਲ ਲਿਖੇ ਹਨ।

**? ਤੁਹਾਡੇ ਸਾਰੇ ਨਾਵਲਾਂ ਵਿਚ ਇਕ ਸਾਂਝਾ ਸੂਤਰ ਲੱਭਦਾ ਹੈ ਕਿ ਤੁਸੀਂ ਗੋਰੀ ਚਮੜੀ ਵਾਲੇ ਪਾਤਰਾਂ ਦੇ ਸੁਹਜ ਤੇ ਪੰਜਾਬੀਆਂ ਦੇ ਕੁਹਝ ਨੂੰ ਚਿਤਰਦੇ ਹੋ। ਇਹ ਤੁਹਾਡਾ ਸੁਚੇਤ ਯਤਨ ਜਾਂ ਅਚੇਤ।**

–ਇਹ ਗੱਲ ਇੰਞ ਨਹੀਂ ਹੈ। ਜਿੱਥੇ ਜਿਸ ਤਰ੍ਹਾਂ ਦੇ ਪਾਤਰ ਦਾ ਰੋਲ ਹੈ ਉਸ ਨੂੰ ਉਸ ਤਰ੍ਹਾਂ ਹੀ ਚਿਤਰਿਆ ਗਿਆ ਹੈ। ਮੈਂ ਪੰਜਾਬੀਆਂ ਦੇ ਇਕੱਲੇ ਕੁਹਝ ਨੂੰ ਹੀ ਨਹੀਂ ਚਿਤਰਿਆ, ਪੰਜਾਬੀਆਂ ਦੇ ਸੁਹਝ ਨੂੰ ਵੀ ਚਿਤਰਿਆ ਹੈ। ਗੋਰੀ ਚਮੜੀ ਦੇ ਪਾਤਰਾਂ ਬਾਰੇ ਅਰਜ਼ ਹੈ ਕਿ ਪਰਵਾਸੀ ਪੰਜਾਬੀ ਸਾਹਿਤ ਅਤੇ ਆਮ ਬੋਲ ਬਾਣੀ ਵਿਚ ਇਕ ਧਾਰਨਾ ਬਣੀ ਹੋਈ ਹੈ ਕਿ ਗੋਰੀ ਚਮੜੀ ਵਾਲੇ ਚ੍ਰਿਤਰ ਦੇ ਮਾੜੇ ਹੁੰਦੇ ਹਨ, ਧੋਖੇਬਾਜ਼ ਹੁੰਦੇ ਹਨ ਅਤੇ ਆਪਣੇ ਪਿਆਰ ਪ੍ਰਤੀ ਵਫਦਾਰ ਨਹੀਂ ਹੁੰਦੇ। ਉਹ ਵਿਆਹ ਕਰਵਾ ਲੈਣ ਮਗਰੋਂ ਤਲਾਕ ਲੈਣ ਲੱਗੇ ਵੀ ਦੇਰ ਨਹੀਂ ਲਾਉਂਦੇ। ਪਰ ਜਦੋਂ ਮੇਰਾ ਵਾਹ ਗੋਰੀ ਚਮੜੀ ਵਾਲੇ ਆਮ ਲੋਕਾਂ ਨਾਲ ਪਿਆ ਤਾਂ ਮੈਂ ਜਾਣਿਆ ਕਿ ਗੱਲ ਬਿਲਕੁਲ ਇਸ ਦੇ ਉਲਟ ਹੈ। ਬਹੁਤੇ ਆਪਣੇ ਲੋਕ ਹੀ ਆਪਣੀ ਸਹੂਲਤ ਲਈ ਇਨ੍ਹਾਂ

ਲੋਕਾਂ ਨੂੰ ਵਰਤਦੇ ਦੇਖੇ ਗਏ। ਇਹ ਲੋਕ ਕਾਮ ਨੂੰ ਆਪਣੇ ਚ੍ਰਿਤਰ ਦਾ ਇਕ ਹਿੱਸਾ ਤਾਂ ਮੰਨਦੇ ਹਨ ਪਰ ਆਪਣੇ ਲੋਕਾਂ ਵਾਂਗ ਕਾਮ ਨੂੰ ਸੰਪੂਰਨ ਚ੍ਰਿਤਰ ਨਹੀਂ ਮੰਨਦੇ। ਸੋ ਗੋਰੀ ਚਮੜੀ ਵਾਲਿਆਂ ਦਾ ਜੋ ਚ੍ਰਿਤਰ ਚਿਤਰਨ ਹੋਇਆ ਹੈ, ਉਹ ਸੁਚੇਤ ਰੂਪ ਵਿਚ ਉਹਨਾਂ ਦੇ ਕਿਰਦਾਰ ਅਨੁਸਾਰ ਹੀ ਹੋਇਆ ਹੈ।

**? ਪਰਵਾਸੀ ਪੰਜਾਬੀਆਂ ਦੀ ਨੌਜਵਾਨ ਪੀੜ੍ਹੀ ਦਾ ਬਹੁਤ ਘੱਟ ਜ਼ਿਕਰ ਹੋਇਆ ਹੈ ਕਿ ਉਹ ਕਿਸ ਤਰ੍ਹਾਂ ਆਪਣੇ ਮਾਂ ਬਾਪ ਬਾਰੇ, ਉਹਨਾਂ ਦੇ ਕਲਚਰ ਬਾਰੇ ਅਤੇ ਉਹਨਾਂ ਦੇ ਪਰਿਵਾਰਕ, ਸਰੀਰਕ ਰਿਸ਼ਤਿਆਂ ਬਾਰੇ ਸੋਚਦੇ ਹਨ। ਜੇ ਕਿਤੇ ਹੋਇਆ ਹੈ ਤਾਂ ਹੇਰਵੇ ਵਾਲਾ ਜਿਵੇਂ, ਪੰਜਾਬੀਆਂ ਦੀ ਨਵੀਂ ਪੀੜ੍ਹੀ ਆਪਣੀ ਭਾਸ਼ਾ, ਆਪਣੇ ਸਭਿਆਚਾਰ ਨਾਲੋਂ ਟੁੱਟ ਰਹੀ ਹੈ। ਤੁਸੀਂ ਇਸ ਸਾਰੇ ਵਰਤਾਰੇ ਨੂੰ ਕਿਸ ਤਰ੍ਹਾਂ ਸੋਚਦੇ ਹੋ।**

- ਪਰਵਾਸੀ ਪੰਜਾਬੀਆਂ ਦੀ ਨੌਜਵਾਨ ਪੀੜ੍ਹੀ ਦਾ ਜ਼ਿਕਰ ਤਾਂ ਸਾਰੇ ਨਾਵਲਾਂ ਵਿਚ ਹੀ ਹੈ। 'ਭਗੌੜਾ'ਨਾਵਲ ਅਜੋਕੀ ਨੌਜਵਾਨ ਪੀੜ੍ਹੀ ਬਾਰੇ ਹੀ ਤਾਂ ਹੈ ਜਿਹੜੀ ਕਾਨੂੰਨੀ, ਗੈਰਕਾਨੂੰਨੀ ਢੰਗ ਨਾਲ ਬਦੇਸ਼ਾਂ ਵਿਚ ਵਸਣ ਲਈ ਉਤਾਵਲੀ ਹੈ। ਇਸੇ ਤਰ੍ਹਾਂ 'ਵਿਗੋਚਾ' ਨਾਵਲ ਵਿਚ ਵੀ ਨਸ਼ਿਆਂ ਨਾਲ ਸਬੰਧਤ ਨੌਜਵਾਨ ਪੀੜ੍ਹੀ ਹੀ ਜੁੜੀ ਹੋਈ ਹੈ। ਜਿਹੜੀ ਨੌਜਵਾਨ ਪੀੜ੍ਹੀ, ਆਪਣੇ ਮਾਪਿਆਂ, ਆਪਣੇ ਸਭਿਆਚਾਰ, ਆਪਣੇ ਪਰਿਵਾਰਕ ਤੇ ਸਰੀਰਕ ਰਿਸ਼ਤਿਆਂ ਬਾਰੇ ਕਿਵੇਂ ਸੋਚਦੀ ਹੈ, ਬਾਰੇ ਕਿਹਾ ਹੈ। ਇਹ ਇਕ ਵੱਖਰੇ ਨਾਵਲ ਦਾ ਵਿਸ਼ਾ ਹੋ ਸਕਦਾ ਹੈ, ਜਿਵੇਂ 'ਬੇਗਾਨੇ' ਨਾਵਲ ਵਿਚ ਛੋਟੇ ਬੱਚਿਆਂ ਦੀ ਸਮੱਸਿਆ ਨੂੰ ਲਿਆ ਗਿਆ ਹੈ। ਜਿਹੜੀ ਤੁਸੀਂ ਹੇਰਵੇ ਵਾਲੀ ਗੱਲ ਕੀਤੀ ਹੈ, ਇਸ ਬਾਰੇ ਮੈਂ ਸੁਚੇਤ ਜਾਂ ਅਚੇਤ ਕਿਤੇ ਵੀ ਹੇਰਵੇ ਦੀ ਗੱਲ ਨਹੀਂ ਕੀਤੀ। ਹਾਂ, ਮੈਂ ਪਿਛੋਕੜ ਦੇ ਮੁਹ ਦੀ ਗੱਲ ਜ਼ਰੂਰ ਆਪਣੇ ਨਾਵਲਾਂ ਵਿਚ ਕੀਤੀ ਹੈ। ਮੋਹ ਤੇ ਹੇਰਵੇ ਦੇ ਅਰਥਾਂ ਵਿਚ ਬਹੁਤ ਅੰਤਰ ਹੈ। ਰਹੀ ਗੱਲ ਪੰਜਾਬੀਆਂ ਦੀ ਨਵੀਂ ਪੀੜ੍ਹੀ ਦੇ ਆਪਣੀ ਭਾਸ਼ਾ, ਆਪਣੇ ਸਭਿਆਚਾਰ ਨਾਲੋਂ ਟੁੱਟਣ ਦੀ। ਇਸ ਪੀੜ੍ਹੀ ਨੇ ਨਹੀਂ ਤਾਂ ਅਗਲੀਆਂ ਪੀੜ੍ਹੀਆਂ ਨੇ ਆਪਣੇ ਸਭਿਆਚਾਰ ਤੇ ਬੋਲੀ ਨਾਲੋਂ ਟੁੱਟਣਾ ਹੀ ਟੁੱਟਣਾ ਹੈ। ਸਕੰਦਰ ਦੇ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਤਕ ਪੰਜਾਬ ਵਿਚ ਅਨੇਕਾਂ ਹੀ ਬਦੇਸ਼ੀ ਆਏ ਅਤੇ ਓਥੇ ਹੀ ਵਸ ਗਏ। ਹੌਲ਼ੀ ਹੌਲ਼ੀ ਉਹ ਪੰਜਾਬੀ ਸਭਿਆਚਾਰ ਵਿਚ ਰਲ-ਗਡ ਹੁੰਦੇ ਗਏ। ਉਹ ਆਪਣੀ ਬੋਲੀ ਨੂੰ ਵੀ ਭੁੱਲ ਗਏ ਤੇ ਪੰਜਾਬੀ ਬੋਲਣ ਲੱਗ ਪਏ। ਇਹ ਤਾਂ ਕੁਦਰਤੀ ਵਰਤਾਰਾ ਹੈ। ਸਮੁੰਦਰ ਨੇ ਨਦੀਆ ਨੂੰ ਆਪਣੇ ਵਿਚ ਸਮਾ ਹੀ ਲੈਣਾ ਹੁੰਦਾ ਹੈ। ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਵੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ।

**? ਤੁਸੀਂ ਪੰਜਾਬੀ ਅਲੋਚਨਾ ਤੋਂ ਕਿੰਨਾ ਕੁ ਸੰਤੁਸਟ ਹੋ। ਤੁਹਾਡੇ ਨਾਵਲਾਂ ਦਾ ਅਲੋਚਕਾਂ ਨੇ ਕਿੰਨਾ ਕੁ ਮੁੱਲ ਪਾਇਆ ਹੈ।**

- ਮੈਂ ਪੰਜਾਬੀ ਅਲੋਚਨਾ ਤੋਂ ਸੰਤੁਸ਼ਟ ਹਾਂ। ਜਦੋਂ ਮੇਰਾ ਨਾਵਲ 'ਦੁਨੀਆਂ ਕੈਸੀ ਹੋਈ' ਛਪਿਆ ਸੀ ਤਾਂ ਉਸੇ ਸਮੇਂ ਹੀ ਅਲੋਚਕਾਂ ਦੀ ਨਿਗਾਹ ਵਿਚ ਆ ਗਿਆ ਸੀ। ਨਾਵਲ ਦੇ ਛਪਣ ਸਾਰ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਵਿਚ ਇਕ ਕੁੜੀ ਨੇ ਇਸ ਉਪਰ ਐਮ.ਫਿਲ. ਕਰ ਲਈ ਸੀ। ਅਗਲੇ ਸਾਲ ਹੀ ਡਾ. ਵਰਿਆਮ ਸਿੰਘ ਸੰਧੂ ਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਇਸ ਨਾਵਲ ਉਪਰ ਗੋਸ਼ਟੀ ਕਰਵਾਈ ਜਿਸ ਵਿਚ ਨਾਮਵਰ ਅਲੋਚਕਾਂ ਵੱਲੋਂ ਪਰਚੇ ਪੜ੍ਹੇ ਗਏ। ਫਿਰ ਇਹ ਨਾਵਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਵਿਚ ਪਰਵਾਸੀ ਸਾਹਿਤ ਦੇ ਐਮ.ਏ. ਦੇ ਪਰਚੇ ਵਿਚ ਸ਼ਾਮਿਲ ਹੋ ਗਿਆ। ਇਸੇ ਤਰ੍ਹਾਂ ਮੇਰੇ ਸਾਰੇ ਨਾਵਲ ਉਤਰੀ ਭਾਰਤ ਦੀਆਂ ਬਹੁਤੀਆਂ ਯੂਨੀਵਰਸਿਟੀਆਂ ਵਿਚ ਐਮ.ਏ., ਐਮ.ਫਿਲ. ਤੇ ਪੀ.ਐਚ.ਡੀ. ਦੇ ਸਲੇਬਸਾਂ ਦਾ ਭਾਗ ਬਣੇ ਹਨ। ਇਸ ਤੋਂ ਬਿਨਾਂ ਮੇਰੇ ਨਾਵਲਾਂ ਉਪਰ ਲਿਖੇ ਗਏ ਅਲੋਚਨਾਤਮਿਕ ਪਰਚਿਆਂ ਦੀ ਇਕ ਸੰਪਾਦਤ ਪੁਸਤਕ 'ਜਰਨੈਲ ਸਿੰਘ ਸੇਖਾ- ਸਰੋਕਾਰ ਅਤੇ ਵਿਧੀ ਵਿਧਾਨ' ਡਾ. ਹਰਸਿਮਰਨ ਸਿੰਘ ਰੰਧਾਵਾ, ਮੁਖੀ ਪੰਜਾਬੀ ਵਿਭਾਗ ਕੁਰੂਕਸ਼ੇਤਰਾ ਯੂਨੀਵਰਸਿਟੀ (ਕੁਰੂਕਸ਼ੇਤਰ) ਹਰਿਆਣਾ

ਨੇ ਸੰਪਾਦਤ ਕੀਤੀ ਹੈ। ਸਾਹਿਤਕ ਗੋਸ਼ਟੀਆਂ ਵਿਚ ਮੇਰੇ ਨਾਵਲਾਂ ਦਾ ਅਕਸਰ ਹੀ ਜ਼ਿਕਰ ਹੁੰਦਾ ਰਹਿੰਦਾ ਹੈ। ਇਸ ਲਈ ਮੈਨੂੰ ਅਲੋਚਕਾਂ 'ਤੇ ਕੋਈ ਗਿਲਾ ਨਹੀਂ।

**? ਸਾਡੇ ਪੰਜਾਬ ਵਿਚ ਇਹ ਆਮ ਵਰਤਾਰਾ ਹੁੰਦਾ ਜਾ ਰਿਹਾ ਹੈ ਕਿ ਇਕ ਨਾਵਲ ਜਾਂ ਕਹਾਣੀ ਸੰਗ੍ਰਹਿ ਛਪਦਾ ਹੈ, ਦੋ ਸਾਲ ਬਾਅਦ ਉਸ 'ਤੇ ਅਲੋਚਨਾ ਦੀ ਪੂਰੀ ਕਿਤਾਬ ਸੰਪਾਦਤ ਹੋ ਕੇ ਛਪ ਜਾਂਦੀ ਹੈ। ਭਾਵ ਕਿ ਲੇਖਕ ਸਥਾਪਤ ਹੋਣ ਲਈ ਆਪ ਯਤਨ ਕਰਨ ਲੱਗ ਪਿਆ ਹੈ। ਤੁਸੀਂ ਇਸ ਕੰਮ ਵਿਚ ਲਗਦਾ ਹੈ, ਪਿੱਛੇ ਰਹਿ ਗਏ ਹੋ। ਕੀ ਇਸ ਤਰ੍ਹਾਂ ਦੇ ਯਤਨਾਂ ਨਾਲ ਵੱਡਾ ਲੇਖਕ ਬਣਿਆ ਜਾ ਸਕਦਾ ਹੈ?**

– ਸਵੈ–ਸਥਾਪਤੀ ਲਈ ਸਵੈ–ਯਤਨ ਵਾਲਾ ਇਹ ਵਰਤਾਰਾ ਪੰਜਾਬ ਵਿਚਲੇ ਲੇਖਕਾਂ ਵਿਚ ਹੀ ਨਹੀਂ ਬਦੇਸ਼ੀ ਲੇਖਕਾਂ ਵਿਚ ਵੀ ਦੇਖਣ ਨੂੰ ਮਿਲਦਾ ਹੈ। ਇਸ ਵਰਤਾਰੇ ਨਾਲ ਵੱਡੇ ਲੇਖਕ ਨਹੀਂ ਬਣਿਆ ਜਾ ਸਕਦਾ, ਵੱਡਾ ਲੇਖਕ ਬਣਨ ਲਈ ਵੱਡੀ ਲਿਖਤ ਦਾ ਹੋਣਾ ਜ਼ਰੂਰੀ ਹੈ। ਪਰ ਵੱਡਾ ਲੇਖਕ ਬਣਨਾ ਹਰ ਲੇਖਕ ਦੀ ਮਨਸ਼ਾ ਜ਼ਰੂਰ ਹੁੰਦੀ ਹੈ ਅਤੇ ਉਹ ਇਸ ਲਈ ਯਤਨ ਵੀ ਜ਼ਰੂਰ ਕਰਦਾ ਹੈ। ਜੀਅ ਤਾਂ ਮੇਰਾ ਕਰਦਾ ਹੈ ਕਿ ਮੇਰੇ ਨਾਵਲਾਂ ਦੀ ਚਰਚਾ ਹੋਵੇ ਪਰ ਸਥਾਪਤੀ ਲਈ ਆਪ ਚਰਚਾ ਕਰਵਾਉਣੀ ਤੇ ਆਪ ਪੁਸਤਕਾਂ ਲਿਖਵਾਉਣੀਆਂ ਮੇਰੇ ਵਸੋਂ ਬਾਹਰੀ ਗੱਲ ਹੈ। ਇਸ ਦੇ ਕਈ ਕਾਰਨ ਹਨ। ਮੇਰਾ ਸੰਗਾਊ ਤੇ ਗੰਭੀਰ ਸੁਭਾਅ। ਮੈਂ ਆਪਣੇ ਲਈ ਕੁਝ ਕਰਨ ਬਾਰੇ ਕਿਸੇ ਨੂੰ ਕਹਿ ਹੀ ਨਹੀਂ ਸਕਦਾ। ਜੇ ਮੈਂ ਇੰਨੀ ਜੋਗਾ ਹੁੰਦਾ ਤਾਂ ਪੰਜਾਬ ਵਿਚ ਰਹਿੰਦਿਆਂ ਹੀ ਆਪਣੀਆਂ ਕਹਾਣੀਆਂ ਉਪਰ ਚਰਚਾ ਕਰਵਾ ਸਕਦਾ ਸੀ। ਸਥਾਪਤ ਪੰਜਾਬੀ ਅਲੋਚਕਾਂ ਨਾਲ ਕਦੀ ਮੇਰੇ ਨੇੜਲੇ ਸਬੰਧ ਰਹੇ ਨਹੀਂ। ਇਕ ਹੋਰ ਕਾਰਨ ਕਰਕੇ ਵੀ ਮੈਂ ਆਪਣੀ ਚਰਚਾ ਕਰਵਾਉਣੋ ਅਸਮਰੱਥ ਰਿਹਾ ਹਾਂ। ਉਹ ਇਹ ਕਿ ਜਦੋਂ ਕਦੀ ਮੈਂ ਪੰਜਾਬ ਆਉਣਾ ਤਾਂ ਇਹੋ ਸੁਣਨ ਨੂੰ ਮਿਲਣਾ ਕਿ ਪਰਵਾਸੀ ਆਪਣੇ ਪੈਸਿਆਂ ਦੇ ਜੋਰ 'ਤੇ ਪਹਿਲਾਂ ਕਿਤਾਬਾਂ ਛਪਵਾਉਂਦੇ ਹਨ। ਫਿਰ ਸ਼ਰਾਬਾਂ ਦੀਆਂ ਛਬੀਲਾਂ ਲਾ ਕੇ ਗੋਸ਼ਟੀਆਂ ਕਰਵਾਉਂਦੇ ਹਨ, ਪਰਚੇ ਲਿਖਵਾਉਂਦੇ ਹਨ ਤੇ ਬਾਅਦ ਵਿਚ ਅਲੋਚਨਾ ਦੀਆਂ ਪੁਸਤਕਾਂ ਛਪਵਾਉਂਦੇ ਹਨ। ਮੇਰਾ ਮਨ ਕਹਿੰਦਾ ਕਿ ਆਪਾਂ ਇਹ ਕੰਮ ਨਹੀਂ ਕਰਨਾ ਅਤੇ ਮੇਰੇ ਕੋਲ ਛਬੀਲਾਂ ਲਾਉਣ ਤੇ ਵੱਡੀਆਂ ਗੋਸ਼ਟੀਆਂ ਕਰਵਾਉਣ ਦੀ ਇੰਨੀ ਪਹੁੰਚ ਵੀ ਨਹੀਂ ਸੀ। ਸੋ ਮੈਂ ਇਸ ਵਰਤਾਰੇ ਤੋਂ ਬਚਣਾ ਬਿਹਤਰ ਸਮਝਿਆ। ਮੇਰੇ ਪਹਿਲੇ ਨਾਵਲ 'ਦੁਨੀਆ ਕੈਸੀ ਹੋਈ' 'ਤੇ ਹੁਣ ਤਕ ਇਕੋ ਗੋਸ਼ਟੀ ਹੋਈ ਹੈ, ਉਹ ਵੀ ਡਾ. ਵਰਿਆਮ ਸਿੰਘ ਸੰਧੂ ਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਕਰਵਾਈ ਸੀ, ਜਿਸ ਵਿਚ ਜਲੰਧਰ ਵਿਚਲੇ ਕਾਲਜਾਂ ਵਿਚ ਪੜ੍ਹਦੇ ਐਮ. ਏ. ਦੇ ਵਿਦਿਆਰਥੀ ਇਕੱਠੇ ਕੀਤੇ ਗਏ ਸਨ। ਉਸ ਗੋਸ਼ਟੀ ਕਰਵਾਉਣ ਤੋਂ ਪਹਿਲਾਂ ਮੈਂ ਸੰਧੂ ਸਹਿਬ ਨੂੰ ਇਕ ਕਹਾਣੀਕਾਰ ਦੇ ਤੌਰ 'ਤੇ ਜਾਣਦਾ ਸੀ ਪਰ ਮਿਲਿਆ ਕਦੀ ਨਹੀਂ ਸੀ ਅਤੇ ਨਾ ਹੀ ਕਦੀ ਉਹਨਾ ਨਾਲ ਕੋਈ ਚਿੱਠੀ ਪੱਤਰ ਦਾ ਵਟਾਂਦਰਾ ਹੋਇਆ ਸੀ। ਉਸ ਗੋਸ਼ਟੀ ਉਪਰ ਸਾਰਾ ਖਰਚ ਕਾਲਜ ਵਾਲਿਆਂ ਹੀ ਕੀਤਾ ਸੀ। ਇਸੇ ਤਰ੍ਹਾਂ 'ਭਗੌੜਾ' ਨਾਵਲ ਉਪਰ ਗੋਸ਼ਟੀਆਂ ਨਾਵਲ ਅਕੈਡਮੀ ਲੁਧਿਆਣਾ ਅਤੇ ਲੋਕ ਸਾਹਿਤ ਅਕੈਡਮੀ ਮੋਗਾ ਵੱਲੋਂ ਕਰਵਾਈਆਂ ਗਈਆਂ ਸਨ। 'ਵਿਗੋਚਾ' ਨਾਵਲ ਉਪਰ ਵੀ ਦੋ ਗੋਸ਼ਟੀਆਂ ਹੋਈਆਂ ਸਨ। ਇਕ ਗੋਸ਼ਟੀ ਗੋਵਿੰਦ ਨੈਸ਼ਨਲ ਕਾਲਜ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਚ ਅਤੇ ਦੂਜੀ ਡਾ. ਗੁਰਪਾਲ ਸਿੰਘ ਸੰਧੂ ਨੇ ਚੰਡੀਗੜ੍ਹ ਕਰਵਾਈ ਸੀ। ਮੈਂ ਇਨ੍ਹਾਂ ਸਾਰੀਆਂ ਗੋਸ਼ਟੀਆਂ ਵਿਚ ਇਕ ਲੇਖਕ ਦੇ ਨਾਤੇ ਸ਼ਾਮਿਲ ਹੋਇਆ ਸੀ। ਸਾਰਾ ਖਰਚਾ ਗੋਸ਼ਟੀਆ ਕਰਵਾਉਣ ਵਾਲਿਆਂ ਹੀ ਚੁੱਕਿਆ ਸੀ। 'ਚੇਤਿਆਂ ਦੀ ਚਿਲਮਨ' ਪੰਜਾਬੀ ਯੂਨਵਰਸਿਟੀ ਪਟਿਆਲਾ ਦੇ ਪਰਵਾਸੀ ਸਮੇਲਨ ਵਿਚ ਰੀਲੀਜ਼ ਹੋ ਗਈ ਸੀ। 'ਬੇਗਾਨੇ' ਨਾਵਲ ਉਪਰ ਕੋਈ ਗੋਸ਼ਟੀ ਕਰਵਾਈ ਹੀ ਨਹੀਂ ਗਈ ਅਤੇ ਨਾ ਹੀ ਮੇਰੇ ਵੱਲੋਂ ਇਸ ਨੂੰ ਕਿਸੇ ਥਾਂ ਰੀਲੀਜ਼ ਕੀਤਾ ਗਿਆ ਹੈ। ਵੈਸੇ ਉਪਰੋਕਤ ਗੋਸ਼ਟੀਆਂ ਨੂੰ ਆਯੋਜਤ ਕਰਵਾਉਣ ਲਈ ਕੁਝ ਦੋਸਤਾਂ ਹੀਲਾ ਜ਼ਰੂਰ

ਕੀਤਾ। ਇਹ ਹੀਲਾ ਕਰਨ ਵਾਲਿਆਂ ਵਿਚ, ਜਲੰਧਰ ਦੀ ਗੋਸ਼ਟੀ ਲਈ ਮੁਹਿੰਦਰ ਸਿੰਘ ਪਰਵਾਨਾ ਦਿੱਲੀ, ਲੁਧਿਆਣਾ ਲਈ ਨਾਵਲ ਅਕੈਡਮੀ ਦੇ ਮੀਤ ਪ੍ਰਧਾਨ ਦਵਿੰਦਰ ਸਿੰਘ ਸੇਖਾ, ਮੋਗਾ ਲਈ ਬਲਦੇਵ ਸਿੰਘ ਸੜਕਨਾਮਾ ਤੇ ਡਾ. ਸੁਰਜੀਤ ਬਰਾੜ, ਨਾਰੰਗਵਾਲ ਲਈ ਸਤੀਸ਼ ਗੁਲਾਟੀ ਅਤੇ ਚੰਡੀਗੜ੍ਹ ਗੋਸ਼ਟੀ ਲਈ ਡਾ. ਗੁਰਪਾਲ ਸਿੰਘ ਸੰਧੂ ਮੋਹਰੀ ਸਨ। ਇਸੇ ਤਰ੍ਹਾਂ ਮੇਰੇ ਨਾਵਲਾਂ ਉਪਰ ਅਲੋਚਨਾਤਮਿਕ ਲੇਖਾਂ ਨੂੰ ਸੰਪਾਦਤ ਕਰ ਕੇ ਪੁਸਤਕ ਦਾ ਰੂਪ ਦੇਣ ਵਾਲੇ ਡਾ. ਹਰਸਿਮਰਨ ਸਿੰਘ ਰੰਧਾਵਾ ਦੇ ਮੈਂ ਅੱਜ ਤਕ ਦਰਸ਼ਨ ਨਹੀਂ ਕੀਤੇ। ਇਸ ਪੁਸਤਕ ਨੂੰ ਛਪਵਾਉਣ ਲਈ ਯੋਗਦਾਨ ਪਾਉਣ ਵਾਲੇ ਮੇਰੇ ਨਾਵਲਾਂ ਦੇ ਪ੍ਰਕਾਸ਼ਕ ਸਤੀਸ਼ ਗੁਲਾਟੀ ਹਨ। ਇਸ ਕਿਤਾਬ ਨੂੰ ਛਪਵਾਉਣ ਵਿਚ ਮੇਰਾ ਕੋਈ ਯੋਗਦਾਨ ਨਹੀਂ। ਪਰ ਮੇਰੇ ਦਿਲ ਵਿਚ ਸਾਰੇ ਅਲੋਚਕਾਂ ਪ੍ਰਤੀ ਬਹੁਤ ਹੀ ਕਦਰ ਹੈ ਅਤੇ ਮੈਂ ਉਹਨਾਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਨਾਵਲਾਂ ਉਪਰ ਲੇਖ ਲਿਖੇ ਅਤੇ ਗੋਸ਼ਟੀਆਂ ਵਿਚ ਪੜ੍ਹੇ ਅਤੇ ਗੋਸ਼ਟੀਆਂ ਦਾ ਪ੍ਰਬੰਧ ਕੀਤਾ।

**? ਇਹ ਧਾਰਨਾ ਵੀ ਆਮ ਪ੍ਰਚੱਲਤ ਹੋ ਗਈ ਹੈ ਕਿ ਜਦੋਂ ਕਿਸੇ ਲੇਖਕ ਨੂੰ ਸਰਕਾਰੀ ਜਾਂ ਕਿਸੇ ਸੰਸਥਾ ਵਲੋਂ ਇਨਾਮ ਮਿਲਦਾ ਹੈ ਤਾਂ ਇਹ ਨਹੀਂ ਕਿਹਾ ਜਾਂਦਾ ਹੈ ਕਿ ਫਲਾਨੇ ਲੇਖਕ ਨੂੰ ਇਨਾਮ ਮਿਲ ਗਿਆ ਹੈ, ਇਹ ਕਿਹਾ ਜਾਂਦਾ ਹੈ ਕਿ ਫਲਾਨੇ ਲੇਖਕ ਨੇ ਇਨਾਮ ਲੈ ਲਿਆ ਹੈ। ਤੁਸੀਂ ਇਨਾਮ ਲੈਣ ਲਈ ਕਦੇ ਯਤਨ ਨਹੀਂ ਕੀਤਾ? ਇਨਾਮਾਂ ਦੀ ਰਾਜਨੀਤੀ ਨੂੰ ਤੁਸੀਂ ਕਿਵੇਂ ਲੈਂਦੇ ਹੋ।**

-ਭਗਵੰਤ ਜੀ, ਇਨਾਮਾਂ ਦੀ ਰਾਜਨੀਤੀ ਵਿਚ ਮੈਂ ਪਿਆ ਨਹੀਂ ਅਤੇ ਨਾ ਹੀ ਹੁਣ ਇਸ ਰਾਜਨੀਤੀ ਵਿਚ ਪੈਣ ਦੀ ਸੰਭਾਵਨਾ ਹੀ ਹੈ। ਰਹੀ ਇਨਾਮ ਲੈਣ ਵਾਲੀ ਗੱਲ, ਅਜੇ ਤਕ ਮੈਂ ਕੋਈ ਵੀ ਇਨਾਮ ਲੈਣ ਲਈ ਯਤਨ ਨਹੀਂ ਕੀਤਾ। ਉਂਵ ਇਨਾਮ ਮਿਲੇ ਵੀ ਬਹੁਤ ਘੱਟ ਹਨ ਪਰ ਮਾਣ ਸਨਮਾਣ ਬਹੁਤ ਮਿਲੇ ਹਨ। ਸਰਕਾਰੀ ਇਨਾਮ ਤਾਂ ਕੋਈ ਵੀ ਨਹੀਂ ਮਿਲਿਆ। ਪਰ ਅਨੇਕਾਂ ਸਾਹਿਤ ਸਭਾਵਾਂ ਤੇ ਹੋਰ ਅਦਾਰਿਆਂ ਨੇ ਮੈਨੂੰ ਸਮੇਂ ਸਮੇਂ ਸਨਮਾਨ ਦਿੱਤਾ ਹੈ।

**? ਅੰਤ ਵਿਚ ਅੱਜ ਕੱਲ੍ਹ ਕੀ ਨਵਾਂ ਲਿਖ ਰਹੇ ਹੋ। ਹਾਂ, ਤੁਸੀਂ ਆਪਣੀ ਜੀਵਨੀ ਦੇ ਅੰਸ਼ 'ਚੇਤਿਆਂ ਦੀ ਚਿਲਮਨ' ਵੀ ਲਿਖੀ ਹੈ। ਪੂਰੀ ਸਵੈਜੀਵਨੀ ਲਿਖਣ ਤੋਂ ਗੁਰੇਜ਼ ਕਿਉਂ ਕੀਤਾ। ਸਵੈ ਨੂੰ ਪਾਠਕਾਂ ਅੱਗੇ ਰੱਖਣਾ ਔਖਾ ਕਾਰਜ ਹੈ?**

- ਅੱਜ ਕੱਲ੍ਹ ਮੇਰੀ ਸਿਹਤ ਬਹੁਤੀ ਠੀਕ ਨਾ ਹੋਣ ਕਾਰਨ ਬਹੁਤ ਹੀ ਘਟ ਲਿਖਿਆ ਜਾ ਰਿਹਾ ਹੈ। ਤੁਹਾਡੇ ਸਵਾਲ ਦੇ ਜਵਾਬ ਵਿਚ ਦੱਸਦਿਆਂ ਕਿ ਮੈਂ ਆਪਣੀ ਸੰਪੂਰਣ ਸਵੈਜੀਵਨੀ ਲਿਖਣ ਤੋਂ ਕੋਈ ਗੁਰੇਜ਼ ਨਹੀਂ ਕੀਤਾ। ਮੈਂ ਕਿਹੜਾ ਕੋਈ ਘਪਲਿਆਂ ਵਿਚ ਫਸਿਆ ਹੋਇਆ ਸੀ, ਜਿਹੜਾ ਸਵੈ-ਜੀਵਨੀ ਲਿਖਣ ਤੋਂ ਗੁਰੇਜ਼ ਕਰਦਾ। ਆਪਣੀ ਤਾਂ ਸਪਸ਼ਟ, ਸਪਾਟ, ਸਿੱਧੀ ਸਾਦੀ ਤੇ ਸਘਰਸ਼ਮਈ ਜ਼ਿੰਦਗੀ ਰਹੀ ਹੈ। ਸਵੈ-ਜੀਵਨੀ ਦਾ ਪਹਿਲਾ ਭਾਗ 'ਚੇਤਿਆਂ ਦੀ ਚਿਲਮਨ' ਜਿਹੜਾ ਕਿ ਮੇਰੇ ਸਕੂਲੀ ਜੀਵਨ ਤਕ ਦੀ ਜੀਵਨੀ ਬਾਰੇ ਹੈ, ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਗਿਆ ਸੀ। ਅਗਲਾ ਭਾਗ ਲਿਖਿਆ ਜਾ ਰਿਹਾ ਹੈ। ਉਸ ਦੇ ਤਕਰੀਬਨ ਦਸ ਕੁ ਕਾਂਡ ਲਿਖ ਲਏ ਗਏ ਹਨ ਪਰ ਹੁਣ ਲਿਖਣ ਦੀ ਤੋਰ ਬਹੁਤ ਹੀ ਧੀਮੀ ਹੈ। ਸਿਹਤ ਨੇ ਸਾਥ ਦਿੱਤਾ ਤਾਂ ਜੀਵਨੀ ਦਾ ਇਹ ਭਾਗ ਵੀ ਛੇਤੀ ਹੀ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ। ਇਕ ਨਾਵਲ 'ਤੇ ਵੀ ਕੰਮ ਹੋ ਰਿਹਾ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਵੀ ਲਿਖਿਆ ਜਾਵੇਗਾ। ਜਿੰਨੀ ਦੇਰ ਸਾਹ ਚਲਦੇ ਹਨ, ਕਲਮ ਵੀ ਚਲਦੀ ਰਹੇ, ਇਹੋ ਕਾਮਨਾ ਕਰਦਾ ਹਾਂ।

Jarnail Singh Sekha, 7004 – 131 street, SURREY V3W 6M9, B.C. CANADA, Phone; 778 246 1087, Email; jsekha@hotmail.com

# ਕਹਾਣੀ / ਕਪਾਹ ਦੀਆਂ ਢੇਰੀਆਂ/ -ਪਰਵੇਜ਼ ਕੌਰ ਸੰਧੂ

*(ਅਮਰੀਕਾ ਰਹਿੰਦੀ ਪਰਵਾਸੀ ਕਹਾਣੀਕਾਰ ਪਰਵੇਜ਼ ਨੇ ਅਨੇਕਾਂ ਯਾਦਗਾਰੀ ਕਹਾਣੀਆਂ ਲਿਖੀਆਂ ਹਨ। ਉਸ ਦੀਆਂ ਕਹਾਣੀਆਂ ਦੀ ਅੱਜ ਵੀ ਚਰਚਾ ਹੁੰਦੀ ਹੈ ਜਦੋਂ ਕਿਤੇ ਪੰਜਾਬੀ ਕਹਾਣੀ ਦੀ ਗੱਲ ਚਲਦੀ ਹੈ। ਇਹ ਕਹਾਣੀ ਉਸ ਨੇ ਬੜੀ ਦੇਰ ਬਾਅਦ ਲਿਖੀ ਹੈ। ਲੇਖਕ ਜਦੋਂ ਕੋਈ ਰਚਨਾ ਸਿਰਜਦਾ ਨਹੀਂ ਤਾਂ ਉਹ ਉਦੋਂ ਵੀ ਆਪਣੇ ਮਨ ਵਿਚ ਕੁਝ ਨਾ ਕੁਝ ਸਿਰਜ ਰਿਹਾ ਹੁੰਦਾ ਹੈ। -ਸੰਪਾਦਕ)*

.........ਅਕਸਰ ਹੀ ਜਦੋਂ ਰਾਤ ਦੇ ਹਨੇਰੇ ਵਿੱਚ ਸਾਰਾ ਘਰ ਘੂਕ ਸੁੱਤਾ ਪਿਆ ਹੁੰਦੈ ਤਾਂ ਮੇਰੇ ਸਿਰ ਵਿੱਚ ਮੇਰਾ ਪਿੰਡ ਜਾਗ ਰਿਹਾ ਹੁੰਦੈ ? ਮੇਰਾ ਪਿੰਡ ... ਪਿੰਡ ਦੀਆਂ ਗਲੀਆਂ ... ਖੇਤ .. ਡੰਡੀਆਂ... ਪਗਡੰਡੀਆਂ... ਪਿੰਡ ਦਾ ਗੁਰਦਵਾਰਾ .. ਪਿੰਡ ਦੇ ਘਰ ਚੁਬਾਰੇ ... ਤੇ ਉਹਨਾ ਘਰਾਂ ਚੁਬਾਰਿਆਂ 'ਚ ਵੱਸਦੇ ਉਹ ਲੋਕ ਜਿਨਾ ਨੂੰ ਛੱਡਿਆਂ ਜੁੱਗ ਬੀਤ ਗਏ ਨੇ ? ਪਰ ਫੇਰ ਵੀ ਪਿੰਡ ਰੂਹ ਦੀ ਕਿਸੇ ਨੁੱਕਰੇ ਜਿਉਂ ਦਾ ਤਿਉਂ ਹੀ ਵੱਸਦਾ ਹੈ ? ਐਨੇ ਵਰਿਆਂ 'ਚ ਉਹ ਪਹਿਲਾਂ ਵਾਲਾ ਹੇਰਵਾ ਨਹੀ ਰਿਹਾ ? ਪਰ ਫੇਰ ਵੀ ਦਿਲ ਦੇ ਅੰਦਰ ਪਿੰਡ ਅਜੇ ਵੀ ਧੜਕਦਾ ਹੈ ? ਉਥੇ ਵੱਸਦੇ ਲੋਕ , ਰਿਸ਼ਤੇਦਾਰ , ਦੋਸਤ ਸਹੇਲੀਆਂ ਕਦੇ ਕਦਾਈ ਧੜਕਨ ਬਣ ਕੇ ਸਾਹਾਂ 'ਚ ਆ ਵੱਸਦੇ ਨੇ ?

ਨਿੱਕਾ ਜਿਹਾ ਪਿੰਡ ? ਇੱਕ ਪਾਸਿਉ 'ਵਾਜ਼ ਮਾਰੋ ਤਾਂ ਦੂਜੇ ਪਾਸੇ ਜਾ ਕੇ ਸੁਣ ਲਵੋ ? ਇੱਕੋ ਗੁਰਦਵਾਰਾ ... ਹਰ ਐਤਵਾਰ ਰੰਗ ਬਿਰੰਗੇ ਦੁਪੱਟੇ ਗੁਰਦਵਾਰੇ ਦੇ ਰਾਹ 'ਚ ਉੱਡਦੇ ਦਿਸਦੇ ... ਹੱਸਦੇ ਫਿਰਦੇ ਲੋਕਾਂ ਨੂੰ ਜਿਵੇਂ ਹਰ ਐਤਵਾਰ ਮੇਲੇ ਜਿੰਨਾ ਚਾਅ ਹੁੰਦਾ ? ਬਚਪਨ ਵਿੱਚ ਹਰ ਗੂਹੜੇ ਰੰਗ ਨਾਲ ਮੁਹੱਬਤ ਹੋ ਜਾਂਦੀ ਹੈ ਪਰ ਫਿੱਕੇ ਰੰਗਾਂ ਦੀ ਉਦਾਸੀ ਦੇ ਭੇਦ ਨੂੰ ਜਾਨਣ ਜਿੰਨੀ ਅਕਲ ਨਹੀ ਹੁੰਦੀ ? ਉੱਚੇ ਚੁਬਾਰਿਆਂ 'ਚ ਰਹਿਣ ਵਾਲੇ ਨਿਆਣਿਆਂ ਨੂੰ ਕੱਚੀਆਂ ਕੋਠੜੀਆਂ ਵਿੱਚ ਵਸਦੇ ਬਚਪਨ ਦੇ ਦਰਦ ਦਾ ਅਹਿਸਾਸ ਨਹੀ ਹੁੰਦਾ ... ਬਚਪਨ ਕੀ ਜਾਣੇ ਬੁਢਾਪੇ ਦੀ ਡੰਗੋਰੀ ਦੀ ਮਜਬੂਰੀ ਨੂੰ ... ਪਰ ਕੁਝ ਸੀ ਜਿਹੜਾ ਮੇਰੇ ਅੰਦਰ ਉਦੋਂ ਵੀ ਮਘਦਾ ਸੀ ਜਦੋਂ ਮੇਰਾ ਬਚਪਨ ਉਸ ਪਿੰਡ ਦੇ ਰਾਹਾਂ ਵਿੱਚ ਬੇਖੌਫ ਦੌੜਿਆ ਫਿਰਦਾ ਸੀ ?

ਪਿੰਡ ਵਿੱਚ ਇੱਕੋ ਗੁਰਦਵਾਰਾ ਸੀ ਪਰ ਇੱਕੋ ਪਿੰਡ ਵਿੱਚ ਦੋ ਸਿਵੇ ? ਜਿਉਂਦੇ ਲੋਕ ਇੱਕੋ ਪਿੰਡ ਵਿੱਚ ਰਹਿੰਦੇ ਨੇ ਤੇ ਮਰਨ ਤੋਂ ਬਾਅਦ ਵੱਖਰੇ ਸਿਵਿਆ 'ਚ ਕਿਉਂ ਜਾਂਦੇ ਨੇ ? ਇੱਕ ਸਿਵੇ ਵਿੱਚ ਸਿਰਫ ਪਿੰਡ ਦੇ ਇੱਕ ਵਰਗ ਦੇ ਲੋਕਾਂ ਦੀ ਅਰਥੀ ਜਾਂਦੀ ਹੈ ਤੇ ਦੂਜੇ ਵਿੱਚ ਪਿੰਡ ਦੇ ਇੱਕ ਦੂਜੇ ਵਰਗ ਦੇ ਲੋਕ ਤੇ ਮਰੇ ਪਸ਼ੂਆਂ ਨੂੰ ਲੈ ਕੇ ਕਿਉਂ ਜਾਂਦੇ ਨੇ ? ਜਦੋਂ ਮੇਰੇ ਬਚਪਨ ਨੇ ਆਲੇ ਦੁਆਲੇ ਨੂੰ ਸਮਝਣਾ ਸ਼ੁਰੂ ਕੀਤਾ ਸੀ ਉਦੋਂ ਤੋਂ ਹੀ ਇਹਨਾ ਗੱਲਾਂ ਦੇ ਸਵਾਲ ਜਵਾਬ ਮੇਰੇ ਅੰਦਰ ਜਗਣ ਬੁਝਣ ਲੱਗ ਪਏ ਸੀ ਤੇ ਮੈਨੂੰ ਅੱਜ ਵੀ ਯਾਦ ਹੈ ਕਿ ਪਿੰਡ ਦੇ ਵੱਡੇ ਸਿਵਿਆਂ ਕੋਲੋਂ ਲੰਘਣ ਲੱਗਿਆਂ ਮੇਰੇ ਅੰਦਰੋਂ ਤ੍ਰਾਹ ਨਿੱਕਲ ਜਾਂਦੀ ਸੀ ਪਰ ਪਿੰਡ ਦੇ ਬਾਹਰ ਵਾਲੇ ਸਿਵਿਆਂ ਕੋਲੋਂ ਮੈਨੂੰ ਕਦੇ ਡਰ ਨਹੀ ਸੀ ਲੱਗਿਆ ਪਰ ਉਥੋਂ ਲੰਘਣ ਲੱਗਿਆਂ ਕੁਝ ਸਵਾਲ ਮੇਰੇ ਅੰਦਰ ਜ਼ਰੂਰ ਉਠਦੇ ..ਇਹਨਾ ਸਿਵਿਆਂ ਨੂੰ ਹੱਡਾਰੋੜੀ ਕਿਉਂ ਕਹਿੰਦੇ ਨੇ ? ਹਰ ਵਾਰ ਮੇਰੇ ਅੰਦਰੋਂ ਸਵਾਲ ਉਠਦਾ ... ਇਹਨਾ ਸਵਾਲਾਂ ਨੂੰ ਸੋਚਦਿਆਂ ਸ਼ਾਇਦ ਡਰ ਨਾਂ ਦੀ ਚੀਜ਼ ਨੂੰ ਭੁੱਲ ਜਾਂਦੀ ਸਾਂ ?

ਸ਼ਾਇਦ ਅਜਿਹੇ ਸਵਾਲ ਮੇਰੇ ਅੰਦਰ ਮੇਰੇ ਬਾਪੂ ਨੇ ਬੀਜੇ ਸਨ ? ਜਾਤਾਂ ਧਰਮਾਂ ਨੂੰ ਨਾ ਮੰਨ ਕੇ ਹਰ ਗਰੀਬ ਗੁਰਬੇ ਦੀ ਲੋੜ ਵੇਲੇ ਨਾਲ ਖੜਨਾ ਮੇਰੇ ਬਾਪੂ ਦੇ ਅਨਗਿਣਤ ਗੁਣਾਂ ਵਿਚੋਂ ਇੱਕ ਵੱਡਾ ਗੁਣ ਇਹ ਵੀ ਸੀ ? ਇਹ ਮੇਰਾ ਬਾਪੂ ਹੀ ਸੀ ਜਿਹੜਾ ਸਵੇਰੇ ਸਵੇਰੇ ਘਰੋਂ ਖੇਤਾਂ ਨੂੰ ਜਾਂਦਾ ਆਪਣੇ ਨਾਲ ਕੰਮ ਕਰਨ

ਵਾਲਿਆ ਨੂੰ 'ਵਾਜ਼ ਮਾਰਨ ਗਿਆ ਉਹਨਾ ਦੇ ਘਰ ਚਾਹ ਪੀ ਜਾਂਦਾ ਸੀ ਤੇ ਕਈ ਵਾਰ ਇਸ ਗੱਲ ਨੂੰ ਵੱਡੀ ਬਣਾ ਕੇ ਗੁਆਂਢੀ ਬਾਹਮਣਾ ਦੀ ਬਜ਼ੁਰਗ ਔਰਤ ਮੇਰੇ ਬਾਪੂ ਨਾਲ ਲੜਨ ਆ ਜਾਇਆ ਕਰਦੀ ਸੀ ਤੇ ਮੇਰੇ ਬਾਪੂ ਨੇ ਹੱਸ ਕੇ ਕਹਿ ਦੇਣਾ,

"ਬੁੜੀਏ ਚਾਹ ਮੈਂ ਪੀਤੀ ਐ ਪਤਾ ਨਹੀ ਤੇਰਾ ਢਿੱਡ ਕਿਉਂ ਦੁਖਣ ਲੱਗ ਪੈਂਦਾ।"

ਤੇ ਉਹ ਬੁੜ ਬੁੜ ਕਰਦੀ ਆਪਣੇ ਘਰੇ ਜਾ ਵੜਦੀ ਉਸ ਵੇਲੇ ਮੈਨੂੰ ਆਪਣੇ ਬਾਪੂ ਵਿਚੋਂ ਕਿਸੇ ਹੀਰੋ ਦੀ ਤਸਵੀਰ ਦਿਸਦੀ ? ਬਚਪਨ ਵਾਲੀ ਅਕਲ ਹੌਲੀ ਹੌਲੀ ਵੱਡੀ ਹੁੰਦੀ ਜਾ ਰਹੀ ਸੀ ਤੇ ਉਮਰ ਦੇ ਨਾਲ ਨਾਲ ਅਜਿਹੇ ਸਵਾਲ ਹੋਰ ਉਠਣ ਲੱਗ ਪਏ ਸੀ ? ਐਨਾ ਵਖਰੇਵਾਂ ਕਿਉਂ ਸੀ ? ਇਹ ਕਦੇ ਸਮਝ ਨਹੀ ਸੀ ਆਈ ... ਬਚਪਨ ਚਲਾ ਗਿਆ ..ਦਿਨ ਲੰਘਦੇ ਗਏ ਪਰ ਪਿੰਡ ਦੀ ਨੁਹਾਰ ਨਹੀ ਬਦਲੀ ? ਪਿੰਡ ਛੱਡਿਆਂ ਜੁਗੜੇ ਬੀਤ ਗਏ ਨੇ ?

ਸੁਣੀਐ ਹੁਣ ਪਿੰਡ ਬਦਲ ਗਿਆ ਹੈ ? ਪਿੰਡ ਦੇ ਲੋਕ ਬਦਲ ਗਏ ਨੇ ?

ਪਿੰਡ ਕਿਵੇਂ ਬਦਲਿਆ ਹੋਵੇਗਾ ? ਉਥੋਂ ਦੇ ਲੋਕ ਕਿੰਜ ਬਦਲੇ ਹੋਣਗੇ ?

ਸ਼ਾਇਦ ਹੁਣ ਉਥੇ ਹਰ ਗਰੀਬ ਅਮੀਰ ਦੇ ਘਰਾਂ ਦੀਆਂ ਛੱਤਾਂ ਦੇ ਰੰਗ ਇੱਕੋ ਜਿਹੇ ਹੋਣਗੇ ?

ਜਾਂ ਫਿਰ ਹੁਣ ਪਿੰਡ ਦੀ ਸ਼ਮਸ਼ਾਨ ਘਾਟ ਵਿੱਚ ਜਾਤਾਂ ਤੇ ਧਰਮ ਨਹੀ ਪਰਖੇ ਜਾਂਦੇ ਹੋਣਗੇ ?

ਜਾਂ ਫੇਰ ਸ਼ਾਇਦ ਹੁਣ ਮੇਰੇ ਪਿੰਡ ਦੀਆਂ ਕਪਾਹ ਚੁਗਦੀਆਂ ਔਰਤਾਂ ਦੇ ਨਿਆਣੇ ਭਾਰੀਆਂ ਫੁੱਲਾਂ ਵਾਲੀਆਂ ਮਹਿੰਗੀਆਂ ਨਿਘੀਆਂ ਰਜਾਈਆਂ ਵਿੱਚ ਸੌਂਦੇ ਹੋਣਗੇ ?

ਅਕਸਰ ਬੇਤੁਕੇ ਸਵਾਲਾਂ ਦੇ ਜਵਾਬ ਆਪਣੇ ਅੰਦਰੋਂ ਲੱਭਦੀ ਮੈਂ ਬਚਪਨ ਦੀਆਂ ਯਾਦਾਂ ਵਿੱਚ ਗੁਆਚ ਜਾਂਦੀ ਹਾਂ ਜਦੋਂ ਮੇਰੀ ਮਾਂ ਗਰੀਬ ਔਰਤਾਂ ਦੇ ਝੁੰਡ ਨਾਲ ਕਪਾਹ ਚੁਗਣ ਜਾਇਆ ਕਰਦੀ ਸੀ ? ਮਾਂ ਦੀਆਂ ਉਹ ਸਾਥਣਾ ਸਾਰਾ ਦਿਨ ਸਹੇਲੀਆਂ ਵਾਂਗ ਹੱਸਦੀਆਂ , ਖੇਡਦੀਆਂ ਗੀਤ ਗਾਉਂਦੀਆਂ ਮਾਂ ਦੇ ਨਾਲ ਖੇਤਾਂ 'ਚ ਪਿੱਠ ਤੇ ਝੋਲੀਆਂ ਬੰਨੀ ਕਪਾਹ ਚੁਗਦੀਆਂ ਰਹਿੰਦੀਆਂ ਤੇ ਦਿਨ ਦੇ ਅਖੀਰ 'ਚ ਆਪੋ ਆਪਣੀ ਝੋਲੀ ਦੀ ਕਪਾਹ ਨੂੰ ਮਾਂ ਦੇ ਵਿਹੜੇ ਵਿੱਚ ਢੇਰੀ ਕਰਕੇ ਆਪ ਦੂਰ ਬੈਠ ਜਾਂਦੀਆਂ ? ਇਹੀ ਔਰਤਾਂ ਜਿਹੜੀਆਂ ਮੇਰੀ ਮਾਂ ਨਾਲ ਰਲ ਕੇ ਸਾਰਾ ਦਿਨ ਹੱਸਦੀਆਂ ਤੇ ਮਖੌਲ ਕਰਦੀਆਂ ਪਰ ਦਿਨ ਦੇ ਅਖੀਰ ਵਿੱਚ ਦੂਰ ਪੈਰਾਂ ਭਰ ਇਉਂ ਬੈਠ ਜਾਂਦੀਆਂ ਜਿਵੇਂ ਮੇਰੀ ਮਾਂ ਨੂੰ ਇਹ ਜਾਣਦੀਆਂ ਵੀ ਨਾ ਹੋਣ ? ਆਪਣੀਆਂ ਚੁੰਨੀਆਂ ਦੀਆਂ ਬੁੱਕਲਾਂ ਠੀਕ ਕਰਦੀਆਂ ਉਹ ਚੁੱਪ ਚਾਪ ਕਦੇ ਮਾਂ ਵੱਲ ਦੇਖਦੀਆਂ ਕਦੇ ਕਪਾਹ ਨੂੰ ਘੂਰਦੀਆਂ ?

ਤੇ ਮੇਰੀਆਂ ਨਿਆਣੀਆਂ ਨਜ਼ਰਾਂ ਨੂੰ ਚੰਗਾਂ ਨਾ ਲਗਦਾ ...?

ਤੇ ਮੇਰੀ ਮਾਂ ਕੱਲੀ ਕੱਲੀ ਝੋਲੀ ਦੀ ਕਪਾਹ ਦੇ ਦੋ ਹਿੱਸੇ ਬਣਾ ਦਿੰਦੀ ... ਦੇਖਦਿਆਂ ਦੇਖਦਿਆਂ ਹਰ ਝੋਲੀ ਵਿਚੋ ਚਿੱਟੀ ਦੁੱਧ ਕਪਾਹ ਦਾ ਇੱਕ ਵੱਡਾ ਢੇਰ ਬਣ ਜਾਂਦਾਂ ਤੇ ਇੱਕ ਨਿੱਕੀ ਜਿਹੀ ਢੇਰੀ ਕਪਾਹ ਚੁਗਣ ਵਾਲੀ ਦੀ ਝੋਲੀ ਵਿੱਚ ਮੁੜ ਪੈ ਜਾਂਦੀ ਤੇ ਉਹ ਔਰਤਾਂ ਜਿਹੜੀਆਂ ਸਾਰਾ ਦਿਨ ਮਾਂ ਨਾਲ ਮਿਹਨਤ ਕਰਦੀਆਂ ਮੁੜਕੋ ਮੁੜਕੀ ਹੁੰਦੀਆਂ ਉਹ ਕਪਾਹ ਦੀ ਨਿੱਕੀ ਜਿਹੀ ਢੇਰੀ ਚੁੱਕ ਕੇ ਮਾਂ ਨੂੰ ਅਸੀਸਾਂ ਦਿੰਦੀਆਂ ਹੋਈਆਂ ਆਪੋ ਆਪਣੇ ਰਾਹ ਪੈ ਜਾਂਦੀਆਂ .... ਤੇ ਮੈਨੂੰ ਆਪਣੀ ਮਾਂ ਬੜੀ ਬੇਈਮਾਨ ਲਗਦੀ ?

ਇਹ ਫਰਕ ਮੈਨੂੰ ਸਮਝ ਨਾ ਆਉਂਦਾ ... ਤੇ ਮੇਰੀ ਮਾਂ ਨੂੰ ਮੇਰੇ ਸਵਾਲਾਂ ਦੇ ਜਵਾਬ ਕਦੇ ਨਾ ਅਹੁੜਦੇ?

ਜਦੋਂ ਪਿੰਡ ਦੇ ਬਦਲਾਅ ਬਾਰੇ ਸੋਚਦੀ ਹਾਂ ਤਾਂ ਲਗਦਾ ਹੈ ਸ਼ਾਇਦ ਹੁਣ ਕਪਾਹ ਦੀਆਂ ਢੇਰੀਆਂ ਬਰਾਬਰ ਹੋ ਗਈਆਂ ਹੋਣ ਪਰ ਜਦੋਂ ਵੀ ਸਾਲਾਂ , ਵਰਿਆਂ ਬਾਅਦ ਜਦੋਂ ਵੀ ਪਿੰਡ ਜਾਂਦੀ ਹਾਂ ਕੁਝ ਨਵੇਂ ਸਵਾਲ ਤੇ ਕੁਝ ਦਰਦ ਸੂਟਕੇਸ 'ਚ ਭਰ ਕੇ ਲੈ ਆਉਂਦੀ ਹਾਂ ?

ਮੇਰਾ ਪਿੰਡ ਅਜੇ ਵੀ ਜਿਉਂ ਦਾ ਤਿਉਂ ਹੀ ਹੈ ? ਪਿੰਡ ਵੜਦਿਆਂ ਅਜੇ ਵੀ ਸਭ ਤੋਂ ਪਹਿਲਾਂ ਮੇਰਾ ਸਿਰ ਪਿੰਡ ਦੀ ਹੱਡਾਰੋੜੀ ਮੂਹਰੇ ਹੀ ਝੁਕਦਾ ਹੈ ..ਹਰ ਮੰਦਰ ਮਸਜਿਦ ਗੁਰਦਵਾਰੇ ਤੇ ਪਿੰਡ ਦੇ ਮਸਾਣ ਜਿਥੇ ਸਾਡੇ ਵੱਡੇ ਵਡੇਰੇ ਵੱਸਦੇ ਨੇ ਉਸ ਥਾਂ ਤੇ ਸਿਰ ਨੀਵਾਂ ਕਰ ਕੇ ਲੰਘਣਾ ਵੀ ਮੇਰੇ ਬਾਪੂ ਨੇ ਹੀ ਸਿਖਾਇਆ ਸੀ ਜਿਹੜਾ ਐਨੇ ਵਰਿਆਂ ਬਾਅਦ ਮੈਨੂੰ ਕਦੇ ਨਹੀ ਭੁੱਲਿਆ .... ਤੇ ਪਿੰਡ ਵੜਦਿਆਂ ਇਹ ਪਹਿਲੀ ਥਾਂ ਹੈ ਜਿਸ ਨਾਲ ਮੇਰਾ ਸਾਹਮਣਾ ਹੁੰਦਾ ਹੈ .. ਜਿਥੇ ਅਜੇ ਵੀ ਇੱਕ ਪਾਸੇ ਪਸ਼ੂਆਂ ਦੇ ਪਿੰਜਰਾਂ ਨੂੰ ਗਿਰਝਾਂ ਨੇ ਘੇਰਿਆ ਹੁੰਦਾ ਹੈ ਤੇ ਥੋੜੀ ਦੂਰ ਕਿਸੇ ਇਨਸਾਨ ਦੇ ਬੁਝੇ ਸਿਵੇ ਦੀ ਸੁਆਹ ..... ?

"ਮੈਂ ਇਸ ਪਿੰਡ ਦੀ ਧੀ ਹਾਂ ?"

ਜਿਥੇ ਇਨਸਾਨਾਂ ਤੇ ਮੱਝਾਂ ,ਕੱਟੀਆਂ, ਬਲਦਾਂ ਦਾ ਇੱਕੋ ਸਿਵੇ ਵਿੱਚ ਸਸਕਾਰ ਕੀਤਾ ਜਾਂਦਾਂ ਹੈ?

ਤੇ ਮੈਂ ਕੋਲੋਂ ਲੰਘਣ ਲੱਗਿਆਂ ਸ਼ਰਮਸ਼ਾਰ ਜਰੂਰ ਹੁੰਦੀ ਹਾਂ ? ਉਂਜ ਪਿੰਡ ਦੇ ਗੁਰਦਵਾਰੇ ਦਾ ਅਹਾਤਾ ਕਹਿੰਦੇ ਨੇ ਸੰਗਮਰ ਮਰ ਦਾ ਬਣਾ ਲਿਆ ਗਿਆ ਹੈ ?

ਮੈਨੂੰ ਕੁਝ ਬਦਲਿਆ ਨਹੀ ਦਿਸਦਾ ? ਕੁਝ ਬੇਵੱਸ ਚਿਹਰੇ ਕੁਝ ਮਜਬੂਰ ਨਕਸ਼ ਮੇਰੀ ਰੂਹ ਦੀਆਂ ਨੁੱਕਰਾਂ ਮੱਲ ਬੈਠਦੇ ਨੇ ? ਉਹਨਾ ਲੋਕਾਂ ਦੀਆਂ ਤੰਗੀਆਂ ਤਰੁਸ਼ੀਆਂ ਭਰੀ ਜ਼ਿੰਦਗੀ ਦੇਖ ਕੇ ਭਾਰਾ ਮੰਨ ਲੈ ਕੇ ਪਿੰਡੋਂ ਮੁੜ ਆਉਂਦੀ ਹਾਂ ? ਕੁਝ ਅਜਿਹੇ ਲੋਕ ਮੇਰੀ ਰੂਹ ਵਿੱਚ ਉਦੋਂ ਤੱਕ ਲੁਕਣਮੀਚੀ ਖੇਡਦੇ ਰਹਿੰਦੇ ਨੇ ਜਦੋਂ ਤੱਕ ਉਹ ਮੇਰੇ ਅੱਖਰਾਂ ਵਿੱਚ ਨਹੀ ਢਲ ਜਾਂਦੇ ?

ਉਹ ਲੋਕ ਬਚਪਨ ਵਿੱਚ ਵੀ ਉਥੇ ਸਨ ? ? ਉਹਨਾ ਦੀਆਂ ਘੁਟਣ ਭਰੀਆਂ ਜ਼ਿੰਦਗੀਆਂ ਵੀ ਉਥੇ ਹੀ ਸਨ ਪਰ ਉਦੋਂ ਇਹਨਾ ਗੱਲਾਂ ਬਾਰੇ ਸੋਚਣ ਵਾਲੀ ਐਨੀ ਮੱਤ ਨਹੀ ਸੀ ..ਉਦੋਂ ਕਪਾਹ ਦੀਆਂ ਵੱਡੀਆਂ ਛੋਟੀਆਂ ਢੇਰੀਆਂ ਪਿਛਲੇ ਕੌੜੇ ਸੱਚ ਦੀ ਸੂਝੀ ਨਹੀ ਸੀ ? ਬਚਪਨ 'ਚ ਜਿਨਾ ਚੀਜ਼ਾਂ ਦਾ ਅਹਿਸਾਸ ਵੀ ਨਹੀ ਹੁੰਦਾ ਵੱਡੇ ਹੋ ਕੇ ਉਹੀ ਗੱਲਾਂ ਦੇ ਮਤਲਬ ਬਦਲ ਜਾਂਦੇ ਨੇ ? ਵੱਡਿਆਂ ਦੀਆਂ ਜਿਹੜੀਆਂ ਗੱਲਾਂ ਤੇ ਉਦੋਂ ਹਾਸਾ ਆ ਜਾਇਆ ਕਰਦਾ ਸੀ ਉਹਨਾ ਗੱਲਾਂ ਦੇ ਮਾਇਨੇ ਹੁਣ ਸਮਝ ਆਉਂਦੇ ਨੇ ਤੇ ਫੇਰ ਦਿਲ ਕਿਧਰੇ ਡੂੰਘੀ ਉਦਾਸੀ 'ਚ ਡੁੱਬ ਜਾਂਦਾ ਹੈ ?

ਇਸ ਵਾਰ ਪਿੰਡ ਗਈ ਤਾਂ ਉਥੋਂ ਮੁੜਦਿਆਂ ਕਿੰਨਾ ਸਾਰਾ ਬੋਝ ਨਾਲ ਹੀ ਚੁੱਕ ਲਿਆਈ ? ਮਾਂ ਦੇ ਨਾਲ ਕਪਾਹ ਚੁਗਦੀਆਂ ਉਹ ਔਰਤਾਂ ਚੇਤੇ ਆਈਆਂ ...ਕਪਾਹ ਦੀਆਂ ਵੱਡੀਆਂ ਛੋਟੀਆਂ ਢੇਰੀਆਂ ਕਈ ਵਾਰ ਮੇਰੀਆਂ ਅੱਖਾਂ ਮੂਹਰੇ ਆ ਕੇ ਕਦੇ ਖਿੜ ਖਿੜ ਹੱਸੀਆਂ ਤੇ ਕਈ ਵਾਰ ਉਦਾਸ ਹੋਈਆਂ ? ਵੈਸੇ ਪਿੰਡ ਵਿੱਚ ਕੁਝ ਬਦਲ ਤਾਂ ਗਿਆ ਸੀ ? ਕੱਚੇ ਘਰਾਂ ਦੀ ਥਾਂ ਪੱਕੇ ਬਣ ਗਏ ਸੀ ? ਲੋਕਾਂ ਨੇ ਆਪਣੇ ਘਰਾਂ ਦੇ ਲੋਹੇ ਦੇ ਗੇਟ ਹੋਰ ਵੀ ਵੱਡੇ ਕਰ ਲਏ ਸੀ ? ਵੱਡੀਆਂ ਵੱਡੀਆਂ ਕੋਠੀਆਂ ਤੇ ਕਾਰਾਂ ਨੂੰ ਦੇਖ ਕੇ ਇੱਕ ਪਲ ਲਈ ਤਾਂ ਮਹਿਸੂਸ ਹੋਇਆ ਸੀ ਜਿਵੇਂ ਹੁਣ ਇਸ ਪਿੰਡ ਵਿੱਚ ਸਾਰੇ ਬਰਾਬਰ ਹੋਣਗੇ ....ਜੇ ਬਹੁਤਾ ਨਹੀ ਤਾਂ ਕੁਝ ਤਾਂ ਬਦਲਿਆ ਹੋਵੇਗਾ ? ਕਿੰਨੇ ਦਿਨ ਸੋਚਦੀ ਰਹੀ ਸਾਂ ?

ਪਿੰਡ 'ਚ ਬਹੁਤ ਸਾਰੇ ਨਵੇਂ ਚਿਹਰੇ ਦੇਖ ਕੇ ਮੈਨੂੰ ਆਪਣਾ ਆਪ ਬੇਗਾਨਾ ਜਾਪਿਆ ਸੀ ? ਨਵੀ ਪੀੜੀ ਲਈ ਮੈਂ ਕੋਈ ਪੁਰਾਣੀ ਜਿਹੀ ਖਬਰ ਸਾਂ ? ਉਹ ਪਿੰਡ ਦੀਆਂ ਗਲੀਆਂ ਜਿਥੇ ਮੈਂ ਬਿਨਾ ਨਾਗਾ ਭੱਜਦੀ ਫਿਰਦੀ ਸਾਂ .. ਗੁਆਂਢੀਆਂ ਦੇ ਬੂਹੇ ਜਿਹੜੇ ਕਦੇ ਮੇਰੇ ਲਈ ਬੰਦ ਨਹੀ ਸੀ ਹੋਏ ਹੁਣ ਮੇਰੇ ਹੱਥਾਂ ਦੀ ਦਸਤਕ ਨਾਲ ਤ੍ਰਬਕ ਜਾਂਦੇ ਸਨ ? ਕੁਝ ਪਿੰਜਰ ਹੋਏ ਸਿਆਣੇ ਬਜੁਰਗਾਂ ਦੇ ਕੰਬਦੇ ਹੱਥਾਂ ਨੇ ਜਦੋਂ ਮੇਰਾ ਸਿਰ ਪਲੋਸਿਆ ਸੀ ਤਾਂ ਮੇਰਾ ਹੁਬਕੀ ਰੋਣ ਨੂੰ ਦਿਲ ਕੀਤਾ ਸੀ ... ਤੇ ਉਹਨਾ ਪੁਰਾਣੇ ਚਿਹਰਿਆਂ ਵਿਚੋਂ ਅਚਾਨਕ ਇੱਕ ਦਿਨ ਬਚਪਨ ਦੇ ਕੁਝ ਭੋਲੇ ਭਾਲੇ ਨਕਸ਼ ਮੇਰੇ ਸਾਹਮਣੇ ਆਣ ਖੜੋਏ ਤੇ ਮੈਨੂੰ ਇੱਕ ਪਲ ਲਈ ਉਹ ਸਾਰਾ ਪਿੰਡ ਆਪਣਾ ਜਿਹਾ ਜਾਪਣ ਲੱਗ ਪਿਆ ... ਉਹ ਨਕਸ਼ ਸਨ ਰਾਣੀ ਦੇ ...ਮੇਰੇ ਬਚਪਨ ਦੀ ਸਹੇਲੀ .. ਉਹ ਨਿੱਕੀ ਜਿਹੀ ਕੁੜੀ ਜੀਹਦੇ ਨਾਲ ਖਬਰੇ ਮੈਂ ਕਿੰਨੀ ਵਾਰ ਗਲੀਆਂ ,

ਵਿਹੜਿਆਂ 'ਚ ਖੇਡੀ ਹੋਵਾਂਗੀ ? ਇੱਕ ਦੂਜੇ ਨਾਲ ਘਰ ਘਰ ਖੇਡਦਿਆਂ ਕਿੰਨੀ ਵਾਰ ਲੜੀ ਹੋਵਾਂਗੀ .?

ਰਾਣੀ ਮੈਨੂੰ ਗਲ ਲੱਗ ਕੇ ਮਿਲੀ ਵਰਿਆਂ ਦੀ ਵਿਛੜੀ ? ਬਚਪਨ ਦੀਆਂ ਕੁਝ ਗੱਲਾਂ ਸਾਂਝੀਆਂ ਕੀਤੀਆਂ ? ਬਹੁਤ ਕੁਝ ਭੁੱਲਿਆ ਯਾਦ ਕੀਤਾ ?

ਰਾਣੀ ਦੀ ਮਾਂ ਨੂੰ ਅਸੀਂ ਚਾਚੀ ਕਹਿੰਦੇ ਸਾਵਲੇ ਜਿਹੇ ਰੰਗ ਵਾਲੀ ਇਹ ਚਾਚੀ ਦੇ ਸਿਰ ਤੇ ਘਸਮੈਲਾ ਜਿਹਾ ਦੁਪੱਟਾ ਥੋੜਾ ਜਿਹਾ ਢਕਿਆ ਚਿਹਰਾ .. ਅੱਧਾ ਕੁ ਘੁੰਡ ... ਦੁਪੱਟੇ ਦਾ ਇੱਕ ਕਿਨਾਰਾ ਬੁੱਲਾ ਵਿੱਚ ਘੁੱਟ ਕੇ ਫੜਿਆ ਹੁੰਦਾ ? ਕਈ ਵਾਰ ਪੁਰਾਣੇ ਸੂਟ ਨਾਲ ਸੋਹਣੀ ਰੰਗਦਾਰ ਚੁੰਨੀ ਲੈ ਕੇ ਗਲੀ ਗੁਆਂਢ ਦੇ ਦਰਵਾਜੇ ਖੜਕਾਉਂਦੀ ਉਹ ਪਿੰਡ ਦੇ ਵਿਆਹਾਂ ਸ਼ਾਦੀਆਂ ਅਤੇ ਕੁੜਮਾਈਆਂ ਦੇ ਦਿਨਾ 'ਚ ਲੋਕਾਂ ਨੂੰ ਸੱਦੇ ਦਿੰਦੀ ਫਿਰਦੀ ? ਮੈਨੂੰ ਨਹੀ ਯਾਦ ਕਿ ਮੈਂ ਕਦੇ ਚਾਚੀ ਨੂੰ ਚੁੱਪ ਚੁਪੀਤੀ ਕੋਲੋਂ ਦੀ ਲੰਘਦੇ ਵੇਖਿਆ ਹੋਵੇ ? ਜਿਧਰੋਂ ਲੰਘਦੀ ਸਿਰ ਦੀ ਚੁੰਨੀ ਸਵਾਰਦੀ ਉਹ ਲੰਘਦੇ ਵੜਦੇ ਅਸੀਸਾਂ ਦਿੰਦੀ ?

"ਨੀ ਧੀਏ ਤੂੰ ਰਾਜੇ ਘਰ ਜਾਵੇਂ ... ਰੱਬ ਤੈਨੂੰ ਝੋਲੀਆਂ ਭਰ ਭਰ ਦੇਵੇ .. ਦੁੱਧੀ ਨਾਵੇਂ ਪੁੱਤੀ ਫਲੇ।"

"ਨੀ ਧਿਆਣੀਏ ... ਜੁੱਗ ਜੁੱਗ ਜੀਵੇ ਰੱਬ ਤੈਨੂੰ ਲਾਲਾਂ ਦੀ ਜੋੜੀ ਦੇਵੇ ....ਰੱਖ ਰੱਖ ਭੁੱਲੇ .. ।"

ਤੇ ਜੇ ਕੋਈ ਪ੍ਰਦੇਸਾਂ 'ਚੋਂ ਗਈ ਟੱਕਰ ਜਾਂਦੀ ਤਾਂ ਉਹਦੀ ਅਸੀਸ ਵੀ ਬਦਲ ਜਾਂਦੀ ?

" ਨੀ ਤੂੰ ਸੋਹਣੇ ਮੁਲਕ ਦੀਏ ਰਾਣੀਏ ਇੱਕ ਲਾਹੇਂ ਇੱਕ ਪਾਵੇਂ ਵਾਗੁਰੁ ਤੈਨੂੰ ਬਹੁਤਾ ਦੇਵੇ .......ਨੀ ਧੀਏ ਜਾਂਦੀ ਹੋਈ ਆਪਣਾ ਆਹ ਆਪਣਾ ਪੁਰਾਣਾ ਸੂਟ ਗਰੀਬਣੀ ਨੂੰ ਦਿੰਦੀ ਜਾਈ ....ਰੱਬ ਤੈਨੂੰ ਸੁਖੀ ਰੱਖੇ...?"

ਤੇ ਪਤਾ ਨਹੀ ਉਹ ਕਿੰਨਾ ਕੁਝ ਕਹਿੰਦੀ ਆਪਣਾ ਕੰਮ ਕਾਰ ਕਰਦੀ ਰਹਿੰਦੀ ਜਿਵੇਂ ਉਹਦੇ ਅੰਦਰ ਅਸੀਸਾਂ ਦਾ ਇੱਕ ਭੰਡਾਰ ਹੋਵੇ ਤੇ ਜਿਹੜਾ ਵੀ ਮੂਹਰੇ ਆਉਂਦਾ ਉਹ ਝੋਲੀਆਂ ਭਰ ਭਰ ਅਸੀਸਾਂ ਦਿੰਦੀ ਰਹਿੰਦੀ ? ਮੈਂ ਤੇ ਰਾਣੀ ਇਕਠੀਆਂ ਖੇਡਦੀਆਂ ? ਉਦੋਂ ਗਰੀਬੀ ਅਮੀਰੀ ਦਾ ਨਹੀ ਸੀ ਪਤਾ ਪਰ ਇੰਨਾ ਜ਼ਰੂਰ ਪਤਾ ਸੀ ਕਿ ਰਾਣੀ ਕੋਲ ਉਹੋ ਜਿਹੇ ਫਰਾਕ ਨਹੀ ਸੀ ਜਿਹੋ ਜਿਹੇ ਹੋਰ ਨਿਆਣਿਆਂ ਕੋਲ ਹੁੰਦੇ ? ਉਹਦੇ ਵਾਲਾਂ ਦੀਆਂ ਗੁੱਤਾਂ ਬਾਕੀ ਕੁੜੀਆਂ ਵਰਗੀਆਂ ਨਹੀ ਸੀ ਹੁੰਦੀਆਂ ? ਤੇ ਫੇਰ ਵਿਆਹਾਂ ਸ਼ਾਦੀਆਂ ਤੇ ਜਦੋਂ ਮੇਰੇ ਵਰਗੇ ਕਈ ਨਿਆਣੇ ਸੋਹਣੇ ਕਪੜੇ ਪਾ ਕੇ ਫਿਰਦੇ ਤਾਂ ਰਾਣੀ ਆਪਣੀ ਮਾਂ ਨਾਲ ਵਿਆਹ ਵਾਲੇ ਘਰ ਭਾਂਡੇ ਮਾਂਜ ਰਹੀ ਹੁੰਦੀ ਜਾਂ ਆਪਣੀ ਮਾਂ ਦੇ ਕੰਮ 'ਚ ਹਿੱਸਾ ਪਾ ਰਹੀ ਹੁੰਦੀ ?

ਤੇ ਰਾਣੀ ਦਾ ਪਿਤਾ ਦਿਨਾ ਸੁਦਾਂ ਦੇ ਸੁਨੇਹੇ ਰਿਸ਼ਤੇਦਾਰਾਂ ਨੂੰ ਦੇ ਕੇ ਆਉਂਦਾ ? ਵਿਆਹਾਂ ਮੰਗਣੀਆਂ ਵਾਲੇ ਦਿਨਾ 'ਚ ਉਹ ਗੁਲਾਬੀ ਪੱਗ ਬੰਨ ਕੇ ਸਾਇਕਲ ਨਾਲ ਝੋਲਾ ਬੰਨ ਕੇ ਤੁਰਿਆ ਫਿਰਦਾ ਆਮ ਦਿਸਦਾ ? ਸਾਡੇ ਨਿਆਣਿਆਂ ਲਈ ਉਹ ਚਾਚਾ ਸੀ ਪਰ ਪਿੰਡ ਵਾਲਿਆਂ ਦਾ ਉਹ ਰਾਜਾ ਸੀ ? ਉਹਦੀ ਸ਼ਕਲ ਸੂਰਤ ਜਾਂ ਉਹਦੀ ਰਹਿਣੀ ਬਹਿਣੀ ਕਿਤਾਬਾਂ ਵਾਲੇ ਰਾਜਿਆਂ ਨਾਲ ਨਹੀ ਸੀ ਮਿਲਦੀ ਪਰ ਪਿੰਡ ਸਾਰਾ ਉਹਨੂੰ ਰਾਜਾ ਹੀ ਕਹਿੰਦਾ ਸੀ ? ਮੈਨੂੰ ਇਸ ਫਰਕ ਦਾ ਕਦੇ ਪਤਾ ਨਹੀ ਸੀ ਲੱਗਾ ਕਿ ਇਹ ਕਿਹੜੀ ਰਿਆਸਤ ਦਾ ਰਾਜਾ ਹੋਵੇਗਾ ?

ਇਹ ਫਰਕ ਕਿਉਂ ਸੀ ? ਉਦੋਂ ਸਮਝ ਨਹੀ ਸੀ ? ਇੰਨਾ ਜ਼ਰੂਰ ਪਤਾ ਸੀ ਕਿ ਕੁਝ ਤਾਂ ਹੈ ਜਿਹੜਾ ਠੀਕ ਨਹੀ ਸੀ ? ਵਿਆਹਾਂ ਸ਼ਾਦੀਆਂ 'ਚ ਕੁਝ ਲੋਕ ਬਾਹਰ ਵਿਹੜੇ 'ਚ ਹੇਠਾਂ ਬੈਠ ਕੇ ਰੋਟੀ ਕਿਉਂ ਖਾਂਦੇ ਨੇ ? ਉਹਨਾ ਦੇ ਭਾਂਡੇ ਕਿਉਂ ਵੱਖਰੇ ਨੇ ? ਰਾਣੀ ਦੀ ਮਾਂ ਵਰਗੀਆਂ ਔਰਤਾਂ ਸਾਰਾ ਦਿਨ ਘਰ ਵਿੱਚ ਕੰਮ ਕਰਦੀਆਂ ਪਰ ਦਿਨ ਦੇ ਅਖੀਰ ਵਿੱਚ ਘਰ ਦੀ ਮਾਲਕਿਣ ਦੇ ਹੱਥ ਕੜਛੀ ਹੁੰਦੀ ? ਤੇ ਉਹਨਾ ਦੇ ਨਿਆਣਿਆਂ ਦੇ ਚਿਹਰਿਆਂ ਤੇ ਇੱਕ ਅਜੀਬ ਜਿਹੀ ਮਸੂਮੀਅਤ ਹੁੰਦੀ ? ਉਹ ਆਪਣੇ ਹਾਣੀ ਨਿਆਣਿਆਂ ਵੱਲ ਵਿਚਾਰੀ ਜਿਹੀ ਨਜ਼ਰ ਨਾਲ ਦੇਖਦੇ ... ਉਹਨਾ ਦੇ ਸੋਹਣੇ ਕਪੜਿਆਂ ਨੂੰ ਤਾੜਦੇ ਇਹ ਇੱਕ ਵਿਤਕਰਾ ਸੀ ਜਿਹੜਾ ਮੈਨੂੰ ਉਦੋਂ ਵੀ ਅੱਖਰਦਾ ਸੀ ? ਮੈਂ ਆਪਣੀ ਮਾਂ ਨੂੰ ਅਕਸਰ ਅਜਿਹੇ ਸਵਾਲ

ਪੁਛਦੀ ਜਿਨਾ ਦੇ ਜਵਾਬ ਮੇਰੀ ਮਾਂ ਨੂੰ ਕਦੇ ਨਾ ਆਉਂਦੇ ?

ਜ਼ਿੰਦਗੀ ਉਦੋਂ ਬਹੁਤ ਛੋਟੀ ਸੀ ਬਚਪਨ ਵਰਗੀ ? ਤੇ ਬਚਪਨ ਕਦੋਂ ਆਇਆ ਤੇ ਕਦੋਂ ਚਲਾ ਗਿਆ ਪਤਾ ਵੀ ਨਾ ਲੱਗਾ ? ਸਾਲਾਂ ਦੇ ਸਾਲ ਬੀਤ ਗਏ ਪਿੰਡ ਦੀਆਂ ਯਾਦਾਂ ਨਾਲ ਪਿੰਡ ਦੇ ਲੋਕ ਵੀ ਆਉਂਦੇ ਤੇ ਚਲੇ ਜਾਂਦੇ ? ਜਦੋਂ ਵੀ ਪਿੰਡ ਮੁੜਦੀ ਤਾਂ ਮੇਰੇ ਨਾਲ ਦੀਆਂ ਕੁੜੀਆਂ ਵਿਚੋਂ ਕੋਈ ਨਾ ਕੋਈ ਪੇਕੀ ਆਈ ਮਿਲ ਜਾਂਦੀ ਬਾਕੀਆਂ ਨੂੰ ਮਿਲਣ ਦੀ ਸਿੱਕ ਲੈ ਕੇ ਆਪਣੇ ਆਪ ਨਾਲ ਦੁਬਾਰਾ ਮਿਲਣ ਦਾ ਵਾਇਦਾ ਕਰ ਕੇ ਪਿੰਡੋ ਮੁੜ ਆਉਂਦੀ ?

ਤੇ ਇਸ ਵਾਰ ਮੇਰੇ ਸਾਹਮਣੇ ਰਾਣੀ ਆ ਗਈ ਅਚਾਨਕ ਹੀ ... ?

ਪਿੰਡ ਦੇ ਗੁਰੂ ਘਰ ਸਵੇਰੇ ਸਵੇਰੇ ਰਸੋਈ ਘਰ 'ਚ ਵੜੀ ਤਾਂ ਪਿੰਡ ਦੀਆਂ ਕਈ ਔਰਤਾਂ ਭੱਜ ਕੇ ਮੈਨੂੰ ਮਿਲਣ ਆ ਗਈਆਂ ਕੁਝ ਕੁ ਨੂੰ ਮੈਂ ਪਛਾਣਦੀ ਸਾਂ ਤੇ ਕੁਝ ਮੈਨੂੰ ਜਾਣਦੀਆਂ ਸਨ ਤੇ ਅਚਾਨਕ ਮੇਰੀਆਂ ਅੱਖਾਂ ਟੱਡੀਆਂ ਰਹਿ ਗਈਆਂ .... ਉਹੀ ਨਕਸ਼ ..ਸਿਰ ਤੇ ਮੈਲੀ ਜਿਹੀ ਚੁੰਨੀ ਉਹੀ ਸਾਵਲਾਂ ਰੰਗ ਉਹੀ ਬੇਵੱਸ ਜਿਹਾ ਚਿਹਰਾ .....ਮੈਨੂੰ ਇੱਕ ਪਲ ਲਈ ਜਾਪਿਆ ਜਿਵੇਂ ਸਾਬਤੀ ਸਬੂਤੀ ਚਾਚੀ ਮੇਰੇ ਮੂਹਰੇ ਆ ਗਈ ਹੋਵੇ ਪਰ ਇਹ ਚਾਚੀ ਨਹੀ ਸੀ ਇਹ ਮੇਰੀ ਬਚਪਨ ਦੀ ਸਹੇਲੀ ਰਾਣੀ ਸੀ ..ਸਾਡੇ ਪਿੰਡ ਦੇ ਰਾਜੇ ਦੀ ਧੀ ਜਿਸਦਾ ਨਾਂ ਰਾਣੀ ਸੀ ........ਉਹ ਦੂਰੋਂ ਭੱਜੀ ਆਈ ਤੇ ਮੇਰੇ ਨੇੜੇ ਆ ਕੇ ਰੁਕ ਗਈ ........ ਜਿਵੇਂ ਮੈਨੂੰ ਜੱਫੀ ਪਾਉਣ ਤੋਂ ਝਿਜਕ ਰਹਿ ਹੋਵੇ ?

ਮੈਂ ਅਗਾਂਹ ਵਧ ਕੇ ਉਹਨੂੰ ਜੱਫੀ 'ਚ ਲਿਆ ਤੇ ਮੇਰੇ ਮੂਹੋਂ ਓਹ ਮਾਈ ਗੌਡ ਨਿੱਕਲ ਗਿਆ ...?

ਰਾਣੀ ਦੀਆਂ ਅੱਖਾਂ 'ਚ ਹੰਝੂ ਸੀ ..? "ਭੈਣ ਪਛਾਣ ਲਿਆ ? ਭੈਣੇ ਅੱਖਾਂ ਤਰਸ ਗਈਆਂ ਤੈਨੂੰ ਦੇਖਣ ਨੂੰ ... ਜਿੱਦਣ ਦਾ ਪਤਾ ਲੱਗਾ ਭੈਣ ਆਈ ਆ ਉਦਣ ਦੀ ਸੋਚਦੀ ਆਂ ਕਿ ਭੈਣ ਨੂੰ ਐਤਕੀ ਜਰੂਰ ਮਿਲਣਾ ?"

ਮੈਨੂੰ ਲੱਗਾ ਜਿਵੇਂ ਮੇਰੇ ਮੂਹਰੇ ਰਾਣੀ ਨਹੀ ਕੋਈ ਸਿਆਣੀ ਬਿਆਣੀ ਔਰਤ ਖੜੀ ਹੋਵੇ ? ਇਹ ਉਹ ਰਾਣੀ ਨਹੀ ਸੀ ਜਿਹਦੇ ਨਾਲ ਮੈਂ ਬਚਪਨ 'ਚ ਖੇਡਦੀ ਸਾਂ .. ਇਹ ਤਾਂ ਕੋਈ ਮਿਹਨਤ ਮੁਸ਼ਕੱਤ ਨਾਲ ਭੰਨੀ ਪਈ ਤੇ ਮਜਬੂਰੀਆਂ ਦੇ ਟੋਕਰੇ ਨਾਲ ਝੁਕੀ ਹੋਈ ਉਮਰ ਤੋਂ ਪਹਿਲਾਂ ਹੀ ਬੁੱਢੀ ਹੋਈ ਕੋਈ ਔਰਤ ਜਿਸਨੂੰ ਮੈਂ ਪਹਿਲੀ ਵਾਰ ਦੇਖ ਰਹੀ ਸੀ ? ਤੇ ਅਖੰਡ ਪਾਠ ਦੇ ਤਿੰਨਾਂ ਦਿਨਾ 'ਚ ਅਸੀਂ ਦੋਵਾਂ ਨੇ ਬਹੁਤ ਕੁਝ ਸਾਂਝਾ ਕੀਤਾ ? ਜਦੋਂ ਕਦੀ ਵੀ ਮੈਂ ਰਸੋਈ ਘਰ 'ਚ ਜਾਂਦੀ ਉਹ ਭੱਜ ਕੇ ਮੇਰੇ ਲਈ ਪੀਹੜੀ ਲਿਆਉਂਦੀ ਤੇ ਲੰਗਰ ਵਾਲੀ ਸਾਫ਼ ਥਾਲੀ 'ਚ ਇੱਕ ਵਾਰ ਫੇਰ ਕੱਪੜਾ ਫੇਰ ਦਿੰਦੀ ? ਮੇਰੇ ਨਾਲ ਗੱਲਾਂ ਕਰਦੀ ਕਰਦੀ ਆਪਣੀ ਚੁੰਨੀ ਦੇ ਲੜ ਨਾਲ ਮੂੰਹ ਤੇ ਆਏ ਪਸੀਨੇ ਨੂੰ ਪੂੰਝਦੀ ਗੱਲ ਕਰਦੀ ਕਰਦੀ ਸਲਵਾਰ ਦਾ ਪਹੁੰਚਾ ਚੁੱਕ ਕੇ ਲੱਤ ਤੇ ਗਿੱਟੇ ਨੂੰ ਖੁਰਕਣ ਲੱਗ ਜਾਂਦੀ ....ਉਹਦੇ 'ਚ ਇੱਕ ਵੀ ਉਹ ਗੱਲ ਨਹੀ ਸੀ ਜਿਹੜੀ ਉਸ ਉਮਰ ਦੀਆਂ ਔਰਤਾਂ 'ਚ ਹੋਣੀ ਚਾਹੀਦੀ ਹੈ ਮੇਰੇ ਮੂਹਰੇ ਜਿਵੇਂ ਬਜੁਰਗ ਔਰਤ ਤੁਰੀ ਫਿਰ ਰਹੀ ਸੀ ਜਿਸਨੂੰ ਮੈਂ ਕਿਧਰੇ ਦੇਖਿਆ ਸੀ ਪਰ ਕਦੀ ਜਾਣਿਆ ਨਹੀ ਸੀ ?

ਤੇ ਇੱਕ ਦਿਨ ਮੈਂ ਜਿਗਰਾ ਕਰ ਕੇ ਉਹਨੂੰ ਉਹਦੀ ਜਿੰਦਗੀ ਬਾਰੇ ਪੁਛ ਹੀ ਲਿਆ ? ਤੇ ਉਹਨੇ ਦੱਸਿਆ ਕਿ ਉਹ ਵਿਆਹੀ ਹੈ ਉਹਦੇ ਨਿਆਣੇ ਵੀ ਨੇ ? ਇੱਕ ਜੁਆਨ ਹੋ ਰਹੀ ਕੁੜੀ ਜਿਹੜੀ ਪੜਨ 'ਚ ਬਹੁਤ ਹੁਸ਼ਿਆਰ ਹੈ ਧੀ ਦੀ ਗੱਲ ਕਰਦਿਆਂ ਉਹਦਾ ਚਿਹਰਾ ਸਾਰੇ ਦਾ ਸਾਰਾ ਲਿਸ਼ਕ ਪਿਆ ?....

"ਭੈਣ ਮੇਰੀ ਕੁੜੀ ਪੜਾਈ 'ਚ ਬਹੁਤ ਚੰਗੀ ਆ ਮੈਂ ਸੋਚਦੀ ਆਂ ਮੇਰਾ ਤਾਂ ਜੋ ਬਣਨਾ ਸੀ ਬਣ ਗਿਆ ਗਾਹਾਂ ਕੁੜੀ ਦੀ ਜ਼ਿੰਦਗੀ ਬਣ ਜਾਵੇ ...ਸਾਡੀ ਤਾਂ ਅੱਧੀ ਨੰਘ ਗਈ ਆਹਾ ਹੀ ਧੰਦ ਪਿੱਟਦਿਆਂ ..ਪਹਿਲਾਂ ਬੀਬੀ ਆਹੀ ਕੰਮ ਕਰਦੀ ਸੀ ਹੁਣ ਮੈਂ ਸਹੁਰਿਆਂ ਤੋਂ ਆ ਜਾਨੀ ਆਂ ਜਦੋਂ ਕੋਈ ਪਿੰਡ 'ਚ ਵਿਆਹ ਸ਼ਾਦੀ ਹੁੰਦੈ ....ਅਜੇ ਪਿਛਲੇ ਹਫ਼ਤੇ ਆਈ ਸੀ ਫਲਾਣਿਆਂ ਦਾ ਵਿਆਹ ਸੀ ਮੈਂ ਕਿਹਾ ਨਾਲੇ

ਬੀਬੀ ਨੂੰ ਮਿਲ ਆਉਨੀ ਆਂ ਨਾਲੇ ਵਿਆਹ ਕਮਾ ਲਿਆਉਨੀ ਆਂ ... ਬੱਸ ਤੁਹਾਡੇ ਵਰਗੇ ਭੈਣਾ ਭਰਾਵਾਂ ਦੇ ਸਿਰ ਤੇ ਜ਼ਿੰਦਗੀ ਨਿੱਕਲ ਜਾਣੀ ਆ ਜੀਂਦੀ ਵੱਸਦੀ ਰਹਿ ਤੂੰ ਸੋਹਣੇ ਮੁਲਕ ਦੀਏ ਰਾਣੀਏ ... ਰੱਬ ਤੈਨੂੰ ਬੁੱਕਾਂ ਭਰ ਭਰ ਦੇਵੇ ਇੱਕ ਰੱਖੇਂ ਇੱਕ ਭੁੱਲੇ ... ਭੈਣ ਇੱਕ ਗੱਲ ਹੋਰ ...।" ਤੇ ਉਹਦੀ ਆਵਾਜ਼ ਪਹਿਲਾਂ ਨਾਲੋਂ ਹੌਲੀ ਹੋ ਗਈ ਸੀ ?

"ਗੁਰਦਵਾਰੇ ਵਾਲਿਆਂ ਨੇ ਸਾਡਾ ਲਾਗ ਬੰਨਿਆ ਐ... ਭੈਣੇ ਕੁਸ਼ ਨੀ ਬਣਦਾ ਇੰਨੇ ਕੁ ਨਾਲ ... ਪਰ ਕੀ ਕਰੀਏ ਕੋਈ ਨੀ ਸੁਣਦਾ ... ਮੇਰੀ ਭੈਣ ਤੂੰ ਜਾਂਦੀ ਹੋਈ ਜ਼ਰੂਰ ਕੁਸ਼ ਦੇ ਜਾਵੀਂ ... ਕਿਸੇ ਨਾਲ ਗੱਲ ਨਾ ਕਰੀ ਕਮੇਟੀ ਵਾਲੇ ਖਿਝਦੇ ਆ ਜੇ ਅਸੀਂ ਕਿਸੇ ਕੋਲੋਂ ਕੁਸ਼ ਮੰਗ ਲਈਏ ਜਾਂ ਅਗਲਾ ਆਪਣੀ ਮਰਜੀ ਨਾਲ ਕੁਸ਼ ਦੇ ਜਾਵੇ ਜੇ ਹੋਰ ਨੀ ਤਾਂ ਆਪਣਾ ਆਹ ਪੁਰਾਣਾ ਸੂਟ ਦੇ ਜਾਈਂ ... ਮੇਰੀ ਧੀ ਪਾ ਲਊਗੀ ਤੈਨੂੰ ਸੀਸਾਂ ਦਊ ... ਜੀਂਦੀ ਵੱਸਦੀ ਰਹਿ ਭੈਣੇ ... ਬੁੱਢ ਸੁਹਾਗਣ ਹੋਵੇਂ ?

ਮੈਂ ਹੈਰਾਨ ਸਾਂ ? ਗੁਰਦਵਾਰੇ ਦੀਆਂ ਦੋ ਮੰਜਲਾਂ ਹੋਰ ਬਣ ਗਈਆਂ ਸੀ ? ਸੰਗਮਰ ਮਰ ਦੇ ਫਰਸ਼ ਦੇ ਨਾਲ ਨਾਲ ਸਰੋਵਰ ਦਾ ਫਰਸ਼ ਵੀ ਗੂਹੜੇ ਨੀਲੇ ਪੱਥਰ ਦਾ ਬਣਾ ਲਿਆ ਗਿਆ ਸੀ ? ਘਰਦਿਆਂ ਨੇ ਦੱਸਿਆ ਸੀ ਕਿ ਕਰੋੜਾਂ ਦੇ ਹਿਸਾਬ ਨਾਲ ਗੁਰਦਵਾਰੇ ਦਾ ਪੈਸਾ ਬੈਂਕ ਵਿੱਚ ਪਿਆ ਹੈ ? ਆਖਰੀ ਮੰਜਿਲ ਤੇ ਇੱਕ ਲਾਇਬ੍ਰੇਰੀ ਵੀ ਬਣਾ ਦਿੱਤੀ ਗਈ ਸੀ ਜਿਸ ਵਿੱਚ ਧਾਰਮਿਕ ਕਿਤਾਬਾਂ ਪੜਨ ਨੂੰ ਮਿਲਦੀਆਂ ਨੇ ?

ਮੈਂ ਸੋਚ ਰਹੀ ਸਾਂ ਕਿ ਸਾਡੇ ਗੁਰੂ ਨਾਨਕ ਨੇ ਤਾਂ ਮਾਨੁਸ ਕੀ ਜਾਤ ਇੱਕੋ ਪਹਿਚਾਨਬੋ ਦੀ ਗੱਲ ਘਰ ਘਰ ਪਹੁੰਚਾਈ ਸੀ ਪਰ ਫੇਰ ਵੀ ਇਹ ਵੰਡਾ ਕਿਉਂ ?

ਤੇ ਅਚਾਨਕ ਮੈਨੂੰ ਮਹਿਸੂਸ ਹੋਇਆ ਇਹ ਰਾਣੀ ਨਹੀ ਸੀ .. ਇਹ ਚਾਚੀ ਦਾ ਕੋਈ ਨਵਾਂ ਰੂਪ ਮੇਰੇ ਮੂਹਰੇ ਸੀ .. .ਉਹੀ ਚਿਹਰਾ ...ਉਹੀ ਨਕਸ਼ ..ਉਹੀ ਆਵਾਜ਼ ...ਉਹੀ ਅਸੀਸਾਂ ?

ਤੇ ਮੈਂ ਉਹਦੇ ਮੂੰਹ ਵੱਲ ਦੇਖਦੀ ਉਦਾਸ ਹੋ ਗਈ ਸੀ ਮੇਰੇ ਤੋਂ ਪੰਜ ਸੱਤ ਵਰੇ ਛੋਟੀ ਕੁੜੀ ਕਿਸੇ ਬਜੁਰਗ ਵਾਂਗ ਮੈਨੂੰ ਅਸੀਸਾਂ ਦੇ ਰਹੀ ਸੀ ?

ਇਹ ਸਾਡੇ ਪਿੰਡ ਦੇ ਰਾਜੇ ਦੀ ਧੀ ਹੈ ... ਇਹ ਤਾਂ ਰਾਜਕੁਮਾਰੀਆਂ ਵਰਗੀ ਹੋਣੀ ਚਾਹੀਦੀ ਸੀ ... ਇਸ ਕੁੜੀ ਦਾ ਬਚਪਨ ਵੀ ਲੋਕਾਂ ਦੇ ਉਤਾਰ ਪਾਉਂਦਿਆਂ ਲੰਘਿਆਂ ... ਜੁਆਨੀ ਵੀ ਤੇ ਆਉਣ ਵਾਲੇ ਦਿਨਾ ਦੀ ਤਸਵੀਰ ਇਹਦੇ ਚਿਹਰੇ ਤੋਂ ਸਾਫ਼ ਝਲਕਦੀ ਸੀ ? ਜ਼ਿੰਦਗੀ ਅਜਿਹੀ ਨਹੀ ਹੋਣੀ ਚਾਹੀਦੀ ...?

ਮੇਰਾ ਮੰਨ ਉਦਾਸ ਹੋ ਗਿਆ ਸੀ ? ਤੇ ਮੈਂ ਸੋਚ ਰਹੀ ਸਾਂ ਕਿ ਪਿੰਡ ਨਹੀ ਬਦਲਿਆ ... ਪਿੰਡ ਦੇ ਲੋਕ ਨਹੀ ਬਦਲੇ .. ਤੇ ਇਹ ਲੋਕ ਕਿਹੜੇ ਬਦਲਾਅ ਦੀ ਗੱਲ ਕਰਦੇ ਨੇ ? ? ਪਿੰਡੋਂ ਬਾਹਰ ਬਣੀਆਂ ਪ੍ਰਦੇਸੀਆਂ ਦੀਆਂ ਕੋਠੀਆਂ ਦੇ ਬਦਲਾਅ ਦੀ ਗੱਲ ਕਰਦੇ ਨੇ ਜਾਂ ਅਮੀਰਾਂ ਦੇ ਚੁਬਾਰਿਆਂ ਤੇ ਬਣੀਆਂ ਰੰਗ ਬਿਰੰਗੀਆਂ ਪਾਣੀ ਵਾਲੀਆਂ ਟੈਂਕੀਆਂ ਦੀ ਗੱਲ ਕਰਦੇ ਨੇ ?

ਪਤਾ ਨਹੀ ਅਚਾਨਕ ਮੇਰੇ ਮੂੰਹੋ ਕਿਵੇਂ ਨਿੱਕਲ ਗਿਆ .... "ਹਾਏ ਰਾਣੀ ਤੂੰ ਤਾਂ ਜਮਾਂ ਈ ਚਾਚੀ ਵਾਂਗ ਗੱਲਾਂ ਕਰਨ ਲੱਗ ਪਈ .......ਤੂੰ ਇਹ ਗੱਲਾਂ ਕਿਦਾਂ ਸਿੱਖ ਲਈਆਂ ?"

ਰਾਣੀ ਨੇ ਚੁੰਨੀ ਦੇ ਲੜ ਨਾਲ ਨਮ ਹੋਈਆਂ ਅੱਖਾਂ ਨੂੰ ਰਗੜਿਆ " ਭੈਣ ਆਹ ਚੰਦਰਾ ਢਿੱਡ ਸਿਖਾ ਦਿੰਦੈ ਸਭ ਕੁਸ਼ ?" ਤੇ ਇੱਕ ਹਉਕਾ ਉਹਦੇ ਸੀਨੇ 'ਚੋਂ ਨਿੱਕਲ ਕੇ ਮੇਰੀ ਰੂਹ ਨੂੰ ਚੀਰ ਕੇ ਲੰਘ ਗਿਆ ?

ਹੁਣ ਜਦ ਕਦੀ ਵੀ ਰਾਤ ਦੇ ਹਨੇਰੇ ਵਿੱਚ ਮੇਰੇ ਇਸ ਦੇਸ਼ ਦੀ ਦੁਨੀਆਂ ਬੇਖਬਰ ਸੁੱਤੀ ਪਈ ਹੁੰਦੀ ਐ ਤਾਂ ਮੇਰੇ ਜਿਹਨ ਵਿੱਚ ਪਿੰਡ ਦੇ ਲੋਕ ਜਿਉਂਦੇ ਜਾਗਦੇ ਮੇਰੇ ਨਾਲ ਲੁਕਣ ਮੀਚੀ ਖੇਡਦੇ ਹੁੰਦੇ ਨੇ ਤੇ ਮੇਰੀ ਮਾਂ ਵਿਹੜੇ ਵਿੱਚ ਬੈਠੀ ਮਾਂ ਕਪਾਹ ਦੀਆਂ ਢੇਰੀਆਂ ਬਣਾ ਰਹੀ ਹੁੰਦੀ ਐ ......ਪਤਾ ਨਹੀ ਮੈਨੂੰ ਕਿਉਂ ਲਗਦਾ ਰਹਿੰਦੈ ਮੇਰੀ ਮਾਂ ਦੇ ਹਿੱਸੇ ਦੀ ਕਪਾਹ ਵਾਲੀ ਢੇਰੀ ਪਹਿਲਾਂ ਨਾਲੋਂ ਵੀ ਉਚੀ ਹੋ ਗਈ ਐ ਤੇ ਰਾਣੀ ਦੇ ਹਿੱਸੇ ਦੀ ਢੇਰੀ ਸੁੰਘੜ ਕੇ ਹੋਰ ਵੀ ਛੋਟੀ ਹੋ ਗਈ ਜਾਪਦੀ ਹੈ .........? #

## ਕਹਾਣੀ/ ਮਜ਼ਾਕ ਦੀ ਹੱਦ ਨਹੀਂ ਹੁੰਦੀ / - ਜਸਵੀਰ ਰਾਣਾ

### ਕਥਾ-1

ਮੈਂ ਘਰ ਦੀ ਛੱਤ 'ਤੇ ਖੜ੍ਹੀ ਹਾਂ। ਧੁੱਪ ਵਿਚ ਆਪਣਾ ਪਰਛਾਵਾਂ ਵੇਖ ਰਹੀ ਹਾਂ। ਮੇਰੇ ਵਾਂਗ ਛੋਟਾ ਜਿਹਾ ਹੈ। ਜੇਕਰ ਸਿੱਪੀ ਕੋਲ ਖੜ੍ਹਾ ਹੁੰਦਾ। ਉਹਨੇ ਹੱਸਣ ਲੱਗ ਪੈਣਾ ਸੀ, "ਬੌਨੇ ਬੰਦੇ ਦਾ ਪਰਛਾਵਾਂ ਈ ਬੌਨਾ ਨੀ ਹੁੰਦਾ!...ਉਹਦੇ ਕੰਮ ਵੀ ਬੌਨੇ ਹੁੰਦੇ ਨੇ...!"

ਉਹਦੀ ਗੱਲ ਸੋਚਣ ਵਾਲੀ ਹੈ। ਜਿਹੜਾ ਕੰਮ ਉਸ ਨੇ ਕੀਤਾ। ਉਹ ਵੱਡਾ ਹੈ। ਜਿਹੜਾ ਕੰਮ ਮੈਂ ਕੀਤਾ। ਉਹ ਛੋਟਾ ਹੈ।ਕਈ ਵਾਰੀ ਸੋਚੀਂ ਪੈ ਜਾਂਦੀ ਹਾਂ। ਮੈਂ ਕੋਈ ਗਲਤੀ ਤਾਂ ਨਹੀਂ ਕਰ ਬੈਠੀ!

ਜਿਸ ਵਕਤ ਕੁਝ ਗਲਤ ਕਰ ਗੁਜ਼ਰਨ ਵਾਲੀ ਸੋਚ ਘੇਰਾ ਪਾਉਂਦੀ ਹੈ। ਮੈਨੂੰ ਲੋਕਾਂ ਦੀਆਂ ਅਵਾਜ਼ਾਂ ਸੁਣਨ ਲੱਗ ਪੈਂਦੀਆਂ ਹਨ, "ਸਹੁਰੀ ਆਪ ਤਾਂ ਬੌਨੀ ਹੈਗੀ ਓ ਸੀ!...ਕੰਮ ਤਾਂ ਵੱਡਾ ਕਰ ਲੈਂਦੀ...!"

"ਲੈ ਬੌਨੀ ਕਿੱਥੇ ਕਹਾਉਂਦੀ ਐ ਇਹ !...ਪੂਰੀ ਤੀਮੀਂ ਆਲਾ ਨਖਰਾ ਕਰਦੀ ਐ ਤਾਇਆ....!" ਬੰਦਿਆ-ਤੀਵੀਆਂ ਦੀਆਂ ਗੱਲਾਂ ਆਪਸ ਵਿਚ ਟਕਰਾਉਣ ਲੱਗਦੀਆਂ ਹਨ, "ਲੈ ਤੀਮੀਂ ਨੀ ਤੀਮੀਂ ਦਾ ਨਾਉਂ ਨੀ!.... ਕੰਜਰੀ ਨੇ ਐਨਾ ਸੋਹਣਾ ਮੁੰਡਾ ਗਾਲ਼ ਕੇ ਰੱਖਤਾ...!"

ਜ਼ਹਿਰ ਬੁਝੀਆਂ ਅਵਾਜ਼ਾਂ ਮੇਰਾ ਪਿੱਛਾ ਕਰਨ ਲੱਗਦੀਆਂ ਹਨ। ਉਨ੍ਹਾਂ ਤੋਂ ਪਿੱਛਾ ਛੁਡਾਉਣ ਲਈ ਮੈਂ ਛੱਤ 'ਤੇ ਜਾ ਚੜ੍ਹਦੀ ਹਾਂ। ਜਿਉਂ ਹੀ ਛੱਤ ਉੱਪਰ ਆਉਂਦੀ ਹਾਂ। ਹਵਾ ਚੁਗਲੀਆਂ ਕਰਨ ਲੱਗਦੀ ਹੈ। ਤੀਵੀਆਂ ਦੀ ਟੋਲੀ ਚੁਬਾਰੇ ਵਾਲਿਆਂ ਦੇ ਘਰ ਕੋਲ ਆ ਖੜ੍ਹਦੀ ਹੈ। ਜੱਸੀ ਉਨ੍ਹਾਂ ਦੀ ਪ੍ਰਧਾਨ ਹੈ। ਮੈਂ ਉਸ ਵੱਲ ਵੇਖਣ ਲੱਗ ਪਈ ਹਾਂ। ਉਹ ਮੇਰੇ ਵੱਲ ਬੁੱਲ੍ਹ ਕੱਢ-ਕੱਢ ਕੁਝ ਕਹਿ ਰਹੀ ਹੈ। ਤੀਵੀਆਂ ਹੱਸ ਰਹੀਆਂ ਹਨ।

"ਇਨ੍ਹਾਂ ਨੂੰ ਮੇਰਾ ਰੋਣਾ ਸੁਣਾਈ ਨੀ ਦਿੰਦਾ...!" ਉਨ੍ਹਾਂ ਵੱਲ ਵੇਖ ਮੈਂ ਆਪਣੇ ਪਰਛਾਵੇਂ ਵਾਲੀ ਥਾਂ ਉੱਪਰ ਜ਼ੋਰ ਦੀ ਲੱਤ ਮਾਰੀ ਹੈ।

ਖੜਾਕਾ ਸੁਣ ਜੱਸੀ ਉਪਰ ਨੂੰ ਝਾਕੀ ਹੈ। ਮੈਂ ਜੀਭ ਕੱਢ ਉਸ ਨੂੰ ਦੰਦੀਆਂ ਚਿੜਾਉਣ ਲੱਗ ਪਈ ਹਾਂ।ਉਹ ਮੈਨੂੰ ਇਕ ਗਿੱਠ ਨਾਲ ਮੁੱਠੀ ਜੋੜ ਕੇ ਦਿਖਾਉਣ ਲੱਗ ਪਈ ਹੈ।

"ਲੁੱਚੀ ਆਪ ਤਾਂ ਨੌ ਸੌ ਚੂਹਾ ਖਾ ਕੇ ਹੱਜ ਕਰ ਆਉਂਦੀ ਐ....!" ਉਸ ਨੂੰ ਗਾਲ਼ਾਂ ਕੱਢਦੀ ਹੋਈ ਮੈਂ ਪੌੜੀਆਂ ਉਤਰਨ ਲੱਗ ਪਈ ਹਾਂ।

o o o

ਮੈਂ ਪੌੜੀਆਂ ਕੋਲ ਖੜ੍ਹੀ ਹਾਂ। ਇਸ ਥਾਂ ਤੋਂ ਸਾਹਮਣਾ ਕਮਰਾ ਦਿਸਦਾ। ਉਸ ਵਿਚ ਸਿੱਪੀ ਹੈ। ਉਹ ਪੰਦਰਾਂ ਦਿਨਾਂ ਤੋਂ ਬਾਹਰ ਨਹੀਂ ਨਿਕਲਿਆ। ਚੋਰ ਦੀ ਮਾਂ ਵਾਂਗ ਅੰਦਰ ਹੀ ਪਿਆ ਹੈ। ਨਾ ਮੈਂ ਬੋਲਦੀ ਹਾਂ ਨਾ ਉਹ ਬੋਲਦਾ ਹੈ। ਸਾਡੀ ਚੁੱਪ ਬੋਲਦੀ ਹੈ। ਜਿਸ ਵਕਤ ਮੈਨੂੰ ਭੁੱਖ ਲੱਗਦੀ ਹੈ। ਉਸ ਨੂੰ ਰੋਟੀ ਪਾਣੀ ਦੇ ਆਉਂਦੀ ਹਾਂ। ਕਈ ਵਾਰੀ ਤਾਂ ਖਾ-ਪੀ ਲੈਂਦਾ। ਕਈ ਵਾਰੀ ਕੰਧ ਵੱਲ ਨੂੰ ਮੂੰਹ ਕਰ ਲੈਂਦਾ ਹੈ। ਮੈਂ ਚੁੱਪ-ਚਾਪ ਪਰਤ ਆਉਂਦੀ ਹਾਂ।

ਮੈਨੂੰ ਉਸ ਦੀ ਚੁੱਪ ਤੋਂ ਡਰ ਆਉਣ ਲੱਗ ਪਿਆ ਹੈ। ਰਾਤ ਨੂੰ ਨੀਂਦ ਨਹੀਂ ਆਉਂਦੀ। ਜਿਉਂ ਹੀ ਅੱਖ ਲੱਗਦੀ ਹੈ। ਸਿੱਪੀ ਦਿਸਣ ਲੱਗਦਾ ਹੈ। ਛੋਟਾ ਜਿਹਾ ਕੱਦ। ਹੱਥ ਵਿਚ ਲੰਬਾ ਚਾਕੂ। ਉਹ ਮੇਰੇ ਵੱਲ

ਨੂੰ ਵਧਣ ਲੱਗਦਾ ਹੈ। ਮੈਂ ਡਰੀ ਹੋਈ ਅਵਾਜ਼ ਵਿਚ ਪੁੱਛਣ ਲੱਗਦੀ ਹਾਂ, "ਤੇਰੇ ਕੱਦ ਨੂੰ ਕੀ ਹੋ ਗਿਆ ਸਿੱਪੀ...!"

"ਤੂੰ ਮੈਨੂੰ ਬੌਨਾ ਕੀਤਾ !....ਮੈਂ ਤੇਰੀ ਜਾਨ....!" ਉਹ ਮੈਨੂੰ ਮਾਰਨ ਲਈ ਤਲਵਾਰ ਵਾਂਗ ਚਾਕੂ ਘੁੰਮਾਉਂਦਾ ਹੈ।

ਮੈਂ ਬੱਚਿਆਂ ਵਾਂਗ ਚੀਕਾਂ ਮਾਰਨ ਲੱਗਦੀ ਹਾਂ। ਮੇਰੀ ਅਵਾਜ਼ ਸੁਣ ਨਾਲ ਪਿਆ ਰੋਮੀ ਉੱਠ ਖੜ੍ਹਦਾ ਹੈ, "ਮੰਮੀ !... ਤੈਨੂੰ ਕੀ ਹੋ ਗਿਆ....!"

"ਕੁਸ਼ ਨੀ ਹੋਇਆ ਪੁੱਤ !...ਪੈ ਜਾਹ....!" ਪਰ ਉਹ ਪੈਣ ਦੀ ਥਾਂ ਹੱਸਣ ਲੱਗ ਪੈਂਦਾ ਹੈ, "ਮੰਮੀ !...ਦੇਖੀਂ ਤੇਰੀ ਅਵਾਜ਼ ਮੇਰੇ ਵਰਗੀ ਐ....!"

ਉਹ ਸੱਚ ਕਹਿੰਦਾ ਹੈ। ਮੇਰੀ ਅਵਾਜ਼ ਬੱਚਿਆਂ ਵਰਗੀ ਹੈ। ਪਤਲੀ ਤੋਂ ਵੀ ਪਤਲੀ। ਜਦੋਂ ਮੈਂ ਬੋਲਦੀ ਹਾਂ। ਤੀਵੀਆ ਇਕ ਦੂਜੀ ਨੂੰ ਕੂਹਣੀਆਂ ਮਾਰਨ ਲੱਗ ਪੈਂਦੀਆਂ ਹਨ, "ਨੀ ਆਹ ਪੀਪਣੀ ਕਿੱਥੇ ਵੱਜਦੀ ਐ...!"

"ਤੂੰ ਨਾ ਬੋਲਿਆ ਕਰ ਨਿੰਦੀ !... ਤੇਰੀ ਅਵਾਜ਼ ਨੀ ਸੋਹਣੀ...!" ਸਕੂਲ ਵਿਚ ਮੈਨੂੰ ਸਹੇਲੀਆਂ ਵੀ ਚੁੱਪ ਕਰਵਾ ਦਿੰਦੀਆਂ ਸਨ।

ਪਰ ਮੈਂ ਪਰਵਾਹ ਨਹੀਂ ਕਰਦੀ। ਡੰਕੇ ਦੀ ਚੋਟ 'ਤੇ ਬੋਲਦੀ ਹਾਂ। ਮੇਰੀ ਅਵਾਜ਼ ਸੁਣ ਹਰ ਕੋਈ ਨਵੀਂ ਹੀ ਬੋਲੀ ਬੋਲਦਾ ਹੈ, "ਬੋਲੀਂ ਜਾਹ !...ਨਗਾਰਖਾਨੇ ਵਿਚ ਤੂਤੀ ਦੀ ਕੌਣ ਸੁਣਦੈ...!"

"ਆਖਿਰ ਮੈਂ ਵੀ ਗੱਲ ਕਰਨੀ ਐ....!" ਲੋਕਾਂ ਵੱਲ ਮੂੰਹ ਕਰ ਮੈਂ ਉੱਚੀ-ਉੱਚੀ ਬੋਲਣ ਲੱਗਦੀ ਹਾਂ।

o o o

ਮੇਰੀ ਰੂਹ ਗੱਲਾਂ ਨਾਲ ਭਰੀ ਪਈ ਹੈ। ਪਰ ਕੋਈ ਸੁਣਨ ਵਾਲਾ ਨਹੀਂ। ਜਦੋਂ ਮੈਂ ਪੇਕੇ ਘਰ ਸੀ। ਮਾਂ-ਬਾਪ ਤੇ ਭੈਣ-ਭਰਾਵਾਂ ਨੇ ਇਕ ਨਹੀਂ ਸੁਣੀ। ਜਦੋਂ ਸਿੱਪੀ ਦੇ ਘਰ ਆਈ। ਇਹ ਪਹਿਲਾਂ ਤਾਂ ਮੈਨੂੰ ਆਪਣੀ 'ਬਾਰਬੀ ਡੌਲ' ਆਖਦਾ ਹੁੰਦਾ ਸੀ। ਪਰ ਰੋਮੀ ਦੇ ਜਨਮ ਤੋਂ ਬਾਅਦ ਬੌਨੀ ਕਹਿਣ ਲੱਗ ਪਿਆ। ਗਾਲ੍ਹਾ ਕੱਢਣ ਲੱਗ ਪਿਆ।ਫਿਰ ਮਾਰਨ-ਕੁੱਟਣ ਲੱਗ ਪਿਆ। ਜੇਕਰ ਮੈਂ ਰੌਲਾ ਪਾਉਂ ਇਹ ਮੇਰੇ ਮੂੰਹ ਉੱਪਰ ਹੱਥ ਰੱਖ ਲੈਂਦਾ। ਦੂਜੇ ਹੱਥ ਨਾਲ ਕੁੱਟੀਂ ਜਾਂਦਾ। ਕਈ ਵਾਰੀ ਰਾਤ ਨੂੰ ਮੇਰੇ ਮੂੰਹ 'ਤੇ ਸਿਰਹਾਣਾ ਰੱਖ ਕੇ ਕੁੱਟਦਾ। ਮੇਰੀ ਕੋਈ ਸੁਣਵਾਈ ਨਹੀਂ ਸੀ।

ਮੈਂ ਕੋਈ ਗੱਲ ਸੁਣਨ ਵਾਲਾ ਲੱਭਦੀ ਰਹਿੰਦੀ। ਜਿਸ ਵਕਤ ਸਕੂਲ ਪੜ੍ਹਦੀ ਸੀ। ਸਹੇਲੀਆਂ ਨੂੰ ਆਖਦੀ, "ਨੀ ਇਕ ਮਿੰਟ ਮੇਰੀ ਗੱਲ ਸੁਣੀਂ...!"

"ਨੀ ਤੂੰ ਚੁੱਪ ਰਿਹਾ ਕਰ !...ਤੇਰੀਆਂ ਗੱਲਾਂ ਵੀ ਤੇਰੇ ਵਾਂਗ ਛੋਟੀਆਂ-ਛੋਟੀਆਂ ਹੁੰਦੀਆਂ ਨੇ...!...ਨਾ ਕੋਈ ਸਵਾਦ ਨਾ ਬੰਨ....!" ਮੈਨੂੰ ਚੁੱਪ ਕਰਵਾਉਣ ਵਾਲੀ ਦੀ ਗੱਲ ਸੁਣ ਬਾਕੀ ਹੱਸਣ ਲੱਗ ਪੈਂਦੀਆਂ, "ਨੀ ਸਵਾਦ ਬੰਨ ਕੀ ਆਉਣਾ !...ਇਹਦੀ ਗੱਲਾਂ ਤਾਂ ਊਠ ਦੇ ਪੱਦ ਵਰਗੀਆਂ ਹੁੰਦੀਆਂ ਨੇ...!"

ਕੁੜੀਆਂ ਦੀਆਂ ਗੱਲਾਂ ਸੁਣ ਮੈਂ ਰੋਣ ਲੱਗ ਪੈਂਦੀ।ਉਹ ਮੇਰਾ ਕੱਦ ਵੇਖਦੀਆਂ ਸਨ। ਕੋਈ ਮੇਰਾ ਦਿਲ ਨਾ ਵੇਖਦੀ।

ਜਿਸ ਸਾਲ ਸਾਡੀ ਕਲਾਸ ਦੀ ਫੇਅਰ-ਵੈੱਲ ਪਾਰਟੀ ਸੀ। ਮੈਂ ਵੀ ਨਵਾਂ ਸੂਟ ਪਾ ਪੂਰੀ ਟੌਹਰ ਲਾ ਕੇ ਗਈ। ਸਾਡੀ ਗਰੁੱਪ ਫੋਟੋ ਹੋਣੀ ਸੀ। ਜਿਸ ਵਕਤ ਫੋਟੋਗ੍ਰਾਫਰ ਆਇਆ। ਰੌਲਾ ਪੈਣ ਲੱਗ ਪਿਆ। ਉਹ ਸਭ ਨੂੰ ਖੜ੍ਹਾਉਣ ਲੱਗ ਪਿਆ। ਸਾਰੀ ਕਲਾਸ ਮਾਸਟਰਾਂ ਦੀਆਂ ਕੁਰਸੀਆਂ ਪਿੱਛੇ ਖੜ੍ਹ ਗਈ। ਕੁਝ

ਕੁੜੀਆਂ ਮਾਸਟਰਾਂ ਦੇ ਪੈਰਾਂ ਕੋਲ ਚੌਂਕੜੀ ਮਾਰ ਬੈਠ ਗਈਆਂ। ਮੈਂ ਇਕੱਲੀ ਹੀ ਪਰ੍ਹਾਂ ਖੜ੍ਹੀ ਸੀ। ਕੋਈ ਮੈਨੂੰ ਆਪਣੇ ਕੋਲ ਖੜ੍ਹਾਉਣ ਲਈ ਤਿਆਰ ਨਹੀਂ ਸੀ। ਮੈਂ ਇੰਦਰਜੀਤ ਸਰ ਕੋਲ ਖੜ੍ਹਨਾ ਚਾਹੁੰਦੀ ਸੀ। ਉਹ ਮੇਰੇ ਮਨਪਸੰਦ ਮਾਸਟਰ ਸਨ। ਜਿਉਂ ਹੀ ਉਨ੍ਹਾਂ ਦੀ ਨਜ਼ਰ ਮੇਰੇ ਉਪਰ ਪਈ। ਉਹ ਮੈਨੂੰ ਪੁੱਛਣ ਲੱਗ ਪਏ, "ਕਿਉਂ ਬੇਟਾ ਨਿੰਦੀ !... ਤੂੰ ਐਥੇ ਕਿਉਂ ਖੜ੍ਹੀ ਐਂ !... ਫੋਟੋ ਨੀ ਕਰਾਉਣੀ !... ਚੱਲ ਆ ....!"

"ਸਰ !...ਇਹ ਕਿਤੇ ਵੀ ਖੜ੍ਹਜੇ !... ਫੋਟੋ ਵਿਚ ਤਾਂ ਆਉਣੀ ਨੀ...!" ਮੇਰੀ ਤੋਰ ਵੇਖ ਕੁੜੀਆਂ ਦੀਆਂ ਅਵਾਜ਼ਾਂ ਆਈਆਂ, "ਸਰ ਤੁਸੀਂ ਇਹਨੂੰ ਆਪਣੀ ਗੋਦੀ 'ਚ ਬਿਠਾ ਲਵੋ...!"

"ਬਹਿ ਜਾ ਬੱਚੇ !....ਫੋਟੋ ਕਰਵਾ ਲੈ !....ਫੇਰ ਤੈਨੂੰ ਗੋਲ-ਗੱਪੇ ਖੁਆਵਾਂਗੇ....!" ਮੁੰਡਿਆਂ ਦਾ ਹਾਸਾ ਸੁਣ ਮੈਂ ਸ਼ਰਮ ਨਾਲ ਪਾਣੀ-ਪਾਣੀ ਹੋ ਗਈ ਸੀ।

ਸਭ ਨੂੰ ਪਤਾ ਸੀ। ਜਦੋਂ ਮੈਂ ਅੱਧੀ-ਛੁੱਟੀ ਗੋਲ ਗੱਪੇ ਖਾਂਦੀ। ਪੂਰਾ ਗੋਲ ਗੱਪਾ ਮੂੰਹ ਵਿਚ ਨਾ ਪੈਂਦਾ। ਉਹ ਫੁੱਟ ਜਾਂਦਾ। ਪਾਣੀ ਮੇਰੀ ਕਮੀਜ਼ ਉੱਪਰ ਡੁੱਲ੍ਹ ਜਾਂਦਾ। ਰੇਹੜੀ ਵਾਲਾ ਭਾਈ ਹੱਸਣ ਲੱਗ ਪੈਂਦਾ। ਮੈਂ ਰੋਣ ਲੱਗ ਪੈਂਦੀ ਸੀ।

"ਮੰਮੀ !....ਮੰਮੀ !.... ਬਾਹਰ ਰੇਹੜੀ ਵਾਲਾ ਭਾਈ ਜਾਂਦਾ !...ਉਹਨੂੰ ਰੋਕੀਂ !...ਮੈਂ ਗੋਲ ਗੱਪੇ ਖਾਣੇ ਨੇ ....!" ਰੋਮੀ ਦੀ ਅਵਾਜ਼ ਸੁਣ ਮੈਂ ਹੱਸਣ ਲੱਗ ਪਈ ਹਾਂ।

ਰੱਬ ਦਾ ਸ਼ੁਕਰ ਹੈ। ਇਹ ਤਾਂ ਗੋਲ ਗੱਪੇ ਖਾ ਸਕਦਾ। ਛੋਟੀ ਉਮਰ ਵਿਚ ਹੀ ਮੈਥੋਂ ਉੱਚਾ ਲੰਘ ਗਿਆ ਹੈ।

o o o

ਸਿੱਪੀ ਛੇ ਫੁੱਟ ਲੰਬਾ ਹੈ। ਮੈਂ ਤਿੰਨ ਫੁੱਟ ਤੋਂ ਵੀ ਛੋਟੀ ਹਾਂ। ਅਸੀਂ ਚਾਰ ਭੈਣ ਭਰਾ ਹਾਂ। ਦੋ ਭਰਾ ਇਕ ਮੇਰੀ ਭੈਣ। ਉਨ੍ਹਾਂ ਤਿੰਨਾਂ ਦਾ ਕੱਦ ਮਾਂ-ਬਾਪ 'ਤੇ ਗਿਆ ਹੈ। ਮੈਂ ਸਭ ਤੋਂ ਵੱਡੀ ਹਾਂ। ਉਹ ਬਾਅਦ ਵਿਚ ਜੰਮ ਕੇ ਵੀ ਮੈਥੋਂ ਉੱਚੇ ਹੋ ਗਏ। ਪੜ੍ਹ-ਲਿਖ ਕੇ ਨੌਕਰੀਆਂ 'ਤੇ ਲੱਗ ਗਏ। ਮੈਨੂੰ ਮੁੰਡਿਆਂ-ਕੁੜੀਆਂ ਦੀਆਂ ਗੱਲਾਂ ਲੈ ਬੈਠੀਆਂ। ਮਸਾਂ ਦਸਵੀਂ ਪਾਸ ਕੀਤੀ। ਕਿਤਾਬਾਂ ਵੱਲ ਪਿੱਠ ਕਰ ਘਰ ਬੈਠ ਗਈ।

ਜਿਸ ਵਕਤ ਮੈਂ ਘਰ ਵਿਚ ਇਕੱਲੀ ਹੁੰਦੀ। ਲੋਕਾਂ ਦੀਆਂ ਨਜ਼ਰਾਂ ਪਿੱਠ ਵਿਚ ਚੁਭਣ ਲੱਗਦੀਆਂ। ਮੈਂ ਘਰ ਦੀ ਛੱਤ ਉਪਰ ਜਾ ਚੜ੍ਹਦੀ। ਧੁੱਪ ਵਿਚ ਆਪਣਾ ਪਰਛਾਵਾਂ ਵੇਖਦੀ ਰਹਿੰਦੀ। ਜਦੋਂ ਧੁੱਪ ਚੁਭਣ ਲੱਗਦੀ। ਮੈਂ ਹੇਠਾਂ ਉਤਰ ਆਉ ਕਮਰੇ ਵਿਚ ਜਾਂਦੀ। ਸ਼ੀਸ਼ੇ ਅੱਗੇ ਖੜ੍ਹ ਆਪਣਾ ਕੱਦ ਵੇਖਣ ਲੱਗਦੀ। ਮੇਰੀਆਂ ਹਰਕਤਾਂ ਵੇਖ-ਵੇਖ ਮਾਂ ਅੱਕੀ ਪਈ ਸੀ। ਜੇਕਰ ਉਹ ਉਪਰ ਹੀ ਆ ਜਾਂਦੀ। ਮੈਨੂੰ ਗਾਲ਼ਾਂ ਕੱਢਣ ਲੱਗ ਪੈਂਦੀ, "ਨੀ ਬਹਿ ਜਾ ਰਾਮ ਨਾਲ!... ਇਨ੍ਹਾਂ ਲੱਛਣਾਂ ਨਾਲ ਤੇਰਾ ਕੱਦ ਨੀ ਵਧਣ ਲੱਗਿਆ....!"

ਮਾਂ ਦੀਆਂ ਗਾਲਾਂ ਸੁਣ ਮੈਂ ਉਹਦੀ ਪੇਟੀ ਉਹਲੇ ਜਾ ਖੜ੍ਹਦੀ। ਉੱਥੇ ਮੇਰੇ ਗੁੱਡੀਆਂ-ਪਟੋਲੇ ਪਏ ਸਨ।

"ਵਿਆਹ ਹੋਇਆ ਮੇਰੇ ਬਾਬਲਾ...!" ਜਿਸ ਵਕਤ ਮੈਂ ਗੁੱਡੀ ਨੂੰ ਸ਼ਿੰਗਾਰ ਉਹਦਾ ਵਿਆਹ ਕਰਨ ਲੱਗਦੀ। ਵਿਆਹ ਵਿਚ ਬੀਅ ਦਾ ਲੇਖਾ ਪੈ ਜਾਂਦਾ। ਮਾਂ ਫਿਰ ਗਾਲਾਂ ਕੱਢਣ ਲੱਗਦੀ, "ਨੀ ਤੂੰ ਕਿੱਥੇ ਜੰਮ ਪੀ ਸਾਡੇ !.... ਜੇ ਜੰਮੀ ਤੀ ਭੋਰਾ ਕੱਦ ਤਾਂ ਲਿਖਾ ਲਿਆਉਂਦੀ ....!"

"ਹੇ ਮੇਰਿਆ ਮਾਲਕਾ !.... ਦੱਸ ਇਹ ਬੌਨੀ ਨੂੰ ਕਿਹੜਾ ਲਊ...!" ਰੱਬ ਨੂੰ ਉਲਾਂਭਾ ਦਿੰਦਾ ਹੋਇਆ ਬਾਪੂ ਮੱਥੇ ਉਪਰ ਹੱਥ ਮਾਰਦਾ

ਪਿੰਡ ਦੀਆਂ ਕੁੜੀਆਂ ਮਜ਼ਾਕ ਕਰਦੀਆਂ, "ਨੀ ਇਹਦਾ ਤਾਂ ਮੱਥਾ ਈ ਸਾਫ ਐ !....ਇਸ ਉਪਰ ਸਿਹਰੇ ਵਾਲੇ ਦਾ ਨਾਂ ਨਹੀਂ ਲਿਖਿਆ ਹੋਇਆ....!"

ਪਰ ਉਸ ਦਿਨ ਸਾਰਾ ਝੂਠ ਸੱਚ ਬਣ ਗਿਆ ਸੀ। ਜਿਸ ਦਿਨ ਸਿੱਪੀ ਸਿਹਰਾ ਬੰਨ੍ਹ ਮੈਨੂੰ ਵਿਆਹੁਣ ਆਇਆ।

"ਜੇਕਰ ਇਹਦਾ ਕੱਦ ਛੋਟਾ !..... ਇਸ ਵਿਚ ਇਹਦਾ ਕੀ ਕਸੂਰ ਐ !....ਆਪਾਂ ਰੱਬ ਦੀ ਕਰਨੀ ਦੀ ਸਜ਼ਾ ਇਸ ਨੂੰ ਨਹੀਂ ਦੇ ਸਕਦੇ !.... ਮੈਂ ਕਰਾਊਂ ਇਸ ਨਾਲ ਵਿਆਹ....!" ਉਹਦੀ ਸੋਚ ਦਾ ਕੱਦ ਵੇਖ ਭਾਨੀਮਾਰਾਂ ਦੀ ਜ਼ੁਬਾਨ ਠਾਕੀ ਗਈ

ਉਸ ਦਾ ਰੰਗ-ਰੂਪ ਵੇਖ ਕੁੜੀਆਂ ਦੀਆਂ ਅੱਖਾਂ ਵਿਚ ਈਰਖਾ ਦੀ ਅੱਗ ਮੱਚ ਉੱਠੀ। ਉਂਞ ਤਾਂ ਕੋਈ ਕੁਝ ਕਰ ਨਾ ਸਕਿਆ। ਪਰ ਹਰ ਹਾਰੀ ਹੋਈ ਜ਼ੁਬਾਨ ਕਹਿ ਰਹੀ ਸੀ, "ਲੈ ਵਿਆਹ ਕਾਹਦਾ ਇਹ!... ਇਹ ਤਾਂ ਊਠ ਦੇ ਗਲ੍ਹ ਟੱਲੀ ਬੰਨ੍ਹੀ ਐ...!"

"ਨੀ ਚੱਲ ਚੰਗਾ ਹੋਇਆ !....ਪ੍ਰਾਹੁਣਾ ਗੋਦੀ ਚੱਕ ਕੇ ਖਿਡਾਇਆ ਕਰੂ....!" ਤੀਵੀਆਂ ਘੁਸਰ-ਮੁਸਰ ਕਰ ਰਹੀਆਂ ਸਨ

ਮਸਾਂ ਸ਼ਾਮ ਹੋਈ। ਮੈਂ ਡੋਲੀ ਵਾਲੀ ਕਾਰ ਵਿਚ ਬੈਠ ਗਈ। ਜਿਸ ਵਕਤ ਕਾਰ ਸਹੁਰੇ ਘਰ ਅੱਗੇ ਰੁਕੀ। ਫਿਰ ਘੁਸਰ-ਮੁਸਰ ਸ਼ੁਰੂ ਹੋ ਗਈ। ਗੀਤਾਂ ਨਾਲੋਂ ਹਾਸਾ ਉੱਚੀ ਹੋ ਗਿਆ। ਕੁੜੀਆਂ ਪਾਣੀ ਵਾਰ ਰਹੀ ਸੱਸ ਨੂੰ ਮਜ਼ਾਕ ਕਰ ਰਹੀਆਂ ਸਨ, "ਇਕ ਮਿੰਟ ਰੁਕ ਜਾਹ ਚਾਚੀ !...ਪਹਿਲਾਂ ਬਹੂ ਨੂੰ ਗੋਦੀ ਚੱਕ ਲਈਏ...!"

ਗੋਦੀ ਚੁੱਕਣ ਵਾਲੀ ਗੱਲ ਯਾਦ ਕਰ ਮੈਂ ਕੰਬਣ ਲੱਗ ਪਈ ਹਾਂ। ਅੱਖਾਂ ਵਿਚ ਖ਼ੂਨ ਉਤਰ ਆਇਆ ਹੈ। ਮੇਰੀ ਨਜ਼ਰ ਸਾਹਮਣੇ ਕਮਰੇ ਵਿਚ ਪਏ ਸਿੱਪੀ ਉਪਰ ਜਾ ਟਿਕੀ ਹੈ। ਉੱਚਾ-ਲੰਬਾ ਗੱਭਰੂ ਪੱਲੇ ਵਿਚ ਠੀਕਰੀਆਂ ਪਾਈਂ ਪਿਆ ਹੈ। ਜਿਸ ਦਿਨ ਦਾ ਉਹ ਬੈੱਡ 'ਤੇ ਪਿਆ। ਉਸ ਕੋਲ ਚਾਕੂ ਹੈ। ਮੈਂ ਉਸ ਨੂੰ ਘੂਰ ਰਹੀ ਹਾਂ। ਉਹਦਾ ਚਾਕੂ ਵਾਲਾ ਹੱਥ ਮੈਨੂੰ ਘੂਰ ਰਿਹਾ ਹੈ।

"ਬੌਨਾ ਬੰਦਾ ਚਾਕੂ ਨਹੀਂ ਚਲਾ ਸਕਦਾ....!" ਹਵਾ ਨਾਲ ਗੱਲਾਂ ਕਰਦੀ ਹੋਈ ਮੈਂ ਰੋਮੀ ਵੱਲ ਝਾਕੀ ਹਾਂ।

ਉਹ ਪੌੜੀਆਂ ਕੋਲ ਬੈਠਾ ਗੋਲ ਗੱਪੇ ਖਾ ਰਿਹਾ ਹੈ। ਉਸ ਦੇ ਸਿਰ 'ਤੇ ਹੱਥ ਰੱਖ ਮੈਂ ਸਿੱਪੀ ਦੇ ਕਮਰੇ ਅੱਗੇ ਜਾ ਖੜ੍ਹੀ ਹਾਂ।

ਉਸ ਦਾ ਅੱਧ-ਖੁੱਲ੍ਹਾ ਦਰਵਾਜ਼ਾ ਪੂਰਾ ਖੋਲ੍ਹ ਦਿੱਤਾ ਹੈ।

o o o

"ਆਹ ਦਰਵਾਜ਼ਾ ਨਾ ਖੋਲ੍ਹ !....ਮੈਨੂੰ ਚਾਨਣ ਤੋਂ ਡਰ ਆਉਂਦੈ....!" ਕੰਧਾਂ ਨਾਲ ਗੱਲਾਂ ਕਰਦਾ ਸਿੱਪੀ ਮੈਨੂੰ ਸੁਣਾ ਰਿਹਾ ਹੈ।

ਉਸ ਵਿਚ ਅੱਖ ਮਿਲਾਉਣ ਦੀ ਹਿੰਮਤ ਨਹੀਂ ਰਹੀ। ਉਹ ਮੇਰੇ ਨਾਲ ਅੱਖ ਚੁਰਾ ਕੇ ਗੱਲ ਕਰਦਾ ਹੈ। ਜਿਸ ਦਿਨ ਦਾ ਉਹ ਬੈੱਡ ਉੱਪਰ ਪਿਆ। ਮੋਬਾਇਲ ਨੂੰ ਵੀ ਹੱਥ ਨਹੀਂ ਲਾਇਆ। ਪਹਿਲਾਂ ਉਹਦਾ ਹੱਥ ਹਰ ਵਕਤ ਮੋਬਾਇਲ ਉਪਰ ਥਿਰਕਦਾ ਰਹਿੰਦਾ ਸੀ।

"ਦੱਸ ਤੈਨੂੰ ਕੀ ਲੋੜ ਪਈ ਸੀ....!" ਉਹਦੇ ਮੁਰਦਾ ਹੱਥਾਂ ਵੱਲ ਵੇਖ ਮੈਂ ਹਉਂਕਾ ਲਿਆ ਹੈ।

ਉਹ ਵੀ ਦਿਨ ਸਨ ਜਦੋਂ ਮੈਂ ਇਨ੍ਹਾਂ ਹੱਥਾਂ ਨੂੰ ਚੁੰਮਦੀ ਨਹੀਂ ਥੱਕਦੀ ਸੀ। ਇਨ੍ਹਾਂ ਹੱਥਾਂ ਨੇ ਮੈਨੂੰ ਉੱਚਾ

ਚੁੱਕਿਆ ਸੀ। ਮੈਨੂੰ ਵਿਆਹ ਕੇ ਸਿੱਪੀ ਨੇ ਮੇਰੀ ਹੋਣੀ ਕੱਟੀ ਸੀ। ਉਹਦੀ ਉੱਚੀ ਸੋਚ ਦਾ ਕੱਦ ਮੇਰਾ ਆਸਮਾਨ ਸੀ। ਉਸ ਵੱਲ ਵੇਖ ਮੈਂ ਉੱਡੀ ਫਿਰਦੀ। ਨਿੱਤ ਨਵਾਂ ਸੂਟ ਪਾਉਂਦੀ। ਬਿਊਟੀ ਪਾਰਲਰ ਜਾਂਦੀ। ਮੇਕ-ਅੱਪ ਕਰਦੀ। ਹੱਥ ਵਿਚ ਮੋਬਾਇਲ ਫੜ ਤੀਵੀਆਂ ਵਾਂਗ ਹਿੱਕ ਕੱਢ ਤੁਰਦੀ। ਜਿੱਧਰ ਦੀ ਵੀ ਲੰਘਦੀ। ਹਰ ਅੱਖ ਮੈਨੂੰ ਤਾੜਦੀ। ਪਰ ਮੈਂ ਨਜ਼ਰ ਸਿੱਧੀ ਰੱਖਦੀ।

"ਬੱਸ ਉਸ ਕਰਤਾਰ ਦੀ ਨਜ਼ਰ ਸਿੱਧੀ ਚਾਹੀਦੀ ਐ....!" ਜ਼ਿੰਦਗੀ ਦੀ ਬਾਜ਼ੀ ਸਿੱਧੀ ਪਈ ਵੇਖ ਮੈਂ ਸ਼ੁਕਰ ਮਨਾਉਂਦੀ ਪਰ ਜਿਸ ਸਾਲ ਰੋਮੀ ਦਾ ਜਨਮ ਹੋਇਆ। ਉਸ ਸਾਲ ਸਿੱਪੀ ਦੀ ਅੱਖ ਵਿਚ ਕਸਾਈ ਪੈਦਾ ਹੋ ਗਿਆ ਸੀ। ਉਸ ਦੀ ਨਜ਼ਰ ਪਲਟ ਗਈ। ਉਹ ਮੇਰੀ ਕੱਟੀ ਹੋਣੀ ਜੋੜਨ ਲੱਗ ਪਿਆ। ਜੇਕਰ ਮੈਂ ਕੱਪੜਿਆਂ ਵਾਲੀ ਤਾਰ ਨੀਵੀਂ ਕਰਨ ਲਈ ਆਖਦੀ। ਉਹ ਆਖਦਾ, "ਐਨੀ ਤਾਂ ਨੀਵੀਂ ਐ !....ਤੇਰਾ ਕੱਦ ਈ ਛੋਟਾ !... ਨਹੀਂ ਪੈਂਦੇ ਧਰਤੀ 'ਤੇ ਈ ਕੱਪੜੇ ਸੁਕਣੇ ਪਾ ਦੇ ....!"

"ਮੈਨੂੰ ਕੀ ਐ !...ਮੈਂ ਤਾਂ ਪਾ ਦਿੰਨੀ ਆਂ....!" ਮੇਰੀ ਗੱਲ ਸੁਣ ਉਹ ਨਵੀਆਂ ਹੀ ਗੱਲਾਂ ਸੁਨਾਉਣ ਲੱਗ ਪੈਂਦਾ, "ਤੂੰ ਤਾਂ ਆਟਾ ਗੁੰਨਦੀ ਈ ਘੰਟਾ ਲਾ ਦਿੰਨੀ ਐਂ !.... ਛੋਟੀਆਂ-ਛੋਟੀਆਂ ਰੋਟੀਆਂ ਲਾਹੁੰਨੀ ਐਂ !.... ਜਦ ਮੋਟਰ-ਸਾਇਕਲ 'ਤੇ ਬੈਠਦੀ ਐਂ !... ਲੋਕ ਕਹਿੰਦੇ ਤੇਰੇ ਪਿੱਛੇ ਲਟਕਦੀ ਜਾਂਦੀ ਹੁੰਦੀ ਐ....!"

ਉਸ ਦੀਆਂ ਗੱਲਾਂ ਸੁਣ ਮੈਂ ਰੋਣ ਲੱਗ ਪੈਂਦੀ। ਉਹ ਹੱਸਣ ਲੱਗ ਪੈਂਦਾ, "ਕਦੇ ਆਪਣੇ ਆਪ ਨੂੰ ਸ਼ੀਸ਼ੇ ਵਿਚ ਦੇਖਿਆ !... ਜਦ ਰੋਮੀ ਨੂੰ ਚੱਕਦੀ ਐਂ !... ਐਂ ਲੱਗਦਾ ਜਿਵੇਂ ਬੱਚੇ ਨੇ ਬੱਚਾ ਚੱਕਿਆ ਹੁੰਦਾ !... ਹੋਰ ਸੁਣ !.... ਤੂੰ ਤਾਂ ਤੁਰਨ ਲੱਗੀ ਵੀ ਬੱਚਿਆਂ ਵਾਂਗ ਡਿੰਗਾਂ ਪੱਟਦੀ ਐਂ !... ਮੈਂ ਤਾਂ ਪਿੱਛੇ ਮੁੜ-ਮੁੜ ਈ ਦੇਖਦਾ ਰਹਿੰਨਾ...!"

ਜਿਸ ਤਰ੍ਹਾਂ ਉਹ ਕਹਿੰਦਾ ਸੀ। ਇਕ ਦਿਨ ਉਸ ਤਰ੍ਹਾਂ ਹੀ ਹੋਈ। ਅਸੀਂ ਦੋਵੇਂ ਬਜ਼ਾਰ ਵਿਚ ਤੁਰੇ ਜਾ ਰਹੇ ਸੀ। ਲੋਕਾਂ ਦੀਆਂ ਨਜ਼ਰਾਂ ਮੈਨੂੰ ਵੇਖ ਰਹੀਆਂ ਸਨ। ਮੈਂ ਦੁਕਾਨਾ ਦੇ ਸ਼ੀਸ਼ਿਆਂ ਵਿਚ ਰੱਖੀਆਂ ਚੀਜ਼ਾਂ ਵੱਲ ਵੇਖ ਰਹੀ ਸੀ। ਇਕ ਥਾਂ ਮੇਰਾ ਪੈਰ ਅੜ੍ਹਕ ਗਿਆ। ਮੈਂ ਡਿੱਗ ਪਈ। ਪਿੱਛੇ ਆ ਰਿਹਾ ਇਕ ਬੰਦਾ ਅਵਾਜ਼ ਮਾਰ ਕੇ ਕਹਿੰਦਾ, "ਬਾਈ ਜੀ !...ਆਹ ਤੁਹਾਡਾ ਬੱਚਾ ਡਿੱਗ ਪਿਆ !... ਇਹਨੂੰ ਗੋਦੀ ਚੁੱਕਿਆ ਕਰੋ ਨਾ....!"

ਸਿੱਪੀ ਦੇ ਪਿੱਛੇ ਮੁੜ ਕੇ ਵੇਖਣ ਤੱਕ ਮੈਂ ਉੱਠ ਤਾਂ ਖੜ੍ਹੀ ਸੀ। ਪਰ ਉਹ ਬੇਇਜ਼ਤੀ ਮੰਨ ਗਿਆ। ਉਸ ਘਟਨਾ ਤੋਂ ਬਾਅਦ ਜੇਕਰ ਮੈਂ ਸ਼ਹਿਰ ਜਾਣ ਲਈ ਕਹਿੰਦੀ। ਉਹ ਆਖ ਦਿੰਦਾ, "ਮੈਂ ਨੀ ਤੇਰੇ ਨਾਲ ਜਾ ਸਕਦਾ !.... ਤੂੰ ਕੱਲੀ ਈ ਜਾਇਆ....!"

ਇਕੱਲੀ ਆਉਂਦੀ-ਜਾਂਦੀ ਮੈਂ ਇਕੱਲੀ ਹੀ ਰਹਿ ਗਈ ਸੀ। ਸਿੱਪੀ ਨਵੀਂ ਹੀ ਦੁਨੀਆਂ ਨਾਲ ਜੁੜ ਗਿਆ।

"ਸਿੱਪੀ !...ਤੂੰ ਤਾਂ ਇਹਾ ਜਿਆ ਨਹੀਂ ਸੀ !...." ਉਸ ਦੀਆਂ ਆਦਤਾਂ ਵੇਖ ਮੈਂ ਹੈਰਾਨ ਹੁੰਦੀ

ਉਹਦਾ ਜਵਾਬ ਮੇਰੀ ਪਰੇਸ਼ਾਨੀ ਵਧਾ ਦਿੰਦਾ, "ਉਹ ਤਾਂ ਮੇਰੀ ਸੋਚ ਨੂੰ ਪਤਾ ਨੀ ਕੀ ਹੋ ਗਿਆ ਸੀ !....ਤੇਰੇ ਨਾਲ ਵਿਆਹ ਕਰਾ ਲਿਆ !....ਮੈਂ ਤਾਂ ਇਹ ਜਿਆ ਈ ਆਂ ....!"

ਹੱਥ ਵਿਚ ਸ਼ਰਾਬ ਦਾ ਗਿਲਾਸ। ਮੋਬਾਇਲ ਉਪਰ ਥਿਰਕਦੀਆਂ ਉਂਗਲਾਂ ।ਉਹ ਆਊਟ ਹੋਣ ਤੱਕ ਪੈੱਗ ਲਾਈਂ ਜਾਂਦਾ। ਅੱਧੀ ਰਾਤ ਤੱਕ ਚੈਟਿੰਗ ਚੱਲਦੀ ਰਹਿੰਦੀ। ਉਸ ਦਾ ਬਦਲ ਰਿਹਾ ਰੂਪ ਮੈਨੂੰ ਤੰਗ ਕਰ ਰਿਹਾ ਸੀ।

ਇਕ ਰਾਤ ਮੈਂ ਆਖ ਹੀ ਦਿੱਤਾ, "ਸਿੱਪੀ !... ਲੱਗਦੈ ਅੱਜ ਤੂੰ ਕਿਸੇ ਲੰਬੀ ਤੀਵੀਂ ਨਾਲ ਸੌਂ ਕੇ

ਆਇਐਂ...!"

"ਖਬਰਦਾਰ !... ਚੁੱਪ ਕਰ ਬੌਨੀ ਸਾਲੀ....!" ਉਸ ਰਾਤ ਵੱਜਿਆ ਥੱਪੜ ਹਰ ਰਾਤ ਵੱਜਣ ਲੱਗ ਪਿਆ ਸੀ

ਮੇਰੀ ਕੁੱਟ-ਮਾਰ ਕਰ ਉਹ ਤਾਂ ਸੌਂ ਜਾਂਦਾ। ਮੈਂ ਪਾਠੀ ਬੋਲਣ ਤੱਕ ਜਾਗਦੀ ਰਹਿੰਦੀ। ਅੱਖਾਂ ਦੁਖਣ ਲੱਗ ਜਾਂਦੀਆਂ। ਸਿਰ ਦਰਦ ਕਰਨ ਲੱਗ ਪੈਂਦਾ। ਜੇਕਰ ਇਕ ਪਲ ਲਈ ਅੱਖ ਲੱਗਦੀ। ਮੈਨੂੰ ਹਨੇਰੇ ਵਿਚ ਲੰਬੀ ਤੀਵੀ ਤੁਰੀ ਫਿਰਦੀ ਦਿਖਾਈ ਦਿੰਦੀ। ਉਸ ਵੱਲ ਵੇਖ ਮੈਂ ਸਿੱਪੀ ਵੱਲ ਵੇਖਦੀ। ਉਹ ਨੀਂਦ ਵਿਚ ਬੋਲ ਰਿਹਾ ਹੁੰਦਾ, "ਮੈਨੂੰ ਲੰਬੀ ਤੀਮੀਂ ਪਸੰਦ ਐ !.... ਉਹਨੂੰ ਬੌਨੀ ਤੀਮੀਂ ਪਸੰਦ ਐ....!"

ਮੈਨੂੰ ਸਿੱਪੀ ਦੀ ਪਸੰਦ ਤਾਂ ਸਮਝ ਆ ਜਾਂਦੀ। ਬੌਨੀ ਤੀਵੀਂ ਕਿਸ ਨੂੰ ਪਸੰਦ ਹੈ। ਇਹ ਸਮਝ ਨਾ ਆਉਂਦੀ। ਉਹ ਮੋਬਾਇਲ ਉਪਰ ਕਿਸੇ ਨੂੰ ਸਮਝਾਉਂਦਾ ਰਹਿੰਦਾ ਸੀ, "ਤੈਨੂੰ ਫਿਲਮ ਪਸੰਦ ਐ !..ਮੈਨੂੰ ਅਸਲੀ ਪਸੰਦ ਐ !.. ਬੱਸ ਮੈਂ ਫਿਲਮ ਬਣਾ ਰਿਹਾਂ !... ਤੂੰ ਮੇਰੀ ਪਸੰਦ ਦਾ ਖਿਆਲ ਰੱਖੀਂ....!"

ਜਿਸ ਦਿਨ ਮੈਨੂੰ ਸਿੱਪੀ ਦੀਆਂ ਗੱਲਾਂ ਵਿਚਲਾ ਰਹੱਸ ਸਮਝ ਆਇਆ।

ਉਸ ਦਿਨ ਤੋਂ ਉਹ ਦੁਨੀਆਂ ਦਾ ਸਭ ਤੋਂ ਬੌਨਾ ਬੰਦਾ ਬਣ ਗਿਆ ਹੈ।

o o o

"ਬੰਦਾ !... ਥੂਅ...ਅ....!!" ਸਿੱਪੀ ਵੱਲ ਵੇਖ ਮੈਂ ਪਰ੍ਹਾਂ ਨੂੰ ਥੁੱਕਿਆ ਹੈ

ਮੇਰੇ ਵੱਲ ਵੇਖ ਉਹਨੇ ਅੱਖਾਂ ਬੰਦ ਕਰ ਲਈਆਂ ਹਨ। ਮੇਰੀਆਂ ਅੱਖਾਂ ਵਿਚ ਉਸਦੀ ਬਣਾਈ ਫਿਲਮ ਚੱਲਣ ਲੱਗ ਪਈ ਹੈ।

ਮੈਂ ਪਿਘਲੇ ਹੋਏ ਪਲਾਂ ਵਿਚ ਸਿੱਪੀ ਦੀ ਗੋਦੀ ਵਿਚ ਪਈ ਹਾਂ। ਨਿਰਵਸਤਰ...!

ਆਪਣੀ ਫਿਲਮ ਵੇਖ ਮੈਂ ਸ਼ਰਮ ਨਾਲ ਧਰਤੀ ਵਿਚ ਗੱਡੀ ਗਈ ਸੀ।

ਪਰ ਸਿੱਪੀ ਬੇਸ਼ਰਮੀ ਦੀ ਹੱਦ ਪਾਰ ਕਰ ਗਿਆ। ਉਹ ਸ਼ਰਾਬੀ ਹੋਇਆ ਦੱਸ ਰਿਹਾ ਸੀ, "ਮੇਰਾ ਇਕ ਬਚਪਨ ਦਾ ਦੋਸਤ ਐ ਮੈਸ਼ੀ !.... ਉਹਦੀ ਤੀਮੀਂ ਬਹੁਤ ਲੰਬੀ ਐ !...ਪਰ ਆਪ ਸਾਲਾ ਨਾਮਰਦ ਐ !...ਉਹਦੀ ਨਮਰਦੀ ਵੇਖ !...ਸਾਲਾ ਕਹਿੰਦਾ ਲੰਬੀਆਂ ਤੀਮੀਆਂ ਦੀਆਂ ਫਿਲਮਾਂ ਤਾਂ ਬਹੁਤ ਦੇਖੀਆਂ ਨੇ !... ਕਿਸੇ ਦਿਨ ਬੌਨੀ ਤੀਮੀਂ ਦੀ ਫਿਲਮ ਦਿਖਾ .....!"

"ਤੇ ਫਿਰ ਮੈਂ ਦਿਖਾਤੀ ....!" ਮੈਨੂੰ ਮੋਬਾਇਲ ਵਿਚਲੀ ਫਿਲਮ ਦਿਖਾ, ਉਹ ਇਕ ਗਿੱਠ ਨਾਲ ਮੁੱਠੀ ਜੋੜ ਕੇ ਉੱਚੀ-ਉੱਚੀ ਹੱਸਣ ਲੱਗ ਪਿਆ ਸੀ।

ਉਹਦੀ ਨਕਲ ਉਤਾਰਦੀ ਹੋਈ ਮੈਂ ਵੀ ਉੱਚੀ-ਉੱਚੀ ਹੱਸਣ ਲੱਗ ਪਈ ਹਾਂ।

ਮੇਰਾ ਹਾਸਾ ਸੁਣ ਉਸ ਦੀਆਂ ਬੰਦ ਅੱਖਾਂ ਖੁੱਲ੍ਹ ਗਈਆਂ ਹਨ। ਹੱਥ ਵਿਚ ਫੜਿਆ ਚਾਕੂ ਹੇਠਾਂ ਡਿੱਗ ਪਿਆ ਹੈ।

o o o

"ਬੇਟਾ !...ਔਹ ਚਾਕੂ ਚੁੱਕ ਕੇ ਲਿਆ....!" ਰੋਮੀ ਨੂੰ ਇਸ਼ਾਰਾ ਕਰ ਮੈਂ ਪੌੜੀਆਂ ਵਿਚ ਬੈਠ ਗਈ ਹਾਂ।

ਉਹ ਹੇਠਾਂ ਡਿੱਗਿਆ ਚਾਕੂ ਚੁੱਕ ਲਿਆਇਆ ਹੈ। ਉਸ ਤੋਂ ਚਾਕੂ ਫੜ ਮੈਂ ਆਪਣੀਆਂ ਅੱਖਾਂ ਅੱਗੇ ਘੁੰਮਾਉਣ ਲੱਗ ਪਈ ਹਾਂ।

ਮੇਰੀਆਂ ਅੱਖਾਂ ਵਿਚ ਉਹ ਡਰਾਉਣੀ ਰਾਤ ਘੁੰਮਣ ਲੱਗ ਪਈ ਹੈ।

ਸਾਡਾ ਕਮਰਾ....ਸਿੱਪੀ....ਮੈਂ.....ਖੂਨ ..... ਤੇ ਇਕ ਲੰਬੀ ਚੀਕ....!

ਉਸ ਰਾਤ ਜਿਨ੍ਹਾਂ ਪਲਾਂ ਵਿਚ ਉਹ ਮੇਰੇ ਨਾਲ ਰੇਪ ਕਰਨ ਲੱਗਿਆ। ਮੈਂ ਜ਼ਹਿਰ ਦਾ ਘੁੱਟ ਭਰ ਸਿਰਹਾਣੇ ਹੇਠਾਂ ਰੱਖਿਆ ਚਾਕੂ ਕੱਢ ਲਿਆ।

ਸਿੱਪੀ ਦੀ ਚੀਕ ਗੂੰਜੀ । ਮੇਰਾ ਹੱਥ ਖ਼ੂਨ ਨਾਲ ਲਿੱਬੜ ਗਿਆ।

ਮੈਂ ਉਹਦਾ ਉਹ ਅੰਗ ਬੌਨਾ ਕਰ ਦਿੱਤਾ ਸੀ, ਜਿਸ ਨਾਲ ਬੰਦਾ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਦਾ ਹੈ।

o o o

"ਤੇਰੀ ਮਾਂ ਦੀ....!.... ਬੌਨੀ ਸਾਲੀ ਕੁੱਤੀ....!" ਜ਼ਖਮੀ ਸੱਪ ਵਾਂਗ ਵਿਸ਼ ਘੋਲਦਾ ਹੋਇਆ ਸਿੱਪੀ ਮੈਨੂੰ ਗਾਲਾਂ ਕੱਢ ਰਿਹਾ ਹੈ

ਮੈਂ ਬਾਹਰ ਬੀਹੀ ਵਿਚ ਰੁਕੀ ਕਾਰ ਦੀਆਂ ਟਾਕੀਆਂ ਦੀ ਅਵਾਜ਼ ਸੁਣ ਰਹੀ ਹਾਂ।

ਕਾਰ ਵਿਚ ਹਿਜੜਿਆਂ ਦੀ ਟੋਲੀ ਆਈ ਹੈ। ਤਾੜੀਆਂ ਵੱਜ ਰਹੀਆਂ ਹਨ, "ਕਿਹੜੈ ਨੀ ਵਧਾਈ ਆਲਾ ਘਰ....!"

ਮੁੰਡਾ ਜੰਮਣ ਵਾਲਾ ਘਰ ਦੱਸਣ ਦੀ ਥਾਂ ਜੱਸੀ ਨੇ ਸਾਡੇ ਘਰ ਵੱਲ ਇਸ਼ਾਰਾ ਕਰ ਦਿੱਤਾ ਹੈ।

ਉਹਦੀ ਅਵਾਜ਼ ਸੁਣ ਮੈਂ ਬਾਹਰਲੇ ਗੇਟ ਅੱਗੇ ਜਾ ਖੜ੍ਹੀ ਹਾਂ।

ਤਾੜੀਆਂ ਮਾਰਦੀ ਹਿਜੜਿਆਂ ਦੀ ਟੋਲੀ ਅੰਦਰ ਆ ਵੜ੍ਹੀ ਹੈ, "ਲਿਆ ਦਿਖਾ ਨੀ ਬੌਨੀ !.... ਕਿੱਥੇ ਐ ਤੇਰਾ ਬੌਨਾ ....!"

ਮੈਂ ਸਿੱਪੀ ਦੇ ਕਮਰੇ ਵੱਲ ਇਸ਼ਾਰਾ ਕਰ ਦਿੱਤਾ ਹੈ। ਘੁੰਗਰੂਆਂ ਦੀ ਅਵਾਜ਼ ਸੁਣ ਉਹ ਡਰ ਗਿਆ ਹੈ।

ਉਸ ਦਾ ਨਾਂ ਲੈ ਲੈ ਹਿਜੜਿਆਂ ਦੀ ਟੋਲੀ ਨੱਚਣ ਲੱਗ ਪਈ ਹੈ।

ਮੈਂ ਉਨ੍ਹਾਂ ਉਪਰਦੀ ਨੋਟ ਵਾਰਨ ਲੱਗ ਪਈ ਹਾਂ।

## ਕਥਾ-2

ਮੈਨੂੰ ਅੱਜ ਪਤਾ ਲੱਗਾ ਹੈ। ਗੁਆਂਢੀ ਪਿੰਡ ਵਿਚ ਇਕ ਵਾਰਦਾਤ ਹੋਈ ਹੈ। ਮੇਰਾ ਵੱਡਾ ਭਰਾ ਦੱਸਦਾ ਸੀ। ਕਹਿੰਦਾ, 'ਦੇਖ ਲੈ ਓਏ ਤੇਰੇ ਨਾਲ ਦੀ ਬੌਨੀ ਨੇ ਕੀ ਕਰਤੂਤ ਕੀਤੀ ਐ...!"

ਮੇਰਾ ਕੱਦ ਹੋਰ ਨੀਵਾਂ ਕਰਨ ਲਈ ਉਹਨੇ ਅੱਧੀ ਗੱਲ ਦੱਸੀ ਹੈ। ਪੂਰੀ ਗੱਲ ਮੈਂ ਅਖਬਾਰ ਵਿਚ ਪੜ੍ਹੀ ਹੈ। ਸਾਰੀ ਦੁਨੀਆਂ ਨਿੰਦੀ ਨੂੰ ਦੋਸ਼ੀ ਆਖ ਰਹੀ ਹੈ। ਪਰ ਮੈਨੂੰ ਉਹਦਾ ਘਰਆਲਾ ਦੋਸ਼ੀ ਨਜ਼ਰ ਆ ਰਿਹਾ। ਜਿਸ ਤੀਵੀਂ ਦਾ ਘਰਵਾਲਾ ਹੀ ਉਹਦੀ ਫਿਲਮ ਬਣਾ ਲੋਕਾਂ ਨੂੰ ਦਿਖਾਉਂਦਾ ਹੈ। ਉਸ ਦਾ ਰਹਿ ਕੀ ਗਿਆ। ਬੌਨਾ ਸਾਲਾ !

"ਕੌਣ ਕਿੰਨਾ ਕੁ ਬੌਨਾ !.... ਇਹ ਦੱਸਣਾ ਐਨਾ ਸੌਖਾ ਨੀ !... ਗੱਲਾਂ ਮਾਰਦੈ ਸਾਲਾ ਬੌਨਾ ਜਿਆ....!" ਮੇਰੀ ਗੱਲ ਸੁਣ ਭਰਾ ਮੈਨੂੰ ਗਾਲ੍ਹਾਂ ਕੱਢਣ ਲੱਗ ਪਿਆ ਸੀ।

ਉਸ ਦੀਆਂ ਗਾਲ੍ਹਾਂ ਸੁਣ ਮੈਂ ਚੁੱਪ ਕਰ ਗਿਆ। ਜਦੋਂ ਉਹ ਚਲਿਆ ਗਿਆ। ਮੈਂ ਲੰਬਾ ਸਾਰਾ ਸਾਹ ਲਿਆ, "ਤੈਨੂੰ ਕੀ ਪਤਾ ਬੌਨਾ ਹੋਣ ਦਾ ਦਰਦ ਕੀ ਹੁੰਦੈ....!"

ਦਰਦ ਦਾ ਖਿਆਲ ਆਉਂਦਿਆਂ ਹੀ ਲੱਤਾਂ ਤੇ ਪੇਟ ਵਿਚ ਦਰਦ ਹੋਣ ਲੱਗ ਪਿਆ ਹੈ।

"ਹੋਰ ਹਸਾ ਲੈ ਲੋਕਾਂ ਨੂੰ.....!" ਭਰਾ ਦੀ ਗੱਲ ਯਾਦ ਕਰ ਮੈਂ ਹੱਸਣ ਲੱਗ ਪਿਆ ਹਾਂ ।

ਦਰਦ ਦੀਆਂ ਲਹਿਰਾਂ ਤੇਜ਼ ਹੋ ਗਈਆਂ ਹਨ।

o o

o

ਅੱਜ ਕਿੰਨਵਾਂ ਦਿਨ ਹੈ। ਯਾਦ ਨਹੀਂ। ਮੈਂ ਮੰਜੇ ’ਤੇ ਪਿਆ ਹਾਂ। ਲੱਤਾਂ ਉੱਪਰ ਜ਼ਿਆਦਾ ਸੱਟਾਂ ਹਨ। ਪਿੱਠ ਤੇ ਪੇਟ ਵਿਚ ਗੁੱਝੀ ਸੱਟ ਹੈ। ਉਹ ਕਿਹੜਾ ਬੰਦਾ ਜਿਸ ਨੂੰ ਮੈਂ ਹਸਾਇਆ ਨਹੀਂ। ਮੈਨੂੰ ਤਾਂ ਆਸ ਸੀ ਸਾਰਾ ਪਿੰਡ ਖਬਰ ਲੈਣ ਆਊਗਾ। ਪਰ ਇਕ ਵੀ ਬੰਦਾ ਨਹੀ ਆਇਆ। ਮੈਂ ਆਪ ਹੀ ਦਵਾਈ ਲਾ ਕੇ ਪੱਟੀਆਂ ਕਰ ਲੈਨਾ। ਆਪ ਹੀ ਗੋਲੀਆਂ ਲੈ ਪਾਣੀ ਨਾਲ ਦਰਦ ਪੀ ਲੈਨਾ। ਅੱਜ ਪਤਾ ਲੱਗਾ ਕਿ ਮੈਂ ਤਾਂ ਪਿੰਡ ਵਿਚ ਕਿਤੇ ਵੀ ਨਹੀਂ। ਮੈਨੂੰ ਭੁਲੇਖਾ ਸੀ ਕਿ ਮੈਂ ਵੀ ਹਾਂ।

“ਐਥੇ ਤਾਂ ਕੋਈ ਵੱਡਿਆਂ-ਵੱਡਿਆਂ ਨੂੰ ਨੀ ਪੁੱਛਦਾ !..... ਤੂੰ ਅੱਧਾ-ਪੌਣਾ ਐਥੋਂ ਕੀ ਭਾਲਦੈਂ....!” ਉਸਤਾਦ ਦੀ ਗੱਲ ਯਾਦ ਕਰ ਮੇਰੀ ਸੁਰਤੀ ਨਿੰਦੀ ਵਾਲੀ ਵਾਰਦਾਤ ਵੱਲ ਚਲੀ ਗਈ ਹੈ

ਮੈਂ ਸੁਣਿਆ ਉਹਦੇ ਘਰਵਾਲੇ ਦੀ ਖਬਰ ਲੈਣ ਕੋਈ ਨਹੀਂ ਆਇਆ। ਉਹਦੀ ਗੱਲ ਤਾਂ ਸਮਝ ਆਉਂਦੀ ਹੈ। ਪਰ ਲੋਕਾਂ ਨੂੰ ਨਿੰਦੀ ਨਾਲ ਤਾਂ ਹਮਦਰਦੀ ਹੋਣੀ ਚਾਹੀਦੀ ਹੈ।

“ਕਿਹੜੀ ਹਮਦਰਦੀ ਯਾਰ !.... ਇਨ੍ਹਾਂ ਬੌਨਿਆਂ ਨੂੰ ਤਾਂ ਗੋਲੀ ਮਾਰ ਦੇਣੀ ਚਾਹੀਦੀ ਐ !....ਚੰਗਾ ਹੋਇਆ ਰੱਬ ਨੇ ਹੇਠਾਂ ਈ ਰੱਖੇ ਨੇ !...ਜੇ ਮਾੜਾ ਮੋਟਾ ਕੱਦ ਦੇ ਦਿੰਦਾ !....ਇਨ੍ਹਾਂ ਨੇ ਤਾਂ ਅਸਮਾਨ ਨੂੰ ਟਾਕੀ ਲਾ ਦੇਣੀ ਸੀ....!” ਬੀਹੀ ਵਿਚ ਲੰਘੇ ਜਾਂਦੇ ਬੰਦਿਆਂ ਦੀ ਅਵਾਜ਼ ਮੇਰੇ ਜ਼ਖ਼ਮਾਂ ਉੱਪਰ ਲੂਣ ਭੁੱਕ ਰਹੀ ਹੈ।

ਭਾਬੀ ਮੇਰਾ ਨਾਂ ਲੈ ਮੁੰਡੇ ਨੂੰ ਡਰਾ ਰਹੀ ਹੈ, “ਦੇਖ ਲੈ ਜੇ ਸਕੂਲ ਨਾ ਗਿਆ ਨਾ!..... ਚਾਚੇ ਵਾਂਗ ਬੌਨਾ ਈ ਰਹਿਜੇਂਗਾ.....!”

ਉਹਦਾ ਝੂਠ ਸੁਣ ਮੈਨੂੰ ਸਕੂਲ ਛੱਡਣ ਦਾ ਦਿਨ ਯਾਦ ਆਉਣ ਲੱਗ ਪਿਆ ਹੈ।

o o o

ਮੈਨੂੰ ਪੜ੍ਹਨ ਦਾ ਬਹੁਤ ਸੌਂਕ ਸੀ। ਹਰ ਕਲਾਸ ਵਿਚੋਂ ਫਸਟ ਆਉਂਦਾ। ਉਂਝ ਤਾਂ ਮੈਂ ਪੰਜਵੀਂ ਵਿਚ ਹੋ ਗਿਆ। ਪਰ ਕੱਦ ਪਹਿਲੀ ਕਲਾਸ ਦੇ ਬੱਚਿਆਂ ਵਰਗਾ ਸੀ। ਜਿਸ ਸਾਲ ਮੈਂ ਅੱਠਵੀਂ ਪਾਸ ਕੀਤੀ। ਮੈਨੂੰ ਪੰਜਾਬੀ ਵਾਲਾ ਮਾਸਟਰ ਕਹਿੰਦਾ, “ਓਏ ਪੜ੍ਹਨ ’ਤੇ ਈ ਜ਼ੋਰ ਲਾਈਂ ਜਾਨੈ !.....ਮਾੜਾ ਮੋਟਾ ਜ਼ੋਰ ਕੱਦ ਵਧਾਉਣ ’ਤੇ ਵੀ ਲਾ ਲੈ....!”

“ਚੱਲ ਬਈ ਡੇਢ ਫੁੱਟੀਆ !...ਉੱਠ ਕੇ ਪਾਠ ਪੜ੍ਹ.....!” ਮੇਰਾ ਛੋਟਾ ਕੱਦ ਮਾਸਟਰਾਂ ਲਈ ਮਜ਼ਾਕ ਬਣ ਗਿਆ ਸੀ

“ਓਏ ਜਦੋਂ ਇਹਦਾ ਵਿਆਹ ਹੋ ਗਿਆ !.....ਇਹਦੇ ਜਵਾਕ ਪੌੜੀ ਲਾ ਕੇ ਬਤਾਊਂ ਤੋੜਿਆ ਕਰਨਗੇ....!” ਮੁੰਡਿਆਂ ਦੀ ਢਾਣੀ ਮੈਨੂੰ ਨਿੱਤ ਛੇੜਦੀ

ਕੁੜੀਆਂ ਇਕ-ਦੂਜੀ ਨੂੰ ਕੂਹਣੀਆਂ ਮਾਰਦੀਆਂ, “ਨੀ ਔਹ ਦੇਖ ਜੋਕਰ ਜਾਂਦਾ.....!”

ਮੈਂ ਜਿੱਧਰ ਨੂੰ ਵੀ ਜਾਂਦਾ। ਮੁੰਡੇ ਮੇਰੇ ਸਿਰ ਵਿਚ ਥੱਪੜ ਮਾਰਨ ਲੱਗ ਪੈਂਦੇ। ਇਕ ਦਿਨ ਉਨਾਂ ਨੇ ਮੇਰੇ ਉਪਰ ਲੋਈ ਸਿੱਟ ਦਿੱਤੀ। ਮੈਂ ਹੇਠਾਂ ਡਿੱਗ ਪਿਆ। ਕਈ ਜਣਿਆਂ ਨੇ ਮੈਨੂੰ ਢਾਹ ਲਿਆ। ਇਕ ਜਣੇ ਨੇ ਮੂੰਹ ਵਿਚ ਸਵਾਹ ਪਾ ਦਿੱਤੀ। ਕਿਸੇ ਨੇ ਅੱਖਾਂ ਵਿਚ ਮਿੱਟੀ ਪਾ ਦਿੱਤੀ। ਜਿਸ ਵਕਤ ਪਰਕਾਰ ਦੀ ਸੂਈ ਦਾ ਟੀਕਾ ਲੱਗਿਆ। ਮੈਂ ਚੀਕਾਂ ਮਾਰਦਾ ਸਕੂਲ ਛੱਡ ਘਰ ਨੂੰ ਭੱਜ ਗਿਆ ਸੀ।

ਉਸ ਘਟਨਾ ਤੋਂ ਬਾਅਦ ਮੈਂ ਕਈ ਸਾਲ ਘਰ ਵਿਚ ਹੀ ਕੈਦ ਕੱਟੀ ਹੈ।

ਮਸਾਂ ਬਾਹਰ ਨਿਕਲਿਆ ਸੀ। ਪਰ ਲੋਕਾਂ ਨੇ ਫਿਰ ਅੰਦਰ ਵਾੜ ਦਿੱਤਾ ਹੈ।

o o o

ਜਿਸ ਥਾਂ ਮੈਂ ਮੰਜਾ ਡਾਹੀਂ ਪਿਆ ਹਾਂ। ਇਹ ਉਹ ਥਾਂ ਹੈ ਜਿੱਥੇ ਮੈਨੂੰ ਪਹਿਲੀ ਵਾਰ ਜੋਕਰ ਬਣਨ ਦਾ ਖਿਆਲ ਆਇਆ ਸੀ। ਮੈਂ ਸੋਚਿਆ ਜਿਹੜੇ ਮੇਰੇ ਉਪਰ ਹੱਸਦੇ ਹਨ। ਕਿਉਂ ਨਾ ਉਨ੍ਹਾਂ ਨੂੰ ਹਸਾਇਆ ਹੀ ਜਾਵੇ।

ਇਹ ਸੋਚ ਮੈਂ ਇਕ ਦਿਨ ਆਪਣਾ ਭੇਸ ਬਦਲ ਲਿਆ। ਉਸ ਦਿਨ ਘਰ ਵਿਚ ਇਕੱਲਾ ਹੀ ਸੀ। ਮੈਂ ਸ਼ੀਸ਼ੇ ਅੱਗੇ ਜਾ ਖੜ੍ਹਿਆ। ਚਿਹਰੇ ਉੱਪਰ ਪਾਊਡਰ ਮਲ ਲਿਆ। ਅੱਖਾਂ ਵਿਚ ਲੋਅ ਪਾ ਲਈ। ਨੱਕ ਉਪਰ ਲਾਲ ਲਿਪਸਟਿਕ ਦਾ ਵੱਡਾ ਸਾਰਾ ਟਿੱਕਾ ਲਾ ਲਿਆ। ਸਿਰ ਉਪਰ ਕਾਗਜ਼ਾਂ ਦੀ ਬਣਾਈ ਟੋਪੀ ਲੈ ਮੈਂ ਬੀਹੀ ਵਿਚ ਜਾ ਖੜ੍ਹਿਆ।

ਜਿਹੜਾ ਵੀ ਬੀਹੀ ਵਿਚ ਦੀ ਲੰਘਦਾ। ਮੈਨੂੰ ਵੇਖ ਹੱਸਣ ਲੱਗ ਪੈਂਦਾ, "ਵਾਹ ਓਏ ਜੋਕਰਾ !.... ਹੁਣ ਆਇਐਂ ਆਨੇ ਆਲੀ ਥਾਂ 'ਤੇ.....!"

"ਵੇ ਦੂਰ ਫਿੱਟੇ ਮੂੰਹ !.....ਆਹ ਕੀ ਜੋਕਰ ਬਣਿਆ ਖੜੈਂ.....!" ਮੈਨੂੰ ਵੇਖ ਮਾਂ ਵੀ ਉੱਚੀ-ਉੱਚੀ ਹੱਸਣ ਲੱਗ ਪਈ।

ਬਾਪੂ ਗਾਲ਼ਾਂ ਕੱਢਣ ਲੱਗ ਪਿਆ, "ਨਾ ਜੇ ਐਨਾ ਈ ਸ਼ੌਂਕ ਐ !....ਜਾਹ ਸਰਕਸ ਆਲਿਆਂ ਨਾਲ ਰਲ਼ ਜਾ ਸਾਲਿਆ.....!"

ਉਹਦੀ ਗੱਲ ਵਿਚ ਕੋਈ ਤਿੱਖਾ ਡੰਗ ਸੀ। ਮੈਂ ਸਾਰੀ ਰਾਤ ਉਸ ਡੰਗ ਨਾਲ ਤੜਪਦਾ ਰਿਹਾ।

ਸਵੇਰ ਹੋਣ ਤੱਕ ਮੈਂ ਘਰ ਛੱਡ ਭੱਜਣ ਦਾ ਫੈਸਲਾ ਕਰ ਲਿਆ ਸੀ।

ਮੇਰੀਆਂ ਅੱਖਾਂ ਵਿਚ ਸਰਕਸ ਦਾ ਤੰਬੂ ਲਹਿਰਾ ਰਿਹਾ ਸੀ।

o o o

"ਅੱਜ ਤੋਂ ਤੂੰ ਸਾਡੇ ਲਈ ਮਰ ਗਿਆ !.....ਬੱਸ ਹੁਣ ਐਥੀ ਰਹੀਂ.....!" ਇਕ ਦਿਨ ਸਰਕਸ ਦਾ ਸ਼ੋਅ ਵੇਖਣ ਆਇਆ ਬਾਪੂ ਜਾਣ ਲੱਗਿਆ ਫੈਸਲਾ ਸੁਣਾ ਗਿਆ ਸੀ।

ਉਹਦਾ ਫੈਸਲਾ ਸੁਣ ਮੈਂ ਡਰ ਗਿਆ। ਮੈਂ ਤਾਂ ਲੋਕਾਂ ਨੂੰ ਹਸਾਉਣ ਆਇਆ ਸੀ। ਪਰ ਬਾਪੂ ਮੈਨੂੰ ਰੁਆ ਕੇ ਚਲਿਆ ਗਿਆ। ਉਹਨੇ ਜਾਣ ਸਾਰ ਘਰ ਦਾ ਦਰਵਾਜ਼ਾ ਬੰਦ ਕਰ ਲਿਆ ਸੀ।

"ਚੱਲ ਕੋਈ ਗੱਲ ਨੀ !....ਜੇ ਬੰਦਾ ਇਕ ਦਰਵਾਜ਼ਾ ਬੰਦ ਕਰਦੈ !.....ਰੱਬ ਦੋ ਦਰਵਾਜ਼ੇ ਖੋਲ੍ਹਦਾ ਵੀ ਐ....!" ਸਰਕਸ ਮਾਲਕ ਦੀ ਗੱਲ ਸੁਣ ਮੈਂ ਮਨ ਮਾਰ ਲਿਆ।

ਸਰਕਸ ਵਿਚ ਕੰਮ ਕਰਨ ਲੱਗਿਆ। ਪਹਿਲਾਂ ਤਾਂ ਬਹੁਤ ਚੰਗਾ ਲੱਗਿਆ। ਵਧੀਆ ਰੋਟੀ-ਪਾਣੀ ਮਿਲਦਾ। ਪੈਸਾ ਮਿਲਦਾ। ਸੋਹਣੀਆਂ ਗੋਰੀਆਂ ਕੁੜੀਆਂ ਵੇਖਣ ਨੂੰ ਮਿਲਦੀਆਂ। ਸਾਨੂੰ ਵੇਖਣ ਵਾਲੇ ਨਵੇਂ ਲੋਕ। ਲੋਕਾਂ ਦੀਆਂ ਤਾੜੀਆਂ। ਹਰ ਸ਼ੋਅ ਵਿਚ ਰੂਹ ਰੱਜ ਜਾਂਦੀ ਸੀ। ਪਰ ਹੌਲੀ-ਹੌਲੀ ਮੈਨੂੰ ਲੱਗਿਆ ਕਿ ਸਰਕਸ ਵਿਚ ਵੀ ਸਾਡੀ ਥਾਂ ਅੱਧੀ-ਪੌਣੀ ਹੀ ਸੀ। ਲੋਕਾਂ ਦੀਆਂ ਤਾੜੀਆਂ ਤਾਂ ਸਾਇਕਲਾਂ-ਝੂਲਿਆਂ ਉਪਰ ਕਰਤਵ ਵਾਲੇ ਕਲਾਕਾਰਾਂ ਲਈ ਸਨ। ਜੋਕਰਾਂ ਲਈ ਉਨ੍ਹਾਂ ਕੋਲ ਹਾਸਾ ਸੀ।

"ਸਾਡੇ ਨਾਲੋਂ ਤਾਂ ਹਾਥੀ, ਘੋੜੇ, ਸ਼ੇਰ, ਕੁੱਤੇ ਈ ਚੰਗੇ ਨੇ.....!" ਜਾਨਵਰਾਂ ਦੇ ਕਰਤਵ ਵੇਖ ਮੈਂ ਕਈ ਵਾਰੀ ਸੋਚਦਾ।

ਰਾਤ ਨੂੰ ਪਿਆ ਵੀ ਸੋਚੀਂ ਜਾਂਦਾ। ਕਈ ਵਾਰੀ ਸੋਚਾਂ ਵਿਚ ਹੀ ਰਾਤ ਲੰਘ ਜਾਂਦੀ ਸੀ। ਇਕ ਰਾਤ ਮੈਨੂੰ ਸੁਪਨਾ ਆਇਆ। ਸੁਪਨੇ ਵਿਚ ਜੋਕਰਾਂ ਦਾ ਝੁੰਡ ਬੈਠਾ ਰੋ ਰਿਹਾ ਸੀ। ਉਨ੍ਹਾਂ ਦਾ ਰੋਣਾ ਸੁਣ ਮੇਰੀ ਅੱਖ ਖੁੱਲ੍ਹ ਗਈ। ਮੈਂ ਆਪਣੀਆਂ ਅੱਖਾਂ ਪੂੰਝੀਆਂ। ਸਰਕਸ ਛੱਡ ਘਰ ਨੂੰ ਤੁਰ ਪਿਆ।

"ਜੋਗਾ ਸਿਆਂ !.... ਘਰੇ ਈ ਐਂ ਭਾਈ.....!" ਗੁਲਾਬ ਕੁਰ ਤਾਈ ਦੀ ਅਵਾਜ਼ ਸੁਣ ਮੇਰੀਆਂ ਅੱਖਾਂ ਵਿਚ ਚਮਕ ਉੱਭਰੀ ਹੈ।

ਸ਼ੁਕਰ ਹੈ ਉਹ ਮੇਰੀ ਖਬਰ ਲੈਣ ਆਈ ਹੈ।

"ਆਜਾ ਤਾਈ !.... ਉਹ ਤਾਂ ਘਰੇ ਨੀ.....!" ਭਾਬੀ ਦਾ ਜਵਾਬ ਸੁਣ ਉਹ ਪੁੱਠੇ ਪੈਰੀਂ ਵਾਪਿਸ ਪਰਤ ਗਈ ਹੈ।

ਉਸ ਦੀ ਪਿੱਠ ਵੱਲ ਵੇਖ ਸੋਚਦਾ ਹਾਂ ਇਸ ਨਾਲੋਂ ਤਾਂ ਸਰਕਸ ਵਿਚ ਹੀ ਚੰਗਾ ਸੀ।

ਉੱਥੇ ਲੋਕ ਵੇਖਣ ਤਾਂ ਆਉਂਦੇ ਸਨ।

o o o

"ਦੇਖ ਜੋਕਰਾ !.... ਕੱਲ ਤੋਂ ਐਥੇ ਨਾ ਆਈਂ !.... ਤੇਰੇ ਕਰਕੇ ਲੋਕ ਮੇਰਾ ਖੇਲ ਨੀ ਦੇਖਦੇ.....!" ਮੈਨੂੰ ਉਹ ਸਾਇਕਲ ਚਲਾਉਣ ਵਾਲੇ ਦੀ ਬੁੱਧੀ ਉਪਰ ਹਾਸੀ ਆ ਰਹੀ ਹੈ।

ਉਹਦੀ ਕਲਾ ਦਾ ਦੁਸ਼ਮਣ ਤਾਂ ਕੋਈ ਹੋਰ ਸੀ। ਪਰ ਉਹ ਮੈਨੂੰ ਆਪਣਾ ਦੁਸ਼ਮਣ ਸਮਝਦਾ ਸੀ। ਜਿਸ ਦਿਨ ਉਹ ਪਿੰਡ ਆਇਆ। ਮੈਨੂੰ ਚਾਅ ਚੜ੍ਹ ਗਿਆ। ਉਹਨੇ ਸਕੂਲ ਕੋਲ ਖਾਲੀ ਪਈ ਥਾਂ ਸਾਫ ਕੀਤੀ। ਉਸ ਉਪਰ ਪਾਣੀ ਛਿੜਕਿਆ। ਮਿੱਟੀ ਜੰਮ ਗਈ। ਜਿਸ ਵਕਤ ਉਹ ਗੋਲ ਦਾਇਰਾ ਬਣਾ ਆਪਣਾ ਸਾਇਕਲ ਚਲਾਉਣ ਲੱਗਿਆ। ਮੈਨੂੰ ਸਰਕਸ ਦਾ ਗੋਲ ਚੱਕਰ ਯਾਦ ਆ ਗਿਆ। ਮੈਂ ਘਰ ਨੂੰ ਭੱਜ ਲਿਆ। ਘਰ ਮੇਰਾ ਛੋਟਾ ਜਿਹਾ ਸਾਇਕਲ ਖੜ੍ਹਾ ਸੀ। ਮੈਂ ਉਹ ਚੁੱਕਿਆ। ਗੋਲ ਦਾਇਰੇ ਵਿਚ ਜਾ ਉਸ ਬੰਦੇ ਦੇ ਬਰਾਬਰ ਸਾਇਕਲ ਚਲਾਉਣ ਲੱਗਿਆ। ਉਹ ਕਦੀ ਖੜ੍ਹਾ ਹੋ ਕੇ ਸਾਇਕਲ ਚਲਾਉਂਦਾ। ਕਦੀ ਹੱਥ ਛੱਡ ਕੇ ਚਲਾਉ ਕਦੀ ਕੈਰੀਅਰ 'ਤੇ ਬੈਠ ਜਾਂਦਾ। ਕਦੀ ਕਾਠੀ 'ਤੇ ਲੰਬਾ ਪੈ ਜਾਂਦਾ। ਤੇ ਕਦੀ ਹੈਂਡਲ ਨਾਲ ਢੋਅ ਲਾ ਸਾਇਕਲ ਚਲਾਉਣ ਲੱਗਦਾ। ਉਹਦੀ ਕਲਾਕਾਰੀ ਅੱਗੇ ਮੈਂ ਫਿੱਕਾ ਪੈ ਰਿਹਾ ਸੀ।

ਉਹ ਪਿੰਡ ਵਿਚ ਫਿੱਕਾ ਪੈ ਰਿਹਾ ਸੀ। ਉਹਦੀ ਕਲਾਕਾਰੀ ਵੇਖਣ ਥੋੜ੍ਹੇ ਜਿਹੇ ਲੋਕ ਆਉਂਦੇ ਸਨ। ਉਹ ਸਵੇਰ ਤੋਂ ਸ਼ਾਮ ਤੱਕ ਬਿਨ੍ਹਾਂ ਰੁਕੇ ਸਾਇਕਲ ਚਲਾਉਂਦਾ। ਨਾ ਕੁਝ ਖਾਂਦਾ ਨਾ ਪੀਂਦਾ। ਉਹਦਾ ਸਿਦਕ ਵੇਖ ਲੋਕ ਹੈਰਾਨ ਸਨ। ਉਹਨੇ ਲਗਾਤਾਰ ਇਕ ਹਫਤਾ ਸਾਇਕਲ ਚਲਾਉਣਾ ਸੀ। ਇਕ ਦਿਨ ਮੈਨੂੰ ਨਵੀਂ ਸਕੀਮ ਸੁਝੀ। ਮੈਂ ਜੋਕਰ ਦਾ ਭੇਸ ਧਾਰ ਉਸ ਨਾਲ ਸਾਇਕਲ ਚਲਾਉਣ ਲੱਗਿਆ। ਮੇਰੀਆਂ ਸਰਕਸ ਵਾਲੀਆਂ ਹਰਕਤਾਂ ਵੇਖ ਉਹ ਬੰਦਾ ਫਿੱਕਾ ਪੈ ਗਿਆ। ਉਹਨੇ ਮੈਨੂੰ ਅਗਲੇ ਦਿਨ ਗੋਲ ਦਾਇਰੇ ਵਿਚ ਆਉਣ ਤੋਂ ਰੋਕ ਦਿੱਤਾ ਸੀ।

"ਲੈ ਐਂ ਕਿਤੇ ਉਹਦੇ ਬਾਪ ਆਲਾ ਰਾਜ ਐ !....ਪਿੰਡ ਆਪਣਾ !...ਥਾਂ ਆਪਣੀ !....ਉਹ ਕੌਣ ਹੁੰਦਾ !....ਤੂੰ ਕੱਲ ਨੂੰ ਆਈਂ ਜੋਕਰਾ ......!" ਲੋਕਾਂ ਦੀਆਂ ਗੱਲਾਂ ਵਿਚ ਆ ਮੈਂ ਅਗਲਾ ਦਿਨ ਵੀ ਲੁੱਟ ਲਿਆ ਸੀ।

ਉਸ ਤੋਂ ਅਗਲਾ ਦਿਨ ਮੇਰਾ ਆਖਰੀ ਦਿਨ ਸੀ। ਮੈਂ ਜੋਕਰ ਦਾ ਭੇਸ ਧਾਰੀਂ ਜਿਉਂ ਹੀ ਉਸ ਨਾਲ ਸਾਇਕਲ ਚਲਾਉਣ ਲੱਗਿਆ। ਪਹਿਲੇ ਗੇੜੇ ਵਿਚ ਹੀ ਮੂਹਰਲਾ ਟਾਇਰ ਪੱਟ ਕੇ ਢਕੇ ਹੋਏ ਟੋਏ ਵਿਚ ਪੈ ਗਿਆ। ਮੈਂ ਸਾਇਕਲ ਸਮੇਤ ਗੋਲ ਦਾਇਰੇ ਵਿਚਕਾਰ ਰੱਖੀਆਂ ਇੱਟਾਂ ਉਪਰ ਜਾ ਡਿੱਗਿਆ। ਸਾਇਕਲ ਦਾ ਚਿਮਟਾ ਟੁੱਟ ਗਿਆ। ਮੇਰੇ ਦੋ ਦੰਦ ਟੁੱਟ ਗਏ। ਲੋਕ ਤਾੜੀਆਂ ਮਾਰ-ਮਾਰ ਹੱਸਣ ਲੱਗ ਪਏ, "ਕਿਉਂ ਲੈ ਲਿਆ ਸਵਾਦ !....ਕਿੱਥੇ ਸਾਇਕਲ ਕਿੱਥੇ ਸਾਇਕਲੀ !.....ਕਿੱਥੇ ਪੂਰਾ ਬੰਦਾ ਕਿੱਥੇ ਅੱਧਾ-ਪੌਣਾ.....!"

ਲੋਕਾਂ ਦੀਆਂ ਗੱਲਾਂ ਸੁਣ ਸਾਇਕਲ ਚਲਾਉਣ ਵਾਲਾ ਵੀ ਹੱਸ ਰਿਹਾ ਸੀ। ਮੈਂ ਸਮਝ ਗਿਆ ਮੈਨੂੰ ਸਿੱਟਣ ਲਈ ਉਹ ਟੋਆ ਉਸ ਨੇ ਹੀ ਪੱਟਿਆ ਸੀ।

ਜਿਸ ਦਿਨ ਉਹ ਬੰਦਾ ਆਪਣਾ ਸ਼ੋਅ ਸਮਾਪਤ ਕਰ ਪਿੰਡ ਵਿਚੋਂ ਜਾਣ ਲੱਗਿਆ। ਮੈਂ ਪਹਿਲਾਂ ਹੀ ਬਾਹਰਲੀ ਸੜਕ ਕੋਲ ਜਾ ਖੜ੍ਹਿਆ।

ਜਦੋਂ ਉਹ ਕੋਲ ਦੀ ਲੰਘਣ ਲੱਗਿਆ। ਮੈਂ ਰੋਕ ਲਿਆ। ਉਹ ਰੁਕਣ ਸਾਰ ਕਹਿੰਦਾ, "ਕਿਉਂ !....ਕਿਮੇਂ ਲੱਗਿਆ ਮੇਰਾ ਸ਼ੋਅ.....!"

"ਸ਼ੋਅ ਤਾਂ ਬਹੁਤ ਵਧੀਆ ਲੱਗਿਆ !..... ਪਰ ਅੱਗੇ ਤੋਂ ਕਿਸੇ ਕਲਾਕਾਰ ਨਾਲ ਇਹ ਜਿਆ ਮਜ਼ਾਕ ਨਾ ਕਰੀਂ....!" ਉਲਾਂਭਾ ਦਿੰਦਾ ਹੋਇਆ ਮੈਂ ਉਸ ਨੂੰ ਸੌ ਦਾ ਨੋਟ ਫੜਾਉਣ ਲੱਗਿਆ।

ਮੇਰੀ ਰਮਜ਼ ਪਛਾਣ ਉਹ ਬਿਨ੍ਹਾਂ ਨੋਟ ਫੜਿਆਂ ਹੀ ਤੁਰ ਗਿਆ ਸੀ। ਜਿਸ ਦਿਨ ਦਾ ਉਹ ਬੰਦਾ ਪਿੰਡ ਵਿਚੋਂ ਗਿਆ ਹੈ।

ਮੇਰੇ ਸਾਇਕਲ ਦਾ ਚਿਮਟਾ ਉਸੇ ਤਰ੍ਹਾਂ ਟੁੱਟਿਆ ਪਿਆ ਹੈ। ਦੋ ਦੰਦ ਉਸੇ ਤਰ੍ਹਾਂ ਨਿੱਕਲੇ ਹੋਏ ਹਨ।

o o o

ਕੰਧ ਕੋਲ ਜਿਸ ਥਾਂ ਟੁੱਟਿਆ ਸਾਇਕਲ ਪਿਆ ਹੈ। ਉਸ ਦੇ ਨਾਲ ਹੀ ਦੋ ਲੰਬੇ ਬਾਂਸ ਪਏ ਹਨ। ਦੋ ਰੱਸੀਆਂ ਪਈਆਂ ਹਨ। ਮੈਨੂੰ ਲੱਤਾਂ ਨਾਲ ਬਾਂਸ ਬੰਨ੍ਹ ਕੇ ਲੰਬਾ ਹੋਣ ਦੀ ਕਲਾ ਆਉਂਦੀ ਹੈ। ਇਹ ਮੈਂ ਸਰਕਸ ਵਿਚ ਸਿੱਖੀ ਸੀ। ਜਦੋਂ ਲੋਕਾਂ ਦੀਆਂ ਗੱਲਾਂ ਬਹੁਤਾ ਹੀ ਬੌਨਾ ਕਰ ਦਿੰਦੀਆਂ ਹਨ। ਮੈਂ ਲੱਤਾਂ ਨਾਲ ਬਾਂਸ ਬੰਨ੍ਹ ਲੰਬਾ ਹੋ ਜਾਂਦਾ ਹਾਂ।

"ਲੈ ਹੋਣਾ ਕੀ ਸੀ !....ਲੱਤਾਂ ਨਾਲ ਬਾਂਸ ਬੰਨ੍ਹੀ ਫਿਰਦਾ ਸੀ !.... ਡਿੱਗ ਪਿਆ .....!" ਜਿਸ ਵਕਤ ਬੀਹੀ ਵਿਚ ਦੀ ਕੋਈ ਬੰਦਾ ਲੰਘਦਾ, ਮੈਨੂੰ ਲੱਗਦਾ ਜਿਵੇਂ ਉਹ ਮੇਰੀ ਗੱਲ ਕਰ ਰਿਹਾ ਹੈ।

"ਲੈ ਤੇਰੀ ਗੱਲ ਕਰਕੇ ਕਿਸੇ ਨੇ ਕੀ ਬਾਂਸ ਲੈਣਾ !....ਗੱਲਾਂ ਮਾਰਦੈ ਸਾਲਾ ਬੌਨਾ ਜਿਆ....!" ਭਰਾ ਨੂੰ ਮੇਰੀ ਹਰ ਗੱਲ ਬੁਰੀ ਲੱਗਦੀ ਹੈ

ਜਿਹੜਾ ਬੌਨਾ ਆਖਦਾ ਹੈ। ਉਹ ਰਾਣੀ ਵਾਂਗ ਮੈਨੂੰ ਵੀ ਬਹੁਤ ਬੁਰਾ ਲੱਗਦਾ ਹੈ। ਉਹ ਕਹਿੰਦੀ ਹੁੰਦੀ, "ਜਿਹੜਾ ਬੰਦਾ ਆਪਾਂ ਨੂੰ ਬੌਨੀ ਅੱਖ ਨਾਲ ਵੇਖਦਾ !...ਉਹ ਮੈਨੂੰ ਬਹੁਤ ਬੁਰਾ ਲੱਗਦੈ....!"

ਕਈ ਵਾਰੀ ਮੈਂ ਹੀ ਗਲਤੀ ਨਾਲ ਬੌਨਾ ਆਖ ਬੈਠਦਾ। ਰਾਣੀ ਬਹੁਤ ਗੁੱਸਾ ਕਰਦੀ। ਉਹ ਜਲੰਧਰ ਵੱਲ ਦੀ ਕੁੜੀ ਸੀ। ਮੇਰਾ ਕੱਦ ਪੌਣੇ ਤਿੰਨ ਫੁੱਟ ਹੈ। ਉਹ ਢਾਈ ਫੁੱਟ ਦੀ ਸੀ। ਮੈਂ ਆਰਕੈਸਟਰਾ ਵਿਚ 'ਆਈਟਮ ਬੁਆਏ' ਸਾਂ। ਉਹ 'ਆਈਟਮ ਗਰਲ' ਸੀ।

"ਲਓ ਜੀ ਪੇਸ਼ ਹੈ !.... ਆਈਟਮ ਜੋੜੀ ਨੰਬਰ ਵਨ....!" ਜਿਉਂ ਹੀ ਹਾਲ ਵਿਚ ਸਾਊਂਡ ਵੱਜਦੀ

ਮੈਂ ਤੇ ਰਾਣੀ ਸਟੇਜ ਉਪਰ ਨੱਚਣ ਲੱਗਦੇ। ਹਾਲ ਵਿਚ ਸੀਟੀਆਂ-ਤਾੜੀਆਂ ਵੱਜਣ ਲੱਗਦੀਆਂ। ਮੈਂ ਨੱਚਦਾ-ਨੱਚਦਾ ਊਟ-ਪਟਾਂਗ ਹਰਕਤਾਂ ਕਰਨ ਲੱਗਦਾ। ਰਾਣੀ ਮੇਰੀ ਨਕਲ ਕਰਨ ਲੱਗਦੀ। ਲੋਕਾਂ ਦੀਆਂ ਅੱਖਾਂ ਹੱਸਣ ਲੱਗਦੀਆਂ। ਮੈਂ ਬੱਚਿਆਂ ਨੂੰ ਅੱਖਾਂ ਮਾਰਨ ਲੱਗਦਾ। ਰਾਣੀ ਸੰਗ ਜਾਂਦੀ। ਉਹਦਾ ਚਿਹਰਾ ਲਾਲ ਹੋ ਜਾਂਦਾ। ਜਿਸ ਵਕਤ ਪ੍ਰੋਗਰਾਮ ਖਤਮ ਹੁੰਦਾ। ਬੱਚੇ ਆਪਣੇ ਮਾਂ-ਬਾਪਾਂ ਨਾਲ ਸਾਨੂੰ ਘੇਰ ਲੈਂਦੇ। ਉਹ ਸਾਡੇ ਨਾਲ ਫੋਟੋਆਂ ਖਿਚਵਾਉਣ ਦੀ ਜ਼ਿੱਦ ਕਰਦੇ। ਮੈਂ ਕਦੀ ਜੀਭ ਕੱਢ ਲੈਂਦਾ। ਕਦੀ ਇਕ ਅੱਖ ਮੀਚ ਲੈਂਦਾ। ਕਦੀ ਜੈਕਟ ਪੁੱਠੀ ਪਾ ਲੈਂਦਾ। ਹਸਾਉਣੀਆਂ ਫੋਟੋਆਂ ਵਿਚ ਜਦੋਂ ਕੋਈ ਮੈਨੂੰ ਤੇ ਰਾਣੀ ਨੂੰ ਗੋਦੀ ਚੁੱਕ ਕੇ ਫੋਟੋ ਖਿਚਵਾਉਣ ਦੀ ਜ਼ਿੱਦ ਕਰਦਾ। ਰਾਣੀ ਰੋਣ ਲੱਗ ਪੈਂਦੀ। ਉਹ ਮੈਨੂੰ

ਆਖਦੀ, "ਆਪਾਂ ਬੌਨੇ ਆਂ !....ਇਹ ਲੋਕ ਇਸ ਲਈ ਆਪਣੇ ਨਾਲ ਫੋਟੋਆਂ ਖਿਚਵਾਉਂਦੇ ਨੇ....!"

"ਬੱਸ ਮੈਂ ਨੀ ਆਰਕੈਸਟਰਾ 'ਚ ਕੰਮ ਕਰਨਾ!..... ਨਾ ਮੈਂ ਨੀ ਕਰਨਾ....!" ਹਰ ਪ੍ਰੋਗਰਾਮ ਤੋਂ ਬਾਅਦ ਉਹ ਨਾਂਹ ਵਿਚ ਸਿਰ ਮਾਰਨ ਲੱਗ ਪੈਂਦੀ।

ਇਕ ਦਿਨ ਪ੍ਰੋਗਰਾਮ ਤੋਂ ਬਾਅਦ ਆਰਕੈਸਟਰਾ ਦਾ ਮਾਲਕ ਕਹਿੰਦਾ, "ਦੇਖ ਓਡੀ ਆਪ ਨੀ ਜਿੱਡਾ ਨਖਰਾ ਕਰਦੀ ਐ !.... ਜੇ ਨਹੀਂ ਪ੍ਰੋਗਰਾਮ ਕਰਨੇ !....ਘਰੇ ਬੈਠ !"

ਮਾਲਕ ਦੀਆਂ ਗਾਲ੍ਹਾਂ ਸੁਣ ਉਹ ਐਨਾ ਰੋਈ ਕਿ ਮੇਰਾ ਵੀ ਰੋਣਾ ਨਿੱਕਲ ਗਿਆ। ਸਾਨੂੰ ਵੇਖ ਸਾਰਾ ਗਰੁੱਪ ਹੱਸਣਾ ਲੱਗ ਪਿਆ, "ਓਏ ਤੁਸੀਂ ਦੋਵੇਂ ਵਿਆਹ ਕਰਵਾ ਲੋ !....ਘਰੇ ਬੈਠ ਕੇ ਸੁਰ 'ਚ ਰੋਇਆ ਕਰਿਓ.....!"

ਮੈਂ ਤਾਂ ਰਾਣੀ ਨੂੰ ਕਿਹਾ ਸੀ। ਪਰ ਵਿਆਹ ਲਈ ਉਹ ਨਹੀਂ ਮੰਨੀ। ਆਰਕੈਸਟਰਾ ਛੱਡ ਉਹ ਪਤਾ ਨਹੀਂ ਕਿੱਧਰ ਅਲੋਪ ਹੋ ਗਈ ਹੈ।

ਮੈਨੂੰ ਸਾਰੀ ਰਾਤ ਉਸ ਦੀਆਂ ਸਿਸਕੀਆਂ ਸੁਣਦੀਆਂ ਰਹਿੰਦੀਆਂ ਹਨ।

"ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ !....ਹੱਸਣੇ ਦੀ ਆਦਤ ਪਾ ਸੱਜਣਾ....!" ਇਕ ਗੀਤ ਵਿਚਲੀ ਰਮਜ਼ ਸਮਝ ਮੈਂ ਹਸਾਉਣ ਦੀ ਆਦਤ ਤਾਂ ਪਾ ਲਈ ਸੀ।

ਪਰ ਮੈਨੂੰ ਰਵਾਉਣ ਲਈ ਦੁਨੀਆਂ ਨਵੀਆਂ ਹੀ ਬੋਲੀਆਂ ਜੋੜ ਲੈਂਦੀ ਹੈ।

o o o

ਬੋਲੀਆਂ ਵਾਲੀ ਰਾਤ ਗੁਜ਼ਰ ਚੁੱਕੀ ਹੈ। ਪਰ ਉਸ ਦਾ ਦਰਦ ਬਾਕੀ ਹੈ। ਸੱਟਾਂ ਦਾ ਦਰਦ ਤਾਂ ਘੱਟ ਹੈ। ਕੋਈ ਮੇਰੀ ਖਬਰ ਲੈਣ ਨਹੀਂ ਆਇਆ। ਇਸ ਗੱਲ ਦਾ ਦਰਦ ਵੱਧ ਹੈ।

"ਕੁਝ ਦਰਦਾਂ ਦਾ ਕੋਈ ਇਲਾਜ ਨਹੀਂ ਹੁੰਦਾ.....!" ਦਰਦ ਦਾ ਘੁੱਟ ਭਰ ਮੇਰੀ ਸੁਰਤੀ ਕੁੜੀਆਂ ਉਪਰ ਜਾ ਟਿਕੀ ਹੈ ।

ਮੈਂ ਉਨ੍ਹਾਂ ਦਾ ਕੀ ਵਿਗਾੜਿਆ ਸੀ ! ਉਹ ਨੱਚਦੀਆਂ ਸਨ ਤਾਂ ਨੱਚੀਂ ਜਾਂਦੀਆਂ। ਮੈਨੂੰ ਕੀ ਇਤਰਾਜ਼ ਸੀ ! ਪਰ ਉਹ ਨੱਚ ਘੱਟ ਟੱਪ ਵੱਧ ਰਹੀਆਂ ਸਨ। ਗੁਆਂਢ ਵਿਚ ਵਿਆਹ ਸੀ। ਉਹ ਉਨ੍ਹਾਂ ਦੇ ਘਰ ਨੱਚ ਰਹੀਆਂ ਸਨ।

"ਵੇ ਆਹ ਦੇਖ !....ਸੁਣ !.... ਕੁੜੀਆਂ ਤੇਰਾ ਨਾਂ ਲੈ ਕੇ ਬੋਲੀਆਂ ਪਾ ਰਹੀਆਂ ਨੇ ....!" ਭਾਬੀ ਦੀ ਗੱਲ ਸੁਣ ਮੈਂ ਜਦੋਂ ਧਿਆਨ ਨਾਲ ਸੁਣਿਆ।

ਕੁੜੀਆਂ ਹਰ ਬੋਲੀ ਵਿਚ ਬੌਨਾ-ਬੌਨਾ ਕਰ ਰਹੀਆਂ ਸਨ। ਇਕ ਵਾਰ। ਦੋ ਵਾਰ। ਤਿੰਨ ਵਾਰ।ਚੌਥੀ ਵਾਰ ਬੋਲੀ ਸੁਣ ਮੇਰਾ ਦਿਮਾਗ ਘੁੰਮਣ ਲੱਗ ਪਿਆ। ਮੇਰੀਆਂ ਸੋਚਾਂ ਵਿਚ ਨਿੰਦੀ ਰੋਣ ਲੱਗ ਪਈ। ਜੋਕਰਾਂ ਦਾ ਰੋਂਦਾ ਝੁੰਡ ਦਿਸਣ ਲੱਗ ਪਿਆ।ਮੈਂ ਮੰਜਾ ਛੱਡ ਖੜ੍ਹਾ ਹੋ ਗਿਆ। ਅੰਦਰ ਸਟੋਰ ਵਿਚ ਗਿਆ। ਰੱਸੀਆਂ ਤੇ ਬਾਂਸ ਚੁੱਕ ਲਿਆਇਆ।

ਮੇਰੀ ਹਰਕਤ ਵੇਖ ਭਰਾ ਹੱਸਣ ਲੱਗ ਪਿਆ, "ਲਓ ਹੁਣ ਤਸੀਂ ਦੇਖੋਂਗੇ ਦੁਨੀਆਂ ਦਾ ਸਭ ਤੋਂ ਲੰਬਾ ਬੌਨਾ...!"

ਮੈਂ ਉਸ ਵੱਲ ਕੋਈ ਧਿਆਨ ਨਾ ਦਿੱਤਾ। ਰੱਸੀਆਂ ਫੜ ਲੱਤਾਂ ਨਾਲ ਬਾਂਸ ਬੰਨ੍ਹਣ ਲੱਗ ਪਿਆ। ਜਿਸ ਵਕਤ ਖੜ੍ਹਾ ਹੋਇਆ। ਭਰਾ ਮੇਰੇ ਵੱਲ ਉਪਰ ਨੂੰ ਵੇਖਣ ਲੱਗਿਆ। ਮੈਂ ਹੌਲੀ-ਹੌਲੀ ਤੁਰਦਾ ਬੀਹੀ ਵਿਚ ਆ ਗਿਆ। ਬਾਂਸਾ ਦੀ ਠੱਕ-ਠੱਕ ਹੋਣ ਲੱਗੀ। ਮੈਂ ਤੇਜ ਤੇਜ ਤੁਰਨ ਲੱਗਿਆ। ਚਾਰ ਡਿੰਗਾਂ ਵਿਚ ਹੀ ਵਿਆਹ ਵਾਲਾ ਘਰ ਆ ਗਿਆ।

ਘਰ ਵਿਚ ਲੋਕਾਂ ਦਾ ਇਕੱਠ ਸੀ। ਮੈਂ ਇਕੱਠ ਦੇ ਪਿੱਛੇ ਜਾ ਕੇ ਖੜ੍ਹ ਗਿਆ। ਮੇਰੇ ਵੱਲ ਕਿਸੇ ਦਾ ਧਿਆਨ ਨਹੀਂ ਸੀ। ਸਭ ਦਾ ਧਿਆਨ ਨੱਚ ਰਹੀਆਂ ਕੁੜੀਆਂ ਦੇ ਲੱਕ ਵੱਲ ਸੀ। ਇਕ ਕੁੜੀ ਬੋਲੀ ਪਾ ਰਹੀ ਸੀ, "ਬਈ ਬਾਰੀਂ ਬਰਸੀਂ ਖੱਟਣ ਗਿਆ ਸੀ.....!"

"ਓਏ ਫੇਰ ਦੀ ਖੱਟ ਲਿਆਂਦਾ....!!" ਦੂਜੀ ਕੁੜੀ ਨੇ ਹੱਥ ਹਿਲਾ ਕੇ ਪੁੱਛਿਆ।

"ਖੱਟ ਕੇ ਲਿਆਂਦਾ ਫੀਤਾ.....!" ਪਹਿਲੀ ਕੁੜੀ ਦੀ ਬੋਲੀ ਨੂੰ ਅੱਗੇ ਤੋਰਦੀ ਹੋਈ ਦੂਜੀ ਕੁੜੀ ਫਿਰ ਬੋਲੀ, "ਅੱਛਿਆ !....ਫ਼ੇਰ ਕੀ ਕੀਤਾ....!!"

"ਨੀ ਮਾਹੀ ਮੇਰਾ ਨਿੱਕਾ ਜਿਹਾ !....ਅਸੀਂ ਖਿੱਚ ਕੇ ਬਰਾਬਰ ਕੀਤਾ !....ਮਾਹੀ ਮੇਰਾ ਨਿੱਕਾ ਜਿਹਾ !...ਅਸੀਂ ....!" ਮੈਂ ਅਜੇ ਬੌਨਾ ਬਣ-ਬਣ ਲੱਚਦੀ ਕੁੜੀ ਉਪਰ ਹੀ ਖਿਝ ਰਿਹਾ ਸੀ।

ਇਕ ਹੋਰ ਕੁੜੀ ਨੇ ਨਵੀਂ ਬੋਲੀ ਛੋਹ ਲਈ, "ਬਈ ਬਾਰੀਂ ਬਰਸੀਂ ਖੱਟਣ ਗਿਆ ਸੀ....!"

"ਓਏ ਫੇਰ ਕੀ ਖੱਟ ਲਿਆਂਦਾ.....!" ਲੱਕ ਦੂਹਰਾ ਕਰ ਦੋ ਤਿੰਨ ਅਵਾਜ਼ਾਂ ਆਈਆਂ।

"ਖੱਟ ਕੇ ਲਿਆਂਦੇ ਦਾਣੇ....!" ਪਹਿਲੀ ਕੁੜੀ ਦੀ ਬੋਲੀ ਸੁਣ ਅਵਾਜ਼ਾਂ ਤੇਜ ਹੋ ਗਈਆਂ, "ਅੱਛਿਆ !....ਫ਼ੇਰ ਕੀ ਕੀਤਾ.....!!"

"ਨੀ ਇਕ ਪੰਜੀ ਦੋ-ਦੋ ਵਿਕਦੇ !....ਮੰਡੀ ਬੌਨਿਆਂ ਦੀ ਲੱਗੀ ਲੁਧਿਆਣੇ !.... ਨੀ ਇਕ ਪੰਜੀ ਦੋ-ਦੋ ਵਿਕਦੇ....!!" ਕੁੜੀ ਦੀ ਗੱਲ ਸੁਣ ਮੇਰਾ ਦਿਮਾਗ ਘੁੰਮ ਗਿਆ।

ਮੈਂ ਹਵਾ ਵਿਚ ਬਾਹਵਾਂ ਉਲਾਰ ਉਪਰੋਂ ਹੀ ਬੋਲੀ ਛੱਡੀ,

"ਮੈਂ ਹੱਸਣ ਲੱਗਿਆ ਪਿੰਡ ਹਸਾਵਾਂ
ਨੱਚਣ ਲੱਗਿਆ ਬਹੁਤ ਨਚਾਵਾਂ
ਮੂਤਣ ਲੱਗਿਆ ਨਹਿਰ ਚਲਾਵਾਂ
ਅਜੇ ਵੀ ਕਹਿੰਦੀਆਂ ਬੌਨਾ,
ਨੀ ਕੁੜੀਓ ਮੈਂ ਬੌਨਾ,
ਆਹ ਨੀ ਕਹਿੰਦੀ, ਔਹ ਨੀ ਕਹਿੰਦੀ
ਆਹਾਓ ਕਹਿੰਦੀ ਬੌਨਾ, ਨੀ ਕੁੜੀਓ ਮੈਂ ਬੌਨਾ.....!!"

ਕੁੜੀਆਂ ਵੱਲ ਹੱਥ ਕਰ-ਕਰ ਮੈਂ ਤਾੜੀਆਂ ਮਾਰ-ਮਾਰ ਬੋਲੀਆਂ ਪਾਉਣ ਲੱਗਿਆ।

ਜਿਸ ਵਕਤ ਸਾਰਾ ਪੰਡਾਲ ਮੇਰੇ ਵੱਲ ਵੇਖ ਰਿਹਾ ਸੀ। ਗੇਟ ਕੋਲ ਖੜ੍ਹੇ ਮੁੰਡਿਆਂ ਦੇ ਦਿਲ ਵਿਚ ਅੱਗ ਸੁਲਘਣ ਲੱਗੀ। ਉਹ ਹੱਥਾਂ ਨੂੰ ਥੁੱਕ ਲਾਉਣ ਲੱਗੇ। ਕਿਸੇ ਨੇ ਮੈਨੂੰ ਦੋਵਾਂ ਹੱਥਾਂ ਨਾਲ ਧੱਕਾ ਮਾਰਿਆ, "ਨਾ ਸਾਥੋਂ ਲੰਬਾ ਹੋ ਕੇ ਕੁੜੀਆਂ ਦਾ ਲੱਕ ਮਿਣਦਾ ਸੀ !.... ਬੌਨਾ ਸਾਲਾ....!"

ਮੈਂ ਲੱਤਾ ਨਾਲ ਬੰਨ੍ਹੇ ਬਾਂਸਾਂ ਸਮੇਤ ਬੀਹੀ ਵਿਚ ਪਿੱਠ ਭਾਰ ਡਿੱਗ ਪਿਆ।

"ਆਹ ਕੀ ਹੋ ਗਿਆ !....ਕੌਣ ਡਿੱਗ ਪਿਆ.....!" ਇਕੱਠ ਵਿਚ ਰੌਲਾ ਪੈਣ ਲੱਗ ਪਿਆ

ਰੌਲਾ ਸੁਣ ਕਈ ਸਿਆਣੇ ਬੰਦਿਆਂ ਨੇ ਸਿਆਣਪ ਵਰਤੀ। ਬਾਂਸਾਂ ਨਾਲੋਂ ਰੱਸੀਆਂ ਖੋਲ੍ਹ ਦਿੱਤੀਆਂ ਮੈਨੂੰ ਖੜ੍ਹਾ ਕਰ ਦਿੱਤਾ। ਮੈਂ ਬਾਂਸ ਤੇ ਰੱਸੀਆਂ ਚੁੱਕ ਰੋਂਦਾ ਹੋਇਆ ਘਰ ਵੱਲ ਨੂੰ ਤੁਰ ਪਿਆ।

ਹਨੇਰੀ ਬੀਹੀ ਵਿਚਲੀਆਂ ਅਵਾਜ਼ਾਂ ਮੇਰਾ ਪਿੱਛਾ ਕਰ ਰਹੀਆਂ ਸਨ, "ਅਸੀਂ ਤਾਂ ਕੋਈ ਖੱਬੀ ਖਾਨ ਨੀ ਖੰਘਣ ਦਿੱਤਾ !.... ਸਾਲਾ ਸਾਥੋਂ ਮੂਹਰਦੀ ਆਸ਼ਕੀ ਕਰਦਾ ਸੀ....!"

ਮੁੰਡਿਆਂ ਦੀਆਂ ਅਵਾਜ਼ਾਂ ਮੇਰੀ ਪਿੱਠ ਵਿਚ ਚੁਭ ਰਹੀਆਂ ਹਨ।

ੰ ੰ

o

ਮੇਰਾ ਧਿਆਨ ਬੀਹੀ ਵਿਚੋਂ ਆ ਰਹੀਆਂ ਅਵਾਜ਼ਾਂ ਵੱਲ ਹੈ। ਗੱਲਾਂ ਕਰਦੇ ਦੋ ਬੰਦੇ ਅੱਗੇ ਲੰਘ ਗਏ ਹਨ। ਇਕ ਬੰਦਾ ਅੰਦਰ ਨੂੰ ਆ ਰਿਹਾ ਹੈ।

ਉਸ ਦੀ ਪੈੜ-ਚਾਲ ਸੁਣ ਮੇਰਾ ਦਰਦ ਘਟ ਗਿਆ ਹੈ। ਅੱਖ ਦਰਵਾਜੇ ਉਪਰ ਜਾ ਟਿਕੀ ਹੈ।

ਦਰਵਾਜ਼ਾ ਖੁੱਲ੍ਹਿਆ ਹੈ। ਮੇਲੀ ਤਾਇਆ। ਉਹ ਪਿੰਡ ਦਾ ਸਭ ਤੋਂ ਸਿਆਣਾ ਬੰਦਾ ਹੈ।

ਮੈਂ ਉਹਦੇ ਮੂੰਹ ਵੱਲ ਵੇਖਣ ਲੱਗ ਪਿਆ ਹਾਂ। ਮੈਨੂੰ ਸਿਰ ਤੋਂ ਪੈਰਾਂ ਤੱਕ ਵੇਖ ਉਹਦੀ ਚਿੱਟੀ ਦਾੜ੍ਹੀ ਬੋਲੀ ਹੈ, "ਹਾਂ ਬਈ ਮੱਲਾ !..... ਕੀ ਹਾਲ ਐ !...ਹੁਣ ਤਾਂ ਨੀ ਦਰਦ ਹੁੰਦਾ .....!"

"ਦਰਦ ਤਾਂ ਹੁੰਦੈ ਤਾਇਆ....! ਜਦੋਂ ਹੱਸਦਾ ਹਾਂ .....!" ਦੰਦਾਂ ਵਿਚ ਜੀਭ ਲੈ ਮੈਂ ਮਸਾਂ ਬੋਲਿਆ ਹਾਂ

"ਫਿਰ ਨਾ ਹੱਸਿਆ ਕਰ....!" ਮੇਰੀ ਗੱਲ ਸੁਣ ਉਹ ਉੱਚੀ-ਉੱਚੀ ਹੱਸਣ ਲੱਗ ਪਿਆ ਹੈ।

ਉਹਦਾ ਹਾਸਾ ਸੁਣ ਮੈਂ ਰੋਣ ਲੱਗ ਪਿਆ ਹਾਂ।

## ਕਥਾ-3 .

ਮੇਰਾ ਦਿਲ ਕਰਦਾ ਹੈ ਉਨ੍ਹਾਂ ਦੀ ਖਬਰ ਲੈ ਕੇ ਆਵਾਂ। ਉਨ੍ਹਾਂ ਦਾ ਹਾਲ-ਚਾਲ ਪੁੱਛਣ ਜਾਵਾਂ। ਪਰ ਕਿੰਝ ਜਾਵਾਂ। ਸਾਇਕਲ, ਮੋਟਰ ਸਾਇਕਲ ਚਲਾ ਨਹੀਂ ਸਕਦਾ। ਬਸ ਵਿਚ ਚੜ੍ਹ ਨਹੀਂ ਸਕਦਾ। ਦੋ ਚਾਰ ਵਾਰੀ ਰਿਸ਼ਤੇਦਾਰੀਆਂ ਵਿਚ ਗਿਆ ਸੀ। ਜਦੋਂ ਬਸ ਅਈ। ਮੈਂ ਡਰ ਗਿਆ। ਪੈਰਾਂ ਵਿਚੋਂ ਜਾਨ ਨਿਕਲ ਗਈ। ਬਸ ਦੀਆਂ ਚਾਰ ਪੌੜੀਆਂ ਨਾ ਚੜ੍ਹ ਸਕਿਆ। ਬਾਪੂ ਨੇ ਮੈਨੂੰ ਗੋਦੀ ਚੁੱਕ ਕੇ ਚੜ੍ਹਾਇਆ। ਸਵਾਰੀਆਂ ਹੱਸ ਰਹੀਆਂ ਸਨ।

ਜਦੋਂ ਵੀ ਕਿਤੇ ਜਾਣ ਦੀ ਗੱਲ ਆਉਂਦੀ ਹੈ। ਮੈਨੂੰ ਹੱਸਦੀਆਂ ਸਵਾਰੀਆਂ ਦਿਸਣ ਲੱਗ ਪੈਂਦੀਆਂ ਹਨ। ਪਰ ਮੈਂ ਸੱਚ-ਮੁੱਚ ਜਾਣਾ ਚਾਹੁੰਦਾ ਹਾਂ। ਉਨ੍ਹਾਂ ਨੂੰ ਵੇਖਣਾ ਚਾਹੁੰਦਾ ਹਾਂ।

ਉਨ੍ਹਾਂ ਦੇ ਪਿੰਡ ਤਾਂ ਖਾਸੀ ਦੂਰ ਹਨ। ਪਰ ਉਹ ਮੇਰੇ ਦਿਲ ਦੇ ਬਹੁਤ ਨਜ਼ਦੀਕ ਹਨ। ਇਕ ਦਾ ਨਾਂ ਨਿੰਦੀ ਹੈ। ਇਕ ਦਾ ਨਾਂ ਜੋਕਰ ਹੈ। ਦੋਵਾਂ ਨਾਲ ਬਹੁਤ ਮਾੜੀ ਹੋਈ ਹੈ। ਮੇਰੇ ਨਾਲ ਉਨ੍ਹਾਂ ਤੋਂ ਵੀ ਮਾੜੀ ਹੋ ਸਕਦੀ ਹੈ !

"ਲੈ ਤੇਰੇ ਨਾਲ ਕੀ ਮਾੜੀ ਹੋ ਸਕਦੀ ਐ !....ਤੂੰ ਘਰੋਂ ਬਾਹਰ ਤਾਂ ਨਿਕਲਦਾ ਨੀ....!" ਮੈਂ ਆਪ ਹੀ ਸਵਾਲ ਕਰ ਆਪ ਹੀ ਜਵਾਬ ਦਿੱਤਾ ਹੈ

ਮੈਨੂੰ ਬੇਸ਼ਰਮ ਲੋਕਾਂ ਤੋਂ ਸ਼ਰਮ ਆਉਂਦੀ ਹੈ। ਘਰ ਵਿਚ ਹੀ ਬੈਠਾ ਰਹਿੰਦਾ ਹਾਂ। ਜਿਸ ਵਕਤ ਕੋਈ ਅਣਹੋਣੀ ਵਾਪਰਦੀ ਹੈ। ਮੈਂ ਬਾਹਰ ਨਿਕਲ ਸੜਕ ਕਿਨਾਰੇ ਜਾ ਖੜ੍ਹਦਾ ਹਾਂ। ਸਾਡੇ ਘਰ ਮੂਹਰਦੀ ਲੰਘਦੀ ਸੜਕ ਬਹੁਤ ਚੱਲਦੀ ਹੈ। ਹਵਾ ਵਾਂਗ ਵਗਦੀ ਆਵਾਜਾਈ ਵੇਖ ਕੋਈ ਅਣਹੋਣੀ ਵਾਪਰਨ ਦਾ ਡਰ ਚਿੰਬੜ ਜਾਂਦਾ ਹੈ। ਮੈਂ ਅੰਦਰ ਨੂੰ ਤੁਰ ਪੈਂਦਾ ਹਾਂ।

ਉਂਝ ਤਾਂ ਘਰ ਵਿਚ ਚੁੱਪ-ਚਾਪ ਬੈਠਾ ਰਹਿੰਦਾ ਹਾਂ। ਜਿਸ ਵਕਤ ਟੀ.ਵੀ. ਚੱਲਦਾ ਹੈ। ਮੈਨੂੰ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ। ਮੈਂ ਉੱਚੀ-ਉੱਚੀ ਰੌਲਾ ਪਾਉਣ ਲੱਗ ਪੈਂਦਾ ਹਾਂ, "ਬੱਲੇ-ਬੱਲੇ !...ਔਹ ਦੇਖ ਗੋਲੀ ਮਾਰੀ!....ਔਹ ਦੇਖ ਕੁੜੀ ਕਿਮੇਂ ਨੱਚਦੀ ਐ !....ਔਹ ਕਾਰ ਦੇਖੀਂ !....ਔਹ ਚੱਕ ਪਹਾੜ ਤੋਂ ਛਾਲ ਮਾਰੀ !....ਦੇਖੋ ਤਾਂ ਸਈ ਕਿੰਨੀ ਸੋਹਣੀ ਦੁਨੀਆਂ ਫਿਰਦੀ ਐ !.... ਬੱਲੇ-ਬੱਲੇ .....!"

"ਚੁੱਪ ਕਰ ਯਾਰ !....ਕਿਉਂ ਰੌਲਾ ਪਾਉਨਾ .....!" ਘਰਦਿਆਂ ਦੀ ਅਵਾਜ਼ ਮੈਨੂੰ ਚੁੱਪ ਕਰਵਾ ਦਿੰਦੀ ਹੈ।

ਮੈਂ ਉਨ੍ਹਾਂ ਦੀਆਂ ਮਿੰਨਤਾਂ ਕਰਦਾ ਹਾਂ, "ਬੱਸ ਮਾੜਾ ਜਿਆ ਬੋਲ ਲੈਣ ਦਿਓ....!"

"ਬੱਸ ਹੁਣ ਨੀ ਬੋਲਣਾ !....ਚੁੱਪ ਕਰ....!" ਪਰ ਘਰ ਦੇ ਮੇਰੇ ਨਾਲ ਬਹੁਤ ਮਾੜੀ ਕਰਦੇ ਹਨ ਉਨ੍ਹਾਂ ਦੀ ਮਾੜੀ ਨੀਤ ਵੇਖ ਮੈਂ ਲੋਕਾਂ ਤੇ ਘਰਦਿਆਂ ਵਿਚਲਾ ਫਰਕ ਲੱਭਣ ਲੱਗ ਪੈਂਦਾ ਹਾਂ।

o o o

ਜਿਨ੍ਹਾਂ ਲੋਕਾਂ ਨੇ ਨਿੰਦੀ ਤੇ ਜੋਕਰ ਨਾਲ ਮਾੜੀ ਕੀਤੀ ਹੈ। ਉਹ ਉਨ੍ਹਾਂ ਦੇ ਪਿੰਡਾਂ ਵਿਚ ਹੀ ਨਹੀਂ ਰਹਿੰਦੇ। ਉਹ ਸਾਡੇ ਪਿੰਡ ਵੀ ਰਹਿੰਦੇ ਹਨ।

ਇਕ ਵਾਰ ਸਾਡੇ ਪਿੰਡ ਦੇ ਲੋਕਾਂ ਨੇ ਮੇਰੇ ਨਾਲ ਐਨੀ ਮਾੜੀ ਕੀਤੀ ਕਿ ਉਸ ਦਾ ਨਿਸ਼ਾਨ ਅਜੇ ਵੀ ਬਾਕੀ ਹੈ। ਮੈਂ ਜਦੋਂ ਵੀ ਆਪਣਾ ਸੜਿਆ ਹੋਇਆ ਚਿਹਰਾ ਵੇਖਦਾ ਹਾਂ। ਮੈਨੂੰ ਉਹ ਘਟਨਾ ਯਾਦ ਆ ਜਾਂਦੀ ਹੈ।

ਉਹ ਘਟਨਾ ਨਹੀਂ ਦੁਰਘਟਨਾ ਸੀ। ਦਾਸੀ ਦੀ ਕੁੜੀ ਸਹੁਰਿਆਂ ਨੇ ਦਾਜ ਪਿੱਛੇ ਅੱਗ ਲਾ ਕੇ ਸਾੜ ਦਿੱਤੀ। ਪਿੰਡ ਵਿਚ ਚਰਚਾ ਸੀ। ਜਿਸ ਵਕਤ ਕੁੜੀ ਦੀ ਲਾਸ਼ ਪਿੰਡ ਆਈ। ਮੇਰੇ ਅੰਦਰ ਕੁਝ ਸੜਨ ਲੱਗ ਪਿਆ। ਮੈਂ ਸੰਸਕਾਰ ਕਰਵਾਉਣ ਜਾ ਰਹੀ ਭੀੜ ਮਗਰ ਤੁਰਦਾ ਸਮਸ਼ਾਨਘਾਟ ਵਿਚ ਜਾ ਪਹੁੰਚਿਆ।

"ਬੜੀ ਮਾੜੀ ਕੀਤੀ !..... ਕੁੜੀ ਚਿੜੀ ਐਂ ਨੀ ਸੀ ਮਾਰਨੀ ਚਾਹੀਦੀ.....!" ਲੋਕ ਗੱਲਾਂ ਕਰ ਰਹੇ ਸਨ।

ਕੋਈ ਕਹਿ ਰਿਹਾ ਸੀ, "ਨਹੀਂ ਯਾਰ !.... ਸਹੁਰਿਆਂ ਨੇ ਨੀ ਮਾਰੀ !.... ਜੇ ਮਾਰੀ ਹੁੰਦੀ ਫੇਰ ਉਹ ਸੰਸਕਾਰ 'ਤੇ ਥੋੜੀ ਆਉਂਦੇ.....!"

"ਜੇ ਨਾ ਮਾਰੀ ਹੁੰਦੀ !....ਫੇਰ ਲਾਸ਼ ਐਥੇ ਕਿਉਂ ਆਉਂਦੀ !....ਉਹ ਉਥੀ ਸੰਸਕਾਰ ਨਾ ਕਰਦੇ.....!" ਕੁਝ ਲੋਕਾਂ ਨੂੰ ਸ਼ੱਕ ਸੀ।

ਪਰ ਕੋਈ ਉੱਚੀ ਨਹੀਂ ਸੀ ਬੋਲ ਰਿਹਾ। ਲੋਕਾਂ ਦੀ ਦੱਬੀ ਹੋਈ ਸੁਰ ਵੇਖ ਮੇਰੇ ਅੰਦਰ ਬੈਠਾ ਬੰਦਾ ਉੱਚੀ-ਉੱਚੀ ਬੋਲ ਰਿਹਾ ਸੀ, "ਐਨਿਆਂ 'ਚ ਕੋਈ ਵੀ ਸੂਰਮਾ ਨੀ....!"

ਉਸ ਦੀ ਅਵਾਜ਼ ਸੁਣ ਮੇਰੀ ਨਜ਼ਰ ਚਿਖਾ ਨੂੰ ਦਿੱਤੀ ਜਾ ਰਹੀ ਅੱਗ ਉਪਰ ਜਾ ਟਿਕੀ। ਮੈਂ ਪਹਿਲਾਂ ਦਾਸੀ ਵੱਲ ਵੇਖਿਆ। ਫਿਰ ਕੁੜੀ ਦੇ ਘਰਆਲੇ ਵੱਲ ਝਾਕਿਆ। ਉਸ ਦੀਆਂ ਅੱਖਾਂ ਵਿਚ ਨਫਰਤ ਸੀ। ਉਹ ਆਪਣਾ ਹਾਸਾ ਰੋਕੀਂ ਚਿਖਾ ਦੀ ਅੱਗ ਵੱਲ ਵੇਖ ਰਿਹਾ ਸੀ।

ਉਸ ਵੱਲ ਵੇਖ ਮੈਨੂੰ ਖੜ੍ਹਨਾ ਔਖਾ ਹੋ ਗਿਆ। ਮੈਂ ਭੱਜ ਕੇ ਚਿਖਾ 'ਚੋਂ ਇਕ ਜਲ਼ਦੀ ਹੋਈ ਲੱਕੜ ਚੁੱਕ ਲਈ, "ਦੇਖ ਪਿੰਡਾ !..... ਮੈਂ ਦੋ ਗੱਲਾਂ ਕਹਿਣੀਆਂ ਨੇ !.... ਇਕ ਤਾਂ ਇਹ ਕੁੜੀ ਦਾਜ ਪਿੱਛੇ ਨੀ ਮਾਰੀ !....ਉਹਦਾ ਕੱਦ ਛੋਟਾ ਸੀ ਤਾਂ ਮਾਰੀ ਐ....!"

"ਦੂਜੀ ਗੱਲ ਇਹ !...ਜਿਹੜਾ ਕਿਸੇ ਦੀ ਧੀ ਨੂੰ ਸਾੜਦੈ !....ਉਹਦੇ ਪੁੱਤ ਨੂੰ ਸਾੜ ਦਿਓ ....!" ਮੈਂ ਜਲ਼ਦੀ ਹੋਈ ਲੱਕੜ ਚੁੱਕੀਂ ਜਿਉਂ ਹੀ ਕੁੜੀ ਦੇ ਘਰਆਲੇ ਵੱਲ ਨੂੰ ਭੱਜਿਆ।

ਲੋਕਾਂ ਨੇ ਮੈਨੂੰ ਫੜ ਲਿਆ, "ਖੜ੍ਹਜਾ ਤੇਰੀ ਬੌਂਨੇ ਦੀ !.....ਮਜ਼ਾਕ ਦੀ ਵੀ ਸਾਲੀ ਹੱਦ ਹੁੰਦੀ ਐ.....!"

ਡਰੀ ਹੋਈ ਭੀੜ ਨੇ ਜਲ਼ਦੀ ਹੋਈ ਲੱਕੜ ਖੋਹ ਮੇਰਾ ਚਿਹਰਾ ਸਾੜ ਦਿੱਤਾ ਸੀ। ਉਸ ਦਿਨ ਦਾ ਸਾੜਿਆ ਹੀ ਮੈਂ ਘਰ ਅੰਦਰ ਬੈਠਾ ਹਾਂ।

ਪਰ ਇਹ ਬੈਠਣ ਦਾ ਸਮਾਂ ਨਹੀਂ। ਕੁਝ ਕਹਿਣ ਦਾ ਕੁਝ ਕਰਨ ਦਾ ਵਕਤ ਹੈ।

o o o

ਜਿਸ ਪਿੰਡ ਨੇ ਮੇਰਾ ਚਿਹਰਾ ਸਾੜਿਆ ਸੀ। ਉਸ ਪਿੰਡ ਦਾ ਮਾਰਿਆ ਬੰਟੀ ਵੀ ਮਰ ਗਿਆ ਹੈ। ਉਸ ਦੀ ਲਾਸ਼ ਮੈਨੂੰ ਅਵਾਜ਼ਾ ਮਾਰ ਰਹੀ ਹੈ। ਮੈਂ ਉਹਦੇ ਸੰਸਕਾਰ 'ਤੇ ਜਾ ਰਿਹਾ ਹਾਂ।

"ਸੰਸਕਾਰ 'ਤੇ ਤਾਂ ਜਾਣਾ ਈ ਪੈਂਦਾ ਭਾਈ....!" ਗੱਲਾਂ ਮਾਰਦੀ ਲੋਕਾਂ ਦੀ ਭੀੜ ਸਮਸ਼ਾਨਘਾਟ ਤੋਂ ਪਹਿਲਾਂ ਬੰਟੀ ਦੇ ਘਰ ਵੱਲ ਨੂੰ ਜਾ ਰਹੀ ਹੈ।

"ਸੰਸਕਾਰ 'ਤੇ ਜਾਣ ਵਾਲਾ ਹਰ ਬੰਦਾ ਜਿਉਂਦਾ ਨਹੀਂ ਹੁੰਦਾ....!" ਮੌਤ ਵਰਗੀ ਗੱਲ ਸੋਚ ਮੈਨੂੰ ਪੁਨਰ-ਜਨਮ ਦੀਆਂ ਕਹਾਣੀਆਂ ਯਾਦ ਆਉਣ ਲੱਗ ਪਈਆਂ ਹਨ।

ਮੇਰਾ ਦੁਬਾਰਾ ਜਨਮ ਲੈਣ ਨੂੰ ਦਿਲ ਕਰਨ ਲੱਗ ਪਿਆ ਹੈ। ਮੈਂ ਅਗਲੇ ਜਨਮ ਵਿਚ ਪੂਰਾ ਬੰਦਾ ਬਣ ਕੇ ਜਨਮ ਲੈਣਾ ਚਾਹੁੰਦਾ ਹਾਂ। ਪਰ ਦੁਬਾਰਾ ਜਨਮ ਲੈਣ ਲਈ ਇਕ ਵਾਰ ਮਰਨਾ ਪੈਂਦਾ ਹੈ।

ਇਕ ਵਾਰ ਕਿਉਂ ! ਮੈਂ ਤਾਂ ਨਿੰਦੀ ਤੇ ਜੋਕਰ ਵਾਂਗ ਕਿੰਨੀਆਂ ਹੀ ਮੌਤਾਂ ਮਰ ਚੁੱਕਾ ਹਾਂ। ਫਿਰ ਮੇਰਾ ਪੁਨਰ ਜਨਮ ਕਿਉਂ ਨਹੀਂ ਹੋਇਆ। ਬੰਟੀ ਦਾ ਵੀ ਨਹੀਂ ਹੋਣਾ। ਮੈਨੂੰ ਇਸ ਜਨਮ ਵਿਚ ਹੀ ਉਹਦੀ ਮੌਤ ਉੱਪਰ ਆਪਣੀ ਗੱਲ ਕਹਿਣੀ ਪੈਣੀ ਹੈ।

ਬੰਟੀ ਦਾ ਚਿਹਰਾ ਯਾਦ ਕਰ ਮੈਂ ਦਾਸੀ ਦੀ ਕੁੜੀ ਦੇ ਸੰਸਕਾਰ 'ਤੇ ਆਖੀ ਗੱਲ ਯਾਦ ਕਰਨ ਲੱਗ ਪਿਆ ਹਾਂ।

ਮੇਰੀ ਨਜ਼ਰ ਘਰ ਮੂਹਰਦੀ ਲੰਘਦੀ ਸੜਕ ਉਪਰ ਜਾ ਟਿਕੀ ਹੈ।

o o o

ਮੈਂ ਘਰ ਅੱਗੇ ਸੜਕ ਕਿਨਾਰੇ ਖੜ੍ਹਾ ਹਾਂ। ਸੜਕ ਦੌੜ ਰਹੀ ਹੈ। ਬੱਸਾਂ, ਕਾਰਾਂ, ਟਰੱਕ, ਮੋਟਰ ਸਾਇਕਲ ਖੜ੍ਹੇ ਹਨ। ਉਨ੍ਹਾਂ ਉਪਰ ਸਵਾਰ ਲੋਕ ਕਾਹਲੀ ਵਿਚ ਹਨ। ਉਹ ਹਾਰਨ ਵਜਾ ਰਹੇ ਹਨ। ਪਰ ਕਿਸੇ ਨੂੰ ਸੁਣਦਾ ਨਹੀਂ। ਮੈਨੂੰ ਉਨ੍ਹਾਂ ਦੀ ਦੌੜ ਉਪਰ ਹਾਸੀ ਆ ਰਹੀ ਹੈ।

"ਹੱਸ ਨਾ !....ਇਹ ਲੰਬੇ ਲੋਕ ਨੇ !....ਪਰ ਇਨ੍ਹਾਂ ਦਾ ਸਫਰ ਛੋਟਾ ਐ....!" ਫਟ ਰਹੀ ਨਜ਼ਰ ਨੂੰ ਇਕ ਸੁਰ ਕਰ ਮੈਂ ਸਾਹਮਣੇ ਝਾਕਿਆ ਹਾਂ।

ਸੜਕ ਤੋਂ ਪਾਰ ਗੁਰਦੁਆਰਾ ਹੈ। ਉਸ ਵੱਲ ਵੇਖ ਮੈਨੂੰ ਛੋਟਾ ਕਰਨ ਵਾਲੀ ਘਟਨਾ ਯਾਦ ਆ ਗਈ ਹੈ। ਘਟਨਾ ਨਹੀਂ ਉਹ ਵੀ ਦੁਰਘਟਨਾ ਸੀ। ਕੋਈ ਪਾਪੀ ਬੰਦਾ ਮਾਹਰਾਜ ਦੀ ਬੀੜ ਨੂੰ ਅਗਨ-ਭੇਂਟ ਕਰ ਛਿਪਨ ਹੋ ਗਿਆ ਸੀ।

ਉਹਦਾ ਖੁਰਾ-ਖੋਜ ਲੱਭ ਉਸ ਨੂੰ ਸਜ਼ਾ ਦੇਣ ਲਈ ਸੰਗਤ ਵਿਚ ਮਤਾ ਪਕਾਇਆ ਜਾ ਰਿਹਾ ਸੀ। ਪਰ ਗੁਰੂ ਦੀ ਸਾਜੀ ਸਾਧ ਸੰਗਤ ਗੁਰੂ ਤੋਂ ਮੁੱਖ ਮੋੜ ਚੁੱਪ ਧਾਰੀਂ ਬੈਠੀ ਸੀ। ਲੋਕਾਂ ਅੰਦਰ ਘਾਤ ਲਾਈਂ ਬੈਠੀ ਚੁੱਪ ਵੱਲ ਵੇਖ ਮੇਰੇ ਅੰਦਰ ਧੂੰਆਂ ਉੱਠ ਰਿਹਾ ਸੀ।

ਜਦੋਂ ਕਾਫਰ ਨੂੰ ਸਜ਼ਾ ਦੇਣ ਲਈ ਕੋਈ ਨਾ ਉੱਠਿਆ। ਮੈਂ ਉੱਠ ਕੇ ਹੱਥ ਖੜ੍ਹਾ ਕਰ ਦਿੱਤਾ, "ਉਸ ਪਾਪੀ ਨੂੰ ਲੱਭ ਕੇ ਮੈਂ ਸਜ਼ਾ ਦਿਊਂਗਾ....!"

"ਹਾਂ-ਹਾਂ !..... ਉਸ ਪਾਪੀ ਨੂੰ ਲੱਭ ਕੇ ਗੋਲੀ ਮਾਰ ਦੇਣੀ ਚਾਹੀਦੀ ਐ....!" ਮੇਰੀ ਗੱਲ ਸੁਣ ਮੇਰੀ ਪਿੱਠ ਪਿੱਛੋਂ ਇਕੱਠ ਵਿਚੋਂ ਉੱਚੀ ਸਾਰੀ ਅਵਾਜ਼ ਆਈ।

ਉਸ ਅਵਾਜ਼ ਨੂੰ ਅਣਸੁਣੀ ਕਰ ਸੰਗਤ ਮੇਰੀ ਗੱਲ ਉਪਰ ਹੱਸਣ ਲੱਗ ਪਈ, "ਤੂੰ ਸਜ਼ਾ ਦਵੇਂਗਾ !....ਤੂੰ ਲੱਭੇਂਗਾ ਉਹਨੂੰ !....ਤੂੰ ਆਪ ਤਾਂ ਗਵਾਚਿਆ ਪਿਆਂ !..... ਜਾਹ ਪਹਿਲਾਂ ਆਪਣੇ ਆਪ

ਨੂੰ ਲੱਭ....!

ਲੋਕਾਂ ਦਾ ਹਾਸਾ ਸੁਣ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਸਭ ਤੋਂ ਉੱਚੀ ਹੱਸਿਆ ਸੀ।

ਪਰ ਮੈਨੂੰ ਉਹਦਾ ਹਾਸਾ ਸੁਣਾਈ ਨਹੀਂ ਦਿੱਤਾ। ਮੇਰੇ ਦਿਮਾਗ ਵਿਚ ਮੇਰੀ ਪਿੱਠ ਪਿੱਛੋਂ ਆਈ ਅਵਾਜ਼ ਗੂੰਜ ਰਹੀ ਸੀ। ਉਹ ਅਵਾਜ਼ ਮੈਂ ਪਹਿਲਾਂ ਵੀ ਕਿਤੇ ਸੁਣੀ ਸੀ। ਕਿਸ ਦੀ ਸੀ ਉਹ ਅਵਾਜ਼ !

ਉਹ ਅਵਾਜ਼ ਦਾ ਚਿਹਰਾ ਲੱਭਣ ਲਈ ਮੇਰੀਆਂ ਅੱਖਾਂ ਤੇਜੀ ਨਾਲ ਘੁੰਮ ਰਹੀਆਂ ਸਨ।

o o o

"ਭੀੜ ਦਾ ਕੋਈ ਚਿਹਰਾ ਨਹੀਂ ਹੁੰਦਾ....!" ਕਮੇਟੀ ਦਾ ਪ੍ਰਧਾਨ ਦੋ ਬੰਦਿਆਂ ਨੂੰ ਸਮਝਾਉਂਦਾ ਜਾ ਰਿਹਾ ਹੈ।

ਉਹ ਵੀ ਬੰਟੀ ਕੇ ਘਰ ਨੂੰ ਚੱਲਿਆ ਹੈ। ਉਸ ਦੀ ਪਿੱਠ ਵੱਲ ਵੇਖ ਮੈਨੂੰ ਉਹਦੀ ਦਾੜ੍ਹੀ ਯਾਦ ਆ ਗਈ ਹੈ।

ਜਿਸ ਦਿਨ ਉਹ ਬਾਪੂ ਕੋਲ ਘਰ ਆਇਆ ਸੀ। ਮੈਂ ਮੌਕਾ ਜਿਹਾ ਵੇਖ ਮਨ ਦੀ ਗੱਲ ਆਖ ਦਿੱਤੀ, "ਬਾਪੂ !....ਪ੍ਰਧਾਨ ਜੀ ਨੂੰ ਕਹਿ !....ਇਸ ਵਾਰ ਮੈਂ ਵੀ ਨਗਰ ਕੀਰਤਨ 'ਚ ਸਿੰਘ ਸਜਣੈ ....!"

"ਕੀ ਕਿਹੈ !.....ਤੂੰ ਪੰਜ ਪਿਆਰਿਆਂ 'ਚ ਸਿੰਘ ਸਜਣੈ !....ਕਿੱਥੇ ਐਨੇ ਲੰਬੇ ਜਵਾਨ !....ਕਿੱਥੇ ਤੂੰ ਐਡਾ ਕੁ....!" ਪ੍ਰਧਾਨ ਆਪਣੀ ਦਾੜ੍ਹੀ ਉਪਰ ਹੱਥ ਫੇਰ ਮੈਨੂੰ ਇਕ ਗਿੱਠ ਨਾਲ ਮੁੱਠੀ ਜੋੜ ਕੇ ਦਿਖਾਉਣ ਲੱਗ ਪਿਆ ਸੀ।

ਉਸ ਦੀ ਗੱਲ ਯਾਦ ਕਰ ਮੇਰੀ ਸੁਰਤੀ ਕੂਕਿਆਂ ਦੇ ਸ਼ਹੀਦੀ ਸਾਕੇ ਉਪਰ ਜਾ ਟਿਕੀ ਹੈ।

ਮਾਲੇਰਕੋਟਲਾ ਸਾਡਾ ਗਵਾਂਢੀ ਸ਼ਹਿਰ ਹੈ। ਉੱਥੇ ਕੱਲਰਾਂ ਵਿਚ ਕੂਕਿਆਂ ਦਾ ਗੁਰਦੁਆਰਾ ਹੈ। ਇਕ ਵਾਰ ਮੈਂ ਬਾਪੂ ਹੋਰਾਂ ਨਾਲ ਮੱਥਾ ਟੇਕਣ ਗਿਆ ਸੀ। ਮੱਥਾ ਟੇਕ ਕੇ ਅਸੀਂ ਸਾਰਾ ਗੁਰਦੁਆਰਾ ਵੇਖਿਆ। ਉਸ ਵਿਚ ਫੋਟੋਆਂ, ਪੁਤਲਿਆਂ ਤੇ ਮਾਡਲਾਂ ਨਾਲ ਕੂਕਿਆਂ ਦਾ ਸ਼ਹੀਦੀ ਦ੍ਰਿਸ਼ ਦਿਖਾਇਆ ਹੋਇਆ ਸੀ। ਉਸ ਦ੍ਰਿਸ਼ ਵਿਚ ਇਕ ਪਾਸੇ ਅੰਗਰੇਜ਼ ਅਫਸਰ ਕਾਵਨ ਤੋਪਾਂ ਬੀੜੀਂ ਖੜ੍ਹਾ ਸੀ। ਦੂਜੇ ਪਾਸੇ ਕੂਕਿਆਂ ਦਾ ਭਰਵਾਂ ਇਕੱਠ ਕੀਰਤਨ ਵਿਚ ਲੀਨ ਬੈਠਾ ਸੀ। ਜਿਉਂ ਹੀ ਕਾਵਨ ਗਰਜ਼ਦਾ। ਕੂਕਿਆਂ ਦਾ ਜਥਾ ਤੋਪਾਂ ਅੱਗੇ ਜਾ ਖੜ੍ਹਦਾ। ਧਮਾਕਾ ਹੁੰਦਾ। ਜਥਾ ਸ਼ਹੀਦੀ ਪ੍ਰਾਪਤ ਕਰ ਜਾਂਦਾ। ਮੈਂ ਵੇਖਿਆ ਉਨ੍ਹਾਂ ਕੂਕਿਆਂ ਵਿਚ ਇਕ ਛੋਟੇ ਜਿਹੇ ਕੱਦ ਦਾ ਕੂਕਾ ਵੀ ਸੀ। ਉਸ ਦਾ ਨਾਂ ਵਰਿਆਮ ਸਿੰਘ ਸੀ। ਉਹਦਾ ਕੱਦ ਤੋਪਾਂ ਦੇ ਮੂੰਹ ਤੋਂ ਨੀਵਾਂ ਰਹਿ ਰਿਹਾ ਸੀ। ਜਦੋਂ ਅੰਗਰੇਜ਼ ਅਫਸਰ ਉਸ ਨੂੰ ਪਰ੍ਹਾਂ ਕਰਨ ਲੱਗਾ। ਉਹ ਭੱਜ ਕੇ ਖੇਤਾਂ ਵਿਚ ਚਲਿਆ ਗਿਆ। ਉੱਥੋਂ ਮਿੱਟੀ ਦੇ ਡਲ਼ੇ ਲਿਆ-ਲਿਆ ਕੇ ਢੇਰੀ ਲਾ ਲਈ। ਜਦੋਂ ਡਲਿਆਂ ਦੀ ਢੇਰੀ ਉਪਰ ਖੜ੍ਹ ਕੇ ਕੱਦ ਤੋਪਾਂ ਦੇ ਮੇਚ ਦਾ ਹੋ ਗਿਆ। ਵਰਿਆਮ ਸਿੰਘ ਛਾਤੀ ਤਾਣ ਕੇ ਕਹਿੰਦਾ, "ਲਓ ਹੁਣ ਚਲਾਓ ਤੋਪਾਂ ....!"

ਪਰ ਕਮੇਟੀ ਪ੍ਰਧਾਨ ਨੂੰ ਵਰਿਆਮ ਸਿੰਘ ਭੁੱਲ ਚੁੱਕਾ ਹੈ। ਉਸ ਨੂੰ ਕੰਮ ਨਹੀਂ ਕੱਦ ਨਜ਼ਰ ਆਉਂਦਾ ਹੈ।

"ਬੰਦੇ ਦਾ ਕੱਦ ਸਰੀਰ ਨਾਲ ਨਹੀਂ !....ਉਹਦੇ ਕੰਮਾਂ ਤੇ ਸੋਚਾਂ ਨਾਲ ਬਣਦਾ ਐ....!" ਨਗਰ ਕੀਰਤਨ ਵਿਚ ਸਿੰਘ ਸਜਣ ਵਾਲੇ ਬੰਦਿਆਂ ਉਪਰ ਧਿਆਨ ਧਰ ਮੈਂ ਬੰਟੀ ਦੇ ਸੰਸਕਾਰ ਉਪਰ ਜਾ ਰਹੇ ਬੰਦਿਆਂ ਵੱਲ ਵੇਖਣ ਲੱਗ ਪਿਆ ਹਾਂ।

ਉਨ੍ਹਾਂ ਵਿਚ ਦੋ ਬੰਦੇ ਉਹ ਹਨ ਜਿਹੜੇ ਪੰਜ ਪਿਆਰਿਆਂ ਵਿਚ ਸਿੰਘ ਸਜੇ ਸਨ। ਦੋਵਾਂ ਵਿਚੋਂ ਇਕ ਬੰਦਾ ਉਹ ਹੈ ਜਿਸ ਨੇ ਬੰਟੀ ਦੀ ਮੌਤ ਦੇ ਪਲਾਂ ਦੀ ਫਿਲਮ ਬਣਾਈ ਸੀ। ਉਸ ਦਾ ਕੱਦ ਸਭ ਤੋਂ ਲੰਬਾ

ਹੈ।

ਉਸ ਵੱਲ ਵੇਖ ਮੈਨੂੰ ਵਰਿਆਮ ਸਿੰਘ ਦਾ ਕੱਦ ਯਾਦ ਆਉਣ ਲੱਗ ਪਿਆ ਹੈ।

o o o

ਗੁਰਦੁਆਰਾ ਪਾਰ ਕਰ ਬੰਦਿਆਂ ਦੀ ਟੋਲੀ ਪ੍ਰਾਇਮਰੀ ਸਕੂਲ ਕੋਲ ਪਹੁੰਚ ਗਈ ਹੈ।

ਕਰਤਾਰ ਮਾਸਟਰ ਸਕੂਲ ਦੇ ਬਾਹਰ ਖੜ੍ਹਾ ਹੈ। ਇਕ ਹੱਥ ਵਿਚ ਮੋਬਾਇਲ ਇਕ ਹੱਥ ਵਿਚ ਚਾਹ ਦਾ ਗਿਲਾਸ। ਉਹ ਫੋਨ ਕਰਦਾ ਹੋਇਆ ਗਿਲਾਸ ਦਿਖਾ ਚਾਹ ਪੁੱਛ ਰਿਹਾ ਹੈ। ਉਸ ਵੱਲ ਵੇਖ ਲੰਘੇ ਜਾਂਦੇ ਬੰਦੇ ਹੱਸ ਰਹੇ ਹਨ, "ਪੜ੍ਹਾ ਲੈ ਮਾਸਟਰਾ ਚਾਰ ਅੱਖਰ....!"

"ਚੱਲ ਆਪਾਂ ਨੂੰ ਕੀ ਐ !....ਆਪਣੇ ਕਿਹੜੇ ਐਥੇ ਜਵਾਕ ਪੜ੍ਹਦੇ ਨੇ....!" ਸਭ ਤੋਂ ਲੰਬੇ ਕੱਦ ਵਾਲਾ ਬੰਦਾ ਤਾੜੀ ਮਾਰ ਕੇ ਹੱਸਿਆ ਹੈ।

ਉਹਦੀ ਅਵਾਜ਼ ਸੁਣ ਮੇਰੇ ਦਿਮਾਗ ਵਿਚ ਫਸੀ ਅਵਾਜ਼ ਗੂੰਜਣ ਲੱਗ ਪਈ ਹੈ। ਮੈਨੂੰ ਉਸ ਰਾਤ ਸੁਣੀ ਅਵਾਜ਼ ਯਾਦ ਆ ਗਈ ਹੈ।

ਉਸ ਰਾਤ ਘਰ ਵਿਚ ਮੇਰਾ ਸਾਹ ਘੁਟਣ ਲੱਗ ਪਿਆ ਸੀ। ਮੈਂ ਖੁੱਲ੍ਹੀ ਹਵਾ ਵਿਚ ਸਾਹ ਲੈਣ ਲਈ ਬਾਹਰ ਨਿਕਲਿਆ ਸੀ। ਗੁਰਦੁਆਰੇ ਕੋਲ ਸੜਕ ਕਿਨਾਰੇ ਹਨੇਰੇ ਵਿਚ ਖੜ੍ਹੇ ਦੋ ਬੰਦੇ ਹੌਲੀ-ਹੌਲੀ ਗੱਲਾਂ ਕਰ ਰਹੇ ਸਨ।

ਉਨ੍ਹਾਂ ਦੀਆਂ ਗੱਲਾਂ ਸੁਣ ਮੇਰਾ ਸਾਹ ਰੁਕ ਗਿਆ। ਇਕ ਬੰਦਾ ਕਹਿ ਰਿਹਾ ਸੀ, "ਬੱਸ ਤੂੰ ਅੱਗ ਲਾਉਣ ਵਾਲਾ ਕੰਮ ਕਰਤਾ !....ਬਾਕੀ ਮੈਂ ਜਾਣਾ ਮੇਰਾ ਕੰਮ ਜਾਣੇ !...ਹੁਣ ਗੁਰਦੁਆਰਾ ਕਮੇਟੀ ਨੂੰ ਮੈਂ ਦੱਸੂੰ...! ਮੈਨੂੰ ਪ੍ਰਧਾਨ ਨਾ ਬਨਾਉਣ ਦਾ ਕੀ ਅਰਥ ਹੁੰਦੈ....!"

"ਅੱਛਿਆ ਇਹ ਐ ਉਹ ਕਾਫਰ ਬੰਦਾ !....ਜਿਸ ਨੇ ਬੀੜ ਅਗਨੀ ਭੇਂਟ ਕਰਵਾਈ !....ਜਿਹੜਾ ਪਾਪੀ ਨੂੰ ਗੋਲੀ ਮਾਰਨ ਦੀ ਗੱਲ ਆਖ ਰਿਹਾ ਸੀ....!" ਸਭ ਤੋਂ ਲੰਬੇ ਕੱਦ ਵਾਲੇ ਬੰਦੇ ਦੀ ਅਵਾਜ਼ ਪਛਾਣ ਮੇਰੇ ਅੰਦਰ ਬੈਠਾ ਵਰਿਆਮ ਸਿੰਘ ਡਲਿਆਂ ਦੀ ਢੇਰੀ ਚਿਣਨ ਲੱਗ ਪਿਆ ਹੈ।

ਮੈਂ ਕੰਧ ਕੋਲ ਪਿਆ ਗੰਨੇ ਦਾ ਟੋਟਾ ਚੁੱਕ ਲਿਆ ਹੈ। ਨਿਸ਼ਾਨਾ ਸੇਧ ਹਥਿਆਰ ਚਲਾ ਦਿੱਤਾ ਹੈ।

ਆਪਣਾ ਸਿਰ ਫੜੀਂ ਸਭ ਤੋਂ ਲੰਬੇ ਕੱਦ ਵਾਲਾ ਬੰਦਾ ਮੈਨੂੰ ਆ ਚਿੰਬੜਿਆ ਹੈ, "ਖੜ੍ਹਜਾ ਤੇਰੀ ਬੌਨੇ ਦੀ !...ਕਰਦੇ ਆਂ ਤੇਰਾ ਦਿਮਾਗ ਸੈੱਟ....!"

"ਨਾ ਬਹੁਤਾ ਈ ਦਿਮਾਗ ਖਰਾਬ ਐ ਤੇਰਾ....!" ਉਹ ਬੰਦਿਆਂ ਨਾਲ ਰਲ਼ ਮੈਨੂੰ ਕੁੱਟਣ ਲੱਗ ਪਿਆ ਹੈ।

ਉਹਦੇ ਹੱਥ ਵਿਚ ਗੰਨੇ ਦਾ ਟੋਟਾ ਹੈ। ਮੈਂ ਹੇਠਾਂ ਡਿੱਗਿਆ ਚੀਕਾਂ ਮਾਰ ਰਿਹਾ ਹਾਂ।

o o o

ਮੈਂ ਸਕੂਲ ਕੋਲ ਡਿੱਗਿਆ ਪਿਆ ਆਪਣੀਆਂ ਸੱਟਾ 'ਤੇ ਫੂਕਾ ਮਾਰ ਰਿਹਾ ਹਾਂ।

ਮੇਰੀ ਸੁਰਤੀ ਵਿਚ ਉਹ ਦਿਨ ਘੁੰਮ ਰਿਹਾ ਹੈ। ਜਿਸ ਦਿਨ ਬਾਪੂ ਮੈਨੂੰ ਸਕੂਲ ਦਾਖਲ ਕਰਵਾਉਣ ਆਇਆ ਸੀ।

ਉਸ ਦੇ ਜਾਣ ਤੋਂ ਬਾਅਦ ਸਾਰਾ ਸਕੂਲ ਮੈਨੂੰ ਗਿੱਠ-ਮੁਠੀਆ ਕਹਿਣ ਲੱਗ ਪਿਆ ਸੀ। ਦੋ-ਤਿੰਨ ਦਿਨਾਂ ਵਿਚ ਉਨ੍ਹਾਂ ਨੇ ਮੈਨੂੰ ਐਨਾ ਬੌਨਾ ਕਰ ਦਿੱਤਾ ਕਿ ਚੌਥਾ ਦਿਨ ਆਖਰੀ ਹੋ ਨਿੱਬੜਿਆ ਸੀ। ਉਸ ਤੋਂ ਬਾਅਦ ਮੈਂ ਸਕੂਲ ਮੂਹਰਦੀ ਕਦੀ ਕੱਟਾ ਲੈ ਕੇ ਵੀ ਨਹੀਂ ਲੰਘਿਆ।

"ਕੁੱਤੇ ਵੀ ਕਹਿੰਦੇ ਕੱਟਿਆਂ ਵਰਗੇ ਸੀ.....!" ਗੱਲਾਂ ਮਾਰਦੀ ਬੰਦਿਆਂ ਦੀ ਇਕ ਹੋਰ ਟੋਲੀ ਮੇਰੇ

ਕੋਲ ਦੀ ਲੰਘੀ ਹੈ।

ਉਨ੍ਹਾਂ ਦੀ ਕੁੱਤਿਆਂ ਵਾਲੀ ਗੱਲ ਸੁਣ ਕੰਨਾਂ ਕੋਲ ਬੰਟੀ ਦੀਆਂ ਚੀਕਾਂ ਦੀ ਅਵਾਜ਼ ਗੂੰਜਣ ਲੱਗ ਪਈ ਹੈ। ਮੈਂ ਉੱਠ ਕੇ ਕਾਹਲੇ ਕਦਮੀਂ ਉਨ੍ਹਾਂ ਦੇ ਘਰ ਵੱਲ ਨੂੰ ਤੁਰ ਪਿਆ ਹਾਂ।

ਮੇਰੀ ਪੈੜ-ਚਾਲ ਸੁਣ ਬੰਦਿਆਂ ਦੀ ਅਵਾਜ਼ ਆਈ ਹੈ, "ਓਏ ਪਰ੍ਹੇ ਹੋਜੋ !.....ਲੰਬਾ ਦਲੀਪ ਆ ਰਿਹੈ !...ਹੋਰ ਈ ਨਾ ਕਿਤੇ ਫੇਟ ਮਾਰ ਕੇ ਸਿੱਟਜੇ....!"

ਮੈਂ ਉਨ੍ਹਾਂ ਦੀਆਂ ਲੱਤਾਂ ਕੋਲ ਦੀ ਹਵਾ ਵਾਂਗ ਗੁਜ਼ਰ ਗਿਆ ਹਾਂ।

o o o

ਉਂਝ ਤਾਂ ਮੇਰਾ ਨਾ ਦਲੀਪ ਹੈ। ਪਰ ਸਾਰਾ ਪਿੰਡ ਮੈਨੂੰ ਲੰਬਾ ਦਲੀਪ ਆਖਦਾ ਹੈ।

ਇਹ ਨਾ ਮੇਰੇ ਦਾਦੇ ਨੇ ਰੱਖਿਆ ਸੀ। ਉਹ ਬੜਾ ਸਿਆਣਾ ਬੰਦਾ ਸੀ। ਉਹਨੇ ਬਚਪਨ ਵਿਚ ਹੀ ਮੇਰੇ ਸਰੀਰ ਦੀਆਂ ਗਿੱਠਾਂ ਮਿਣ ਕੇ ਦੱਸ ਦਿੱਤਾ ਸੀ, "ਭਾਈ ਇਹ ਮੁੰਡਾ ਤਾਂ ਬੌਨਾ !....ਪਰ ਲੋਕ ਇਹਨੂੰ ਲੰਬਾ ਦਲੀਪ ਕਿਹਾ ਕਰਨਗੇ....!"

ਉਹ ਭਵਿੱਖ ਦੀਆਂ ਜਾਣਦਾ ਸੀ। ਉਹਨੇ ਬਾਪੂ ਨੂੰ ਇਹ ਵੀ ਕਿਹਾ ਸੀ, "ਦੇਖੀਂ ਮੁੰਡੇ ਨੂੰ ਬੇਗੋਵਾਲ ਦੀ ਦਵਾਈ ਨਾ ਖਵਾਈਂ !....ਇਹਨੇ ਵਧਣਾ ਤਾਂ ਹੈ ਨੀ !....ਇਕ ਤਾਂ ਊਈਂ ਬੌਨਾ !....ਜੇ ਉਪਰੋਂ ਮੋਟਾ ਹੋ ਗਿਆ.....! ਜਮਾਂ ਈ ਜੱਖਣਾ ਪੱਟੀ ਜਾਊ.....!"

ਪਰ ਬਾਪੂ ਨੇ ਉਹਦੀ ਗੱਲ ਨਹੀਂ ਸੀ ਮੰਨੀ। ਉਹ ਮੈਨੂੰ ਸਾਡੇ ਇਲਾਕੇ ਵਿਚ ਮਸ਼ਹੂਰ ਪਿੰਡ ਬੇਗੋਵਾਲ ਲੈ ਗਿਆ। ਉੱਥੋਂ ਦੇਸੀ ਹਕੀਮ ਤੋਂ ਲੰਬਾ ਹੋਣ ਦੀ ਦਵਾਈ ਦਿਵਾ ਲਿਆਇਆ। ਮੈਂ ਲੰਬਾ ਤਾਂ ਨਹੀਂ ਹੋਇਆ। ਪਰ ਮੋਟਾਂ ਬਹੁਤ ਹੋ ਗਿਆ ਹਾਂ।

"ਨੀ ਬੌਨਾ ਦੇਖ ਕਿਮੇਂ ਫੁੱਟਬਾਲ ਵਾਂਗ ਰੁੜ੍ਹਿਆ ਜਾਂਦਾ.....!" ਮੇਰੀ ਤੇਜ ਚਾਲ ਵੇਖ ਤੁਰੀਆਂ ਜਾਂਦੀਆਂ ਤੀਵੀਆਂ ਹੱਸਣ ਲੱਗ ਪਈਆਂ ਹਨ।

ਉਨ੍ਹਾਂ ਨੂੰ ਬੰਟੀ ਦਾ ਮਰਨਾ ਭੁੱਲ ਗਿਆ ਹੈ। ਮੈਨੂੰ ਆਪਣੀਆਂ ਸੱਟਾ ਭੁੱਲ ਉਹਦੀ ਮੌਤ ਦਾ ਖੌਫ ਚਿੰਬੜ ਗਿਆ ਹੈ।

ਮੈਂ ਆਪਣੀ ਸੁੱਕਦੀ ਜਾਂਦੀ ਜ਼ੁਬਾਨ ਨੂੰ ਤਰ ਕਰਨ ਲੱਗ ਪਿਆ ਹਾਂ।

o o o

"ਸੱਚੁ ਸੁਣਾਈ ਸੱਚੁ ਕੀ ਬੇਲਾ....!" ਮੇਰੀ ਸੁਰਤੀ ਮਨ ਮੰਦਰ ਦੀਆਂ ਪੌੜੀਆਂ ਚੜ੍ਹ ਰਹੀ ਹੈ

ਮੈਂ ਬੰਟੀ ਕੇ ਘਰ ਅੱਗੇ ਖੜ੍ਹਾ ਹਾਂ। ਲੋਕ ਅੰਦਰ ਵਿਛੀਆਂ ਦਰੀਆਂ ਉੱਪਰ ਬੈਠੇ ਹਨ। ਬਾਹਰ ਦਰਾਂ ਵਿਚ ਜੁੱਤੀਆਂ ਖੋਲ੍ਹੀਆਂ ਪਈਆਂ ਹਨ। ਵੱਡੀਆਂ-ਵੱਡੀਆਂ ਜੁੱਤੀਆਂ ਵੱਲ ਵੇਖ ਮੈਂ ਆਪਣੇ ਪੈਰਾਂ ਵੱਲ ਨਜ਼ਰ ਮਾਰੀ ਹੈ। ਮੇਰੀ ਜੁੱਤੀ ਛੋਟੀ ਜਿਹੀ ਹੈ।

"ਤੇਰਾ ਤਾਂ ਕੁੜਤਾ-ਪਜਾਮਾ ਵੀ ਛੋਟਾ ਜਿਆ !....ਐਡਾ ਕੁ ਤਾਂ ਆਮ ਬੰਦੇ ਦਾ ਕੱਛਾ ਹੁੰਦਾ....!" ਦਰਜ਼ੀ ਦੀ ਗੱਲ ਉਪਰ ਕਾਟੀ ਮਾਰ ਮੈਂ ਆਪਣੀ ਜੁੱਤੀ ਲਾਹੀ ਹੈ।

ਕੁਝ ਕਦਮ ਤੁਰਿਆ ਹਾਂ। ਦਿਮਾਗ ਵਿਚ ਬਿਜਲੀ ਲਿਸ਼ਕੀ ਹੈ। ਫਿਰ ਵਾਪਿਸ ਮੁੜ ਪਿਆ ਹਾਂ। ਜੁੱਤੀਆਂ ਕੋਲ ਰੁਕਿਆ ਹਾਂ। ਇਕ ਜੁੱਤੀ ਕੁੜਤੇ ਹੇਠਾਂ ਲੁਕੋ ਅੰਦਰ ਨੂੰ ਤੁਰ ਪਿਆ ਹਾਂ।

ਅੰਦਰ ਅਰਥੀ ਉਪਰ ਬੰਟੀ ਦੀ ਲਾਸ਼ ਪਈ ਹੈ। ਉਸ ਉਪਰ ਚਿੱਟੀ ਚਾਦਰ ਹੈ। ਮੈਂ ਲਾਸ਼ ਦੇ ਨਜ਼ਦੀਕ ਹੀ ਬੈਠ ਗਿਆ ਹਾਂ।

ਦਰੀਆਂ ਉਪਰ ਬੈਠੀ ਲੋਕਾਂ ਦੀ ਭੀੜ ਗੱਲਾਂ ਕਰ ਰਹੀ ਹੈ। ਕੋਈ ਕਹਿ ਰਿਹਾ ਹੈ, "ਅੱਜ ਅਖਬਾਰ

’ਚ ਆਇਆ !....ਦੋ ਕਿਸਾਨਾਂ ਨੇ ਸਲਫਾਸ ਖਾ ਕੇ ਖੁਦਕਸ਼ੀ ਕਰ ਲਈ....!”

“ਆਹ ਟੀ.ਵੀ. ’ਤੇ ਇਕ ਖਬਰ ਚੱਲਦੀ ਸੀ !.... ਕਹਿੰਦੇ ਅਣਖ ਖਾਤਰ ਪ੍ਰੇਮੀ-ਪ੍ਰੇਮਿਕਾ ਨੂੰ ਗੋਲੀ ਮਾਰ ਕੇ ਮਾਰ ਦਿੱਤਾ...!” ਨਵੀਂ ਖਬਰ ਸੁਣ ਕੋਈ ਉਸ ਤੋਂ ਵੀ ਨਵੀਂ ਖਬਰ ਸੁਣਾ ਰਿਹਾ ਹੈ, “ਕਹਿੰਦੇ ਇਕ ਬੰਦਾ ਦਸ ਸਾਲ ਤੋਂ ਇਹ ਸਿੱਧ ਕਰਨ ਲੱਗਿਆ ਹੋਇਆ ਕਿ ਮੈਂ ਜਿਊਂਦਾ ਹਾਂ !..... ਪਰ ਸਰਕਾਰੀ ਰਿਕਾਰਡ ਵਿਚ ਉਹ ਬੰਦਾ ਮਰ ਚੁੱਕਿਆ.....!”

ਕੋਈ ਬੰਟੀ ਦੀ ਗੱਲ ਕਿਉਂ ਨਹੀਂ ਕਰ ਰਿਹਾ। ਮੈਨੂੰ ਲੋਕਾਂ ਦੀਆਂ ਗੱਲਾਂ ਉਪਰ ਖਿਝ ਆ ਰਹੀ ਹੈ।

o o o

ਮੈਂ ਸਿਸਤ ਬੰਨ੍ਹੀਂ ਬੰਟੀ ਦੀ ਲਾਸ਼ ਵੱਲ ਵੇਖ ਰਿਹਾ ਹਾਂ। ਉਸ ਦੀ ਲਾਸ਼ ਸਭ ਦੇ ਵਿਚਕਾਰ ਪਈ ਹੈ। ਸਭ ਨੂੰ ਪਤਾ ਉਹ ਕੁੱਤੇ ਤੋਂ ਵੀ ਭੈੜੀ ਮੌਤ ਮਰਿਆ ਹੈ।

“ਜਿਸ ਦਿਨ ਬੰਟੀ ਮਰਿਆ !....ਮੈਂ ਉਸ ਦਿਨ ਮੋਬਾਇਲ ’ਤੇ ਬੌਨੀ ਆਲੀ ਫਿਲਮ ਵੇਖ ਰਿਹਾ ਸੀ....!” ਬੇਸ਼ਰਮ ਜਿਹੀ ਗੱਲ ਸੁਣ ਮੇਰੀ ਰੂਹ ਕੰਬ ਉੱਠੀ ਹੈ।

ਸੱਥਰ ਉਪਰ ਬੈਠੀ ਭੀੜ ਬੌਨੀਆਂ ਗੱਲਾਂ ਕਰ ਰਹੀ ਹੈ। ਮੈਂ ਆਪਣੀ ਸੁਰਤੀ ਬੰਟੀ ਦੀ ਮੌਤ ਦੇ ਪਾਲਾਂ ਉੱਪਰ ਟਿਕਾ ਦਿੱਤੀ ਹੈ।

ਉਹ ਬੀਹੀ ਵਿਚ ਤੁਰਿਆ ਆ ਰਿਹਾ ਹੈ। ਉਹਦੇ ਪਿੱਛੇ ਕੁੱਤਿਆਂ ਦੀ ਡਾਰ ਤੁਰੀ ਆ ਰਹੀ ਹੈ। ਉਹ ਡਰਿਆ ਹੋਇਆ ਹੈ। ਕੁੱਤੇ ਬੱਦਲਾਂ ਵਾਂਗ ਘੋਰ ਰਹੇ ਹਨ। ਉਨ੍ਹਾਂ ਦੀ ਅੱਖਾਂ ਵਿਚ ਖੂੰਖਾਰ ਲਿਸ਼ਕ ਹੈ। ਉਹ ਲਾਲ਼ਾਂ ਸਿੱਟਦੇ ਤੁਰੇ ਆ ਰਹੇ ਹਨ।

ਕੁੱਤਿਆਂ ਵਾਲੇ ਸਰਦਾਰਾਂ ਦੀ ਕੋਠੀ ਕੋਲ ਜਾ ਕੇ ਬੰਟੀ ਨੇ ਚੀਕ ਮਾਰੀ ਹੈ। ਉਹਦੇ ਪਿੱਛੇ ਤੁਰੇ ਆ ਰਹੇ ਕੁੱਤੇ ਭੌਂਕਣ ਲੱਗ ਪਏ ਨੇ।

ਸਰਦਾਰਾਂ ਦੀ ਕੋਠੀ ਦਾ ਗੇਟ ਖੁੱਲ੍ਹਿਆ ਹੈ। ਉਸ ਵਿਚੋਂ ਕੱਟਿਆ ਵਰਗੇ ਕੁੱਤੇ ਨਿੱਕਲ ਬਾਹਰਲੇ ਕੁੱਤਿਆਂ ਵੱਲ ਨੂੰ ਭੱਜੇ ਹਨ। ਦੂਰ ਖੜ੍ਹੀ ਲੋਕਾਂ ਦੀ ਭੀੜ ਤਮਾਸ਼ਾ ਵੇਖ ਰਹੀ ਹੈ

“ਬਚਾਓ !....ਬਚਾਓ.....!” ਕੁੱਤਿਆਂ ਵਿਚ ਘਿਰਿਆ ਬੰਟੀ ਰੋਣ ਲੱਗ ਪਿਆ ਹੈ।

ਕੁੱਤਿਆਂ ਵਿਚ ਝਪਟ ਪੈ ਗਈ ਹੈ। ਉਹ ਚੀਕਾਂ ਮਾਰਦਾ ਭੱਜ ਲਿਆ ਹੈ। ਕੁੱਤੇ ਉਹਦੇ ਪਿੱਛੇ ਭੱਜ ਲਏ ਹਨ। ਉਹ ਡਿੱਗ ਪਿਆ ਹੈ । ਕੁੱਤੇ ਉਪਰ ਆ ਚੜ੍ਹੇ ਹਨ। ਉਹ ਚੀਕਾਂ ਮਾਰ ਰਿਹਾ ਹੈ, “ਬਚਾਓ !....ਬਚਾਓ....!”

ਉਸ ਦੀਆਂ ਚੀਕਾਂ ਸੁਣ ਦੂਰ ਖੜ੍ਹੀ ਭੀੜ ਵਿਚ ਹਲਚਲ ਹੋਈ ਹੈ। ਇਕ ਬੰਦਾ ਨਜ਼ਦੀਕ ਆਇਆ ਹੈ। ਉਹਦੇ ਹੱਥ ਵਿਚ ਮੋਬਾਇਲ ਹੈ।

“ਇਕ ਮਿੰਟ !....ਇਕ ਮਿੰਟ ....!” ਉਹ ਬੰਟੀ ਨੂੰ ਬਚਾਉਣ ਦੀ ਥਾਂ ਉਹਦੀ ਮੌਤ ਦੇ ਪਲਾਂ ਦੀ ਫਿਲਮ ਬਨਾਉਣ ਲੱਗ ਪਿਆ ਹੈ।

ਹੱਥ ਵਿਚ ਮੋਬਾਇਲ ਫੜੀਂ ਉਹ ਘੁੰਮ ਰਿਹਾ ਹੈ। ਕੁੱਤੇ ਬੰਟੀ ਨੂੰ ਖਾ ਰਹੇ ਹਨ। ਉਹ ਮਰ ਰਿਹਾ ਹੈ।

ਉਹ ਮਰ ਗਿਆ ਹੈ। ਸੁੰਨੀ ਬੀਹੀ ਵਿਚ ਉਹਦੀ ਲਾਸ਼ ਪਈ ਹੈ। ਲਾਸ਼ ਕੋਲ ਖੜ੍ਹੇ ਕੁੱਤੇ ਮੂੰਹਾਂ ਨੂੰ ਲੱਗਿਆ ਖੂਨ ਸਾਫ ਕਰ ਰਹੇ ਹਨ। ਫਿਲਮ ਬਨਾਉਣ ਵਾਲਾ ਬੰਦਾ ਦੂਰ ਖੜ੍ਹੀ ਲੋਕਾਂ ਦੀ ਭੀੜ ਵੱਲ ਨੂੰ ਤੁਰਿਆ ਜਾ ਰਿਹਾ ਹੈ।

ਇਹ ਉਹੀ ਬੰਦਾ ਹੈ ਜਿਸ ਦੀ ਅਵਾਜ਼ ਪਛਾਣ ਮੈਂ ਜਿਸ ਦੇ ਗੰਨੇ ਦਾ ਟੋਟਾ ਮਾਰਿਆ ਸੀ।

ਉਹ ਹੱਥ ਵਿਚ ਮੋਬਾਇਲ ਫੜੀਂ ਮੇਰੇ ਵੱਲ ਕੌੜੀ ਅੱਖ ਨਾਲ ਝਾਕ ਰਿਹਾ ਹੈ।

ਘਰ ਵਿਚ ਵੈਣਾਂ ਦੀ ਅਵਾਜ਼ ਉੱਚੀ ਹੁੰਦੀ ਜਾ ਰਹੀ ਹੈ।

o o o

ਬੰਟੀ ਦੀ ਮਾਂ ਵੈਣ ਪਾ ਰਹੀ ਹੈ, "ਹਾਏ ਵੇ ਮੇਰੇ ਪੁੱਤ ਦੀ ਮੌਤ ਦਾ ਤਮਾਸ਼ਾ ਦੇਖਦਾ ਰਿਹਾ !...ਤੂੰ ਕਿਹਾ ਜਿਆ ਹੋ ਗਿਆ ਵੇ ਪਿੰਡਾ....!"

ਉਹ ਪਿੰਡ ਨੂੰ ਉਲਾਂਭਾ ਦੇ ਰਹੀ ਹੈ। ਬੰਟੀ ਦਾ ਬਾਪੂ ਪਰਨੇ ਨਾਲ ਅੱਖਾਂ ਪੂੰਝ ਰਿਹਾ ਹੈ।

ਸਭ ਤੋਂ ਲੰਬੇ ਕੱਦ ਵਾਲਾ ਬੰਦਾ ਪਿੰਡ ਵਾਂਗ ਨੀਵੀਂ ਪਾਈਂ ਬੈਠਾ ਹੈ। ਉਹਦੀ ਅੱਖ ਵਿਚਲਾ ਚੋਰ ਮੈਨੂੰ ਤਾੜ ਰਿਹਾ ਹੈ।

ਬੰਟੀ ਦੀ ਲਾਸ਼ ਮੈਨੂੰ ਵੰਗਾਰ ਰਹੀ ਹੈ, "ਚੱਲ ਉੱਠ ਦਲੀਪ !....ਆਪਣੀ ਗੱਲ ਕਹਿ.....!"

"ਉਹ ਕਿਹੜੀ ਗੱਲ ਐ !.... ਜਿਸ ਦੀ ਮਾਰੀ ਭੀੜ ਦੂਰ ਖੜ੍ਹੀ ਤਮਾਸ਼ਾ ਦੇਖਦੀ ਰਹੀ !....ਇਹ ਬੰਦਾ ਬੰਟੀ ਨੂੰ ਬਚਾਉਣ ਦੀ ਥਾਂ ਉਹਦੀ ਫਿਲਮ ਬਣਾਉਂਦਾ ਰਿਹਾ.....!" ਲੋਕਾਂ ਨੂੰ ਪੁੱਛਣ ਵਾਲੀ ਗੱਲ ਮੇਰੇ ਹੱਡਾਂ ਵਿਚ ਬੈਠਣ ਲੱਗ ਪਈ ਹੈ।

ਮੈਂ ਉੱਠਣ ਤੋਂ ਪਹਿਲਾਂ ਆਪਣੀ ਗੱਲ ਦਾ ਵਜ਼ਨ ਤੋਲਣ ਲੱਗ ਪਿਆ ਹਾਂ।

o o o

"ਉੱਠ ਦਲੀਪ !.... ਫਿਰ ਤਾਂ ਇਨ੍ਹਾਂ ਨੇ ਅਰਥੀ ਚੁੱਕ ਲੈਣੀ ਐ....!" ਉੱਚੀ ਸਾਰੀ ਆਖ ਮੈਂ ਆਪਣੀ ਥਾਂ ਛੱਡ ਦਿੱਤੀ ਹੈ।

ਲੋਕਾਂ ਦੀ ਭੀੜ ਮੇਰੀਆਂ ਸੱਟਾਂ ਵੱਲ ਵੇਖ ਰਹੀ ਹੈ। ਸਭ ਦੀਆਂ ਅੱਖਾਂ ਹੱਸ ਰਹੀਆਂ ਹਨ।

ਮੈਂ ਅੱਖਾਂ ਪੂੰਝ ਬੰਟੀ ਦੀ ਲਾਸ਼ ਵੱਲ ਨੂੰ ਤੁਰ ਪਿਆ ਹਾਂ।

ਲੋਕਾਂ ਵਿਚ ਘੁਸਰ-ਮੁਸਰ ਹੋਣ ਲੱਗ ਪਈ ਹੈ, "ਹੈਂਅ !.... ਇਹ ਲੰਬਾ ਦਲੀਪ ਕਿੱਧਰ ਨੂੰ ਚੱਲਿਆ !"

"ਚੱਲ !...ਹੁਣ ਪਿੱਛੇ ਨਾ ਮੁੜੀਂ ....!" ਮੇਰੀ ਸੁਰਤੀ ਵਿਚ ਬੈਠਾ ਦਾਦਾ ਵਰਿਆਮ ਸਿੰਘ ਵਾਂਗ ਮੇਰੀ ਪਿੱਠ ਥਾਪੜਨ ਲੱਗ ਪਿਆ ਹੈ।

ਉਸ ਦਾ ਥਾਪੜਾ ਲੈ ਮੈਂ ਬੰਟੀ ਦੀ ਲਾਸ਼ ਤੋਂ ਚਿੱਟੀ ਚਾਦਰ ਲਾਹ ਦਿੱਤੀ ਹੈ। ਗਿੱਠਾਂ ਨਾਲ ਉਹਦਾ ਕੱਦ ਮਿਣਨ ਲੱਗ ਪਿਆ ਹਾਂ।

"ਚਲੋ ਚੰਗਾ ਹੋਇਆ ਹੁਣੀ ਮਰ ਗਿਆ .....!" ਪੰਜਵੀਂ ਗਿੱਠ ਪੂਰੀ ਨਾ ਪੈਂਦੀ ਵੇਖ ਮੇਰਾ ਰੋਣਾ ਨਿੱਕਲ ਗਿਆ ਹੈ।

"ਹੱਟ ਤੇਰੀ ਕੋਹੜੀ ਦੀ !..... ਮੌਕਾ ਤਾਂ ਦੇਖ ਲਿਆ ਕਰ ਬੌਨਿਆ !.....ਮਜ਼ਾਕ ਦੀ ਵੀ ਸਾਲੀ ਹੱਦ ਹੁੰਦੀ ਐ .....!" ਸੱਥਰ ਉਪਰ ਬੈਠੀ ਭੀੜ ਉੱਚੀ-ਉੱਚੀ ਰੌਲਾ ਪਾਉਣ ਲੱਗ ਪਈ ਹੈ।

"ਮਜ਼ਾਕ ਦੀ ਕੋਈ ਹੱਦ ਨਹੀਂ ਹੁੰਦੀ ਤਾਇਆ.....!" ਮੈਂ ਇਕ ਗਿੱਠ ਨਾਲ ਮੁੱਠੀ ਜੋੜ ਭੀੜ ਵੱਲ ਨੂੰ ਕਰ ਦਿੱਤੀ ਹੈ

ਮੈਨੂੰ ਭੀੜ ਵਿਚ ਬੈਠਾ ਸਭ ਤੋਂ ਲੰਬੇ ਕੱਦ ਵਾਲਾ ਬੰਦਾ ਸਭ ਤੋਂ ਬੌਨਾ ਨਜ਼ਰ ਆ ਰਿਹਾ ਹੈ।

ਉਸ ਵੱਲ ਵੇਖ ਮੇਰਾ ਹੱਥ ਕੁੜਤੇ ਹੇਠ ਲੁਕੋਈ ਜੁੱਤੀ ਵੱਲ ਨੂੰ ਸਰਕਣ ਲੱਗ ਪਿਆ ਹੈ।

# ਸਵਰਨ ਵਿਲਾ, V.P.O. ਅਮਰਗੜ੍ਹ, [ਸੰਗਰੂਰ] M. 98156-59220

# ਕਹਾਣੀ / ਅੱਡੂ-ਪੱਚਰ / - ਗੁਰਪ੍ਰੀਤ ਸਹਿਜੀ

ਅੱਡੂ-ਪੱਚਰ ਗੁਸੇ ਨਾਲ਼ ਮੂੰਹ 'ਚੋਂ ਝੱਗ ਸਿੱਟਦਾ ਹੋਇਆ, ਪਰੇ ਨੂੰ ਥੁੱਕ ਕੇ, ਲੰਗਰ ਹਾਲ਼ 'ਚੋਂ ਬਾਹਰ ਆ ਗਿਆ। ਪਰ ਗਾਲ਼ਾਂ ਉਹਨੇ ਓਦੋਂ ਈ ਚਿੱਤ ਵਿੱਚੋਂ ਬਗਾਟ ਪਾ ਕੇ ਕੱਡਣੀਆਂ ਸ਼ੁਰੂ ਕੀਤੀਆਂ, ਜਦੋਂ ਉਹ ਸਾਰੇ ਜਿਮੀਂਦਾਰਾਂ ਤੋਂ ਇੰਨਾਂ ਕੁ ਪਰੇ ਆ ਗਿਆ ਸੀ, ਜਿੱਥੇ ਆ ਕੇ ਡਰ ਮੁੱਕ ਗਿਆ-'ਬਈ ਹੁਣ ਏਥੋਂ ਨੀ ਕੁੱਟ ਪੈਣੀਂ....ਜੇ ਓ ਪਿੱਛੇ ਵੀ ਭੱਜੇ ਤਾਂ ਮੈਂ ਛਕਾਟ ਪਾਜੂੰ... ਹੱਥ ਨੀ ਔਂਦਾ।'

ਚਾਦਰੇ ਦੇ ਲ਼ੜ ਚੱਕ ਕੇ ਨੇਫ਼ੇ 'ਚ ਟੁੰਗ ਲ਼ਏ ਤੇ ਲ਼ਾਂਗੜ ਕੱਡਕੇ ਬੋਲ਼ਿਆ-'ਵੇ-ਖਾਂ, ਸਾਲ਼ੇ ਹੁਣ ਕਵੇਂ ਭੂਤਰੇ ਫਿਰਦੇ ਐ... ਵੱਡੇ ਬਣੇ ਠਾਂਗਰ... ਹੁਣ ਮਾਂ ਦੇਣੇ ਜਾਤਾਂ ਪਰਖ਼-ਦੇ ਐ...ਜਾਤਾਂ...ਖੌਰੇ ਕੀ ਸ਼ੂਲ਼ ਚੱਲਿਐ ਬੰਦਾ ਈ ਨੀਂ ਸਮਝਦੇ... ਆਪ ਬਦਾਮ-ਕਾਜੂ ਫ਼ਾਣ-ਗੇ ਦੇਗ 'ਚੋਂ ਚੁੱਗ-ਚੁੱਗ ਕੇ...' ਨੱਕ ਦੀ ਕਰੂੰਬਲ ਤੇ ਪਏ ਹੋਏ ਮਾਤਾ ਦੇ ਡੂੰਘੇ ਦਾਗ ਨੂੰ ਅਗੂੰਠੇ ਨਾਲ ਦੀ ਉਂਗਲ਼ ਦੇ ਨਹੁੰ ਨਾਲ਼ ਖੁਰਚਿਆ।

ਸੱਜੇ ਪੈਰ ਦੀ ਚੱਪਲ਼ ਦੀ ਨਿਕਲੀ ਹੋਈ ਵੱਧਰੀ ਨੂੰ ਡੱਕੇ ਦੀ ਦਾਬ ਨਾਲ ਪਾਉਂਦਾ ਹੋਇਆ, ਅੱਗੋਂ ਆਉਂਦਾ ਬੰਸਾ ਮਿਲ਼ ਗਿਆ। ਉਹਦੀ ਕਥਾ-ਵਾਣੀ ਸੁਣਕੇ ਬੋਲ਼ਿਆ- 'ਕੀ ਹੋ-ਗਿਐ ਚੰਗੇ ਭਲ਼ੇ ਨੂੰ..ਕਾਂਤੋਂ ਐਵੇਂ ਸਿੰਙਾਂ 'ਤੇ ਰੇਤਾ ਚੱਕਿਐ..?'

ਬੰਸੇ ਦਾ ਮੋਡਾ ਪਲ਼ੋਸ ਕੇ ਸੇਲ਼ੀਆਂ ਦੇ ਵਾਲ਼ਾਂ ਨੂੰ ਤਾਅ ਦੇ ਕੇ, ਜਿਸ ਪਾਸੇ ਵੱਲ਼ੋਂ ਉਹ ਆ ਰਿਹਾ ਸੀ, ਓਸ ਪਾਸੇ ਵੱਲ ਝਾਕਦਾ ਹੋਇਆ ਖਿੱਝਕੇ ਬੋਲ਼ਿਆ-' ਮਖ਼ਿਆ ਮਾੜੀ ਜੀ ਦਹੀਂ ਪਾਦੇ ਡੋਲੂ 'ਚ ਘਰੇ ਲ਼ੈਜਾਂ...ਅੱਗੋਂ ਹੋਰ ਈ ਕੱਡ ਮਾਰੀ ਅਖ਼ੇ...' ਤੂੰ-ਹੀਂ ਨੀਂ ਭਰਾਵਾ ਕਦੇ ਰੱਜਦੇ...ਹੁਣ ਗੁਰੂ ਘਰ ਦਾ ਖ਼ਾਈ ਜਾਂਨੇ ਓਂ '...ਬੜੇ ਹਰਾਮੀ ਨਿਕਲ਼ੇ ਏਹ ਤਾਂ...ਸੱਚੀਂ ਦੱਸੀਂ ਭਤੀਜ...ਏਥੇ ਕੁੱਤੇ ਨੀਂ ਦੁੱਦ ਲ਼ੱਕਦੇ ਮਾਂ ਯਾਵੇ...ਏਹੀ ਦੁੱਦ ਜੇ ਕਿਸੇ ਗਰੀਵ ਦੇ ਬੱਬਰ 'ਚ ਪੈਜੂ...ਫ਼ੇਰ ਕੀ ਚਲੂਣੇ ਲ਼ੜਦੇ ਐ...ਨਈਂ ਏਥੇ ਨਾਲ਼ੀ 'ਚ ਡੋਲ਼ਣਾ ਕਬੂਲ਼ ਐ..'

ਬੰਸੇ ਨੇ ਫ਼ੁਰਤੀ ਨਾਲ਼ ਦੋਵੇਂ ਪਾਸੇ ਦੀ ਗੱਲ਼ ਕੀਤੀ-'ਗੱਲ਼ ਤੇਰੀ ਜਵਾਂ ਈ ਠੀਕੈ..ਪਰ ਐਂ ਰੱਬ ਘਰ ਦੀ ਕਾਈ ਸੈਅ ਨੀ ਵਰਤੀ-ਦੀ..'

ਜੀਭ ਨਾਲ਼ ਅੰਗੂਠੇ ਨੂੰ ਥੁੱਕ ਲ਼ਾ ਕੇ ਮੁੱਛ ਨੂੰ ਵਟਾ ਚਾੜਿਆ-'ਬਾਬਿਆਂ ਨੇ ਰਵੈਤ ਬਣਾਈ ਸੀਗੀ ਬੀ ਜਿੰਨਾਂ ਕੋਲ਼ ਦਾਤੇ ਨੇ ਦਿੱਤਾ...ਉਹ ਬਾਲ਼ੇ 'ਚੋਂ ਬਾਲ਼ਾ...ਥੋੜੇ 'ਚੋਂ ਥੋੜਾ ਕੱਡਕੇ ਏਥੇ ਗੁਰੂਘਰ ਆਕੇ ਦੇਣ...ਜੋ ਰਸਦ 'ਕੱਠਾ ਜੁੜੇ...ਏਹਦੇ 'ਚੋਂ ਲੋੜਵੰਦ ਆਵਦੇ ਘਰੇ ਲ਼ੈ ਜੇ...ਹੇਨਾਂ ਆਵਦੇ ਬੋਜੇ ਭਰਲੇ ਆ..' ਜੇਬ 'ਚ ਹੱਥ ਪਾਕੇ ਹਲ਼ਾ ਦਿੱਤਾ।

ਬੰਸੇ ਨੂੰ ਗੱਲ਼ ਕਾਫ਼ੀ ਹੱਦ ਤੀਕ ਜਚੀ ਵੀ, ਪਰ ਇਸ 'ਤੇ ਅਮਲ਼ ਨਾ ਕਰ ਸਕਿਆ। ਉਹਨੇ ਟਾਲ਼ਾ ਕਰਨ ਦੇ ਲ਼ਈ-'ਓਏ ਕਾਂਤੋਂ ਐਂਵੇ ਲਹੂ ਸਾੜਦੈਂ...ਆਪੇ ਈ ਨਵੇੜਾ ਹੋਊ ਸੱਚੀਂ ਦਰਗਾ...ਐਵਜਾ ਖੋਟਾ ਧੇਲ਼ਾ ਵੀ ਤੁੱਕਦਾ ਨੀ ਹੁੰਦਾ...ਸਭ ਕੁੱਛ ਮੂਹਰੇ ਆਜੂ...।'

ਪਰ ਇਹ ਸੁਣਦੇ ਸਾਰ ਹੀ ਅੱਡੂ ਪੱਚਰ ਸੋਚਾਂ ਵਿੱਚ ਪੈ ਗਿਆ। ਫਿਰ ਟਾਹਲ਼ੀ ਦੇ ਪੱਤੇ ਤੋੜ ਕੇ ਤਲ਼ੀ ਤੇ ਰੱਖ ਕੇ ਮਲ਼ਣ ਲੱਗ ਪਿਆ। ਭਾਂਵੇਂ ਬੀੜਾ ਛੱਡੇ ਨੂੰ ਕਾਫ਼ੀ ਸਾਲ਼ ਹੋ ਗਏ ਸੀ, ਪਰ ਮਲ਼ਣ ਦੀ ਲ਼ਿਲਕ ਨਹੀਂ ਛੱਡੀ-' ਐਦੂੰ ਹੋਰ ਕੀ ਮੂਹਰੇ ਆਜੂ...ਜੇ ਅੱਖਾਂ ਮੀਚੀਂ ਬੈਠੇ ਓਂ ਤਾਂ ਕੀ ਕੈਣਾਂ...ਦੀਂਦੇ ਨੀ...ਐਥੇ ਤਾਂ ਸਾਲ਼ੇ ਰੱਜਕੇ ਖ਼ਾਂਦੇ ਐ ਤੇ ਫੇਰ ਢੱਠੇ ਵਾਨੂੰ ਪਸਲ਼ੇਟੇ ਮਾਰਦੇ ਆ...ਆਹ ਜਗੀਰ ਕੇ ਘਰੇ ਕਦੇ ਕੁੱਤੀ ਨੀ ਸੂਈ ਮੱਝ ਤਾਂ ਭੈਣੀਂ ਯਾਵੀ ਸੂਣੀ ਕੀ ਐ...ਐਨੇ ਨੰਗ ਨੇ...ਹੁਣ ਰੋਟੀ ਵੀ ਪਨੀਰ ਨਾਲ਼ ਖ਼ਾਂਦੇ ਐ...ਸੋਚ ਕਿੱਥੋਂ ਔਂਦੈ...' ਬੰਸੇ ਦੇ ਮੂੰਹ ਵੱਲ਼ ਝਾਕਣ ਲੱਗਿਆ-' ਸੋਚ ਖਾਂ..ਪਿੰਡ 'ਚ ਰਹਿਨੈ ਫੇਰ ਵੀ..'

ਬੰਸੇ ਨੇ ਗੱਲ਼ ਕਸੂਤੀ ਪੈਂਦੀ ਵੇਖਕੇ ਅੱਗਾ ਬੋਚ ਲ਼ਿਆ–' ਮੈਂ ਕੀ ਸੋਚਨਾ ਤੂੰ ਆਪ ਈ ਦੱਸਦੇ..!'

'ਫੇਰ ਚੁਗਲ਼ੀ ਬਣ ਜਾਂਦੀਐ...ਪਰ ਸੱਚੀ ਗੱਲ਼ ਦੀ ਕਾਦੀ ਚੁਗਲ਼ੀ..ਆਥਣੇ ਵੱਡੀ ਡੋਲ਼ਣੀ ਲੈ ਜਾਂਦੇ ਆ ਭਰਕੇ...ਜੀਦੋਂ ਦਾ ਜਗੀਰ ਪ੍ਰਧਾਨ ਬਣਿਐ ਕਮੇਟੀ ਦਾ ਓਦੋਂ ਦੇ ਈ ਚਲ਼ਿਤਰ ਚਲ਼ਦੇ ਐ ਬਾਈ..'

'ਹੂੰ..' ਬੰਸਾ ਤਾਂ ਬਸ ਇੰਨਾਂ ਈ ਆਖ਼ ਸਕਿਆ।

ਅੱਡੂ ਪੱਚਰ ਚੱਕਵੇਂ ਪੈਰੀਂ ਬਾਹਰ ਆ ਗਿਆ। ਹੱਥ ਵਿੱਚ ਫੜੀ ਹੋਈ ਸੋਟੀ ਨੂੰ ਸਾਰੇ ਰਾਹ ਘੜੀਸਦਾ ਹੋਇਆ ਆਈ ਗਿਆ; ਚੁੱਕਣੀ ਭੁੱਲ਼ ਗਿਆ। ਜਿੱਥੋਂ ਦੀ ਉਹ ਲੰਗਿਆ ਸੱਪ ਦੀ ਲ਼ੀਹ ਵਾਂਗ ਪਿੱਛੇ-ਪਿੱਛੇ ਝਰੀਟ ਪੈਂਦੀ ਆਈ। ਭਾਂਵੇਂ ਦੀ ਚੁੱਪ ਰਿਹਾ ਪਰ ਚਿੱਤ 'ਚ ਕੁਲ਼ਜੀ ਗਿਆ–

'ਮੈਂ ਪੁੱਛਦਾਂ...ਭੈਣ ਦੇਣਿਓਂ ਜਦੋਂ ਗੁਰੂ ਸਾਬ ਜੀ ਦਾ ਸੀਸ ਲ਼ੈ ਕੇ ਔਣਾ ਸੀਗਾ, ਓਦੋਂ ਕਿੱਥੇ ਮਰਗੇ ਸੈਂਗੇ..?..ਸਵ ਨੇ ਚੱਡਿਆਂ 'ਚ ਪੂਛ ਲ਼ਈ ਸੀ...ਬੈਠੇ ਮਤੇ ਪਾਈ ਗਈ ਜਟੌੜ..ਬੀ ਕਾਈ ਸੂਰਮਾਂ ਹੋਵੇ ਤਾਂ ਗੱਲ਼ ਬਣੇ...ਕਈ ਗਿੱਦੜਾਂ ਨੇ ਵੀ ਸ਼ੇਰਾਂ ਦੀ ਖੱਲ਼ ਪਾਈ ਸੀਗੀ...'

'ਫੇਰ..?' ਅੱਡੂ ਪੱਚਰ ਨੇ ਗੱਲ਼ ਦਾ ਆਪ ਹੀ ਹੁੰਗਾਰਾ ਭਰਿਆ ਤੇ ਫੇਰ ਸੋਚਣ ਲ਼ੱਗ ਪਿਆ।

'ਤੇ ਹਾਂ...' ਜਿਵੇਂ ਕੁੱਛ ਯਾਦ ਕੀਤਾ ਹੁੰਦਾ–'ਸਾਡੀ ਕੌਮ ਈ ਮੂਰੇ ਆਈ...ਸਵ ਹੇੜ 'ਕੱਠੀ ਹੋਈ ਸੀਗੀ...ਪਰ ਗੱਲ਼ ਬਾਪੂ ਦੀ ਵੀ ਸਹੀ ਐ..'

ਬਾਪੂ ਤਦੂੰਰ ਕੋਲ਼ ਬੈਠਾ ਸਾਣ ਵੱਟਦਾ ਹੋਇਆ ਬੋਲ਼ਿਆ ਸੀ–'ਆਪਣੀ ਜਾਤ ਨੂੰ ਮਾੜੀ ਜੀ ਚੁੱਕ ਦੇਣ ਦੀ ਈ ਲੋੜ ਹੁੰਦੀਐ...ਕੰਮ ਹੋਇਆ ਈ ਜਾਣੋ...ਜਦੋਂ ਵੀ ਕਰਬਾਨੀ ਦੀ ਲ਼ੋੜ ਪੈਂਦੀਐ...ਓਦੋਂ ਫੇਰ ਆਪਾਂ ਨੂੰ ਮੋਰੀ ਕੀਤਾ ਜਾਂਦੈ...ਕੋਲ਼ ਕੁੱਛ ਗਵੌਣ ਨੂੰ ਨੀ ਹੁੰਦਾ...ਕੱਲ਼ੀ ਜਾਨ ਈ ਹੁੰਦੀਐ...ਹੋਰ ਆਪਾਂ ਕਿਹੇ ਨੂੰ ਦੇਣ ਵੀ ਕੀ ਜੋਗੇ ਹੁੰਨੇ ਆਂ...ਕੇੜਾ ਡਾਵੇਂ ਖਣਕਦੇ ਐ...'

'ਬਾਪੂ ਤੂੰ ਫੇਰ ਚਾਰੇ ਚਾਕੇ ਰੱਬ ਦੇ ਪਿੱਛੇ ਪੈ ਜਾਨਾਂ..ਭੈਅ ਖਾ ਓਤੋਂ' ਅੱਡੂ ਪੱਚਰ ਨੇ ਕਾਲੇ ਮੱਥੇ ਤੋਂ ਬਾਂਹ ਦੀ ਕੱਫ਼ ਨਾਲ਼ ਮੁੜਕਾ ਪੂੰਜਕੇ ਅਕਾਸ਼ ਵੱਲ਼ ਉਂਗਲ ਕੀਤੀ।

'ਰੱਬ ਦੀ ਆਂਪਾਂ ਨੂੰ ਤਾਂ ਕਾਈ ਕਾਣ ਨੀ...ਕਮਾਕੇ ਈ ਖਾਣਾ ਪੈਂਦਾ...ਓਨਾਂ ਨੂੰ ਪੱਕੀ ਪਕਾਈ ਦੇਤੀ ਸਾਲੇ ਤਾਂਈ ਚਾਬਲ਼ਾਂ ਮਾਰਦੇ ਐ...' ਨਾਜਰ ਦੇ ਘਰ ਵੱਲ ਮੂੰਹ ਕਰਕੇ ਚਾਰ ਗਾਲ਼ਾਂ ਕੱਡਕੇ ਚਿੱਤ ਹੌਲਾ ਕਰ ਲ਼ਿਆ ਤੇ ਫੇਰ ਪਾਵੇ ਤੇ ਸਿਰ ਧਰਕੇ ਪੈ ਗਿਆ।

ਅੱਡੂ ਪੱਚਰ ਨੂੰ ਗੱਲ਼ ਜਚੀ ਵੀ ਬੜੀ–'ਫ਼ੌਜ 'ਚ ਸਭ ਤੋਂ ਵੱਧ ਭਰਤੀ ਵੀ ਮਜ਼ਬੀ ਹੁੰਦੇ ਨੇ...ਕਿਉਂ..?..ਉੱਥੇ ਮੌਤ ਨੂੰ ਮਾਸੀ ਜੋ ਕਹਿਣਾ ਹੁੰਦੈ–' ਓਦੋਂ ਫੇਰ ਅਸੀਂ ਮੂਰੇ ਆਏ ਛਾਤੀ ਤਾਣਕੇ...ਲ਼ਾਜ ਰੱਖੀ ਪੰਥ ਦੀ...ਅੱਜ ਏਹ ਭਮੰਕੜ ਜੂਲ਼ੇ ਜੇ ਸਾਡੇ ਨਾਲ਼ ਵਿਤਕਰਾ ਕਰਦੇ ਐ..'–ਪਰੇ ਇੱਕ ਖੂੰਜ 'ਚ ਥੁੱਕ ਕੇ ਚਾਰੇ ਬੰਨੇ ਨਿ਼ਗਾ ਮਾਰੀ–' ਮੈਂ ਕੇੜਾ ਡਰਦਾਂ ਕਿਹੇ ਤੋਂ...ਜੀਦੇ ਪੱਲੇ ਸੱਚ ਕੋਠੇ ਚੜਕੇ ਨੱਚ..ਪਰ ਮਾੜਾ ਬੰਦਾ ਵੀ ਕੋਠੇ ਚੜਕੇ ਕੀ ਨੱਚਲੂ...ਜੀਹਦੀ ਛੱਤ ਈ ਕਾਨਿਆਂ ਦੀ ਐ..ਆਵਦਾ ਘਰ ਢੌਣ ਈ ਐਂ' – ਪਰ ਪਿੱਛੇ ਆਈ ਜਾਂਦੇ ਨਾਜਰ ਨੂੰ ਵੇਖਕੇ ਉਹ ਗੱਲ਼ ਛਪਲਾ ਗਿਆ ਤੇ ਮੂੰਹ ਵਿੱਚ–'ਵੈਗਰੂ..ਵੈਗਰੂ' ਦਾ ਜਾਪ ਕਰਨ ਲ਼ੱਗਿਆ।

'ਕੀ ਹਾਲ਼ ਨੇ ਬਈ'–ਕੋਲ਼ ਦੀ ਲੰਘਦਾ ਹੋਇਆ ਨਾਜਰ ਫਤਿਹ ਬੁਲਾ ਗਿਆ।

'ਕੈਮ ਐਂ ਕਿਰਪੈ ਤੇਰੀ..' ਅੱਡੂ ਪੱਚਰ ਦੇ ਮੂੰਹੋਂ ਪਤਾ ਨੀ ਏਹ ਲ਼ਫ਼ਜ ਕਿਵੇਂ ਨਿਕਲ਼ ਗਏ 'ਤੇ ਅੱਗੋਂ ਉਹ ਵੀ ਹੱਸਕੇ ਅੱਗ ਦੀ ਤੀਲ਼ੀ ਲਾ ਗਿਆ–' ਚਿੰਤਾ ਨਾਂ ਕਰ ਮੇਰੀ ਕਿਰਪਾ ਤੇਰੇ ਤੇ ਐਂਈ ਰਹੂਗੀ..'

ਸੋਚਾਂ 'ਚ ਲੱਥ ਗਿਆ–' ਐ-ਤੋਂ ਕੇਰਾਂ ਮੈਂ ਪੈਸੇ ਫ਼ੜੇ ਸੀਗੇ...ਗਾਂ ਹਰੀ ਕਰੌਣ ਵੇਲ਼ੇ...ਓਵੀ ਡੂਡੇ ਕਰਕੇ ਮੋੜੇ ਐ..ਕਿਹੇ ਦੀ ਮਜਵੂਰੀ ਦਾ ਫ਼ੈਦਾ ਉਠਾਕੇ ਪੈਸੇ ਕਮੌਣ ਵਾਲੇ ਐ ਭੈਣ...' ਕੌੜੀ ਗਾਲ਼

ਕੱਡਕੇ ਖਿਝ ਕੇ ਮੂੰਹ ਤੇ ਚਪੇੜ ਮਾਰੀ-'ਸਾਲ਼ੇ ਦੀ ਮੇਰੇ ਤੇ ਕਾਦੀ ਕਿਰਪੈ...ਏਨਾਂ ਨੇ ਤਾਂ ਗੁਰੂ ਸਾਬ ਨੂੰ ਨੀ ਛੱਡਿਆ...ਤਨਖਾ ਮੰਗਲ਼ੀ ਸੀਗੀ...ਪੈਲ੍ਹਾ ਨੱਬ ਦਿਓ ਫੇਰ ਲ਼ੜਾਂਗੇ ਜੰਗ...ਥਾਂਏਂ ਛੱਡਕੇ ਮੁੜ ਆਏ ਸੀਗੇ...ਸਾਡੇ ਕੀ ਸਕੇ ਹੋਣੇ ਐਂ...ਮੈਂ ਜੰਮਿਆ ਭਾਂਵੇਂ ਦੀ ਮਜਬੀਆਂ ਦੇ ਘਰੇ ਆਂ ਪਰ ਪੈਸੇ ਦੀ ਚਿੰਤਾ ਕਦੇ ਨੀ ਕੀਤੀ...ਜੀਦੋਂ ਪੈਸੇ ਈ ਹੈਨੀ ਫੇਰ ਚਿੰਤਾ ਵੀ ਕਾਦੀ...'

ਹਰਖ਼ 'ਚ ਆਕੇ ਉਹਨੇ ਨਾਜਰ ਦੀ ਪੈੜ ਤੇ ਜ਼ੋਰ ਨਾਲ਼ ਡਲ਼ਾ ਮਾਰਿਆ ਜੋ ਬੁੜਕ ਕੇ ਕੰਧ ਨਾਲ਼ ਜਾ ਵੱਜਿਆ, ਜੀਹਦੇ ਤੇ ਕੇਸਰੀ ਅੱਖਰਾਂ ਨਾਲ਼ ਲਿਖਿਆ ਸੀ-ਕਿਸ ਕੋ ਮੰਦਾ ਆਖਿਐ..। ਬਾਕੀ ਦੀ ਅਗਲੀ ਪੰਗਤੀ ਕੰਧ ਤੇ ਸ਼ੋਰਾ ਨਿਕਲ਼ਣ ਕਰਕੇ ਝੜੀ ਹੋਈ ਸੀ।

ਇਹ ਪੜਕੇ ਉਹ ਅਕਾਸ਼ ਵੱਲ਼ ਝਾਕਿਆ ਤਾਂ ਨਿਸ਼ਾਨ ਸਾਬ ਦੇ ਖੰਡੇ ਦੀ ਚਿਲ਼ਕੋਰ ਨੇ ਅੱਖਾਂ ਨੂੰ ਤਰੇੜ ਦਿੱਤਾ। ਅੱਖਾਂ ਮਲ਼ਦਾ ਹੋਇਆ ਉਹ ਪਰਾਂ ਨੂੰ ਨਿਆਂਈ ਵੱਲ਼ ਤੁਰ ਗਿਆ, ਜਿੱਥੇ ਕਿਸੇ ਜਾਣੂੰ ਦਾ ਭੇਡਾਂ ਦਾ ਇੱਜੜ ਚਰ ਰਿਹਾ ਸੀ।

'ਮੰਦਾ ਤਾਂ ਰੱਬਾ ਹੁਣ ਕਹਿਣਾ ਈ ਪੈਣਾ...ਮੂੰਹ ਤੇ ਖ਼ਰੀ ਗੱਲ਼ ਆਖਨੀ ਈ ਚਾਹੀਦੀਐ...ਨੀ ਤੇ ਆ ਬਾਣਾ ਪੌਣ ਦਾ ਵੀ ਕੀ ਫ਼ੈਦਾ...' ਉਹਨੇ ਆਪਣੇ ਚੋਲੇ ਤੇ ਇੱਕ-ਟੱਕ ਨਿਗਾ ਮਾਰੀ ਤੇ ਫੇਰ ਦਿਲ ਨੇ ਦਲੇਰੀ ਫੜ ਲਈ।

ਜਗੀਰ ਪਿੱਪਲ ਦੀ ਛਾਂਵੇਂ ਕਾਨਿਆਂ ਦੀ ਕੁਰਸੀ 'ਤੇ ਬੈਠਾ ਹੋਇਆ ਪਾਲਤੂ ਕੁੱਤੇ ਦੀ ਜੱਤ 'ਚ ਉਂਗਲ਼ਾਂ ਫੇਰਦਾ ਮੁਸਕਾ ਰਿਹਾ ਸੀ। ਕੁੱਤੇ ਨੂੰ ਬੁਸ਼ਕਰ ਮਾਰ ਕੇ ਪੀੜੀ ਤੋਂ ਉਠਾਕੇ ਅੱਛੂ ਪੱਚਰ ਦੇ ਬਹਿਣ ਲ਼ਈ ਥਾਂ ਬਣਾ ਦਿੱਤੀ-' ਓਏ ਆਜਾ ਪੀਲ਼ਾ ਚਾਹ ਦੀ ਘੁੱਟ... ਲ਼ੈ ਬਹਿਜਾ ਐਦੇ ਤੇ ਭੁੰਜੇ ਕਾਨੂੰ ਨੀਵਾਂ ਹੋਕੇ ਬਹਿਣਾ..'

ਹੱਡਾਂ ਨੂੰ ਚਾਹ ਦੀ ਲਿੱਲਕ ਤਾਂ ਬਹੁਤ ਲ਼ੱਗੀ ਸੀ, ਪਰ ਜਗੀਰ ਤੋਂ ਕੌਂਸ ਖਾ ਗਿਆ-' ਹੁਣ ਸਾਨੂੰ ਕੁੱਤੇ ਵਾਲ਼ੀ ਥਾਂ ਬਹਾਊ...' ਇਸ਼ਾਰੇ ਨਾਲ਼ ਖੜਾ ਹੀ ਰਹਿਣ ਦਾ ਆਖਿਆ-' ਖੜਾ ਈ ਸੂਤ ਆਂ..' ਉਹ ਪਾਪੂਲਰ ਦੇ ਸੁੱਕੇ ਪੱਤੇ ਨੂੰ ਚੱਕ ਕੇ ਡੰਡੀ ਤੋਂ ਫ਼ੜਕੇ ਘੁਮਾਉਂਣ ਲ਼ੱਗ ਪਿਆ, ਇੰਨੇ ਈ ਜਗੀਰ ਨੇ ਫ਼ੋਨ ਕਰਕੇ ਚੁਗਲ਼ੀ ਕੀਤੀ -' ਵੈਗਰੂ ਜੀ ਕਾ ਖਾਲ਼ਸਾ...'

'ਵੈਗਰੂ ਜੀ ਕੀ ਫ਼ਤੇ..ਹੋਰ ਸੁਣਾ ਕਵੇਂ ਚੇਤਾ ਆਗਿਐ...' ਨਾਜਰ ਨੱਕ 'ਚ ਬੋਲ਼ਿਆ ਤਾਂ ਜਗੀਰ ਨੇ ਕਿੱਲ਼ੀ ਦੱਬਤੀ-'ਸੋਡੇ ਖੇਤੋਂ ਪਤਾ ਨੀ ਕੇੜਾ ਚਵਲ਼ ਨੀਰਾ ਵੱਡੀ ਜਾਂਦੈ...ਭੱਜਕੇ ਆਜਾ ਕੇਰਾਂ ਦੱਬਕੇ...ਸੌਂਹ ਲੱਗੇ ਅਜਾੜਾ ਪਾਈ ਜਾਂਦੈ'

'ਤੂੰ ਨਿਗਾ ਰੱਖੀ ਮੰਵੀਂ ਔਨਾ...ਰੱਬ ਨੇ ਆ ਲ਼ੋਕ ਬਣਾਕੇ ਤਾਂ ਜੱਟਾਂ ਨਾਲ਼ ਵੈਰ ਈ ਕੱਡਿਐ..'

'ਆਪ ਈ ਆਂਜੀਂ ਫੇਰ ਚੁਗਲ਼ੀ ਵਾਲ਼ੀ ਗੱਲ਼ ਬਣ ਜਾਂਦੀਐ...' ਜਗੀਰ ਫ਼ੋਨ ਕੱਟਕੇ ਬੰਦੂਕ ਦੀ ਨਾਲ ਨੂੰ ਸਾਫ਼ ਕਰਨ ਲੱਗ ਪਿਆ।

ਅੱਛੂ ਪੱਚਰ ਨੇ ਚਾਹ ਵਾਲ਼ੀ ਬਾਟੀ ਮੂਧੀ ਮਾਰਕੇ ਕੁੱਤੇ ਦੇ ਕੂੰਡੇ 'ਚ ਪਾ ਦਿੱਤੀ ਤੇ ਖਿੱਝਕੇ ਧਰਤੀ ਨੂੰ ਠੁੱਡੇ ਮਾਰਦਾ ਹੋਇਆ ਤੁਰ ਪਿਆ-'ਚੁਗਲ਼ੀ ਵਾਲ਼ੀ ਗੱਲ ਹੋਣੀ ਕੀਐ..ਗੱਲ਼ ਤਾਂ ਹੋਗੀ...ਹੋਰ ਕੀ ਝਵਾਰਾ ਧਰਨਾ...ਕੰਨ 'ਚ ਮੂਤ-'ਤਾ...ਰੱਬ ਨੇ ਕੋਠੇ ਜਿੱਡਾ ਟਰੈਟ ਦੇਤਾ...ਵੀਹ ਘੁੰਮਾਂ ਪੈਲ਼ੀ..ਓਹ ਨੀ ਦੀਂਦਾਂ ਏਨਾਂ ਨੂੰ...ਜੇ ਕਿਸੇ ਨੇ ਸੱਥਰੀ ਨੀਰੇ ਦੀ ਵੱਡਲ਼ੀ ਫੇਰ ਕੀ ਲੋੜਾ ਆਗਿਐ...'

'ਓ...ਚਾਹ...' ਜਗੀਰ ਦਾ ਚਿੱਤ ਕੀਤਾ ਕੁੱਤਾ ਲਗਾ ਦੇਵੇ ਪਰ ਫੇਰ ਅੜੀ ਭੰਨਣ ਦੇ ਲਈ ਉਹਨੇ ਅਕਾਸ਼ ਵਿੱਚ ਉੱਡੀ ਜਾਂਦੀ ਬਗਲ਼ਿਆਂ ਦੀ ਉਡਾਰ ਤੇ ਬੰਦੂਕ ਦਾ ਫ਼ਾਇਰ ਕਰ ਦਿੱਤਾ। ਇੱਕ ਬਗਲਾ ਹਲਾਲ ਹੋਕੇ ਅੱਛੂ ਪੱਚਰ ਦੇ ਪੈਰਾਂ 'ਚ ਆ ਡਿੱਗਿਆ, ਜੀਹਨੂੰ ਕੁੱਤਾ ਚਾਕੇ ਪਰੇ ਵੱਟ ਤੇ ਬਹਿਕੇ ਖਾਣ ਲੱਗਿਆ।

-o-o-o-

ਉਹਦੀ ਕਿਸੇ ਨਾਲ਼ ਬਾਲ਼ੀ ਮੱਤ ਤਾਂ ਰਲ਼ਦੀ ਨਹੀਂ ਸੀ ਬਸ ਪਿਆਰੇ ਕਾਮਰੇਡ ਨਾਲ਼ ਗੱਲ਼ ਬਣਦੀ। ਜ਼ਿਦ ਉਹਦੇ ਨਾਲ਼ ਵੀ ਪੈਂਦਾ।ਅੱਧੀ ਰਾਤ ਨੂੰ ਜਦੋਂ ਨੀਂਦ ਨਾ ਆਉਂਦੀ ਤਾਂ ਅੱਛੂ ਪੱਚਰ ਵਾਣ ਦੇ ਚੌਖੜੇ ਮੰਜੇ ਤੋਂ ਉੱਠਕੇ ਗਲ਼ੀ ਦੀਆਂ ਖੂੰਜਾਂ 'ਚ ਸੁੱਤੇ ਪਏ ਕੁੱਤੇ ਭਕਾਉਂਦਾ ਹੋਇਆ ਕਾਮਰੇਡ ਦੀ ਬੈਠਕ ਵਾਲ਼ਾ ਬੂਹਾ ਖੁੱਲ਼੍ਵਾ ਲ਼ੈਂਦਾ।

ਅੱਜ ਵੀ ਇਓਂ ਈ ਕੀਤਾ...!

'ਚਿੱਤ 'ਚ ਬਾਲ਼ੀ ਘਰੋਲ਼ ਪਈ ਜਾਂਦੀ ਐ ਕਾਮਰੇਡਾ...ਵੇਖਲ਼ਾ ਕਈ ਆਰੀਂ ਮੈਂ ਸੋਚਦਾਂ...ਦੁਨੀਆ ਦਾ ਬਣੂੰ ਕੀ...ਫੇਰ ਚਿੱਤ ਔਂਦੀਐ...ਮੇਰਾ ਕੀ ਬਣੂੰ...'-ਉਹਨੇ ਮੰਜੇ ਦੇ ਸਿਰਹਾਣੇ ਵਾਲ਼ੇ ਪਾਸੇ ਪਾਵੇ ਦੇ ਸੰਘਿਆਂ ਕੋਲ਼, ਗ਼ਦੈਲੇ ਹੇਠ ਪਏ ਗੋਲ਼ੀਆਂ ਦੇ ਲਿਫ਼ਾਫੇ ਵੱਲ਼ ਵੇਖਿਆ ਤਾਂ ਫ਼ਿਕਰ ਨਾਲ਼ ਬੋਲ਼ਿਆ-' ਲ਼ਾਜ ਪੂਰਾ ਸੂਈ ਦੇ ਨਖਾਰੇ ਤੇ ਈ ਰੱਖੀਂ...ਜੇ ਉੱਨੀ-ਇੱਕੀ ਹੋਗੀ ਮੈਂ ਕੀਦੇ 'ਨਾਂ ਢਿੱਡ ਫ਼ਰੋਲ਼ ਕੇ ਬੋਝ ਹੌਲ਼ਾ ਕਰੂੰ..!'

'ਮਰੂੰ-ਗਾ ਈ...ਤੈਥੋਂ ਜਵਾਂ ਬਾਰ ਨੀ ਹੁੰਦਾ...ਮੜੀ ਤੇ ਆਜਿਆ ਕਰੀਂ...ਕਵੇਂ ਔਨਾ ਹੋਇਐ..?' ਕਾਮਰੇਡ ਨੇ ਉਬਾਸੀ ਭੰਨੀ।

'ਬਾਈ ਸੱਚੀ ਬੋਲ਼ਾਂ...ਜਗੀਰ ਜਣ-ਕਣੇ ਥਾਂ ਤੇ ਮੇਹਣਾ ਮਾਰਦੈ...ਅਖੇ ਰੱਬ ਦਾ ਦਿੱਤਾ ਸਾਨੂੰ...ਬਾਈ ਜੇ ਰੱਬ ਨੇ ਓਨਾਂ ਨੂੰ ਦਿੱਤਾ ਫੇਰ ਸਾਨੂੰ ਕਾਤੋਂ ਨੀ..?..ਸਾਡੇ ਨਾਲ਼ ਕਾਂਤੋ ਦਰੇਗ ਕੀਤੈ...ਦੇ ਜਵਾਵ..' ਫਿਰ ਆਪ ਨੂੰ ਕੋਈ ਸਮਝ ਆ ਗਈ-'ਦਿੰਦਾ ਤਾਂ ਰੱਬ ਸਵਨੂੰ ਆ...ਪਰ ਲ਼ੋਕ ਬਾਲ਼ੇ ਚੰਟ ਐ...ਵਲ਼ਾ ਪਾਕੇ ਖੋਹ ਲ਼ੈਂਦੇ ਨੇ...ਬਾਬਾ ਨਾਨਕ 'ਖੀਰੀ ਸਾਹ ਤੀਕ ਤਰਲ਼ੇ-ਈ ਕਰੀ ਗਿਐ...ਭਾਈ ਕਿਰਤ ਕਰੋ ਕਿਸੇ ਤੋਂ ਖੋਹੋ ਮੰਗੋ ਨਾ..ਵੰਡਕੇ ਛਕੋ' ਥੁੱਕ ਦੀ ਘੁੱਟ ਭਰੀ-'ਜਿੰਨਾਂ ਕੋਲ਼ ਹੈਨੀ ਓਨਾਂ ਦਾ ਢਿੱਡ ਵੀ ਭਰੋ ਤੇ ਨਾਮ ਜਪੋ ਜਾਣੀ ਕਿਹੇ ਦੀ ਚੁਗਲ਼ੀ ਨਾ ਕਰੋ...ਪਰ ਏਥੇ ਭੈਣ ਦੇਣੀਦਾ ਸਵ ਉਲ਼ਟ ਐ ..ਕੀ ਕਰੀਗੇ...?' ਉਹ ਇੱਕੇ ਸਾਹ ਹੀ ਬੋਲ਼ੀ ਗਿਆ।

'ਕੁੱਛ ਨੀ ਹੋ ਸਕਦਾ..ਕਿਰਤ ਕੋਈ ਕਰਦਾ ਨੀ ਸਵ ਕੰਮ ਦੇ ਪੁੱਤ ਐ..' ਕਾਮਰੇਡ ਨੇ ਤੀਰ ਨਿਸ਼ਾਨੇ ਠੋਕਿਆ ਤੇ ਉਠਕੇ ਕੰਧ ਦੇ ਆਲ਼ੇ 'ਚ ਪਈ ਬੋਤਲ਼ ਖੋਲ਼ਕੇ ਕੌਲੇ 'ਚ ਚਾਹ ਪਾਤੀ-'ਲੈ ਤੂੰ ਪੀ-ਲੈ ਪਿੱਛੋਂ ਦੋ-ਕੁ ਘੁੱਟਾਂ ਛੱਡਦੀਂ ਚੇਤੇ ਨਾਲ਼...'

'ਨਈ ਬਾਈ ਪੈ-ਲ਼ਾਂ ਤੂੰ ਪੀ ਫੇਰ ਮੈਂ ਪੀਲੂੰ...'

'ਲੈ ਤੇਰਾ ਅਮ੍ਰਿੰਤ ਛਕਿਐ ਜੂਠ ਨੀ ਪੀਂਦੇ ਹੁੰਦੇ..' ਉਹਨੇ ਬਾਟੀ ਦੀ ਕੰਨੀਂ ਨੂੰ ਦੂਜੇ ਹੱਥ 'ਚ ਫ਼ੜ ਲ਼ਿਆ ਮਾਸ ਮੱਚਣ ਲ਼ੱਗ ਪਿਆ ਸੀ।

'ਸੱਚੇ ਬੰਦੇ ਦੀ ਕਾਈ ਜੂਠ ਨੀ ਹੁੰਦੀ..ਝੂਠੇ ਬੰਦੇ ਦੀ ਜੂਠ ਹੁੰਦੀ ਐ...ਤੂੰ ਖਿੱਚ ਬਾ-ਚ ਮੈਂ...' ਤੇ ਬਾਟੀ ਕਾਮਰੇਡ ਵੱਲ਼ ਕਰ ਦਿੱਤੀ, ਉਹ ਚਾਹ ਪੀਣ ਲੱਗਿਆ ਤਾਂ ਅੱਛੂ ਪੱਚਰ ਨੇ ਗੱਲ਼ ਕੱਡ ਮਾਰੀ-' ਕਿਰਤ ਤਾਂ ਬਾਈ ਓਹੀ ਹੁੰਦੀਐ ਜੀਹਦੇ ਨਾਲ਼ ਬੰਦਾ ਕਮਾਈ ਕਰਕੇ ਹੋਰਾਂ ਦਾ ਵੀ ਢਿੱਡ ਭਰੇ...ਕਮਾਈ ਕਰਕੇ ਆਵਦੇ ਜੀਆਂ ਦਾ ਬੱਬਰ ਭਰਨਾਂ ਤਾਂ ਕੰਮ ਐ..ਸ਼ੈਤਾਨੀ ਐ...ਖ਼ਾਲ਼ਸੇ ਦਾ ਕੰਮ ਨੀ...ਦੇ ਜਵਾਵ..'

'ਬਾਬੇ ਨੇ ਦੁਨੀਆਂ ਦੇ ਭਰਮ ਦੂਰ ਕਰਕੇ ਜਾਤਾਂ-ਪਾਤਾਂ ਦਾ ਫ਼ਾਹਾ ਵੱਡਿਆ ਸੀ...ਪਰ ਲੋਕਾਂ ਨੇ ਬਾਬੇ ਨੂੰ ਰੱਬ ਮੰਨਕੇ ਨਵੀਂ ਜਾਤ ਬਣਾਲ਼ੀ...ਪੂਜਨ ਲੱਗਪੇ ਘਙੁੱਙੂ...ਜੋ ਸਿਿਆ ਦੇਣ ਆਏ ਸੀਗੇ ਰੱਬ ਦਾ ਓਨਾਂ ਨੂੰ ਧੂਫ਼ ਦੇਣ ਲੱਗਪੇ...ਹੂੰ..ਗੁਰੂ ਸਾਰੇ ਮੰਨਦੇ ਐ ਪਰ ਗੁਰੂ ਦੀ ਕੋਈ ਨੀ ਮੰਨਦੇ...ਸਾਲ਼ੇ ਕਿੰਨੇ ਢੀਠ ਨੇ' ਖਿੱਝ ਚੜੀ ਅਮਲ਼ ਕੋਈ ਨਹੀਂ ਕਰਦਾ।

ਅੱਛੂ ਪੱਚਰ ਨੇ ਦੋ ਘੁੱਟਾਂ ਚਾਹ ਪੀਕੇ ਬਾਕੀ ਦੀ ਬਚੀ ਚਾਹ ਕਾਮਰੇਡ ਨੂੰ ਫ਼ੜਾਉਂਦਾ ਬੋਲ਼ਿਆ' ਵੇਖੀਂ ਅੱਜ ਏਹ ਸਾਡੀਆਂ ਜਾਤਾਂ ਪਰਖ਼ਦੇ ਐ...ਗੁਰੂ ਸਾਬ ਨੇ ਹੱਥੀਂ ਭਾਈ ਜੈਤੇ ਦੇ ਬਾਪੂ ਦਾ ਵਿਆ'

ਬਾਮਣ ਦੀ ਧੀ ਨਾਲ਼ ਕਰਾਇਐ ਸੀਗਾ..ਜਾਤ ਰੇਤੇ 'ਚ ਰੋਲ਼ਤੀ ਸੀਗੀ...ਪਰ ਹੁਣ ਤੇ ਲੋਕੀਂ ਗੋਤਾਂ 'ਚ ਉਲ਼ਜੇ ਪਏ ਆ...'ਬੈਠਕ 'ਚ ਉੱਡਦੀ ਹੋਈ ਚਾਮਚੜਿੱਕ ਦੇ ਕੰਧ 'ਤੇ ਪੈਂਦੇ ਪ੍ਰਛਾਂਵੇਂ ਨੂੰ ਵੇਖਕੇ ਬੌਂਦਲ਼ ਈ ਗਿਆ। ਫੇਰ ਬੂਹਾ ਖੋਲ਼ਕੇ ਬਾਹਰ ਕੱਢ ਦਿੱਤੀ।

'ਬਾਬਿਆਂ ਦੀ ਤੇ ਮੌਜ਼ ਈ ਹੁਰ ਸੀਗੀ...ਮੁੱਲ਼ ਵੀ ਮੋੜਿਐ ਫ਼ੇਰ ਕੇ-ਨੀਂ... ਆਵਦਾ ਸਿਰ ਵੱਢਕੇ ਗੁਰੂ ਸਾਬ ਦੇ ਸੀਸ ਥਾਂਏਂ ਧਰਤਾ...ਬੀ ਕਿਹੇ ਨੂੰ ਸ਼ੱਕ ਨਾ ਪਵੇ...' ਕਾਮਰੇਡ ਨੇ ਕੰਧ ਤੇ ਲੱਗੀ, ਥਾਲ਼ੀ 'ਚ ਧਰੇ ਗੁਰੂ ਸਾਬ ਦੇ ਸੀਸ ਵਾਲ਼ੀ ਤਸਵੀਰ ਵੱਲ਼ ਦੋਵੇਂ ਹੱਥ ਜੋੜਕੇ ਮੱਥੇ ਨੂੰ ਲਾਏ ਤੇ ਮੱਥਾ ਟੇਕਿਆ-' ਧੰਨ ਭਾਈ ਜੈਤਾ ਜੀ..'

'ਲਾਜ ਰੱਖਣ ਦੇ ਲਈ ਆਵਦੇ ਘਰ ਨੂੰ ਅੱਗ ਲਾਕੇ ਸੀਸ ਦਾ ਸਸਕਾਰ ਕਰਿਆ...ਕੀ ਮਾੜਾ ਕਰਤਾ ਜੇੜਾ ਅੱਜ ਐਨੀਂ ਕੁੱਤੇ ਖਾਣੀ ਕਰਦੇ ਐ.. ਹੁਣ ਸਾਡੇ ਲਹੂ 'ਚੋਂ ਮੁਸ਼ਕ ਮਾਰਨ ਲੱਗ ਪਿਐ...ਜਦੋਂ' ਅੱਛੂ ਪੱਚਰ ਨੇ ਮੰਜੇ ਹੇਠ ਪਏ ਹੋਏ ਸੁਆਹ ਦੇ ਭਰੇ ਬੱਠਲ਼ 'ਚ ਥੁੱਕ ਦਿੱਤਾ। ਗੁੱਸਾ ਕਾਫ਼ੀ ਢੈਲ਼ਾ ਹੋਗਿਆ। ਕਿੰਨਾਂ ਚਿਰ ਚੁੱਪ ਕਰਕੇ ਪਾਵੇ ਦੀ ਢੋਅ ਲਾਕੇ ਉੱਥੇ ਬੈਠਾ ਰਿਹਾ। ਕਾਮਰੇਡ ਸੌਂ ਗਿਆ ਤਾਂ ਫੇਰ ਉਹ ਆਪ ਈ ਬੈਠਕ ਦੇ ਬੂਹੇ ਦੀ ਬਾਹਰੋਂ ਅਰਲ਼ ਜੜਕੇ ਬਿਨਾਂ ਕੁੱਛ ਬੋਲ਼ੇ ਬਗੈਰ ਘਰ ਨੂੰ ਆ ਗਿਆ।

-o-o-o-

ਚਾਰ ਦਿਨਾਂ ਤੋਂ ਕੋਈ ਵੀ ਸਵੇਰੇ ਉੱਠਕੇ ਵਾਕ ਨਹੀਂ ਸੀ ਲੈ ਰਿਹਾ। ਜਿੰਦਰਾ ਮਾਰ ਕੇ ਗੁਰੂਦੁਆਰੇ ਦੇ ਸਪੀਕਰ ਦੀਆਂ ਤਾਰਾਂ ਪੱਟ ਦਿੱਤੀਆਂ। ਅੱਛੂ ਪੱਚਰ ਏਸ ਵਜਾ ਨਾਲ਼ ਅੱਜ ਲੇਟ ਉੱਠਿਆ ਤਾਂ ਕਿੰਨੇ ਈ ਬੰਦਿਆਂ ਦੀ ਚਵਾਚਵੀ ਸੁਣੀ ਤਾਂ ਉਹ ਮੂਕੇ ਦਾ ਮੜਾਸਾ ਸਿਰ ਤੇ ਮਾਰਦਾ ਪਿੰਡ ਦੇ ਵਚਾਲ਼ ਨੂੰ ਤੁਰ ਪਿਆ। ਅਜੇ ਅੱਖਾਂ ਦੇ ਕੋਇਆਂ 'ਚੋਂ ਗਿੱਡਾਂ ਵੀ ਨਹੀਂ ਸੀ ਲ਼ੱਥੀਆਂ।

ਸਾਰੇ ਬੰਦਿਆਂ 'ਚ ਸਭ ਤੋਂ ਮੋਹਰੀ ਹੋਕੇ ਜਗੀਰ ਹੱਥ 'ਚ ਬਦੂੰਕ ਫ਼ੜਕੇ ਹੋਕਰੇ ਮਾਰ ਰਿਹਾ ਸੀ ਤੇ ਦੋ ਜਾਣੇ ਸੱਬਲ਼ਾਂ ਨਾਲ਼ ਘਰ ਦੀਆਂ ਛੱਤਾਂ ਦੇੜ ਰਹੇ ਸੀ। ਦੋ ਬੰਦਿਆਂ ਨੇ ਸੋਟੀਆਂ ਦੀਆਂ ਹੁਜਾਂ ਮਾਰਕੇ ਗ੍ਰੰਥੀ ਨੂੰ ਬਾਹਰ ਕੱਢਕੇ ਵਿਹੜੇ 'ਚ ਲਿਆਕੇ ਸਿੱਟ ਦਿੱਤਾ। ਸਾਰਾ ਸਮਾਨ ਚੱਕ ਕੇ ਬਾਹਰ ਸੁੱਟ ਦਿੱਤਾ। ਨਾਅਰੇ ਗੂੰਜ ਰਹੇ ਸੀ-'..ਬੋਲ਼ੇ ਸੋਣੇ ਹਾਲ਼...ਰਾਜ ਕਰੇਗਾ ਖ਼ਾਲਸਾ...'

'ਏਹ ਸਾਲ਼ਾ ਮਜਵੀ ਦਾਰੂ ਪੀਕੇ ਏਥੇ ਰਹਿੰਦੈ...ਟੂਣੇ ਵੀ ਕਰਦੈ...' ਪਰ ਅੱਛੂ ਪੱਚਰ ਨੂੰ ਭਰੋਸਾ ਨਹੀਂ ਸੀ ਹੋ ਰਿਹਾ, ਜੋ ਬੰਦੇ ਨੇ ਪਿੰਡ ਦੇ ਓਨਾਂ ਲੋਕਾਂ ਨੂੰ ਸਾਕ ਕਰਾਕੇ ਘਰ ਵੱਸਦੇ ਕੀਤੇ, ਜੋ ਆਸ ਮਨਾਂ ਤੋਂ ਲਾਹ ਚੁੱਕੇ ਸੀ-'ਓਨਾਂ ਦੀ ਜੜ ਵੀ ਜੱਗ ਤੇ ਲ਼ਾਤੀ। ਓਹੀ ਵੱਧ ਰੌਲ਼ਾ ਪਾਈ ਜਾਂਦੇ ਵੇਖਕੇ ਅੱਛੂ ਪੱਚਰ ਕੌੜੀ ਹਾਸੀ ਹੱਸ ਪਿਆ-' ਜੋ ਹੱਥੀਂ ਵਸਾਏ ਓਨਾਂ ਨੇ ਅਜਾੜ 'ਤੇ..'

'ਓਏ ਗੁਰੂ-ਘਰ ਤਾਂ ਨਾ ਡਾਓ...ਅਕਲ਼ਾਂ ਨੂੰ ਹੱਥ ਮਾਰੋ...'

'ਮੈਂ ਪਵਾਦੂੰ...ਲ਼ੱਖ ਰਪਈਆ ਦੇਦੂੰ ਉਸਾਰੀ 'ਲੀ ਐਸ਼ ਕਤੀੜ ਨੂੰ ਬਾਰ ਕੱਡੋ..' ਜਗੀਰ ਨੇ ਬਾਂਹ ਖੜੀ ਕਰ ਦਿੱਤੀ।

ਗੱਲ਼ ਬੜੀ ਕਸੂਤੀ ਸੀ-'ਜਦੋਂ ਵੀ ਜੱਟ ਬੋਲ਼ਦੇ ਐ ਸਾਲ਼ੇ ਮੇਰੇ ਦੇ ਜਾਤ ਈ ਪਰਖਦੇ ਐ' ਜੋ ਅੱਛੂ ਪੱਚਰ ਸਮਝ ਗਿਆ। ਪਰ ਬੋਲਿਆ ਕੁੱਛ ਨਹੀਂ ਸਗੋਂ ਦੀ ਆਪ ਅੱਗੇ ਵਧ ਕੇ ਭਾਈ ਨੂੰ ਬਾਹੋਂ ਫੜਕੇ ਖੜਾ ਕਰ ਲ਼ਿਆ ਤੇ ਚੁਗਾਠ ਕੋਲ ਪਈ ਪੱਗ ਨੂੰ ਚਾਕੇ ਭਾਈ ਦੇ ਸਿਰ ਤੇ ਬੰਨਦਾ ਬੋਲਿਆ-'ਓ ਲ਼ੀਲ਼ੀ ਛੱਤ ਆਲ਼ਾ ਸਬ ਵੇਖੀ ਜਾਂਦੈ...ਓਹ ਨਿਆਂ ਕਰੂ...ਮਾੜੇ ਬੰਦੇ ਦੇ ਐਬ ਦੀਂਦੇ ਐ...ਆਵਦੀ ਪੀੜੀ ਹੇਠ ਡਾਂਗ ਨੀ ਫੇਰਦੇ...'ਫੀਮ ਖਾਕੇ ਰੌਲ਼ ਤੇ ਬਹਿੰਨੇ ਓਂ..'

ਇਹ ਸੁਣਕੇ ਜਗੀਰ ਦੀ ਅੱਖ ਲਾਲ਼ ਹੋਈ ਪਰ ਉਹ ਪਰੇ ਨੂੰ ਮੂੰਹ ਕਰਕੇ ਝਾਕਣ ਲੱਗ ਪਿਆ ਤੇ

ਅੱਡੂ ਪੱਚਰ ਤੋਂ ਫੇਰ ਰਿਹਾ ਨਹੀਂ ਗਿਆ; ਛਿੰਝ ਛੇੜੀ–'ਆਹ ਜੇੜੇ ਮੋਹਰੀ ਬਣੇ ਐਂ ਪਾਓ–ਖਾਂ ਸਹੁੰ ਬੀ ਕਾਈ ਨਸ਼ਾ ਨੀ ਕਰਦੇ..'

ਜਗੀਰ ਕੱਬਾ ਜਿਹਾ ਝਾਕਿਆ ਤੇ ਬੋਲ਼ਿਆ–'ਚੋਲ਼ੇ ਦੀ ਕਦਰ ਕਰਦੇ ਆਂ ਐਦਾ ਮਤਲ਼ਵ ਏਹ ਨੀ ਬੀ ਸਾਰੇ ਜਹਾਨ ਦਾ ਕੂੜਾ ਚਾਕੇ ਤੂੰ ਸਵ ਦੀ ਦਾੜ੍ਹੀ 'ਚ ਪਾਂਏਗਾ..'

'ਸਈ ਗੱਲ ਤੇ ਆ–ਖਾਂ..' ਉਹ ਢਾਕ ਤੇ ਹੱਥ ਧਰਕੇ ਸ਼ਰੀਕ ਬਣਕੇ ਖੜ ਗਿਆ।

'ਸੌਂਹ ਲੱਗੇ..' ਨਿਸ਼ਾਨ ਸਾਬ ਤੇ ਹੱਥ ਧਰਕੇ ਸੌਂਹ ਪਾ ਦਿੱਤੀ।ਉਹ ਸੌਂਹ ਪਾਉਣ ਲੱਗਾ ਇੱਕ ਮਿੰਟ ਮਾਰਦਾ ਸੀ।ਹਰ ਬੰਦਾ ਸੌਂਹ ਪਾਉਂਣ ਤੋਂ ਕੰਨੀ ਵੱਟਦਾ ਬਈ ਮੌਤ ਤੋਂ ਬਾਦ ਰੱਬ ਓਨਾਂ ਨਾਲ਼ ਭੈੜੀ ਕਰੂ..।

ਭਾਈ ਦਾ ਸਮਾਨ ਚਾਕੇ ਉਹਨੂੰ ਬੱਸ ਚੜ੍ਹਾ ਗਿਆ ਤੇ ਪੱਲਿਓਂ ਪੈਸੇ ਵੀ ਦਿੱਤੇ ਨਾਲ਼ ਈ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ–' ਵੇਖੀ ਕਿਤੇ ਏਸ ਮਿੱਟੀ ਨੂੰ ਸ਼ਰਾਪ ਨਾ ਦੇਜੀਂ..ਬਖ਼ਸ਼ੀ..' ਬੱਸ ਚੜ੍ਹਾਕੇ ਕਿੰਨਾਂ ਚਿਰ ਈ ਕੜਾਕੇ ਦੀ ਧੁੱਪ 'ਚ ਖੜਾ ਰਿਹਾ।ਪੈਰਾਂ ਨੂੰ ਮੁੜਕਾ ਆ ਗਿਆ।

ਉਹ ਕਾਮਰੇਡ ਕੋਲ਼ ਈ ਦੁਕਾਨ ਤੇ ਬਹਿ ਗਿਆ।ਦੁਕਾਨ ਤੇ ਬੈਠੇ, ਗੁੜ ਦੀ ਬੋਰੀ ਲੈਣ ਆਏ, ਇੱਕ ਜਥੇਦਾਰ ਨੇ ਗੱਲ੍ਹਾਂ ਵਿੱਚ ਆਪਣੀ ਬੇਟੀ ਦੇ ਲ਼ਈ ਰਿਸ਼ਤੇ ਦੀ ਗੱਲ਼ ਤੋਰੀ–'ਆਪਨੀ ਗੁੱਡੀ ਲੀ ਕੋਈ ਵਰ ਘਰ ਲੱਭਕੇ ਦਿਓ ਕਾਮਰੇਡ ਜੀ..ਏਹ ਪੁੰਨ ਵੀ ਸਿਰੋਂ ਲ਼ਾਹ ਦੇਈਏ...'

ਕਾਮਰੇਡ ਪਿੰਨ ਨੂੰ ਉਂਗਲ਼ਾਂ 'ਚ ਗੋਲ਼–ਗੋਲ਼ ਘੁੰਮਾਕੇ ਐਨਕ ਦੇ ਫ਼ਰੇਮ ਉੱਤੋਂ ਦੀ ਝਾਕਿਆ ਤੇ ਥ਼ਫਾਕ ਨਾਲ਼ ਬੋਲ਼ਿਆ–'ਥੋਡੀ ਮੰਗ ਕੀ ਐ?'

'ਮੰਗ ਤੇ ਕਾਈ ਖਾਸ ਨੀ ਸੱਚੇਪਾਸ਼ਾ ਦਾ ਦਿੱਤਾ ਸਵ ਕੁੱਛ ਐ...ਬੈਸ ਗੁਰਸਿੱਖ ਪਰਵਾਰ ਹੋਵੇ...ਜੰਞ 'ਚ ਕੋਈ ਨਸੀਲ਼ੀ ਸ਼ੈਅ ਨੀ ਦੇਣੀ...ਪੰਜ ਬੰਦੇ ਔਣ ਤੇ ਨੰਦ ਲ਼ੈਕੇ ਜਾਣ...ਤੇ ਹਾਂ...ਰੱਜੇ ਹੋਣ ਘਰੋਂ..ਮੰਗਤੇ ਨੀ ਚਾਹੀਦੇ' ਜਥੇਦਾਰ ਨੇ ਵਲ਼ਾਵੇਂ ਨਾਲ਼ ਦਾਜ ਲ਼ੈਣ–ਦੇਣ ਤੋਂ ਕੋਰਾ ਜਵਾਬ ਦੇ ਦਿੱਤਾ। ਬਾਹਾਂ ਦੀ ਬੱਕਲ ਮਾਰਕੇ ਲੱਤ ਤੇ ਲੱਤ ਧਰਕੇ ਬਹਿ ਗਿਆ।

'ਹਾਂ ਏਹ ਤੇ ਬੌਂਤ ਵਧੀਐ...ਐਂਵੇਂ ਡਫ਼ੂੰਗ 'ਚ ਸਿਰ ਕਰਜ਼ਾ ਚਾੜ ਲ਼ੈਂਦੇ ਐ...ਲ਼ੋਕਾਂ ਦੀ ਇੱਕ ਦਿਨ ਦੇ ਜੀਭ ਦੇ ਸਵਾਦ ਪਿੱਛੇ ਆਵਦਾ ਝੁੱਗਾ ਚੌੜ ਕਰਾ ਲੈਣਾ ਸਿਆਣਪ ਨੀਂ...' ਕਾਮਰੇਡ ਨੇ ਗਾਹਕ ਨੂੰ ਕੀਲ਼ਣ ਦੇ ਲ਼ਈ ਨਵਾਂ ਪੱਤਾ ਸਿੱਟ ਦਿੱਤਾ।

'ਗੁਰੂ ਸਾਬ ਦੇ ਫ਼ੁਰਮਾਨ ਤੋਂ ਆਪਾਂ ਆਕੀ ਨੀ ਹੋਣਾ...' ਜਥੇਦਾਰ ਨੇ ਦੋਵੇਂ ਹੱਥ ਜੋੜਕੇ ਪੂਰੀ ਨਰਮੀ ਵਿਖਾਈ।

'ਆਹ ਵੇਖੋ ਜੀ...' ਕਾਮਰੇਡ ਨੇ ਕਾਲ਼ੇ ਝੋਲ਼ੇ ਦੀਆਂ ਤਹਿਆਂ 'ਚੋ ਇੱਕ ਮੁੰਡੇ ਦੀ ਫ਼ੋਟੋ ਕੱਡਕੇ ਵਖਾਈ ਤੇ ਨਾਲ਼ ਹੀ ਤਰੀਫ਼ਾਂ ਦੇ ਪੁਲ਼ੰਦੇ ਬੰਨ ਦਿੱਤੇ।

ਮੁੰਡੇ ਦੀ ਫ਼ੋਟੋ ਵੇਖਕੇ ਜਥੇਦਾਰ ਦੀ ਰੂਹ ਖੁਸ਼ ਹੋ ਗਈ–'ਕਿੱਥੋਂ ਐ..?..ਜੇ ਗੋਤ ਨੀਂ ਮਿਲ਼ਦਾ ਤੋਰਲੋ ਗੱਲ਼..ਦਾਜ ਦੂਜ ਨੀ ਜਵਾਂ ਦੇਣਾ ' ਉਹ ਦੇ ਬੁੱਲ੍ਹਾਂ 'ਤੇ ਆਈ ਮੁਸਕਾਨ ਵੇਖ ਕੇ ਸਹਿਜੇ ਹੀ ਅੰਦਾਜ਼ਾ ਲੱਗ ਗਿਆ, ਮੁੰਡੇ ਨੂੰ ਆਪਣਾ ਜਵਾਈ ਬਣਾਉਂਣ 'ਚ ਕੋਈ ਦਿੱਕਤ ਨਹੀਂ।

'ਏਹ ਵੀ ਦਾਜ ਦੇ ਬਰਖਿਲਾਫ਼ ਐ–ਜੀ...ਬਸ ਬੰਦੇ ਚੰਗੇ ਭਾਲਦੇ ਐ...ਪੈਲ਼ੀ ਵੀ ਝੋਨੇ ਵਾਲ਼ੀ ਹੈਗੀਐ..ਪੂਰੇ ਅੱਠ ਘੁੰਮਾਂ...' ਕਾਮਰੇਡ ਨੇ ਪੂਰੀ ਠੁੱਕ ਬੰਨਦੇ ਹੋਇਆਂ ਫ਼ੋਨ ਲਾ ਲ਼ਿਆ ਤਾਂ ਜਥੇਦਾਰ ਨੇ ਸਖ਼ਤੀ ਨਾਲ਼ ਮਨਾਂ ਕਰ ਦਿੱਤਾ–' ਨਈ ਜੀ ਫੇਰ ਰੈਣ–ਦੋ...ਘੱਟੋ ਘੱਟ ਚੌਦਾਂ ਕਿਲ਼ੇ ਪੈਲ਼ੀ ਤੇ ਹੋਵੇ ਈ ਨਾ... ਐਦੂੰ ਘੱਟ ਤੇ ਓੜਾ ਨੀ ਪੁੱਗਣਾ...ਮੁੰਡੇ ਆਲ਼ਿਆਂ ਦੀ ਹੈਸੀਅਤ ਵੀ ਤੇ ਹਾਣ ਦੀ ਹੋਵੇ ਨਾ..' ਚਾਹ ਦੀ ਘੁੱਟ ਭਰਕੇ ਇਉਂ ਬੁਲ਼ ਮੀਚੇ ਜਿਵੇਂ ਕੌੜੀ ਸ਼ੈਅ ਭੁਲ਼ੇਖੇ ਨਾਲ਼ ਚਿੱਥੀ ਗਈ ਹੋਵੇ।

ਅੱਡੂ ਪੱਚਰ ਦੇ ਸੀਨੇ ਇੱਕ ਛਵੀ ਦੀ ਮੁੱਛ ਖੁੱਬ ਗਈ–' ਊਂ ਪੂਰੀ ਪੈਲ਼ੀ ਭਾਲਦੈ...ਦਾਜ ਦੇਣ

ਆਰੀਂ ਸਾਲ਼ੇ ਨੂੰ ਮੌਤ ਪੈਂਦੀਐ...ਕਿਲ਼ੇ ਪਿੱਛੇ ਅੱਸੀ 'ਜ਼ਾਰ ਦਾ ਰੇਟ ਪੱਗਦੈ ਬੀ...' ਜਥੇਦਾਰ ਉੱਠਕੇ ਤੁਰ ਗਿਆ ਤਾਂ ਉਹ ਬੋਲ਼ਿਆ-' ਓ ਹੁਰ ਹੁੰਦੇ ਐ ਬਈ ਜਿੰਨਾਂ ਦੀ ਮੱਤ ਉੱਚੀ ਤੇ ਮਨ ਨੀਵਾਂ ਹੁੰਦੈ..ਏਹ ਤੇ ਖਾਂਦੇ ਈ ਮਨ ਦੀ ਖੱਟੀ ਐ..ਜੱਗ ਏਨਾਂ ਕੀ ਡੂਬਨ ਤਾਰਨੈ..ਮੈਂ ਸੁਖ ਲੌਣ ਲ਼ੀ ਐਸ ਵਾਰ ਬਠਿੰਡੇ ਵੰਨੀ ਗਿਆ ਸਾਂ...ਮੱਥਾ ਟੇਕ ਕੇ ਜਦੋਂ ਲ਼ੰਗਰ ਛੱਕਣ ਲੀ ਜੋੜੇ ਪੈਰੋਂ ਲਾਹੇ ਈ ਸੀਗੇ ਕੇ ਪੁੱਛ ਨਾ ਕੀ ਲੋਹੜਾ ਵੱਜਿਆ '

'ਜੇਵ ਕੱਟਲ਼ੀ ਤੇਰੀ ਕਿਹੇ ਨੇ..?'

'ਜੇਵ ਕੱਟਕੇ ਵੀ ਕੋਈ ਮੇਰੀ ਕੀ ਕਰਲੂ ਮੇਰੇ ਕੋਲ਼ ਕੇੜਾ ਨੱਬ ਸੂਦੇ ਪਏ ਐ...ਮੈਨੂੰ ਸੇਵਾਦਾਰ ਆਂਦੇ..ਤੂੰ ਮਜਵੀ ਐ ਕੇ ਜੱਟ..?...ਸਾਲ਼ੀ ਭੰਮਾਲ਼ੀ ਆਗੀ ਬੀ ਆ ਕੀ ਵੈਵਤ ਐ...' ਉਹ ਕੁੱਛ ਚਿਰ ਲ਼ਈ ਦੜ ਵੱਟ ਗਿਆ। ਲੰਮਾ ਸਾਹ ਲੈ ਕੇ ਕੁਸਕਿਆ-'ਆਂਦੇ ਜੇ ਮਜਵੀਂ ਐਂ ਤਾਂ ਐਦਰ ਬਹਿਜਾ ਨਈ ਤੇ ਓਧਰ ਬਹਿ...'

'ਬਾਬੇ ਨੇ ਤਾਂ ਇੱਕ ਲੈਣ ਬਣਾਈ ਸੀਗੀ...ਸਾਰੇ ਸਰੀਕੇ ਭੰਨੇ ਸੀਗੇ..ਆਹ ਦੂਜੀ ਲ਼ੈਣ ਤੇ ਬੁਰੀ ਬਣਗੀ...' ਉਹ ਐਨਕਾਂ ਦੇ ਸ਼ੀਸ਼ੇ ਫਿਰ ਸਾਫ਼ ਕਰਨ ਲੱਗ ਪਿਆ। ਕੋਈ ਸੈਅ ਲਹੂ 'ਚੋਂ ਗਵਾਚ ਗਈ।

ਅੱਜ ਤੋਂ ਕੋਈ ਚਾਰ ਵਰੇ ਪਹਿਲ਼ਾਂ ਜਦੋਂ ਅੱਡੂ ਪੱਚਰ ਪਿੰਡ ਦੇ ਗੁਰੂਦੁਆਰੇ ਵਿੱਚ ਹੋਰ ਲ਼ੋਕਾਂ ਨਾਲ਼ ਅੰਮ੍ਰਿਤ ਪਾਨ ਕਰ ਰਿਹਾ ਸੀ। ਪੰਜ ਚੂਲੀਆਂ ਪਾਉਲ਼ 'ਚੋਂ ਭਰਕੇ ਹਰ ਬੰਦਾ ਪੀਂਦਾਂ ਤੇ ਹੋਰ ਪੰਜ ਚੂਲ਼ੀਆਂ ਭਰਕੇ ਵਿੱਚ ਪਾਈਆਂ ਜਾਂਦੀਆਂ। ਕੁੱਛ ਜੱਟਾਂ ਨੇ ਲਾਇਨ ਏਸ ਤਰੀਕੇ ਨਾਲ਼ ਬਣਾਈ ਕਿ ਉਹਨਾਂ ਨੂੰ ਕਿਸੇ ਮਜਵੀ ਦਾ ਜੂਠਾ ਅੰਮ੍ਰਿਤ ਨਾ ਪੀਣਾ ਪਵੇ। ਸਾਰੇ ਨੀਵੀਂ ਜਾਤ ਵਾਲ਼ੇ ਬੰਦੇ ਪੰਗਤੀ ਦੇ ਪਿੱਛੇ ਕਰ ਲ਼ਏ।

ਪਰ ਬਾਬਿਆਂ ਦੀ ਸ਼ਕਤੀ ਵੇਖੋ ਅੰਮ੍ਰਿਤ ਪਾਨ ਕਰਾਉਂਣ ਲਈ ਇੱਕ ਬੰਦਾ ਲਾਇਨ ਦੇ ਪਿੱਛੋਂ ਦੂਜਾ ਲਾਇਨ ਦੇ ਅੱਗੋਂ ਚੁਣਿਆ ਜਾਣ ਲੱਗਿਆ। ਪਰ ਹੁਣ ਇੱਕ-ਅੱਧੇ ਨੂੰ ਛੱਡ ਕੋਈ ਵੀ ਦਿਲ਼ 'ਚੋਂ ਅੰਮ੍ਰਿਤ ਪਾਨ ਕਰਨ ਦੇ ਲਈ ਰਾਜ਼ੀ ਨਹੀਂ ਹੋਇਆ। ਕੁਝ ਲੋਕ ਤਾਂ ਪੱਜ ਬਣਾਕੇ ਨੱਠ ਗਏ-'ਸਾਡੀ ਤੇ ਮੰਹਿ ਸੂਣ ਆਲ਼ੀ ਐ...ਮੈਂ ਵੇਂਦ-ਵੇਂਦੇ ਆ ਗਿਆ ਬਿੰਦ 'ਚ...'

ਪਰ ਜਗੀਰ ਨੇ ਅੰਮ੍ਰਿਤ ਛਕ ਤਾਂ ਲਿਆ ਪਰ ਵੱਤ ਆਈ ਗਏ। ਉਹ ਨਾਲੀ ਦੇ ਕੰਡੇ ਬਹਿਕੇ ਉਛਾਲ਼ੀ ਕਰਨ ਲੱਗ ਪਿਆ। ਤਾਂ ਨਾਜਰ ਨੇ ਅੱਗੇ ਹੋ ਕੇ ਪਾਣੀ ਦਾ ਗਲ਼ਾਸ ਭਰਕੇ ਫ਼ੜਾਕੇ ਪੁਛਿਆ-' ਬਾਈ ਸੇਤ ਤੇ ਲੋਟ ਐ ਨਾ...'

'ਅੱਜ ਏਨਾਂ ਕਤੀੜਾਂ ਦੀ ਜੂਠ ਪੀਣੀ ਪੈਗੀ...ਜੋ ਛਿੱਤਰ 'ਚ ਪਾਣੀ ਪੀਂਦੇ ਸੀਗੇ..ਸੌਹ ਲੱਗੇ..' ਜਗੀਰ ਦੀਆਂ ਅੱਖਾਂ 'ਚੋ ਪਾਣੀ ਸਿੰਮ ਗਿਆ।

'ਏਨੀਆਂ ਸੌਹਾਂ ਨਾ ਪਾਇਆ ਕਰ ਤਾਇਆ...ਲੇਖਾ ਕਵੇਂ ਦੇਵੇਂ-ਗਾ..?' ਪਾਣੀ ਨਾਲ਼ ਹੱਥ ਦੀਆਂ ਉਂਗਲਾਂ ਧੁਵਾ ਦਿੱਤੀਆਂ। ਪਰ ਜਗੀਰ ਨੇ ਅੱਗੋਂ ਨਵਾਂ ਟੋਟਕਾ ਸੁਣਾ ਦਿੱਤਾ-' ਭੋਰਾ ਲੇਖਾ ਨੀ ਦੇਣਾ ਪੈਂਣਾ ਭਤੀਜ...ਬਾਣੀ 'ਚ ਸਾਫ਼ ਲਿਖਿਐ...ਨਿਰਭਉ ਨਿਰਵੈਰ...ਰੱਬ ਕਾਈ ਬੰਦਾ ਥੋੜੈ ਜੇੜਾ ਵੈਰ ਕੱਢੂ..ਓ ਤੇ ਨਿਰਵੈਰ ਐ ਨਿਰਵੈਰ...'

ਏਹ ਗੱਲ਼ ਅੱਡੂ ਪੱਚਰ ਨੇ ਆਵਦੇ ਕੰਨੀਂ ਸੁਣੀ ਤਾਂ ਉਹ ਪੈਰਾਂ ਭਾਰ ਸਿਰ 'ਙਕੇ ਨੀਵੀਂ ਪਾਕੇ ਬਹਿ ਗਿਆ-'ਮਨਾਂ ਰੱਬ ਦੇ ਆਸਰੇ ਬੈਣ ਦਾ ਕਾਈ ਫ਼ੈਦਾ-ਵੇਲਾ ਨੀ...ਹੁਣ ਤੇ ਰੱਬ ਈ ਬੰਦੇ ਤੇ ਆਸ ਲਾਈ ਬੈਠਾ... ਕੇ ਆਂਪਾਂ ਈ ਕੁਛ ਕਰੀਗੇ..' ਤੇ ਹਿੱਲਦੇ ਪਾਣੀ 'ਚ ਨਿਸ਼ਾਨ ਸਾਬ ਨੂੰ ਵੇਖੀ ਗਿਆ।

(ਸੰਪਰਕ-99142-54374)

## ਡਾ. ਬਲਦੇਵ ਸਿੰਘ 'ਬੱਦਨ' ਵਲੋਂ ਭੇਜਿਆ ਡਾ. ਮਹਿੰਦਰ ਕੌਰ ਗਿੱਲ ਨੂੰ ਖ਼ਤ

*(ਪਾਠਕਾਂ ਦੀ ਮੰਗ 'ਤੇ ਡਾ. 'ਬੱਦਨ' ਦਾ ਖ਼ਤ ਛਾਪ ਰਹੇ ਹਾਂ ਤਾਂ ਕਿ ਪੰਜਾਬੀ ਸਾਹਿਤ ਸਭਾ ਦਿੱਲੀ ਦਾ ਅੰਦਰਲਾ ਸੱਚ ਹੋਰ ਉਜਾਗਰ ਹੋ ਸਕੇ। ਪ੍ਰਬੰਧਕਾਂ ਨੂੰ ਆਪਣਾ ਪੱਖ ਰੱਖਣ ਦਾ ਖ਼ੁੱਲ੍ਹਾ ਸੱਦਾ ਹੈ।-ਸੰਪਾਦਕ)*

ਸਤਿਕਾਰਤ ਡਾ. ਮਹਿੰਦਰ ਕੌਰ ਗਿੱਲ ਜੀ,

ਸਤਿ ਸ੍ਰੀ ਅਕਾਲ!

ਇਨਸਾਨਾਂ ਵਿੱਚ ਸਨੇਹ-ਪਿਆਰ ਦਾ ਅਧਾਰ ਮਿੱਠੜੇ ਬੋਲ ਹਨ। ਆਪਸੀ ਸਨੇਹ ਮੰਦੇ ਬੋਲਾਂ ਨਾਲ ਟੁੱਟ ਜਾਂਦਾ ਹੈ-

ਗੰਢੁ ਪਰੀਤੀ ਮਿਠੇ ਬੋਲ (ਅੰਕ 143)

ਟੂਟਿ ਪਰੀਤਿ ਗਈ ਬੁਰ ਬੋਲ (ਅੰਗ 933)

ਜਿਥੇ ਬੋਲਣ ਤੇ ਸੁਣਨ ਵਾਲੇ ਅਸਰ ਕਬੂਲ ਨਹੀਂ ਕਰਦੇ ਉਥੇ ਚੁੱਪ ਭਲੀ ਹੈ-

'ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ' (ਅੰਗ 149)

ਗੁਰਬਾਣੀ ਦਾ ਪਾਵਨ ਸਿਧਾਂਤ ਹੈ-

'ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ।' (ਅੰਗ 1031)

-ਕੋਮਲ ਬਾਣੀ ਸਭ ਕਉ ਸੰਤੋਖੈ'।(ਅੰਗ 299)

ਬਿਨਾਂ ਸੋਚੇ ਸਮਝੇ ਬੋਲਣਾ ਤਲਵਾਰ ਦੇ -ਜ਼ਖ਼ਮਾਂ ਤੋਂ ਵੀ ਵੱਧ ਘਾਤਕ ਹੈ। ਨਿਮਰਤਾ ਪੁਰਾਣੇ ਜ਼ਖ਼ਮਾਂ ਨੂੰ ਮੇਟਣ ਵਿਚ ਸਹਾਈ ਹੁੰਦੀ ਹੈ।

ਡਾ. ਮਹਿੰਦਰ ਕੌਰ ਗਿੱਲ ਜੀ ਪੂਰੇ ਪੰਜਾਬੀ ਜਗਤ ਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਮੈਂ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੇ ਨਿਰਦੇਸ਼ਕ ਦੇ ਅਹੁਦੇ ਤੋਂ 13 ਮਾਰਚ, 2015 ਨੂੰ ਅਸਤੀਫ਼ਾ ਦੇ ਦਿੱਤਾ ਹੈ। ਇਸ ਅਸਤੀਫ਼ੇ ਸਬੰਧੀ ਦੋ ਪੱਤਰ ਮੈਂ ਡਾ. ਰੇਣੁਕਾ ਸਿੰਘ ਚੇਅਰਪਰਸਨ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ, ਸ੍ਰੀ ਗੁਲਜ਼ਾਰ ਸਿੰਘ ਸੰਧੂ ਪ੍ਰਧਾਨ ਅਤੇ ਡਾ. ਮਹਿੰਦਰ ਕੌਰ ਗਿੱਲ ਜਨਰਲ ਸਕੱਤਰ ਨੂੰ 'ਸਪੀਡ ਪੋਸਟ' ਰਾਹੀਂ ਭੇਜੇ ਹਨ। 13 ਮਾਰਚ, 2015 ਨੂੰ ਰਾਤ 8 ਵਜੇ ਇਕ ਪੱਤਰ ਡਾ. ਰੇਣੁਕਾ ਸਿੰਘ ਦੇ ਘਰ (ਕੇ-24, ਹੌਜ਼ ਖਾਸ , ਨਵੀਂ ਦਿੱਲੀ-16) ਵਿਖੇ ਮੈਂ ਦਸਤੀ ਵੀ ਦੇ ਕੇ ਆਇਆ ਹਾਂ। ਇਸ ਪੱਤਰ ਵਿਚ ਮੈਂ ਆਪਣੇ ਅਸਤੀਫ਼ੇ ਦੇ ਕਾਰਣਾਂ ਦਾ ਸੰਖੇਪ ਜਿਹਾ ਵਰਣਨ ਕੀਤਾ ਹੈ ਅਤੇ ਪੰਜਾਬੀ ਸਾਹਿਤ ਸਭਾ ਵਲੋਂ 51,000 ਰੁਪਏ, ਮਾਣ ਪੱਤਰ, ਦੁਸ਼ਾਲਾ ਅਤੇ ਸਿਮ੍ਰਿਤੀ ਚਿੰਨ ਦਾ ਜੋ ਸਨਮਾਨ ਮੈਨੂੰ 19 ਮਾਰਚ, 2014 ਨੂੰ ਪੰਜਾਬੀ ਬੋਲੀ, ਸਾਹਿਤ, ਸਭਿਆਚਾਰ ਅਤੇ ਪੰਜਾਬੀ ਸਾਹਿਤ ਪ੍ਰਕਾਸ਼ਨ ਦੇ ਖੇਤਰ ਵਿਚ ਮਹੱਤਵਪੂਰਣ ਯੋਗਦਾਨ ਲਈ ਦਿੱਤਾ ਗਿਆ ਸੀ, ਉਹ ਵੀ ਵਾਪਸ ਕਰ ਦਿੱਤਾ ਹੈ। ਅੱਜ 22 ਦਿਨ ਬਾਅਦ 4 ਅਪ੍ਰੈਲ, 2015 ਨੂੰ ਆਪ ਜੀ ਦੇ ਦਰਤਖ਼ਤ ਹੇਠ 28.3.2015 ਦਾ ਲਿਖਿਆ ਪੱਤਰ ਪ੍ਰਾਪਤ ਹੋਇਆ। ਡਾ. ਮਹਿੰਦਰ ਕੌਰ ਗਿੱਲ ਜੀ ਆਪ ਗੁਰਬਾਣੀ ਦੇ ਆਸੇ ਅਨੁਸਾਰ ਜ਼ਿੰਦਗੀ ਜਿਉਂਣ ਵਾਲੇ ਹੋ। ਆਪ ਜੀ ਨੇ ਆਪਣੀਆਂ ਲਿਖਤਾਂ ਰਾਹੀਂ ਜੀਵਨ ਭਰ ਗੁਰਮਤਿ ਸਿਧਾਤਾਂ ਦਾ ਪਾਲਨ ਕੀਤਾ ਹੈ। ਜੋ ਪੱਤਰ ਮੈਨੂੰ ਭੇਜਿਆ ਗਿਆ ਹੈ , ਉਸ ਦੀ ਭਾਸ਼ਾ ਆਪ ਜੀ ਦੀ ਨਹੀਂ ਹੋ ਸਕਦੀ। ਲਗਦਾ ਹੈ ਤੁਸੀਂ ਹਮੇਸ਼ਾ ਦੀ ਤਰ੍ਹਾਂ ਸਿਰਫ਼ ਦਸਤਖ਼ਤ ਕੀਤੇ ਹਨ। ਮਾਨਸਿਕ ਤੌਰ 'ਤੇ ਅਪਾਹਜ ਮਨਮੁਖਾਂ ਦੇ ਬੋਲ ਹੀ ਉਨ੍ਹਾਂ ਦੀ ਪਛਾਣ

ਕਰਾਉਂਦੇ ਹਨ-'ਮਾਨੁਖ ਕਥੇ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੈ।' (ਅੰਗ 981) ਆਪ ਜੀ ਨੇ ਪੱਤਰ ਵਿੱਚ ਲਿਖਿਆ ਹੈ ਕਿ 'ਤੁਹਾਡਾ ਸਪੱਸ਼ਟੀਕਰਨ ਇਕ ਮਹੀਨੇ ਦੇ ਅੰਦਰ-ਅੰਦਰ ਆਉਣਾ ਚਾਹੀਦਾ ਹੈ।"

ਡਾ. ਮਹਿੰਦਰ ਕੌਰ ਗਿੱਲ ਜੀ ਆਪ ਜੀ ਨੇ ਹੁਕਮਰਾਨਾਂ ਵਾਲੇ ਲਹਿਜੇ ਵਿਚ ਪੱਤਰ ਦੇ ਸ਼ੁਰੂ ਵਿਚ ਲਿਖਿਆ ਹੈ, "ਤੁਸੀਂ 13 ਮਾਰਚ, 2015 ਨੂੰ ਨਿਰਦੇਸ਼ਕ ਦੇ ਅਹੁਦੇ ਤੋਂ ਅਚਾਨਕ ਅਸਤੀਫਾ ਦੇ ਕੇ ਤੁਰ ਗਏ।"

ਮੈਂ ਉਪਰ ਜ਼ਿਕਰ ਕੀਤਾ ਹੈ ਕਿ ਅਸਤੀਫ਼ੇ ਵਾਲੇ ਪੱਤਰ ਦੇ ਨਾਲ ਮੈਂ ਇਕ ਹੋਰ ਪੱਤਰ ਵੀ ਲਿਖਿਆ ਹੈ ਜਿਸ ਵਿੱਚ ਅਸਤੀਫ਼ੇ ਦੇ ਕਾਰਣਾਂ ਵੱਲ ਧਿਆਨ ਦੁਆਇਆ ਗਿਆ ਹੈ। ਸਚਾਈ ਇਹ ਹੈ ਕਿ ਪੰਜਾਬੀ ਸਾਹਿਤ ਸਭਾ ਅੰਦਰ ਪੰਜਾਬੀ ਭਾਸ਼ਾ ਦੇ ਨਾਂ 'ਤੇ ਕੁਝ ਵੀ ਸਹੀ ਨਹੀਂ ਹੋ ਰਿਹਾ ਹੈ। ਮੈਂ ਉਹ ਗੱਲਾਂ ਫਿਰ ਦੁਹਰਾ ਰਿਹਾ ਹਾਂ ਜਿਨ੍ਹਾਂ ਦਾ ਜ਼ਿਕਰ ਮੈਂ ਡਾ. ਰੇਣੁਕਾ ਸਿੰਘ ਅਤੇ ਸ੍ਰੀ ਚਰਨਜੀਤ ਸਿੰਘ ਚੰਨ (ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੇ ਖ਼ਜ਼ਾਨਚੀ) ਨਾਲ ਸਮੇਂ ਸਮੇਂ ਕਈ ਵਾਰ ਕੀਤਾ ਹੈ ਪਰ ਮੇਰੀ ਇਕ ਵੀ ਗੱਲ-ਸੁਝਾਅ ਪ੍ਰਵਾਨ ਕਰਨਾ ਤਾਂ ਦੂਰ ਦੀ ਗੱਲ ਉਸ ਵੱਲ ਧਿਆਨ ਵੀ ਨਹੀਂ ਦਿੱਤਾ ਗਿਆ। ਜੇ ਮੈਂ ਕਈ ਕੁਝ ਲਿਖ ਕੇ ਸੁਝਾਅ ਦਿੱਤਾ ਤਾਂ ਉਹ ਕਦੇ ਮੇਰੇ ਪਾਸ ਵਾਪਸ ਨਹੀਂ ਆਇਆ ਅਤੇ ਨਾ ਹੀ ਉਸ ਤੇ ਅਮਲ ਕੀਤਾ ਗਿਆ।

1. ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਜੋ ਕਿ ਸੁਰਗਵਾਸੀ ਗਿਆਨੀ ਹਰੀ ਸਿੰਘ ਅਤੇ ਗਿਆਨੀ ਕੁਲਦੀਪ ਸਿੰਘ... ਆਦਿ ਦੇ ਯਤਨਾਂ ਸਦਕਾ ਜੂਨ, 1943 ਵਿੱਚ ਸਥਾਪਤ ਹੋਈ, ਗੌਰਮਿੰਟ ਆਫ ਇੰਡੀਆ ਦੇ ਸੋਸਾਇਟੀਜ਼ ਰਜਿਸਟਰੇਸ਼ਨ ਐਕਟ XXI 1860 ਆਧੀਨ ਰਜਿਸਟਰਡ ਹੈ। ਸਪੱਸ਼ਟ ਹੈ ਕਿ ਸਭਾ ਨੂੰ ਸਰਕਾਰ ਨੇ ਜ਼ਮੀਨ ਦਿੱਤੀ ਹੈ ਅਤੇ ਇਸ ਸਭਾ ਦਾ ਉਦੇਸ਼/ ਸਬੰਧ ਦੇਸ਼/ ਵਿਦੇਸ਼ ਵਿਚ ਵਸਦੇ ਸਭ ਪੰਜਾਬੀ ਲੇਖਕਾਂ, ਪੰਜਾਬੀ ਪਿਆਰਿਆਂ ਨਾਲ ਹੈ। ਮੈਂ ਤਾਂ ਡਾ. ਰੇਣੁਕਾ ਸਿੰਘ ਨੂੰ ਇਹੀ ਸੁਝਾਅ ਦਿੱਤਾ ਸੀ ਕਿ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਭਾਪਾ ਪ੍ਰੀਤਮ ਸਿੰਘ ਪਰਿਵਾਰ ਦੀ ਨਿੱਜੀ ਜਾਇਦਾਦ ਨਹੀਂ ਹੈ, ਜਿਸ ਦੀ ਡਾ. ਰੇਣੁਕਾ ਸਿੰਘ 2005 ਤੋਂ ਚੇਅਰਪਰਸਨ ਹੈ। ਇਸ ਤੋਂ ਪਹਿਲਾਂ ਭਾਪਾ ਪ੍ਰੀਤਮ ਸਿੰਘ ਉਮਰ ਭਰ ਲਈ ਇਸ ਦੇ ਚੇਅਰਪਰਸਨ ਸਨ। ਕੀ ਮੇਰਾ ਇਹ ਸੁਝਾਅ ਗ਼ਲਤ ਹੈ ਕਿ ਇਸ ਸਭਾ ਦੇ ਕੁਲ 15 ਹੀ ਲਾਈਫ਼ ਮੈਂਬਰ ਕਿਉਂ ਹਨ। ਇਨ੍ਹਾਂ 15 ਲਾਈਫ਼ ਮੈਂਬਰਾਂ 'ਚੋਂ 3 ਮੈਂਬਰ ਫਾਊਂਡਰ ਮੈਂਬਰ ਅਤੇ ਕਾਰਜਕਾਰਨੀ ਦੇ ਮੈਂਬਰਾਂ ਵਿੱਚ ਵੀ ਸ਼ਾਮਲ ਹਨ। ਭਾਵ ਸ਼ੁਰੂ ਤੋਂ ਤਿੰਨਾਂ ਕਮੇਟੀਆਂ ਵਿੱਚ ਸਿਰਫ 20 ਕੁ ਹੀ ਮੈਂਬਰ ਹਨ। ਇਨ੍ਹਾਂ 15 ਮੈਂਬਰਾਂ 'ਚੋਂ 5 ਮੈਂਬਰਾਂ ਦਾ ਪੰਜਾਬੀ ਭਾਸ਼ਾ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। 15 ਲਾਈਫ਼ ਮੈਂਬਰਾਂ 'ਚੋਂ ਜਦ ਵੀ ਕਦੇ ਸਭਾ ਦੀ ਉਪਰੋਕਤ ਤਿੰਨ ਕਮੇਟੀਆਂ ਦੀ ਬੈਠਕ ਹੁੰਦੀ ਹੈ, ਸਿਰਫ਼ 4-5 ਮੈਂਬਰ ਹੀ ਸ਼ਾਮਲ ਹੁੰਦੇ ਹਨ। ਮੇਰਾ ਇਹ ਸੁਝਾਅ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਪੰਜਾਬੀ ਦੇ 200 ਤੋਂ ਵੱਧ ਲੇਖਕ ਹਨ, ਉਨ੍ਹਾਂ ਨੂੰ ਵੀ ਪੰਜਾਬੀ ਸਾਹਿਤ ਸਭਾ ਦਾ ਮੈਂਬਰ ਬਣਾਇਆ ਜਾਵੇ, ਇਸ ਵਿੱਚ ਕੀ ਗਲਤ ਹੈ? ਇਸ ਸਭਾ 'ਤੇ ਤਿੰਨ ਕਮੇਟੀਆਂ ਦੇ ਸਿਰਫ਼ 20 ਮੈਂਬਰ ਹੀ ਕਿਉਂ ਸ਼ੁਰੂ ਤੋਂ ਕਾਬਜ਼ ਹਨ। ਸਭਾ ਦਾ ਜੋ ਲਾਈਫ਼ ਮੈਂਬਰ/ ਫਾਊਂਡਰ ਮੈਂਬਰ ਹੈ, ਉਹੀ ਸਕੱਤਰ ਵੀ ਹੈ। ਇਹ ਸਕੱਤਰ ਸਰਕਾਰੀ ਨੌਕਰੀ ਕਰਦਾ ਹੈ ਤੇ ਸਭਾ ਦੇ ਵਿੱਤੀ ਫ਼ੈਸਲਿਆਂ ਵਿੱਚ ਵੀ ਸ਼ਾਮਲ ਹੁੰਦਾ ਹੈ, ਨੀਤੀਗਤ ਫੈਸਲਿਆਂ ਵਿੱਚ ਵੀ ਸ਼ਾਮਲ ਹੁੰਦਾ ਹੈ ਤੇ ਹੁਣ 30 ਜੁਲਾਈ 2015 ਨੂੰ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਸਭਾ ਦਾ ਨਿਰਦੇਸ਼ਕ ਬਣੇਆ ਜਵਾਗੇ ਅਜਿਹੀ ਗੱਲ ਸ੍ਰੀ ਚਰਨਜੀਤ ਸਿੰਘ ਚੰਨ ਦੇ ਅਹਿਲਕਾਰਾਂ ਵਲੋਂ ਪ੍ਰਚਾਰੀ ਜਾ ਰਹੀ ਹੈ। ਲਾਈਫ਼ ਮੈਂਬਰ/ ਫਾਊਡਰ ਮੈਂਬਰ ਸ੍ਰੀ ਅਸ਼ੋਕ ਵਾਸਿਸ਼ਟ ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ? ਅਜਿਹੇ 'ਪੈਰਾਸ਼ੂਟੀ ਮੈਂਬਰ' ਪੰਜਾਬੀ ਸਾਹਿਤ ਸਭਾ ਦਾ ਕੀ ਸੁਆਰਨਗੇ?

ਮੇਰੇ ਇਸ ਸੁਝਾਅ ਵੱਲ ਕਿਸੇ ਵੀ ਮੈਂਬਰ ਨੇ ਕੋਈ ਧਿਆਨ ਨਾ ਦਿੱਤਾ। ਪੰਜਾਬੀ ਸਾਹਿਤ ਸਭਾ ਵਲੋਂ ਲੇਖਕਾਂ ਨੂੰ ਮੈਂਬਰ ਨਾ ਬਣਾਏ ਜਾਣ ਦਾ ਸਵਾਲ ਡਾ. ਰਵੇਲ ਸਿੰਘ ਨੇ ਵੀ ਉਠਾਇਆ ਹੈ। ਇਹ ਪੁਸਤਕ ਜਿਸ ਵਿੱਚ ਡਾ. ਰਵੇਲ ਸਿੰਘ ਦਾ ਖੋਜ ਪੱਤਰ ਸ਼ਾਮਲ ਹੈ ਪੰਜਾਬੀ ਯੂਨੀਵਰਸਿਟੀ ਪਰਿਆਲਾ ਨੇ ਪ੍ਰਕਾਸ਼ਿਤ ਕੀਤੀ ਹੈ।

2. ਮੇਰੇ ਇਸ ਸੁਝਾਅ ਵਿੱਚ ਕੀ ਸਹੀ ਨਹੀਂ ਹੈ ਕਿ ਸਭਾ ਦਾ ਚੇਅਰਪਰਸਨ ਉਹ ਵਿਅਕਤੀ ਹੋਣਾ ਚਾਹੀਦਾ ਹੈ ਜੋ ਪੰਜਾਬੀ ਭਾਸ਼ਾ ਦਾ ਲੇਖਕ ਹੋਵੇ ਜਾਂ ਜਿਸ ਨੇ ਪੰਜਾਬੀ ਦੀ ਕੋਈ ਪੁਸਤਕ ਲਿਖੀ/ ਪੜ੍ਹੀ ਹੋਵੇ, ਜਾਂ ਜਿਸ ਨਾਲ ਸਭਾ ਦਾ ਨਿਰਦੇਸ਼ਕ ਪੰਜਾਬੀ ਸਾਹਿਤ ਦੀ ਗੱਲ ਕਰ ਸਕੇ। ਕੀ ਗੁਰਬਾਣੀ, ਗੁਰਮਿਤ ਸਿਧਾਂਤ ਸਾਡਾ ਅਨਮੋਲ ਖ਼ਜ਼ਾਨਾ ਨਹੀਂ ਹਨ। ਗੁਰਬਾਣੀ ਦਾ ਪਾਵਨ ਵਾਕ ਹੈ–

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥ ਅੰਕ 1039
–ਕਬੀਰ ਸਾਚਾ ਸਤਿਗੁਰ ਕਿਆ ਕਰੈ ਸਿਖਾ ਮਹਿ ਚੂਕ॥
ਅੰਧੇ ਏਕ ਨਾ ਲਾਗਈ ਜਿਉ ਬਾਂਸੁ ਬਜਾਈਐ ਫੂਕ॥ (ਅੰਗ 1372)

ਪਰ ਡਾ. ਰੇਣੁਕਾ ਸਿੰਘ ਨੇ ਆਪਣੀ ਮਨਪਸੰਦ ਦੇ ਲਾਈਫ਼/ ਕਾਰਜਕਰਨੀ ਦੇ ਮੈਂਬਰ ਤੇ ਫਾਊਂਡਰ ਮੈਂਬਰ ਬਣਾ ਕੇ ਸਭਾ ’ਤੇ ਕਬਜ਼ਾ ਕੀਤਾ ਹੋਇਆ ਹੈ। ਚੇਅਰਪਰਸਨ/ ਪ੍ਰਧਾਨ/ ਜਨਰਲ ਸਕੱਤਰ ਦੀ ਚੋਣ ਕਰਨ ਸਮੇਂ ਪਾਰਦਰਸ਼ਤਾ ਨਹੀਂ ਹੈ। ਸਭਾ ਦਾ ਖ਼ਜ਼ਾਨਚੀ ਜੋ ਕਿ ਹਾਇਰ ਸੈਂਕੰਡਰੀ ਪਾਸ ਹੈ, ਪਿਛਲੇ 18 ਨਾਲ ਤੋਂ ਸਭਾ ’ਤੇ ਕਾਬਜ਼ ਹੈ। ਕੀ ਪੰਜਾਬੀ ਵਿੱਚ ਕੋਈ ਪੜ੍ਹਿਆ ਲਿਖਿਆ ਵਿਅਕਤੀ ਖ਼ਜ਼ਾਨਚੀ ਨਹੀਂ ਬਣ ਸਕਦਾ? ਕੀ ਚੇਅਰਪਰਸਨ, ਖ਼ਜ਼ਾਨਚੀ ਤੇ ਇਕ ਕਲਰਕ ਸ੍ਰੀ ਸੁਨੀਲ ਵਡੋਲਾ ਜੋ ਕਿ CTC Geotechncial Pvt. Ltd. ਪੰਜਾਬੀ ਭਵਨ ’ਚ ਕੰਮ ਕਰਦਾ ਹੈ, ਪਰ ਪੰਜਾਬੀ ਸਾਹਿਤ ਸਭਾ ’ਚੋਂ ਵੀ ਤਨਖ਼ਾਹ ਲੈ ਰਿਹਾ ਹੈ) ਮਿਲ ਕੇ ਕਰੋੜਾਂ ਰੁਪਏ ਦਾ ਬਜਟ ਆਪਣੀ ਮਰਜ਼ੀ ਨਾਲ ਖਰਚ ਕਰਨ, ਇਹ ਉਚਿਤ ਹੈ? ਮੇਰੇ ਕੋਲ ਇਸ ਨਾਲ ਸਬੰਧਿਤ ਕਈ ਸਬੂਤ ਹਨ ਕਿ ਕਿਵੇਂ ਸ੍ਰੀ ਸੁਨੀਲ ਵਡੋਲਾ ਸ੍ਰੀ ਚਰਨਜੀਤ ਸਿੰਘ ਚੰਨ ਦੇ ਲੜਕੇ ਸ੍ਰੀ ਹਰਵਿੰਦਰ ਸਿੰਘ ਨਾਲ ਮਿਲ ਕੇ, ਨਹਿਰੂ ਪਲੇਸ ਤੋਂ ਕੰਪਿਊਟਰ ਅਤੇ ਹੋਰ ਵਸਤਾਂ ਦੇ ਬਿੱਲ ਵਾਧੂ ਬਣਵਾ ਕੇ ਪੈਸੇ ਵਸੂਲ ਕਰਦਾ ਹੈ। ਕਿਵੇਂ ਸਭਾ ਲਈ ਖਰੀਦੇ ਗਏ ਕੰਪਿਊਟਰਾਂ ਦੇ ਅਲਗ ਅਲਗ ਪਾਰਟ ਜਿਨ੍ਹਾਂ ਦੀ ਕੀਮਤ 3 ਤੋਂ 5 ਹਜ਼ਾਰ ਰੁਪਏ ਤਕ ਹੁੰਦੀ ਹੈ, ਖਰਾਬ ਹੋਏ ਦਿਖਾ ਕੇ 300 ਤੋਂ 500 ਰੁਪਏ ਦਾ ਸਭਾ ’ਚ ਬਿੱਲ ਕਟਵਾ ਕੇ ਜਨਤਕ ਪ੍ਰੈੱਸ ਪਹੁੰਚ ਜਾਂਦੇ ਹਨ। ਇਸ ਦੇ ਸਬੂਤ ਵੀ ਮੇਰੇ ਕੋਲ ਹਨ। ਕਿਵੇਂ ਟੈਕਸੀਆਂ ਦੇ ਬਿੱਲ ਫ਼ਰਜ਼ੀ ਬਣਦੇ ਹਨ (ਜੋ ਟੈਕਸੀ ਸਟੈਂਡ ਹੈ ਹੀ ਨਹੀਂ) ਇਹ ਸਭ ਸ੍ਰੀ ਚਰਨਜੀਤ ਸਿੰਘ ਚੰਨ, ਸ੍ਰੀ ਹਰਵਿੰਦਰ ਸਿੰਘ ਅਤੇ ਸ੍ਰੀ ਸੁਨੀਲ ਵਡੋਰਾ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ। ਹੋਰ ਵੀ ਬਹੁਤ ਕੁਝ ਹੈ ਜਿਸ ਦੀ ਮੈਨੂੰ ਜਾਣਕਾਰੀ ਹੈ। ਸ੍ਰੀ ਚਰਨਜੀਤ ਸਿੰਘ ਚੰਨ ਦੇ ਸਭ ਮੈਡੀਕਲ ਬਿੱਲ ਸਭਾ ਵਲੋਂ ਦਿੱਤੇ ਜਾਂਦੇ ਹਨ। ਹੁਣ ਤਕ ਉਸ ਸਭਾ ਦੇ ਖਰਚੇ ਤੇ 2–3 ਲੱਖ ਰੁਪਏ ਦੇ ‘ਸਟੰਟ’ ਪੁਆ ਚੁੱਕਾ ਹੈ। ਉਸ ਦੀ ਸਭਾ ਨੂੰ ਕੀ ਦੇਣ ਹੈ ਜੋ ਉਸ ਉੱਤੇ ਏਨਾ ਖਰਚ ਕੀਤਾ ਜਾ ਰਿਹਾ ਹੈ। ਹੋਰਨਾਂ ਮੈਬਰਾਂ ਦੇ ਵੀ ਲੱਖਾਂ ਰੁਪਏ ਦੇ ਮੈਡੀਕਲ ਦੇ ਬਿੱਲ ਹਨ ਜੋ ਸਭਾ ਨੇ ਦਿੱਤੇ ਹਨ।

3. ਪੰਜਾਬ, ਹਰਿਆਣਾ ਅਤੇ ਹੋਰ ਥਾਵਾਂ ’ਤੇ ਪੰਜਾਬੀ ਸਾਹਿਤ ਸਭਾ ਵੱਲੋਂ ਜੋ 200 ਦਿਹਾਤੀ ਲਾਇਬ੍ਰੇਰੀਆਂ ਖੋਲ੍ਹੀਆਂ ਗਈਆਂ ਹਨ ਉਹ ‘ਨਵਯੁੱਗ’ ਦੀਆਂ ਹਰ ਸਾਲ ਲੱਖਾਂ ਰੁਪਏ ਦੀਆਂ ਪੁਸਤਕਾਂ ਭੇਜਣ ਲਈ ਖੋਲ੍ਹੀਆਂ ਗਈਆਂ ਹਨ। (30 % ਲਾਇਬ੍ਰੇਰੀਆਂ ਵੱਡੇ ਸ਼ਹਿਰਾਂ–ਨਗਰਾਂ ਵਿੱਚ ਹਨ ਅਤੇ ਨਾਂ ਹੈ ‘ਦਿਹਾਤੀ ਲਾਇਬ੍ਰੇਰੀ ਸਕੀਮ’। ਮੈਂ ਚੇਅਰਪਰਸਨ ਨੂੰ ਸੁਝਾਅ ਦਿੱਤਾ ਕਿ ਹੁਣ ਤੱਕ 50 ਲੱਖ ਰੁਪਏ ’ਤੋਂ

ਵੱਧ ਦੀਆਂ 'ਨਵਯੁੱਗ ਪ੍ਰਕਾਸ਼ਨ' ਦੀਆਂ ਪੁਸਤਕਾਂ ਇਨ੍ਹਾਂ ਲਾਇਬ੍ਰੇਰੀਆਂ ਵਿੱਚ ਗਈਆਂ ਹਨ।(ਕਈ ਪੁਸਤਕਾਂ ਦੋ-ਦੋ, ਤਿੰਨ-ਤਿੰਨ ਵਾਰ ਭੇਜੀਆਂ ਗਈਆਂ ਹਨ) ਸਰਕਾਰੀ ਨੌਕਰੀ ਕਰ ਰਿਹਾ ਕੋਈ ਵੀ ਚੇਅਰਪਰਸਨ ਮਨਚਾਹੇ ਢੰਗ ਨਾਲ ਆਪਣੇ ਪ੍ਰਕਾਸ਼ਨ ਦੀਆਂ ਪੁਸਤਕਾਂ ਦੀ ਆਪ ਚੋਣ ਕਰਕੇ ਨਹੀਂ ਭੇਜ ਸਕਦਾ।ਪਰ ਇਹ ਕਿਵੇਂ ਧੜੱਲੇ ਨਾਲ ਹੋ ਰਿਹਾ ਹੈ।ਮੇਰਾ ਸੁਝਾਅ ਸੀ ਕਿ ਪੰਜਾਬੀ ਸਾਹਿਤ ਸਭਾ ਦੀ ਤਿੰਨ ਮੈਂਬਰੀ ਕਮੇਟੀ ਜੋ ਪੁਸਤਕਾਂ ਦੀ ਚੋਣ ਕਰਦੀ ਹੈ (ਡਾ. ਰੇਣੁਕਾ ਸਿੰਘ, ਡਾ. ਮਹਿੰਦਰ ਕੌਰ ਗਿੱਲ ਅਤੇ ਸ੍ਰੀ ਦਰਸ਼ਨ ਸਿੰਘ) ਉਸ ਦੇ ਚੋਣ ਢੰਗ ਵਿੱਚ ਇਕ ਪ੍ਰਤੀਸ਼ਤ ਵੀ ਪਾਰਦਰਸ਼ਤਾ ਨਹੀਂ ਹੈ।ਮੇਰਾ ਸੁਝਾਅ ਸੀ ਕਿ ਪੰਜਾਬੀ ਦੇ 10 ਲੇਖਕਾਂ/ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਜਾਵੇ ਜੋ ਪੁਸਤਕਾਂ ਦੀ ਚੋਣ ਕਰੇ।ਪਰ ਕਿਸੇ ਵੀ ਮੈਂਬਰ/ ਅਹੁਦੇਦਾਰ ਨੇ ਮੇਰੀ ਗੱਲ ਨਾ ਸੁਣੀ।

ਪੰਜਾਬੀ ਸਾਹਿਤ ਸਭਾ ਪੁਸਤਕਾਂ ਖਰੀਦ ਕੇ ਇਸ ਤਰ੍ਹਾਂ ਪੰਜਾਬੀ ਭਾਸ਼ਾ ਦਾ ਵਿਕਾਸ ਕਰ ਰਹੀ ਹੈ ਜ਼ਰਾ ਦੇਖੋ-

-ਪਹਿਲਾਂ ਤਾਂ ਦਿੱਲੀ ਦੇ ਪ੍ਰਕਾਸ਼ਨ ਪੈਸੇ ਲੈ ਕੇ ਲੇਖਕਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕਰਨ

ਦੂਜਾ ਗੱਫਾ-ਮਨਚਾਹੇ ਢੰਗ ਨਾਲ ਪੁਸਤਕਾਂ ਦੀ ਕੀਮਤ ਰੱਖ ਕੇ ਉਸ ਨੂੰ 50% ਛੋਟ ਤੇ ਪੰਜਾਬੀ ਸਾਹਿਤ ਸਭਾ ਦੀਆਂ ਲਾਇਬ੍ਰੇਰੀਆਂ ਲਈ ਸਪਲਾਈ ਕੀਤਾ ਜਾਵੇ।ਇਸ ਤਰ੍ਹਾਂ ਦਿੱਲੀ ਦਾ ਇਕ ਪੰਜਾਬੀ ਪ੍ਰਕਾਸ਼ਕ ਸਿਰਫ਼ ਸਭਾ ਵਿਚ ਸਾਲ 'ਚ ਤਿੰਨ ਵਾਰ ਪੁਸਤਕਾਂ ਸਪਲਾਈ ਕਰਕੇ 5-5 ਲੱਖ ਰੁਪਏ ਹੜੱਪ ਰਿਹਾ ਹੈ।ਹੁਣ ਤਕ ਦਿੱਲੀ ਦਾ ਹਰ ਪੰਜਾਬੀ ਪ੍ਰਕਾਸ਼ਕ ਸਭਾ ਤੋਂ 35 ਲੱਖ ਰੁਪਏ ਤੋਂ ਵੱਧ ਦੀ ਰਾਸ਼ੀ ਲੈ ਚੁੱਕਾ ਹੈ।ਹਿੰਦੁਸਤਾਨ ਦੇ ਕਿਸੇ ਵੀ ਹਿੱਸੇ 'ਚ ਰਹਿੰਦਾ ਲੇਖਕ ਜਿਸ ਦੀ ਪੁਸਤਕ ਖਰੀਦਣੀ ਹੈ ਉਸ ਨੂੰ ਫੋਨ ਕਰਕੇ ਪੁਸਤਕ ਮੰਗਵਾ ਲਵੋ ਜਾਂ ਖੁਦ ਲੇਖਕ ਕਿਸੇ ਇਕ ਮੈਂਬਰ ਨਾਲ ਸੰਪਰਕ ਕਰ ਲਵੇ ਤਾਂ ਸਮਝੋ ਉਸ ਲੇਖਕ ਦੇ ਵਾਰੇ ਨਿਆਰੇ ਹੋ ਗਏ।

ਸ੍ਰੀ ਚਰਨਜੀਤ ਸਿੰਘ ਚੰਨ ਜਿਸ ਨੂੰ ਸਭਾਵਾਂ (ਦਿੱਲੀ ਦੀਆਂ) ਦੇ ਮੰਚਾਂ ਤੇ ਬੈਠਣ ਦਾ ਅਸਾਧ ਰੋਗ ਲਗ ਚੁੱਕਾ ਹੈ, ਉਹ ਕਿਵੇਂ ਪ੍ਰਕਾਸ਼ਕਾਂ ਨੂੰ ਫਾਇਦਾ ਦਿੰਦਾ ਹੈ ਜ਼ਰਾ ਦੇਖੋ-

*ਪੱਤਰਕਾਰ ਉਸ ਦਾ ਨਾਂ ਅਖ਼ਬਾਰਾਂ 'ਚ ਛਾਪਦੇ ਰਹਿਣ ਤਾਂ ਉਹ ਪੁਸਤਕਾਂ (ਜੋ ਰੀਜੈਕਟ ਵੀ ਹੋ ਜਾਂਦੀਆਂ ਹਨ) ਦੁਬਾਰਾ ਖਰੀਦਵਾ ਦੇਵੇਗਾ।

* ਦਿੱਲੀ ਦੇ ਦੋ ਪ੍ਰਕਾਸ਼ਕ ਜਿਨ੍ਹਾਂ ਦੀਆਂ ਲੱਖਾਂ ਰੁਪਏ ਦੀਆਂ ਪੁਸਤਕਾਂ ਸਭਾ ਖਰੀਦ ਰਹੀ ਹੈ, ਉਨ੍ਹਾਂ ਨਾਲ ਮਿਲ ਕੇ ਸ੍ਰੀ ਚਰਨਜੀਤ ਸਿੰਘ ਚੰਨ ਕਿਵੇਂ ਆਪਣੇ ਡੀ. ਟੀ. ਪੀ. ਕੰਮ ਲਈ ਪੁਸਤਕਾਂ ਕੰਪੋਜ਼ਿੰਗ ਲਈ ਲੈਂਦਾ ਹੈ, ਇਸ ਦੀ 10 ਮੈਂਬਰੀ ਲੇਖਕ ਕਮੇਟੀ ਤੋਂ ਛਾਣ-ਬੀਣ ਕਰਵਾਈ ਜਾਵੇ ਤਾਂ ਹੈਰਾਨ ਕਰ ਦੇਣ ਵਾਲੇ ਤੱਥ ਸਾਹਮਣੇ ਆਉਣਗੇ।

ਸਿਰਫ਼ ਇਕ ਉਦਾਹਰਣ ਦੇਵਾਂਗਾ-ਪਾਕਿਸਤਾਨੀ ਲੇਖਕ ਇਹਸਾਨ ਬਾਜਵਾ ਦੀ ਪੁਸਤਕ 'ਪੂਰਨ ਬਾਣੀ' (ਪੂਰਨ ਭਗਤ ਅਤੇ ਰਾਜਾ ਰਸਾਲੂ ਦੀ ਕਥਾ) ਜਨਤਕ ਪ੍ਰੈੱਸ ਤੋਂ ਟਾਈਪਸੈਟਿੰਗ ਹੋਈ।ਮਨਪ੍ਰੀਤ ਪ੍ਰਕਾਸ਼ਨ ਦਿੱਲੀ ਨੇ ਪ੍ਰਕਾਸ਼ਿਤ ਕੀਤੀ ਪੰਜਾਬੀ ਸਾਹਿਤ ਸਭਾ ਨੇ ਇਸ ਪੁਸਤਕ ਦੀਆਂ 380 ਰੁਪਏ ਪੁਸਤਕ ਦੇ ਹਿਸਾਬ ਨਾਲ 250 ਕਾਪੀਆਂ ਖਰੀਦੀਆਂ 380 ਗੁਣਾ 250+95000 ਰੁਪਏ ਇਸ ਤਰ੍ਹਾਂ ਚਰਨਜੀਤ ਸਿੰਘ ਚੰਨ ਪ੍ਰਕਾਸ਼ਕਾਂ ਨਾਲ ਮਿਲ ਕੇ ਕੀ ਕਰ ਰਿਹਾ ਹੈ ਅਜਿਹੇ ਮੇਰੇ ਕੋਲ ਕਈ ਸਬੂਤ ਹਨ।

ਮੈਂ ਅਜਿਹੇ ਕਈ ਕੇਸਾਂ ਦੀ ਛਾਣ-ਬੀਣ ਕਰਨ ਲਈ ਚੇਅਰਪਰਸਨ ਨੂੰ ਕਿਹਾ ਤਾਂ ਉਨ੍ਹਾਂ ਇਸ ਵੱਲ ਬਿਲਕੁਲ ਧਿਆਨ ਨਾ ਦਿੱਤਾ।

ਪੰਜਾਬੀ ਸਾਹਿਤ ਸਭਾ ਨੇ ਅੱਜ ਤੱਕ ਅਭਿਨੰਦਨ ਗ੍ਰੰਥ ਪ੍ਰਕਾਸ਼ਿਤ ਕਰਨ ਲਈ ਲੇਖਕਾਂ ਨੂੰ ਮਾਲੀ

ਸਹਾਇਤਾ ਦਿੱਤੀ ਹੈ–

1. ਭਾਪਾ ਪ੍ਰੀਤਮ ਸਿੰਘ ਅਭਿਨੰਦਨ ਗ੍ਰੰਥ ਦਾ ਪੂਰਾ ਖਰਚ।

2. ਡਾ. ਐਸ. ਤਰਸੇਮ ਦੇ ਅਭਿਨੰਦਰ ਗ੍ਰੰਥ ਲਈ ਡੇਢ ਲੱਖ ਰੁਪਿਆ।

3. ਸ੍ਰੀ ਸੁਖਬੀਰ ਦੇ ਅਭਿਨੰਦਨ ਗ੍ਰੰਥ ਲਈ ਡੇਢ ਲੱਖ ਰੁਪਿਆ।

ਕਿਸ ਨੂੰ ਕਿੰਨੀ ਮਾਇਆ ਦੇਣੀ ਹੈ, ਇਹ ਇਨ੍ਹਾਂ ਦੀ ਮਰਜ਼ੀ ਹੈ। ਲੇਖਕ ਨੂੰ ਫੋਨ ਕਰੋ ਕਿ ਇਸ ਤਰ੍ਹਾਂ ਦੀ ਇਕ ਬੇਨਤੀ ਪੱਤਰ ਭੇਜੋ। ਚਿੱਠੀ ਪਹੁੰਚਣ ਦੀ ਦੇਰ ਇਥੋਂ ਚੈੱਕ ਤਿਆਰ।

ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸਾਹਿਤਕਾਰ ਡਾ. ਸਵਰਾਜਬੀਰ ਦਾ ਮੈਨੂੰ ਫੋਨ ਆਇਆ ਕਿ ਪੰਜਾਬੀ ਸੂਫੀ ਗਾਇਕ ਸ੍ਰੀ ਬਰਕਤ ਸਿੱਧੂ ਬਹੁਤ ਬਿਮਾਰ ਹਨ। ਪੰਜਾਬੀ ਸਾਹਿਤ ਸਭਾ ਵੱਲੋਂ ਉਨ੍ਹਾਂ ਦੀ ਮਦਦ ਕੀਤੀ ਜਾਣੀ ਚਾਹੀਦੀ ਹੈ। ਮੈਂ ਫੋਨ ਤੇ ਅਤੇ ਮਿਲ ਕੇ ਸ੍ਰੀ ਚਰਨਜੀਤ ਚੰਨ ਨੂੰ ਮਦਦ ਕਰਨ ਲਈ ਕਿਹਾ ਪਰ ਕਿਸੇ ਨੇ ਮੇਰੀ ਗੱਲ ਨਾ ਗੌਲੀ।

ਅਦਾਕਾਰ ਮੰਚ ਮੋਹਾਲੀ(ਰਾਜਿ.) ਨੇ ਸਭਾ ਦੇ ਪ੍ਰਧਾਨ ਸ੍ਰੀ ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ 'ਅਮਰ ਕਥਾ' 'ਤੇ ਆਧਾਰਤ ਨਾਟਕ ਖੇਡਿਆ, ਕੁਝ ਹੋਰ ਨਾਟਕ ਵੀ ਖੇਡੇ। ਤੁਰੰਤ 25,000 ਹਜ਼ਾਰ ਦਾ ਚੈੱਕ ਭੇਜ ਦਿੱਤਾ ਗਿਆ।

ਪੰਜਾਬੀ ਸਾਹਿਤ ਸਭਾ ਦਾ ਸਟੈਨੋ ਰੱਖਣਾ ਸੀ। ਚਾਰ ਅਰਜ਼ੀਆਂ ਪਹੁੰਚੀਆਂ। ਦੋ ਬਹੁਤ ਹੀ ਯੋਗ ਵਿਅਕਤੀ ਸਨ। ਇੰਟਰਵਿਊ ਤੋਂ ਐਨ ਇਕ ਦਿਨ ਪਹਿਲਾਂ ਦਿੱਲੀ ਯੂਨੀਵਰਸਿਟੀ ਦੇ ਇਕ ਪ੍ਰੋਫ਼ੈਸਰ ਨਾਲ ਸ੍ਰੀ ਚਰਨਜੀਤ ਚੰਨ ਗੱਲ ਕਰਦਾ ਹੈ। ਉਸ ਦੀ ਵੀ ਅਰਜ਼ੀ ਆ ਜਾਂਦੀ ਹੈ। ਮੈਨੂੰ ਪਤਾ ਲੱਗ ਗਿਆ ਕਿ ਡਾ. ਦੀਪਾ ਕੁਮਾਰ ਨੂੰ ਹੀ ਇਨ੍ਹਾਂ ਨੇ ਰੱਖਣਾ ਹੈ। ਮੈਂ ਸੁਝਾਅ ਦਿੱਤਾ ਕਿ ਜੇ ਡਾ. ਦੀਪਾ ਜੀ ਨੂੰ ਹੀ ਰੱਖਣਾ ਹੈ ਤਾਂ ਬਾਕੀ ਉਮੀਦਵਾਰਾਂ ਨੂੰ ਨਾਂ ਬੁਲਾਉ। ਇਸ ਨਾਲ ਚੰਗਾ ਪ੍ਰਭਾਵ ਨਹੀਂ ਪੈਂਦਾ। ਉਮੀਦਵਾਰਾਂ ਦਾ ਹੌਸਲਾ ਵੀ ਪਸਤ ਹੋਵੇਗਾ। ਸਭ ਉਮੀਦਵਾਰ ਬੁਲਾਏ ਗਏ ਤੇ ਰੱਖਿਆ ਗਿਆ ਡਾ. ਦੀਪਾ ਕੁਮਾਰ ਨੂੰ।

ਕੇਂਦਰੀ ਪੰਜਾਬੀ ਸਾਹਿਤ ਸੰਮੇਲਨ (ਰਜਿ.) ਦਿੱਲੀ ਦੇ ਜਨਰਲ ਸਕੱਤਰ ਸਰਦਾਰ ਮੋਹਨ ਸਿੰਘ ਬੈਰੀ ਨੇ 29 ਜੂਨ, 2003 ਨੂੰ ਅਤੇ ਪ੍ਰਧਾਨ ਡਾ. ਮਨਜੀਤ ਸਿੰਘ ਨੇ 14 ਜੂਨ, 2006 ਨੂੰ ਪੰਜਾਬੀ ਸਾਹਿਤ ਸਭਾ ਨੂੰ ਖ਼ਤ ਲਿਖੇ ਤੇ 13 ਅਗਸਤ, 2006 ਨੂੰ ਪੰਜਾਬੀ ਟ੍ਰਿਬਿਊਨ ਵਿੱਚ ਸਭਾ ਦੇ ਖਿਲਾਫ਼ ਖ਼ਬਰ ਲੱਗੀ ਤਾਂ ਜਾ ਕੇ ਗਿਆਨੀ ਕੁਲਦੀਪ ਸਿੰਘ, ਗਿਆਨੀ ਹਰੀ ਸਿੰਘ ਅਤੇ ਸੁਹਿੰਦਰ ਸਿੰਘ ਵਣਜਾਰਾ ਬੇਦੀ ਦੀਆਂ ਤਸਵੀਰਾਂ ਤਹਿਖ਼ਾਨੇ ਵਿੱਚ ਲਗਾਈਆਂ ਗਈਆਂ। ਕੇਂਦਰੀ ਸਾਹਿਤ ਸੰਮੇਲਨ ਨੇ ਚਿੱਠੀਆਂ ਭੇਜ ਕੇ ਪੰਜਾਬੀ ਭਵਨ ਦਿੱਲੀ ਦੇ ਕੰਮ ਕਰਨ ਦੇ ਢੰਗ ਨੂੰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਮਾਡਲ ਉਪਰ ਵੱਧ ਤੋਂ ਵੱਧ ਡੈਮੋਕਰੇਟਿਕ ਬਣਾਉਣ ਦੀ ਗੱਲ ਕਈ ਵਾਰ ਉਠਾਈ ਹੈ। ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵਿੱਚ ਕਿਸ ਤਰ੍ਹਾਂ ਕੰਮ ਹੁੰਦੇ ਹਨ ਇਹ ਉਸ ਦੇ ਕੁਝ ਨਮੂਨੇ ਦਿੱਤੇ ਹਨ। ਪੰਜਾਬੀ ਸਾਹਿਤ ਸਭਾ ਦੇ ਕੰਮ ਕਰਨ ਦੇ ਢੰਗ ਬਾਰੇ ਹੋਰ ਜਾਣਨਾ, ਚਾਹੋ ਤਾਂ ਡਾ. ਕਰਨਜੀਤ ਸਿੰਘ ਦੀ ਪ੍ਰਕਾਸਿਤ ਸ੍ਵੈ ਜੀਵਨੀ 'ਏਨੀ ਮੇਰੀ ਬਾਤ' ਭਾਗ ਤਿੰਨ) ਪੜ੍ਹੀ ਜਾ ਸਕਦੀ ਹੈ।

4. ਪੰਜਾਬੀ ਸਾਹਿਤ ਸਭਾ ਦੀ 'ਬੁਕ ਸ਼ਾਪ' ਦਾ ਵਿਸਥਾਰ ਕੀਤਾ ਜਾ ਰਿਹਾ ਸੀ। ਚੇਅਰਪਰਸਨ ਵਿਦੇਸ਼ ਵਿੱਚ ਸੀ। ਲੱਕੜੀ ਖਰੀਦੀ ਜਾਣੀ ਸੀ। ਮੈਂ ਖ਼ਜ਼ਾਨਚੀ ਨੂੰ ਕਿਹਾ ਕਿ ਇਹ 25,000 (ਹਜ਼ਾਰ) ਤੋਂ ਵੱਧ ਦਾ ਖਰਚਾ ਹੈ। ਇਸ ਲਈ ਇਕ ਤਿੰਨ ਮੈਂਬਰੀ ਕਮੇਟੀ ਬਣਾਉਣੀ ਚਾਹੀਦੀ ਹੈ। 'ਬੁਕ ਸ਼ਾਪ' ਲਈ ਸ੍ਰੀ ਚਰਨਜੀਤ ਸਿੰਘ ਚੰਨ ਦੇ ਲੜਕੇ ਸ੍ਰੀ ਹਰਵਿੰਦਰ ਸਿੰਘ ਨੇ ਕਿਵੇਂ Jandoo Enterprises, Delhi ਤੋਂ ਇਕੱਲਿਆਂ 3 ਲੱਖ ਰੁਪਏ ਦੀ ਲੱਕੜੀ ਖਰੀਦੀ, ਕਿਵੇਂ ਇਸ 'ਚੋਂ ਕਮਿਸ਼ਨ ਖਾਧਾ ਇਸ ਬਾਰੇ

ਵੀ ਮੇਰੇ ਕਹਿਣ ਦੇ ਬਾਵਜੂਦ ਚੇਅਰਪਰਸਨ ਨੇ ਕੋਈ ਜਾਚ ਕਮੇਟੀ ਨਾ ਬਣਾਈ। 'ਬੁਕ ਸ਼ਾਪ' ਦੇ ਵਿਸਥਾਰ ਕਰਨ ਲਈ ਕਾਰਪੈਂਟਰ ਜੋ 16000 ਰੁਪਏ ਵਿੱਚ ਕੀਤਾ ਸੀ ਨੂੰ 66000 ਰੁਪਏ ਦਿੱਤੇ ਗਏ। ਤਿੰਨ ਦਿਨ ਇਹ ਕਾਰੀਗਰ ਸ੍ਰੀ ਚਰਨਜੀਤ ਸਿੰਘ ਚੰਨ ਦੇ ਮਹਿਰੌਲੀ ਘਰ ਜਾ ਕੇ ਕੰਮ ਕਰਦਾ ਰਿਹਾ। ਸਭਾ ਵਿੱਚ ਕੰਮ ਕਰਨ ਦੌਰਾਨ ਉਸ ਨੇ ਦੋ ਦਿਨ ਵਿੱਚ ਇਕ ਵੱਡੇ ਅਕਾਰ ਦੀ ਗੋਲਕ ਸ੍ਰੀ ਚੰਨ ਜੀ ਦੇ ਘਰ ਲਈ ਤਿਆਰ ਕੀਤੀ। ਇਹ ਸਾਰਾ ਭੁਗਤਾਨ ਵੀ ਸਭਾ ਵਲੋਂ ਕੀਤਾ ਗਿਆ।

ਸਭਾ ਦੇ ਦਫ਼ਤਰ ਵਿੱਚ 16 ਕੈਮਰੇ ਲੱਗਣੇ ਸਨ। ਕੀਮਤ 80,000 ਰੁਪਏ ਸੀ। ਕੋਈ ਕਮੇਟੀ ਨਾ ਬਣਾਈ ਗਈ ਤੇ ਸ੍ਰੀ ਹਰਵਿੰਦਰ ਸਿੰਘ ਨੇ ਇਹ ਕੈਮਰੇ ਲਗਵਾਏ।

ਸ੍ਰੀ ਚਰਨਜੀਤ ਸਿੰਘ ਚੰਨ ਜਨਤਕ ਪ੍ਰੈੱਸ ਵਿੱਚ ਬੈਠੇ ਸਭਾ ਦੇ ਨਾਂ ਤੇ 'ਸਪੀਡ ਪੋਸਟ' ਚਿੱਠੀਆਂ, ਰਜਿਸਟਰੀਆਂ ਕਰਵਾ ਕੇ ਹਰ ਮਹੀਨੇ 2500-3000 ਰੁਪਏ ਦਾ ਖਰਚ (ਡਾਕ ਦੀਆਂ ਰਸੀਦਾਂ) ਸਭਾ ਸਿਰ ਪਾ ਰਹੇ ਹਨ। ਉਦਾਹਰਣਾਂ ਹੋਰ ਵੀ ਬਹੁਤ ਹਨ, ਇਹ ਹੈ ਸ੍ਰੀ ਚੰਨ ਜੀ ਦੀ ਮੁਫ਼ਤ ਵਿੱਚ ਕੀਤੀ ਸਾਹਿਤ ਸੇਵਾ? ਸਭਾ ਦੀਆਂ 'ਬਿੱਲ ਬੁੱਕ', ਯਾਦਗਾਰੀ ਭਾਸ਼ਨਾ ਦੇ ਕਿਤਾਬਚੇ, ਹਰ ਮਹੀਨੇ ਹੋਣ ਵਾਲੇ ਸਾਹਿਤਕ ਸਮਾਗਮ ਦਾ ਸੱਦਾ ਪੱਤਰ, ਛੋਟੇ ਮੋਟੇ 'ਪੈਡ' ਪਿਛਲੇ 20 ਸਾਲ ਤੋਂ ਬਾਜ਼ਾਰ ਨਾਲੋਂ ਦੁਗਣੀ ਕੀਮਤ ਤੇ ਛਾਪ ਕੇ ਸਭਾ ਦੇ ਲੱਖਾਂ ਰੁਪਿਆਂ ਨੂੰ ਚੂਨਾ ਲਗਾ ਚੁੱਕਾ ਹੈ।

ਪੰਜਾਬੀ ਦਾ ਮਹਾਨ ਸਾਹਿਤਕਾਰ ਸ੍ਰੀ ਚਰਨਜੀਤ ਚੰਨ ਜੇ ਸਭਾ ਦੇ ਦਫ਼ਤਰ ਵਿੱਚ ਕਿਸੇ ਬੈਠਕ ਲਈ ਆਵੇ ਤਾਂ ਉਸ ਦੀ ਆਉਣ ਜਾਣ ਦੀ ਫੀਸ 1000 ਰੁਪਏ ਹੈ। ਸਭਾ 'ਚੋਂ ਸਟੇਸ਼ਨਰੀ ਅਤੇ ਪੈਨ/ ਪਿੰਨ ਤੱਕ ਚੁੱਕ ਕੇ ਲੈ ਜਾਣਾ ਉਸ ਦਾ ਜਨਮ ਸਿੱਧ ਅਧਿਕਾਰ ਹੈ। ਉਹ ਕਿਸੇ ਲੇਖਕ ਦੇ ਘਰ ਮਿਲਣ ਜਾਵੇ ਤਾਂ ਉਸ ਦੀ ਟੈਕਸੀ ਦਾ ਖਰਚ ਸਭਾ ਦੇਵੇਗੀ। ਉਸ ਨੂੰ ਬਿਨਾਂ ਕੋਈ 'ਵਾਉਚਰ' ਦਿੱਤੇ, ਕੰਮ ਕਰਨ ਵਾਲੇ ਬੈਰਿਆਂ ਨੂੰ 500-1000 ਰੁਪਏ ਟਿੱਪ ਦੇਣ ਦਾ ਹੱਕ ਹੈ।

ਸਭਾ ਦੀਆਂ ਦਿਹਾਤੀ ਲਾਇਬ੍ਰੇਰੀਆਂ ਦੀ ਖਰੀਦ ਲਈ ਜੋ ਪੁਸਤਕਾਂ ਆਉਂਦੀਆਂ ਹਨ, ਉਨ੍ਹਾਂ ਵਿਚੋਂ ਬਹੁਤੀਆਂ ਸ੍ਰੀ ਚਰਨਜੀਤ ਸਿੰਘ ਚੰਨ ਦੀ ਜਨਤਕ ਪ੍ਰੈੱਸ ਦਾ ਸ਼ਿੰਗਾਰ ਬਣਦੀਆਂ ਹਨ। ਉਂਜ ਵੀ ਉਹਨੂੰ ਭਰਮ ਬਣਿਆ ਰਹਿੰਦਾ ਹੈ ਕਿ ਮੈਨੂੰ ਸਾਹਿਤ ਦੀ ਸਮਝ ਹੈ। ਉਹ ਪੁਸਤਕਾਂ 70 ਫੀਸਦੀ ਛੋਟ ਤੇ ਫਿਰ ਮਨਪ੍ਰੀਤ ਪ੍ਰਕਾਸ਼ਨ ਦੇ ਸ੍ਰੀ ਬਲਬੀਰ ਸਿੰਘ ਦੇ ਘਰ ਪਹੁੰਚਦੀਆਂ ਹਨ। ਇਸ ਤਰ੍ਹਾਂ ਸਭਾ ਨਵੇਂ ਨਵੇਂ ਢੰਗ ਵਰਤ ਕੇ ਪੰਜਾਬੀਆਂ 'ਚ 'ਪੁਸਤਕ ਸਭਿਆਚਾਰ' ਨੂੰ ਪ੍ਰਫੁਲਤ ਕਰ ਰਹੀ ਹੈ। ਕੋਈ ਇਨ੍ਹਾਂ ਨੂੰ ਸਵਾਲ ਕਰ ਸਕਦਾ ਹੈ ਕਿ ਪਿਛਲੇ 10 ਸਾਲਾਂ ਵਿੱਚ ਅਜਿਹੀਆਂ ਹਜ਼ਾਰਾਂ ਪੁਸਤਕਾਂ ਕਿਥੇ ਗਈਆਂ? ਪਤਾ ਲੱਗੇਗਾ ਕਿ ਕਿਵੇਂ ਚਰਨਜੀਤ ਸਿੰਘ ਚੰਨ ਨੇ ਇਨ੍ਹਾਂ ਪੁਸਤਕਾਂ ਤੋਂ ਲੱਖਾਂ ਰੁਪਏ ਕਮਾਏ।

5. ਮੈਂ ਡਾ. ਰੇਣੁਕਾ ਸਿੰਘ ਨੂੰ ਰਾਏ ਦਿੱਤੀ ਹਰ ਸਾਲ 'ਧੁੱਪ ਦੀ ਮਹਿਫਲ' ਜੋ ਨਵਯੁਗ ਫਾਰਮ, ਅੰਧੇਰੀਆ ਮੋੜ, ਮਹਿਰੌਲੀ ਵਿਖੇ ਆਯੋਜਿਤ ਕੀਤੀ ਜਾਂਦੀ ਹੈ ਉਹ ਪੰਜਾਬੀ ਭਵਨ ਵਿਖੇ ਹੋਣੀ ਚਾਹੀਦੀ ਹੈ। ਲੇਖਕ ਇਸ ਧੁੱਪ ਦੀ ਮਹਿਫ਼ਲ ਨੂੰ 'ਡਾ. ਰੇਣੁਕਾ ਸਿੰਘ ਦਾ ਸ਼ਕਤੀ ਪ੍ਰਦਰਸ਼ਨ' ਨਾਂ ਦੇ ਰਹੇ ਹਨ। ਲੇਖਕ ਕਹਿੰਦੇ ਹਨ ਕਿ 2-3 ਲੱਖ ਰੁਪਿਆ 'ਧੁੱਪ ਦੀ ਮਹਿਫਲ' ਤੇ ਸਭਾ ਦਾ ਖਰਚ ਹੋ ਰਿਹਾ ਹੈ ਪਰ ਪਬਲੀਸਿਟੀ ਨਵਯੁੱਗ ਪ੍ਰਕਾਸ਼ਨ ਦੀ ਕਰਵਾਈ ਜਾ ਰਹੀ ਹੈ। ਮੈਂ ਇਹ ਵੀ ਸੁਝਾਅ ਦਿੱਤਾ ਕਿ ਇਸ ਮਾਗਮ ਦੌਰਾਨ ਖਾਣੇ ਸ਼ਾਮਿਆਨੇ ਤੇ ਜੋ ਲੱਖਾਂ ਰੁਪਏ ਖਰਚ ਹੁੰਦੇ ਹਨ, ਉਸ ਦਾ ਭੁਗਤਾਨ ਕਰਨ 'ਚ ਅਤੇ ਖਰਚ ਕਰਨ 'ਚ ਕੋਈ ਪਾਰਦਰਸ਼ਤਾ ਨਹੀਂ ਹੈ। ਸਿਰਫ਼ ਚਰਨਜੀਤ ਸਿੰਘ ਚੰਨ ਨੂੰ 'ਧੁੱਪ ਦੀ ਮਹਿਫ਼ਲ' ਤੇ ਆਏ ਖਰਚ ਦਾ ਮਨਮਾਨੇ ਢੰਗ ਨਾਲ ਭੁਗਤਾਨ ਕਰਨ ਦਾ ਹੱਕ ਨਹੀਂ ਹੋਣਾ ਚਾਹੀਦਾ। ਲੱਖਾਂ ਰੁਪਏ ਦੇ ਇਸ ਖ਼ਰਚ ਲਈ ਦਿੱਲੀ ਦੇ ਲੇਖਕਾਂ ਦੀ ਇਕ ਪੰਜ ਮੈਂਬਰੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ। ਮੇਰੇ ਇਸ

ਸੁਝਾਅ ਵੱਲ ਵੀ ਕੋਈ ਧਿਆਨ ਨਾ ਦਿੱਤਾ ਗਿਆ।

6. ਮੈਂ ਸੁਝਾਅ ਦਿੱਤਾ ਕਿ 'ਧੁੱਪ ਦੀ ਮਹਿਫ਼ਲ' ਦੌਰਾਨ ਹਰ ਸਾਲ 3 ਤੋਂ 5 ਲੇਖਕਾਂ ਦਾ ਸਭਾ ਵੱਲੋਂ 51-51 ਹਜ਼ਾਰ ਰੁਪਏ ਦੇ ਕੇ ਸਨਮਾਨ ਕੀਤਾ ਜਾਂਦਾ ਹੈ। ਕਿਹੜੇ ਲੇਖਕਾਂ ਨੂੰ ਸਨਮਾਨ ਦਿੱਤਾ ਜਾਵੇ, ਇਸ ਲਈ ਦਿੱਲੀ ਦੇ ਲੇਖਕਾਂ ਦੀ ਇਕ 8 ਮੈਂਬਰੀ ਕਮੇਟੀ ਬਣਾਈ ਜਾਵੇ। ਇਸ ਵੱਲ ਕੋਈ ਧਿਆਨ ਨਾ ਦਿੱਤਾ ਗਿਆ।

ਧੁੱਪ ਦੀ ਮਹਿਫ਼ਲ -2015 'ਚ ਲੇਖਕਾਂ ਦੀ ਸਨਮਾਨ ਲਈ ਚੋਣ ਕੀਤੀ ਜਾਣੀ ਸੀ। ਮੈਂ ਦੋ ਨਾਂ ਸੁਝਾਏ। ਇਕ ਡਾ. ਗੁਰਚਰਨ ਸਿੰਘ ਅਰਸ਼ੀ ਦਾ ਅਤੇ ਦੂਜਾ ਸ੍ਰੀ ਮੋਹਨ ਸਿੰਘ ਬੈਰੀ ਦਾ। ਸਭਾ ਦੀ ਚੇਅਰਪਰਸਨ ਨੂੰ ਤਾਂ ਇਨ੍ਹਾਂ ਲੇਖਕਾਂ ਦੇ ਕੰਮ ਦਾ ਰਤਾ ਵੀ ਗਿਆਨ ਨਹੀਂ ਸੀ। ਮੈਂ ਕਿਹਾ ਕਿ ਇਸ ਤੋਂ ਪਹਿਲਾਂ ਉਨ੍ਹਾਂ ਪੰਜਾਬੀ ਲੇਖਕਾਂ ਨੂੰ ਸਨਮਾਨਤ ਕੀਤਾ ਗਿਆ ਹੈ ਜਿਨ੍ਹਾਂ ਦੀ ਇਕ ਵੀ ਕਿਤਾਬ ਨਹੀਂ ਜਾਂ ਸਿਰਫ਼ ਇਕ ਕਿਤਾਬ ਹੈ। ਮੈਂ ਨਾਂ ਵੀ ਲਏ। ਪਰ ਇਸ ਵੱਲ ਇਹ ਕਹਿ ਕੇ ਧਿਆਨ ਨਾ ਦਿੱਤਾ ਗਿਆ ਕਿ ਲੇਖਕਾਂ ਦੇ ਨਾਂ ਦੀ ਚੋਣ ਕਰਨਾ ਸਾਡਾ ਕੰਮ ਹੈ, ਅਸੀਂ ਤਾਂ ਨਿਰਦੇਸ਼ਕ ਤੋਂ ਸੁਝਾਅ ਵੀ ਨਹੀਂ ਮੰਗੇ।

7. ਤੇ ਜਦੋਂ ਸਭਾ ਦੇ ਡਾਇਰੈਕਟਰ (ਮੈਨੂੰ) ਨੂੰ ਵੀ ਨਾ ਬਖ਼ਸ਼ਿਆ ਗਿਆ। ਮੈਂ ਦੀਪਕ ਪਬਲਿਸ਼ਰਜ਼ ਜਲੰਧਰ ਦੇ ਜੀਵਤ ਰਾਏ ਨਾਲ ਗੱਲ ਕੀਤੀ ਕਿ ਤੁਹਾਡੀਆਂ ਕੁਝ ਪੁਸਤਕਾਂ ਬਹੁਤ ਅੱਛੀਆਂ ਹਨ ਤੁਸੀਂ ਸਭਾ ਦੀ 'ਬੁਕ ਸ਼ਾਪ' ਲਈ 50 % ਛੋਟ ਤੇ ਭੇਜੋ। ਉਨ੍ਹਾਂ ਕਿਹਾ ਕਿ ਮੈਂ 40% ਤੋਂ ਵੱਧ ਛੋਟ ਨਹੀਂ ਦੇ ਸਕਦਾ। ਮੈਂ ਸੋਚਿਆ ਕਿ ਪ੍ਰਕਾਸ਼ਕ, ਪ੍ਰਕਾਸ਼ਕ ਨੂੰ 50% ਛੋਟ ਦੇ ਦਿੰਦਾ ਹੈ। ਮੈਂ ਮਨਪ੍ਰੀਤ (ਬਲਬੀਰ ਸਿੰਘ) ਨਾਲ ਗੱਲ ਕੀਤੀ। ਉਸ ਨੇ ਕਿਹਾ ਮੈਂ 45% ਤੇ ਪੁਸਤਕਾਂ ਮੰਗਵਾ ਦੇਵਾਂਗਾ। 45% ਛੋਟ ਤੇ 15 ਕੁ ਹਜ਼ਾਰ ਰੁਪਏ ਦੀਆਂ ਦੀਪਕ ਪਬਲਿਸਰਜ਼ ਦੀਆਂ ਪੁਸਤਕਾਂ ਮਨਪ੍ਰੀਤ ਨੇ ਪੰਜਾਬੀ ਸਾਹਿਤ ਸਭਾ ਦੀ ਬੁਕ ਸ਼ਾਪ 'ਚ ਸਪਲਾਈ ਕਰ ਦਿੱਤੀਆਂ। ਸ੍ਰੀ ਬਲਬੀਰ ਸਿੰਘ ਕਹਿਣ ਲੱਗਾ ਕਿ ਮੈਂ ਤਾਂ ਦੀਪਕ ਪਬਲਿਸ਼ਰਜ਼ ਨੂੰ ਚੈੱਕ ਕੱਟ ਕੇ ਦੇ ਦਿੱਤਾ ਹੈ। ਉਹ ਜਲਦੀ ਭੁਗਤਾਨ ਕਰਨ ਦੀ ਜ਼ਿਦ ਕਰਨ ਲੱਗਾ। ਸ੍ਰੀ ਚਰਨਜੀਤ ਸਿੰਘ ਚੰਨ ਦੇ ਸਾਹਮਣੇ ਫੈਸਲਾ ਹੋਇਆ ਕਿ ਮੈਂ (ਬਲਦੇਵ ਸਿੰਘ) ਮਨਪ੍ਰੀਤ ਪ੍ਰਕਾਸ਼ਨ ਦੇ ਨਾਂ ਚੈੱਕ ਕੱਟ ਕੇ ਦੇ ਦੇਵਾਂ, ਤੇ ਜਦ ਸਭਾ ਵਲੋਂ ਮਨਪ੍ਰੀਤ ਪ੍ਰਕਾਸ਼ਨ ਨੂੰ ਭੁਗਤਾਨ ਹੋ ਜਾਵੇਗਾ ਤਾਂ ਬਲਬੀਰ ਸਿੰਘ ਮੈਨੂੰ ਪੈਸੇ ਦੇ ਦੇਵੇਗਾ। ਮੈਂ ਚੈੱਕ ਕੱਟ ਕੇ ਦੇ ਦਿੱਤਾ। ਮੇਰੇ ਬੈਂਕ ਖਾਤੇ 'ਚੋਂ ਪੈਸਾ ਮਨਪ੍ਰੀਤ ਦੇ ਖਾਤੇ 'ਚ ਚਲਾ ਗਿਆ। ਸ੍ਰੀ ਚੰਨ ਜੀ ਨੇ ਦੁਬਾਰਾ ਮਨਪ੍ਰੀਤ ਪ੍ਰਕਾਸ਼ਨ ਨੂੰ ਭੁਗਤਾਨ ਕਰ ਦਿੱਤਾ ਪਰ ਇਸ ਗੱਲ ਨੂੰ 6 ਮਹੀਨੇ ਹੋ ਗਏ ਮੈਨੂੰ ਕੋਈ ਪੈਸਾ ਨਹੀਂ ਮਿਲਿਆ।

8. 'ਸਮਕਾਲੀ ਸਾਹਿਤ' ਤ੍ਰੈ ਮਾਸਿਕ ਪਤ੍ਰਿਕਾ ਜੋ ਸਭਾ ਵੱਲੋਂ ਪ੍ਰਕਾਸ਼ਤ ਕੀਤੀ ਜਾਂਦੀ ਹੈ, ਦੇ ਸ਼ੁਰੂ ਵਿੱਚ ਲਿਖਿਆ ਜਾਂਦਾ ਹੈ 'ਜਨਤਕ ਪ੍ਰੈੱਸ ਚਾਂਦਨੀ ਚੌਂਕ, ਦਿੱਲੀ-6 ਤੋਂ ਛਪਵਾ ਕੇ.... ਪ੍ਰਕਾਸ਼ਿਤ ਕੀਤਾ।' ਇਸ ਦੀ ਅਸਲੀਅਤ ਇਹ ਹੈ ਕਿ ਸ੍ਰੀ ਕੁਲਦੀਪ ਸਿੰਘ ਜਦੋਂ ਮੈਟਰ ਕੰਪੋਜ਼ ਕਰਕੇ ਦਿੰਦਾ ਹੈ ਤਾਂ ਇਹ ਸ੍ਰੀ ਚੰਨ ਰਾਹੀਂ ਇਕ ਵਿਅਕਤੀ (ਜਿਸ ਨੂੰ ਮੈਂ ਪਿਛਲੇ 35 ਸਾਲ ਤੋਂ ਜਾਣਦਾ ਹਾਂ ਤੇ ਮੇਰਾ ਦੋਸਤ ਹੈ ਉਸ ਨੂੰ ਦਿੱਤਾ ਜਾਂਦਾ ਹੈ। ਉਸ ਨੂੰ ਮੈਗਜ਼ੀਨ ਪ੍ਰੈੱਸ ਤੋਂ ਛਪਵਾ ਕੇ ਦੇਣ ਲਈ 4-5 ਹਜ਼ਾਰ ਰੁਪਏ ਮਿਹਨਤਾਨਾ ਦਿੱਤਾ ਜਾਂਦਾ ਹੈ।) ਨੂੰ ਦਿੱਤਾ ਜਾਂਦਾ ਹੈ। ਇਸ ਹੇਰਾਫੇਰੀ ਲਈ ਸ੍ਰੀ ਚੰਨ ਜ਼ਿੰਮੇਵਾਰ ਹੈ, ਤੇ ਇਸ ਤਰ੍ਹਾਂ ਅੱਜ ਤੱਕ ਸਭਾ ਨੂੰ ਲੱਖਾਂ ਰੁਪਏ ਦਾ ਚੂਨਾ ਲੱਗ ਚੁੱਕਾ ਹੈ। ਇਸ ਦੀ ਛਾਣ-ਬੀਣ ਡਾ. ਰੇਣੁਕਾ ਸਿੰਘ ਨੇ ਨਹੀਂ ਕਰਵਾਈ।

9. ਪੰਜਾਬੀ ਸਾਹਿਤ ਸਭਾ ਦੇ 'payment voucher' ਦੀ ਜੋ ਦੁਰਵਰਤੋਂ ਸਭਾ ਵਿੱਚ ਹੋ ਰਹੀ ਹੈ ਉਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਡਾਇਰੈਕਟਰ ਨੇ ਜਿਥੇ ਦਸਤਖ਼ਤ ਕਰਨੇ ਹਨ ਉਥੇ ਖ਼ਜ਼ਾਨਚੀ

ਦਸਤਖ਼ਤ ਕਰਕੇ ਸਭਾ 'ਚ ਆਉਣ-ਜਾਣ ਦੇ (ਇਕ ਵਾਰ ਆਉਣ ਦੇ) 1000 ਆਪ ਲੈ ਰਿਹਾ ਹੈ। ਜਦ ਮੈਂ ਕਿਹਾ ਕਿ ਇਹ ਦਫ਼ਤਰ/ ਸਭਾ ਦੇ ਨਿਯਮਾਂ ਅਨੁਸਾਰ ਠੀਕ ਨਹੀਂ ਤਾਂ ਵੀ ਕੋਈ ਰੋਕ ਨਹੀਂ ਲਗਾਈ ਗਈ। ਸ੍ਰੀ ਚਰਨਜੀਤ ਸਿੰਘ ਚੰਨ ਨੇ ਆਪਣੇ ਲੜਕੇ ਸ੍ਰੀ ਹਰਵਿੰਦਰ ਸਿੰਘ ਨੂੰ ਕੰਪਿਊਟਰ ਠੀਕ ਕਰਨ ਵਾਸਤੇ ਸਭਾ ਵਿੱਚ ਆਉਣ ਲਈ ਆਉਣ-ਜਾਣ ਦੇ ਖਰਚ ਵਜੋਂ ਹਜ਼ਾਰਾਂ ਰੁਪਏ ਆਪ ਦਸਤਖ਼ਤ ਕਰਕੇ ਦਿੱਤੇ ਹਨ। ਕੀ ਸਭਾ ਦੇ ਕੰਪਿਊਟਰ ਠੀਕ ਕਰਨ ਲਈ ਕੰਪਿਊਟਰ ਕੰਪਨੀ ਦਾ ਵਿਅਕਤੀ ਲਗਾਉਣਾ ਠੀਕ ਨਹੀਂ ਹੈ ਜਿਵੇਂ ਕਿ ਮੈਂ ਸੁਝਾਅ ਦਿੱਤਾ ਸੀ। ਸ੍ਰੀ ਹਰਵਿੰਦਰ ਸਿੰਘ ਹਰ ਮਹੀਨੇ ਸਭਾ ਦਾ ਟੈਕਸ ਭਰਨ ਲਈ ਆਉਣ ਦੇ ਬਹਾਨੇ (ਜਦ ਕਿ ਇਹ ਕੰਮ ਸ੍ਰੀ ਸੁਨੀਲ ਵਡੋਲਾ ਦਾ ਹੈ) ਅਤੇ ਕੰਪਿਊਟਰ ਠੀਕ ਕਰਨ ਦੇ ਬਹਾਨੇ ਪਿਛਲੇ ਕਈ ਸਾਲਾਂ ਤੋਂ ਇਕ ਵਾਰ ਆਉਣ ਤੇ 300 ਤੋਂ 1000 ਰੁਪਏ ਹੜੱਪ ਕਰ ਰਿਹਾ ਹੈ। ਮੇਰੇ ਪਾਸ ਇਸ ਧਾਂਦਲੀ ਦੇ ਪੱਕੇ ਸਬੂਤ ਹਨ।

10. ਪਿਛਲੇ 3-4 ਸਾਲ ਤੋਂ ਪੰਜਾਬੀ ਸਾਹਿਤ ਸਭਾ ਦੀ ਲਾਇਬ੍ਰੇਰੀ ਲਈ ਇਕ ਵੀ ਪੁਸਤਕ ਨਹੀਂ ਖਰੀਦੀ ਗਈ। ਜਦ ਮੈਂ ਪੁੱਛਿਆ ਤਾਂ ਜਵਾਬ ਮਿਲਿਆ ਕਿ ਚੇਅਰਪਰਸਨ ਦਾ ਕਹਿਣਾ ਹੈ ਕਿ ਪੁਸਤਕਾਂ ਖਰੀਦਣ ਨਾਲ ਜ਼ਿਅਦਾ ਮੈਂਬਰ ਬਣਨਗੇ। ਲੋਕਾਂ ਨੂੰ ਸਭਾ ਦੀ ਜਾਣਕਾਰੀ ਮਿਲੇਗੀ। ਇਸ ਲਈ ਜਦ ਲਾਇਬ੍ਰੇਰੀ ਵਿੱਚ ਪੁਸਤਕਾਂ ਹੀ ਨਹੀਂ ਹੋਣਗੀਆਂ ਤਾਂ ਮੈਂਬਰ ਵੀ ਨਹੀਂ ਬਣਨਗੇ।

11. ਦਿੱਲੀ ਦੇ ਇਕ ਪੰਜਾਬੀ ਪ੍ਰਕਾਸ਼ਕ ਨੂੰ 14000 ਰੁਪਏ ਦਾ ਨਜ਼ਾਇਜ ਭੁਗਤਾਨ ਕਰਵਾ ਕੇ ਕਿਵੇਂ ਫਾਇਦਾ ਦਿੱਤਾ, ਇਸ ਦੇ ਸਬੂਤ ਮੇਰੇ ਪਾਸ ਹਨ।

12. 1 ਤੇ ਦੋ ਨਵੰਬਰ, 2014 ਨੂੰ ਸ੍ਰੀ ਅਨੰਦਪੁਰ ਸਾਹਿਬ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਦਿਹਾਤੀ ਲਾਇਬ੍ਰੇਰੀਆਂ ਦੇ ਸੰਚਾਲਕਾਂ ਦੀ ਬੈਠਕ ਬੁਲਾਈ ਗਈ ਸੀ। ਮੈਂ ਤੇ ਸ੍ਰੀ ਚਰਨਜੀਤ ਸਿੰਘ ਚੰਨ 31 ਅਕਤੂਬਰ ਨੂੰ ਕਾਰ ਰਾਹੀਂ ਜਾ ਰਹੇ ਸੀ। ਕਰਨਾਲ ਕੋਲ ਪਹੁੰਚੇ ਤਾਂ ਸ੍ਰੀ ਚਰਨਜੀਤ ਚੰਨ ਨੇ ਆਰਸ਼ੀ ਪਬਲਿਸ਼ਰਜ਼ ਦਿੱਲੀ ਦੇ ਸ੍ਰੀ ਗੁਰਪ੍ਰੀਤ ਸਿੰਘ ਅਤੇ ਰਣਜੀਤ ਸਿੰਘ ਬਾਰੇ ਗ਼ਲਤ ਬੋਲਣਾ ਸ਼ੁਰੂ ਕਰ ਦਿੱਤਾ ਕਿ ਮੈਂ ਕਿਵੇਂ ਸ੍ਰੀ ਰਾਮ ਸਰੂਪ ਅਣਖੀ ਦੇ ਕੀਤੇ ਇਕ ਕੇਸ 'ਚੋਂ ਇਨ੍ਹਾਂ ਨੂੰ ਬਚਾਇਆ। ਮੈਂ ਸਹਿਜ ਸੁਭਾਅ ਹੀ ਕਿਹਾ ਕਿ ਚਰਨਜੀਤ ਸਿੰਘ ਜੀ ਹੁਣ ਤੁਸੀਂ 58 ਸਾਲ ਦੇ ਹੋ ਗਏ ਹੋ, ਤੁਹਾਡੇ ਬੱਚਿਆਂ ਦੇ ਬੱਚੇ ਹੋ ਗਏ ਹਨ, ਅਜਿਹੀਆਂ ਚੁਗਲੀਆਂ ਤੁਹਾਨੂੰ ਸੋਭਾ ਨਹੀਂ ਦਿੰਦੀਆਂ। ਮੈਂ ਤਾਂ ਤੁਹਾਨੂੰ ਕੇਸ ਬਾਰੇ ਕੁਝ ਨਹੀਂ ਪੁੱਛਿਆ। ਫੇਰ ਕੀ ਸੀ। ਚਰਨਜੀਤ ਸਿੰਘ ਚੰਨ ਨੇ ਮੈਨੂੰ ਗੁੱਸੇ 'ਚ ਕਿਹਾ ਕਿ 'ਬਲਦੇਵ ਤੈਨੂੰ ਮੈਂ ਲੈ ਕੇ ਆਇਆ ਸੀ, ਕਢਵਾ ਕੇ ਵੀ ਮੈਂ ਹੀ ਦੱਸਾਂਗਾ। ਮੈਂ ਕਿਹਾ ਚਰਨਜੀਤ ਸਿੰਘ ਜੀ ਇਸ ਤਰ੍ਹਾਂ ਕਹਿਣਾ-ਧਮਕੀ ਦੇਣਾ ਠੀਕ ਨਹੀਂ ਹੈ। (ਉਨ੍ਹਾਂ ਨੇ ਮੇਰੀ ਨਿੱਜੀ ਜ਼ਿੰਦਗੀ ਬਾਰੇ/ ਲਿਖਤਾਂ ਬਾਰੇ ਵੀ ਬਹੁਤ ਕੁਝ ਬੋਲਿਆ, ਕਿਉਂਕਿ ਇਸ ਦਾ ਸਬੰਧ ਸਭਾ ਦੇ ਦਫ਼ਤਰ ਨਾਲ ਨਹੀਂ ਹੈ ਕਿਤੇ ਫਿਰ ਕਿਤਾਬਚੇ ਵਿੱਚ ਖੁਲਾਸਾ ਕਰਾਂਗਾ।)

8 ਸਤੰਬਰ.2014 ਨੂੰ ਸਭਾ ਦੇ ਦਫ਼ਤਰ ਮੇਰੇ ਕਮਰੇ 'ਚ 4.30 ਵਜੇ ਤੋਂ 5.15 ਤੱਕ ਡਾ. ਰੇਣੂਕਾ ਸਿੰਘ ਅਤੇ ਸ੍ਰੀ ਚਰਨਜੀਤ ਸਿੰਘ ਚੰਨ ਨੇ ਦੋ ਬਹੁਤ ਹੀ ਛੋਟੇ ਕਾਰਣਾਂ ਨੂੰ ਲੈ ਕੇ ਮੇਰੀ ਬੇਇਜ਼ਤੀ ਕਰਨੀ ਸ਼ੁਰੂ ਕਰ ਦਿੱਤੀ। (ਪਹਿਲਾ ਕਾਰਣ ਸੀ ਕਿ ਪਿਛਲੀ ਕਾਰਜਕਾਰਨੀ ਦੀ ਬੈਠਕ ਵਿੱਚ ਚਾਹ ਨਾਲ ਬਰਫ਼ੀ ਕਿਉਂ ਨਹੀਂ ਰੱਖੀ। ਦੂਜਾ ਕਾਰਣ ਸੀ ਸ੍ਰੀਮਤੀ ਗੁਰਬਚਨ ਕੌਰ ਸਟੈਨੋ ਦੇ ਸੇਵਾ ਮੁਕਤ ਹੋਣ ਸਮੇਂ ਲੰਚ ਵੇਲੇ ਡਾ. ਮਹਿੰਦਰ ਕੌਰ ਗਿੱਲ ਨੂੰ ਕਿਉਂ ਨਹੀਂ ਬੁਲਾਇਆ।) ਡਾ. ਰੇਣੂਕਾ ਸਿੰਘ ਨੇ ਕਹਿਣਾ ਸ਼ੁਰੂ ਕੀਤਾ 'You are not a responsible Persan' ਮੈਂ ਜਦ ਵੀ ਦਫ਼ਤਰ ਆਉਂਦੀ ਹਾਂ ਤੁਸੀਂ ਮੈਨੂੰ Egnore ਕਰਦੇ ਹੋ। ਮੈਂ ਕਿਹਾ ਮੈਡਮ ਉਪਰੋਕਤ ਦੋਵਾਂ ਕੰਮਾਂ ਨਾਲ ਮੇਰਾ ਕੋਈ ਸੰਬੰਧ ਨਹੀਂ ਹੈ, ਫਿਰ ਵੀ ਮੈਂ ਮੁਆਫ਼ੀ

ਮੰਗਦਾ ਹਾਂ। ਫਿਰ ਕੀ ਸੀ ਮੇਰੇ ਮੁਆਫੀ ਮੰਗਣ ਦੀ ਦੇਰ ਸੀ ਉਸ ਨੇ ਫਿਰ ਬੇਇਜ਼ਤੀ ਕਰਨੀ ਸ਼ੁਰੂ ਕਰ ਦਿੱਤੀ। ਮੈਂ ਮੈਡਮ ਨੂੰ ਕਿਹਾ ਕਿ ਮੈਂ ਹੁਣ ਤੋਂ ਹੀ ਅਸਤੀਫ਼ਾ ਦੇ ਕੇ ਜਾ ਰਿਹਾ ਹਾਂ, ਮੈਂ ਆਪਣਾ 'ਬੈਗ' ਚੁੱਕ ਕੇ ਚਲਣ ਲੱਗਾ ਤਾਂ ਮੈਡਮ ਆਪਣੀ ਕੁਰਸੀ ਤੋਂ ਉੱਠੀ ਤੇ ਮੇਰੇ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਅੱਗੇ ਖੜੀ ਹੋ ਗਈ। ਕਹਿਣ ਲੱਗੀ "Baldev you are my younger brather" ਮੇਰੇ ਕਹਿਣ ਤੇ ਜੇ ਤੈਨੂੰ ਤਕਲੀਫ਼ ਹੋਈ ਹੈ ਤਾਂ ਮੈਂ ਮੁਆਫ਼ੀ ਮੰਗਦੀ ਹਾਂ। ਜਦ ਤਕ ਤੁਸੀਂ ਸਭਾ ਵਿਚ ਹੋ ਅਜਿਹਾ ਫਿਰ ਕਦੇ ਨਹੀਂ ਹੋਵੇਗਾ। ਸ੍ਰੀ ਚਰਨਜੀਤ ਸਿੰਘ ਚੰਨ ਆਪਣੀ ਸੀਟ ਤੋਂ ਉੱਠਿਆ ਤੇ ਮੇਰੀ ਕੁਰਸੀ ਕੋਲ ਹੱਥ ਜੋੜ ਕੇ ਖੜਾ ਹੋ ਗਿਆ ਤੇ ਮੁਆਫ਼ੀ ਮੰਗੀ ਕਿ ਮੈਨੂੰ ਮੁਆਫ਼ ਕਰ ਦੇ, ਇਹ ਸਾਰੀ ਘਟਨਾ ਲਈ ਮੈਂ ਜ਼ਿੰਮੇਵਾਰ ਹਾਂ।

ਮੈਂ ਬਹੁਤ ਕਿਹਾ ਕਿ ਮੈਨੂੰ ਜਾਣ ਦਿਉ। ਮੈਂ ਸਭਾ ਦੇ ਅਜਿਹੇ ਮਹੌਲ ਵਿੱਚ ਕੰਮ ਨਹੀਂ ਕਰ ਸਕਾਂਗਾ। ਅਸੀਂ ਅੱਗੇ ਤੋਂ ਇਕ ਦੂਜੇ ਨਾਲ ਅੱਖਾਂ ਨਹੀਂ ਮਿਲਾ ਸਕਾਂਗੇ। ਉਨ੍ਹਾਂ ਨੇ ਵਾਅਦਾ ਕੀਤਾ ਤੇ ਮੈਂ ਯਕੀਨ ਕਰ ਲਿਆ ਕਿ J. N. U. ਦੀ ਐਸੋਸੀਏਟ ਪ੍ਰੋਫੈਸਰ ਹੈ, ਮੈਨੂੰ ਭਰਾ ਕਹਿ ਦਿੱਤਾ, ਚਲੋ ਠੀਕ ਹੈ। (ਇਸ ਦਾ ਮੈਂ ਅਲਗ ਕਿਤਾਬਚੇ ਵਿੱਚ ਜ਼ਿਕਰ ਕਰਾਂਗਾ।)

ਜ਼ਰਾ ਸੁਣੋ, ਸ੍ਰੀ ਚੰਨ ਰਾਹੀਂ ਚੇਅਰਪਰਸਨ ਦੇ ਬੋਲ '.....ਅਸੀਂ ਉਹਨੂੰ ਬੰਨ੍ਹ ਕੇ ਨਹੀਂ ਰੱਖਿਆ ਜਦੋਂ ਚਾਹੇ ਚਲਾ ਜਾਵੇ।' ਉਸ ਨੂੰ ਦੱਸੋਂ ਕਿ 'ਦਫ਼ਤਰ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਹੈ।" ਇਥੇ 5 ਵਜੇ ਤੋਂ ਬਾਅਦ ਬੈਠਣ ਦੀ ਕੋਈ ਲੋੜ ਨਹੀਂ। ... ਅਤੇ ਹੋਰ ਅਨੇਕ ਗੱਲਾਂ।

8 ਦਸੰਬਰ, 2014 ਨੂੰ ਸਭਾ ਦੀ ਕਾਰਜਕਰਨੀ ਦੇ ਮੈਂਬਰ ਸ੍ਰੀ ਦਰਸ਼ਨ ਸਿੰਘ ਦੁਪਹਿਰੇ ਮੇਰੇ ਕਮਰੇ ਵਿੱਚ ਆ ਕੇ ਬੈਠੇ 'ਤੇ ਕਹਿਣ ਲੱਗੇ, 'ਬਲਦੇਵ ਸਭਾ ਦੇ ਬਾਈ ਲਾਅ ਅਲੱਗ ਨੇ, ਮੈਡਮ ਰੇਣੁਕਾ ਸਿੰਘ ਤੇਰੇ ਪ੍ਰਤੀ ਠੀਕ ਰਾਏ ਨਹੀਂ ਰੱਖਦੇ। ਇਥੇ ਸਰਕਾਰੀ ਸਿਸਟਮ ਨਹੀਂ। ਮੈਨੂੰ ਵੀ ਮੈਡਮ ਨੇ ਹੀ ਨੌਮੀਨੇਟ' ਕੀਤਾ ਹੈ। ਸਾਡੀ ਇਥੇ ਕੋਈ 'ਸੇਅ' ਨਹੀਂ। ਅਸੀਂ ਤੇਰੀ ਕੋਈ ਮਦਦ ਨਹੀਂ ਕਰ ਸਕਾਂਗੇ।

ਫਰਵਰੀ, 2015 ਨੂੰ ਡਾ. ਮਹਿੰਦਰ ਕੌਰ ਗਿੱਲ ਆਪਣੀ ਕਾਰ ਤੇ ਦਫ਼ਤਰ ਆਈ। ਉਸ ਨੇ ਗੋਡਿਆਂ ਦਾ ਅਪਰੇਸ਼ਨ ਕਰਵਾਇਆ ਸੀ। ਮੈਨੂੰ ਬਾਹਰ ਬੁਲਾਇਆ ਤੇ ਕਾਰ 'ਚ ਬੈਠੀ ਨੇ ਹੀ ਅੱਧਾ ਘੰਟਾ ਮੇਰੇ ਨਾਲ ਗੱਲਾਂ ਕੀਤੀਆਂ। ਤਕਰੀਬਨ ਦਰਸ਼ਨ ਸਿੰਘ ਵਾਲੀਆਂ ਹੀ ਗੱਲਾਂ, ਪਰ ਕਿਤੇ ਕਿਤੇ ਮੇਰੇ ਕੀਤੇ ਕੰਮਾਂ ਪ੍ਰਤੀ ਹਮਦਰਦੀ ਵੀ ਦਿਖਾਈ। ਇਸ਼ਾਰਾ ਕੀਤਾ ਕਿ ਜਾਣ ਦੀ ਤਿਆਰੀ ਕਰੋ। ਮੈਂ ਕਿਹਾ 'ਮੈਡਮ ਪੂਰਾ ਪੰਜਾਬੀ ਜਗਤ ਖੁਸ਼ ਹੈ ਕਿ ਮੈਂ ਸਭਾ ਵਿੱਚ ਬਹੁਤ ਚੰਗੇ ਕੰਮ ਕੀਤੇ ਹਨ। ਸਿਰਫ ਡਾ. ਰੇਣੁਕਾ ਸਿੰਘ ਅਤੇ ਸ੍ਰੀ ਚੰਨ ਜੀ ਹੀ ਖੁਸ਼ ਨਹੀਂ ਹਨ।' ਮੈਡਮ ਹੱਸੀ ਤੇ ਉਸ ਨੇ ਮੈਨੂੰ ਆਪਣਿਆਂ ਵਾਂਗ ਕਈ ਗੱਲਾਂ ਸਮਝਾਈਆਂ, ਜਿਨ੍ਹਾਂ ਦਾ ਜ਼ਿਕਰ ਮੈਂ ਕਿਤਾਬਚੇ ਵਿੱਚ ਕਰਾਂਗਾ।

28.2.2015 ਨੂੰ ਰਾਤ 8.52 ਵਜੇ ਮੈਨੂੰ ਸ੍ਰੀ ਗੁਲਜ਼ਾਰ ਸਿੰਘ ਸੰਧੂ ਦਾ ਧਮਕੀ ਭਰਿਆ ਫੋਨ ਆਇਆ ਕਿ 'ਬਲਦੇਵ ਤੈਨੂੰ ਸਭਾ ਛੱਡਣੀ ਪਵੇਗੀ।'

ਮੈਂ ਕਿਹਾ, "ਸੰਧੂ ਸਾਹਿਬ ... ਕਾਰਣ ਦੱਸਣੇ ਪੈਣਗੇ ਲਿਖਤ 'ਚ ਕਿ ਮੈਨੂੰ ਕਿਉਂ ਕੱਢਿਆ ਜਾ ਰਿਹਾ ਹੈ। ਮੈਂ ਉਨ੍ਹਾਂ ਕਾਰਣਾ ਦਾ ਉਤਰ ਦੇਵਾਂਗਾ, ਫੇਰ ਸਭਾ ਛੱਡ ਕੇ ਜਾਵਾਂਗਾ।"

ਇਹ ਸੁਣਨ 'ਤੇ ਉਸ ਨੇ ਕਿਹਾ ਚੰਗਾ ਮੈਂ 4-5 ਦਿਨ ਬਾਅਦ ਡਾ. ਰੇਣੂਕਾ ਨਾਲ ਗੱਲ ਕਰਕੇ ਫਿਰ ਫੋਨ ਕਰਾਂਗਾ।

9.3.2015 ਨੂੰ ਰਾਤ 9 ਵਜੇ ਸ੍ਰੀ ਸੰਧੂ ਦਾ ਫਿਰ ਫੋਨ ਆਉਂਦਾ ਹੈ। 'ਤੈਨੂੰ ਰੀਜ਼ਾਇਨ ਕਰਕੇ ਜਾਣਾ ਪਵੇਗਾ। ਅਸੀਂ ਲਿਖਤ ਵਿੱਚ ਕੁਝ ਨਹੀਂ ਦੇਵਾਂਗੇ, ਨਾ ਅੱਜ ਤਕ ਕਿਸੇ ਨੂੰ ਦਿੱਤਾ ਹੈ।

ਮੈਂ ਕਿਹਾ ਸੰਧੂ ਸਾਹਿਬ ਤੁਸੀਂ ਮੈਨੂੰ ਕੋਈ ਨਵੀਂ ਗੱਲ ਨਹੀਂ ਕਹਿ ਰਹੇ। ਇਸ ਤੋਂ ਪਹਿਲਾਂ ਡਾ. ਰੇਣੂਕਾ ਸਿੰਘ, ਸ੍ਰੀ ਦਰਸ਼ਨ ਸਿੰਘ, ਡਾ. ਮਹਿੰਦਰ ਕੌਰ ਗਿੱਲ ਅਤੇ ਸ੍ਰੀ ਚਰਨਜੀਤ ਸਿੰਘ ਚੰਨ ਵੀ ਅਸਤੀਫ਼ੇ ਦੀ ਧਮਕੀ ਦੇ ਚੁੱਕੇ ਹਨ। ਮੈਂ ਸ੍ਰੀ ਸੰਧੂ ਨਾਲ 8 ਸਤੰਬਰ 2014 ਨੂੰ ਸਭਾ ਦੇ ਦਫ਼ਤਰ ਵਿੱਚ ਆਪਣੇ ਨਾਲ ਵਾਪਰੀ ਘਟਨਾ ਦਾ ਵੀ ਜ਼ਿਕਰ ਕੀਤਾ। ਸ੍ਰੀ ਸੰਧੂ ਨੇ ਮੇਰੇ ਪਰਿਵਾਰਕ ਜੀਵਨ ਬਾਰੇ ਵੀ ਬਹੁਤ ਹੀ ਭੱਦੀ ਟਿੱਪਣੀ ਕੀਤੀ। ਇਹ ਸਾਰੀ ਗੱਲਬਾਤ ਫੋਨ 'ਤੇ ਰਿਕਾਰਡ ਹੋਈ ਹੈ।

ਡਾ. ਮਹਿੰਦਰ ਕੌਰ ਗਿੱਲ ਜੀ ਤੁਸੀਂ ਸਭਾ ਦੇ ਜਨਰਲ ਸਕੱਤਰ ਹੋ। ਮੈਂ ਤੁਹਾਨੂੰ ਪਿਛਲੇ 30 ਸਾਲ ਤੋਂ ਜਾਣਦਾ ਹਾਂ। ਅਸੀਂ ਇਕ ਦੂਜੇ ਨੂੰ ਅਕਸਰ ਮਿਲਦੇ ਰਹਿੰਦੇ ਹਾਂ। ਤੁਸੀਂ ਕਿਉਂ ਏਨਾ ਵੀ ਜ਼ਰੂਰੀ ਨਹੀਂ ਸਮਝਿਆ ਕਿ ਬਲਦੇਵ ਸਿੰਘ ਵਰਗੇ ਪੰਜਾਬੀ ਭਾਸ਼ਾ ਨੂੰ ਸਮਰਪਿਤ ਵਿਅਕਤੀ ਨੂੰ ਕੱਢਣ ਲਈ ਕੋਈ ਵੀ ਫੈਸਲਾ ਸਭਾ ਦੇ ਨੇਮਾਂ ਅਨੁਸਾਰ ਹੀ ਲੈਣਾ ਚਾਹੀਦਾ ਹੈ। ਸਭਾ ਦੇ ਨੇਮਾਂ ਵਿੱਚ ਇਹ ਦਰਜ਼ ਹੈ ਕਿ ਕਿਸ ਸਥਿਤੀ ਵਿੱਚ ਅਤੇ ਕਿਨ੍ਹਾਂ ਨਿਯਮਾਂ ਅਧੀਨ ਕਿੰਨੇ ਮੈਂਬਰਾਂ ਦੀ ਰਾਏ ਅਨੁਸਾਰ ਕਿਸੇ ਨੂੰ ਨੌਕਰੀ 'ਚੋਂ ਕੱਢਿਆ ਜਾ ਸਕਦਾ ਹੈ। ਪਰ ਕਿਸੇ ਵੀ ਮੈਂਬਰ ਨੂੰ ਕਿਸੇ ਵੀ ਨੇਮ ਦੀ ਪਰਵਾਹ ਨਹੀਂ? ਕਿਸੇ ਨੌਕਰੀ ਕਰ ਰਹੇ ਅਧਿਕਾਰੀ ਨੂੰ ਯਾਤਨਾ ਦੇਣਾ/ ਬੇਇੱਜ਼ਤ ਕਰਨਾ, ਨੌਕਰੀ ਛੱਡਣ ਲਈ ਧਮਕੀ ਦੇਣਾ ਗੈਰਕਾਨੂੰਨੀ ਹੈ ਭਾਵੇਂ ਪੰਜਾਬੀ ਸਾਹਿਤ ਸਭਾ ਦਾ ਹੀ ਦਫ਼ਤਰ ਕਿਉਂ ਨਾ ਹੋਵੇ।

ਡਾ. ਮਹਿੰਦਰ ਕੌਰ ਗਿੱਲ ਜੀ ਤੁਸੀਂ ਹੀ ਦੱਸੋ ਮੈਂ ਕੀ ਕਰਦਾ। ਗੁਰਬਾਣੀ ਦਾ ਫੁਰਮਾਨ ਹੈ-

ਜਿਤ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ (ਅੰਗ 15)

ਪੰਜਾਬੀ ਸਾਹਿਤ ਸਭਾ ਵਲੋਂ ਆਪਣੇ ਕਰਮਚਾਰੀਆਂ ਨੂੰ ਬੇਇੱਜ਼ਤ ਕੀਤੇ ਜਾਣ ਦੀ ਇਹ ਪਹਿਲੀ ਘਟਨਾ ਨਹੀਂ ਹੈ। ਮੇਰੇ ਤੋਂ ਪਹਿਲਾਂ ਸ੍ਰੀਮਤੀ ਕੰਵਲਜੀਤ ਕੌਰ ਅਤੇ ਸ੍ਰੀਮਤੀ ਕ੍ਰਿਸ਼ਨਾ ਬੇਦੀ ਨਾਲ ਵੀ ਅਜਿਹਾ ਹੀ ਹੋਇਆ ਹੈ। ਸਭਾ ਦੇ ਕਰਮਚਾਰੀ ਸ੍ਰੀ ਅਮਰ ਸਿੰਘ ਨੂੰ ਹਾਲ ਹੀ ਵਿਚ ਮੇਰੇ ਸਾਹਮਣੇ ਜਦ ਸ੍ਰੀ ਚਰਨਜੀਤ ਸਿੰਘ ਚੰਨ ਮੂੰਹ 'ਤੇ ਜੁੱਤੀਆਂ ਮਾਰਨ ਦੀ ਧਮਕੀ ਦਿੰਦੇ ਹਨ ਤਾਂ ਸ੍ਰੀ ਅਮਰ ਸਿੰਘ ਆਪਣੀ ਤਨਖਾਹ ਦਾ ਚੈੱਕ ਟੋਟੇ ਟੋਟੇ ਕਰਕੇ ਸ੍ਰੀ ਚੰਨ ਦੇ ਮੂੰਹ 'ਤੇ ਮਾਰਦੇ ਹਨ। ਇਸ ਦੀ ਜਾਣਕਾਰੀ ਡਾ. ਰੇਣੂਕਾ ਸਿੰਘ ਨੂੰ ਵੀ ਹੈ। ਜਦੋਂ ਸ੍ਰੀ ਅਮਰ ਸਿੰਘ ਪਿਛਲੇ ਦਿਨੀਂ ਕਿਸੇ ਜ਼ਰੂਰੀ ਕੰਮ ਕਰਕੇ ਲੰਬੀ ਛੁੱਟੀ ਗਏ ਤਾਂ ਸ੍ਰੀ ਚੰਨ ਦਾ ਮੈਨੂੰ ਫੋਨ ਆਇਆ, "ਸਾਲਾ ਹਰਾਮਜ਼ਾਦਾ ਜਦ ਚਾਹੇ ਛੁੱਟੀ ਕਰਦਾ ਹੈ। ਇਸ ਵਾਰ ਇਸ ਦੀ ਤਨਖਾਹ ਕੱਟਾਂਗਾ।" ਇਸ ਦੀ ਜਾਣਕਾਰੀ ਵੀ ਮੈਂ ਡਾ. ਰੇਣੂਕਾ ਸਿੰਘ ਨੂੰ ਦਿੱਤੀ ਕਿ ਸਭਾ ਵਿੱਚ ਦਫ਼ਤਰ ਵਾਲਾ ਮਾਹੌਲ ਹੋਣਾ ਜ਼ਰੂਰੀ ਹੈ। ਪਰ ਮੇਰੀ ਕਿਸੇ ਨੇ ਨਾ ਸੁਣੀ। ਜਦੋ ਤਕ ਪੰਜਾਬੀ ਸਾਹਿਤ ਸਭਾ ਨੂੰ ਇਕ ਦਫ਼ਤਰ ਵਾਂਗ ਨਹੀਂ ਚਲਾਇਆ ਜਾਂਦਾ, ਕਰਮਚਾਰੀ ਪੱਕੇ ਨਹੀਂ ਕੀਤੇ ਜਾਂਦੇ। (ਅੱਜ ਤੱਕ ਸਾਰੇ ਕਰਮਚਾਰੀ-ਅਧਿਕਾਰੀ ਇਕ ਇਕ ਸਾਲ ਦਾ ਪੱਤਰ ਪ੍ਰਾਪਤ ਕਰਦੇ ਆ ਰਹੇ ਹਨ।) ਤੱਕ ਤੱਕ ਸਭਾ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਵਿਕਾਸ ਕਰਨ ਵਿੱਚ ਸਫ਼ਲ ਨਹੀਂ ਹੋ ਸਕਦੀ। ਆਪਣੇ ਚਹੇਤਿਆਂ ਨੂੰ ਚੈਕ ਵੰਡਦੇ ਜਾਓ, ਵਿਦਿਆਰਥੀਆਂ ਨੂੰ ਚੈੱਕ ਵੰਡਦੇ ਜਾਓ, ਚਹੇਤਿਆਂ ਨੂੰ ਫੈਲੋਸ਼ਿਪ ਦਿੰਦੇ ਜਾਓ ( ਤਾਂ ਕਿ ਨਵਯੁੱਗ ਵੱਲੋਂ ਲੇਖਕਾਂ ਨੂੰ ਦਿੱਤੀ ਜਾਣ ਵਾਲੀ ਰਾਇਲਟੀ ਬਚਾਈ ਜਾ ਸਕੇ) ਚਹੇਤਿਆਂ ਨੂੰ ਸਨਮਾਨ ਦਿੰਦੇ ਜਾਓ, ਇਸ ਨਾਲ ਪੰਜਾਬੀ ਭਾਸ਼ਾ ਅਤੇ ਪੁਸਤਕ ਸਭਿਆਚਾਰ ਪ੍ਰਫੁਲਤ ਨਹੀਂ ਹੋਣਗੇ।

***ਅਰਬਾਂ ਰੁਪਏ ਦੇ ਪੰਜਾਬੀ ਭਵਨ ਨੂੰ ਪੰਜਾਬੀ ਲੇਖਕਾਂ ਦੇ ਹਵਾਲੇ ਕਰਕੇ ਹੀ ਚੰਗੇ ਸਿੱਟੇ ਸਾਹਮਣੇ ਆ ਸਕਣਗੇ।***

ਡਾ. ਰੇਣੂਕਾ ਸਿੰਘ ਦੇ ਪਰਿਵਾਰ ਦਾ ਚਲਿਆ ਆ ਰਿਹਾ ਕਬਜ਼ਾ ਅਤੇ ਸ੍ਰੀ ਚਰਨਜੀਤ ਸਿੰਘ ਚੰਨ

ਦੀਆਂ ਸਾਜ਼ਸ਼ਾਂ/ ਕਾਰਨਾਮੇ ਸਭਾ ਨੂੰ ਖੋਖਲਾ ਕਰ ਚੁੱਕੇ ਹਨ। ਮੇਰੇ ਕੋਲ ਇਨ੍ਹਾਂ ਦੋਵਾਂ ਦੇ ਕਾਰਨਾਮਿਆਂ ਬਾਰੇ ਤੇ ਸਭਾ ਬਾਰੇ ਬਹੁਤ ਜਾਣਕਾਰੀ ਹੈ। ਕਦੇ ਫਿਰ ਦੱਸਾਂਗਾ।

ਡਾ. ਮਹਿੰਦਰ ਕੌਰ ਗਿੱਲ ਜੀ ਨਿਮਰਤਾ ਨਾਲ ਕਹੇ ਹੋਏ ਮਿੱਠੜੇ ਬੋਲ ਗਹਿਰੇ ਜ਼ਖ਼ਮਾਂ ਨੂੰ ਮੇਟਣ ਵਿੱਚ ਸਹਾਈ ਹੁੰਦੇ ਹਨ ਪਰ ਆਪ ਵੀ ਚੇਅਰਪਰਸ਼ਨ ਹੀ ਬਣ ਬੈਠੇ। ਖ਼ੈਰ ! ਇਹ ਕੁਝ ਕੁ ਕਾਰਣ ਹਨ (ਬਾਕੀਆਂ ਦਾ ਜ਼ਿਕਰ ਮੈਂ ਕਿਤਾਬਚੇ ਵਿਚ ਕਰਾਂਗਾ) ਜਿਨ੍ਹਾਂ ਕਰਕੇ ਮੈਂ ਅਸਤੀਫ਼ਾ ਦਿੱਤਾ ਤੇ ਆਪਣੀ ਪਤਿ ਬਚਾਉਣ ਦੀ ਕੋਸ਼ਿਸ਼ ਕੀਤੀ।

***ਡਾ. ਮਹਿੰਦਰ ਕੌਰ ਗਿੱਲ ਜੀ ਆਪ ਜੀ ਵੱਲੋਂ ਪੱਤਰ ਵਿੱਚ ਮੰਗੀ ਗਈ ਦੂਜੀ ਜਾਣਕਾਰੀ ਬਾਰੇ।***

ਪੱਤਰ ਵਿੱਚ ਆਪ ਜੀ ਨੇ ਲਿਖਿਆ ਹੈ, "ਇਸ ਦੇ ਨਾਲ ਹੀ ਤੁਸੀਂ ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ , ਯੂਨੀਸਟਾਰ ਬੁਕਸ ਚੰਡੀਗੜ੍ਹ ਅਤੇ ਨਿਊ ਬੁਕ ਕੰਪਨੀ ਜਲੰਧਰ ਤੋਂ ਪ੍ਰਾਪਤ ਹੋਏ ਜਨਵਰੀ ਤੇ ਫਰਵਰੀ 2015 ਦੇ ਬਿਲਾਂ ਉਤੇ ਆਦੇਸ਼ ਦਿੱਤਾ ਹੈ ਕਿ ਉਨ੍ਹਾਂ ਦਾ ਭੁਗਤਾਨ ਕੀਤਾ ਜਾਵੇ। ਸਪੱਸ਼ਟ ਹੈ ਕਿ ਇਨ੍ਹਾਂ ਦਾ ਆਰਡਰ ਤੁਹਾਡੇ ਵੱਲੋਂ ਗਿਆ ਹੈ। ਚੇਤੇ ਰਹੇ ਕਿ ਦਸੰਬਰ 2014 ਦੀ ਕਾਰਜਕਰਨੀ ਦੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਪੰਜਾਬੀ ਸਾਹਿਤ ਸਭਾ ਕਿਤਾਬਾਂ ਖਰੀਦਣ ਤੇ ਵੇਚਣ ਦਾ ਕੰਮ ਨਹੀਂ ਕਰ ਸਕਦੀ। ਏਸ ਅਮਲ ਦਾ ਕਾਰਨ ਸਪੱਸ਼ਟ ਕਰੋ ਤੇ ਆਪਣੇ ਵੱਲੋਂ ਭੇਜੇ ਆਰਡਰ ਦੀ ਕਾਪੀ ਦਿਓ ਤਾਂ ਕਿ ਬਿੱਲਾਂ ਦਾ ਭੁਗਤਾਨ ਕਰਨ ਬਾਰੇ ਫੈਸਲਾ ਲਿਆ ਜਾ ਸਕੇ। ਤੁਹਾਡਾ ਸਪੱਸ਼ਟੀਕਰਨ ਇਕ ਮਹੀਨੇ ਦੇ ਅੰਦਰ ਅੰਦਰ ਆਉਣਾ ਚਾਹੀਦਾ ਹੈ।'

ਇਸ ਬਾਰੇ ਮੇਰਾ ਸਪੱਸਟੀਕਰਨ ਇਸ ਪ੍ਰਕਾਰ ਹੈ–

ਡਾ. ਮਹਿੰਦਰ ਕੌਰ ਗਿੱਲ ਜੀ ਸੱਚਾ ਮਨੁੱਖ / ਸੂਰਾ ਜਾਣਦਾ ਹੈ–'ਬਹੁਤਾ ਬੋਲਣੁ ਝਖਣੁ ਹੋਇ ਵਿਣੁ ਬੋਲੇ ਜਾਣੈ ਸਭੁ ਕੋਇ॥ (ਅੰਗ 661) ਦਸੰਬਰ 2014 ਦੀ ਕਾਰਜਕਰਨੀ ਦੀ ਬੈਠਕ ਵਿੱਚ ਅਜਿਹਾ ਕੋਈ ਫੈਸਲਾ ਨਹੀਂ ਲਿਆ ਗਿਆ ਕਿ ਸਭਾ ਪੁਸਤਕਾਂ ਖਰੀਦਣ ਤੇ ਵੇਚਣ ਦਾ ਕੰਮ ਨਹੀਂ ਕਰ ਸਕਦੀ। ਤੁਹਾਡੇ ਕੋਲ ਕੋਈ ਫੈਸਲੇ ਦੀ ਕਾਪੀ ਹੈ ਤਾਂ ਭੇਜਣ 'ਚ ਸਹਿਯੋਗ ਕਰਨਾ। ਮੈਨੂੰ ਦਫ਼ਤਰ ਵੱਲੋਂ ਕਦੇ ਵੀ ਅਜਿਹਾ ਕਰਨ ਦਾ ਕੋਈ ਫੈਸਲਾ ਨਹੀਂ ਮਿਲਿਆ ਹੈ। ਇਸ ਸੰਦਰਭ ਵਿੱਚ ਸਭਾ ਦੇ ਪ੍ਰਧਾਨ ਵੱਲੋਂ 22 ਮਾਰਚ 2015 ਦੇ 'ਅਜੀਤ' ਅਖ਼ਬਾਰ ਵਿੱਚ ਦਿੱਤਾ ਬਿਆਨ ਵੀ ਝੂਠਾ ਹੈ ਕਿ, "ਇਸ ਸਬੰਧੀ ਪੁੱਛਣ ਤੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਗੁਲਜ਼ਾਰ ਸਿੰਘ ਸੰਧੂ ਨੇ ਕਿਹਾ ਕਿ ਸ. ਬੱਦਨ ਦੇ ਅਹੁਦੇ ਦੀ ਮਿਆਦ 31 ਮਾਰਚ ਨੂੰ ਸਮਾਪਤ ਹੋ ਜਾਣੀ ਸੀ, ਤੇ ਕਈ ਵਾਰ ਰੋਕਣ ਦੇ ਬਾਵਜੂਦ ਉਨ੍ਹਾਂ ਵੱਲੋਂ ਸਭਾ ਦੇ ਵਿਧਾਨ ਦੇ ਉਲਟ ਨਿੱਜੀ ਪਬਲਿਸ਼ਰਾਂ ਦੀਆਂ ਕਿਤਾਬਾਂ ਪੰਜਾਬੀ ਭਵਨ ਵਿਖੇ ਵੇਚਣਾ ਜਾਰੀ ਰੱਖਣ ਕਾਰਨ ਸਭਾ ਉਨ੍ਹਾਂ ਦੇ ਅਹੁਦੇ ਦੀ ਮਿਆਦ ਨਹੀਂ ਵਧਾ ਰਹੀ ਸੀ, ਜਿਸ ਕਾਰਨ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ।'

ਸਭਾ ਵਿੱਚ ਬੁਕ ਸ਼ਾਪ ਤਾਂ ਕਿਤਾਬਾਂ ਖਰੀਦਣ ਦੇ ਵੇਚਣ ਦਾ ਕੰਮ ਪਿਛਲੇ 20 ਸਾਲ ਤੋਂ ਕਰ ਰਹੀ ਹੈ। (ਸਭਾ ਵੱਲੋਂ ਤਾਂ ਲੱਖਾਂ ਰੁਪਏ ਦੀ ਪੁਸਤਕਾਂ ਦੀ ਪ੍ਰਦਰਸ਼ਨੀ ਵਾਲੀ ਬੱਸ ਵੀ ਹਜ਼ਮ ਕਰ ਲਈ ਗਈ ਹੈ)

ਮੈਂ ਸਿਰਫ਼ ਸਭਾ ਦੇ ਫੈਸਲਿਆਂ ਬਾਰੇ ਤਿੰਨ ਹਵਾਲੇ ਦੇਵਾਂਗਾ–

1. ਪੁਸਤਕ ਭਾਗ–"ਇਸ ਵਿੱਚ 22 ਪਬਲਿਸ਼ਰਾਂ ਦੀਆਂ ਦਸ ਹਜ਼ਾਰ ਪੁਸਤਕਾਂ ਸ਼ੈਲਫ਼ਾ ਵਿਚ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਇਹ ਪੁਸਤਕਾਂ ਆਮ ਵੇਖੀਆਂ ਜਾ ਸਕਦੀਆਂ ਹਨ ਅਤੇ ਕੁਝ ਵਿਸ਼ੇਸ਼ ਟਾਈਟਲਾਂ ਤੋਂ ਇਲਾਵਾ ਕੋਈ ਵੀ ਪੁਸਤਕ ਅੱਧੇ ਮੁੱਲ 'ਤੇ ਉਸੇ ਵੇਲ ਖਰੀਦੀ ਜਾ ਸਕਦੀ ਹੈ। ਸਾਹਿਤਕ ਇਕੱਤਰਤਾਵਾਂ ਜਾਂ ਪੰਜਾਬੀ ਭਵਨ ਵਿੱਚ ਆਉਣ ਵਾਲੇ ਸੱਜਣ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾ ਸਕਦੇ / ਰਹੇ ਹਨ।' ਵਿਸ਼ੇਸ਼ਤਾ ਇਸ ਗੱਲ ਦੀ ਹੈ ਕਿ ਪਬਲਿਸ਼ਰਾਂ ਦੇ ਨਵੀਨਤਮ

ਟਾਈਟਲ ਮੰਗਵਾਉਣ ਦਾ ਉਦਮ ਕੀਤਾ ਜਾਂਦਾ ਹੈ।

ਪੰਜਾਬੀ ਭਵਨ ਦੀ ਲਾਬੀ ਵਿੱਚ 10 ਵਿਸ਼ੇਸ਼ ਸਟੈਂਡ ਲਗਵਾਏ ਗਏ ਹਨ ਤਾਂ ਜੋ 7-8 ਸੌ ਟਾਈਟਲ ਸਾਧਾਰਣ ਤੌਰ ਤੇ ਪਾਠਕਾਂ-ਦਰਸ਼ਕਾਂ ਦੇ ਗੋਚਰੇ ਹੁੰਦੇ ਰਹਿਣਗੇ। ਇਸ ਕਾਰਜ ਨੂੰ ਕਾਫੀ ਸਲਾਹਿਆ ਗਿਆ ਹੈ ਅਤੇ ਆਉਣ ਵਾਲੇ ਸਮੇਂ ਅੰਦਰ ਇਸ ਦੇ ਪੰਜਾਬੀ ਪ੍ਰਕਾਸ਼ਕਾਂ ਦੀ ਪ੍ਰਦਰਸ਼ਨੀ ਕਮ ਵਿਕਰੀ ਦਾ ਸਭ ਤੋਂ ਵੱਡਾ ਅਤੇ ਨਿਵੇਕਲਾ ਕੇਂਦਰ ਬਣ ਜਾਣ ਦੀ ਆਸ ਹੈ।"

(ਪੰਜਾਬੀ ਸਾਹਿਤ ਸਭਾ ਦੀ ਫਰਵਰੀ,1998 ਤੋਂ ਸਤੰਬਰ,2001 ਦੀ ਸੰਖੇਪ ਰਿਪੋਰਟ ਇਹ 28 ਫਰਵਰੀ,1998 ਦੀ ਫਾਊਂਡਰ ਮੈਂਬਰਾਂ ਦੀ ਇੱਕਤਰਤਾ ਵਿਚ ਪੇਸ਼ ਕੀਤੀ ਗਈ, ਇਸ ਵਿਚ ਡਾ. ਮਹਿੰਦਰ ਕੌਰ ਗਿੱਲ ਅਤੇ ਗੁਲਜ਼ਾਰ ਸਿੰਘ ਸੰਧੂ ਵੀ ਸ਼ਾਮਲ ਸਨ) ਪੰਨਾ. 5

2. ਭਵਨ ਵਿੱਚ 22 ਪਬਲਿਸ਼ਰਾਂ ਦੇ ਸਹਿਯੋਗ ਨਾਲ ਪ੍ਰਦਰਸ਼ਤ ਪੁਸਤਕਾਂ 50% ਰਿਆਇਤ ਨਾਲ ਵੇਚੀਆਂ ਜਾ ਰਹੀਆਂ ਹਨ। ਇਸ ਤੋਂ ਕਾਫੀ ਪਾਠਕ ਲਾਭ ਉਠਾ ਰਹੇ ਹਨ।"

'ਮੋਬਾਈਲ ਲਾਇਬ੍ਰੇਰੀ ਦੀ ਵੈਨ' ਨਾਲ ਪਿੰਡਾਂ ਸ਼ਹਿਰਾਂ ਅਤੇ ਨੇੜੇ ਤੇੜੇ ਦੇ ਸਕੂਲਾਂ/ ਕਾਲਜਾਂ ਵਿੱਚ ਪੁਸਤਕ ਖਰੀਦਣ ਵਾਲਿਆਂ ਦੀ ਦਿਲਚਸਪੀ ਵਧੀ ਹੈ ਅਤੇ 50% ਦੀ ਰਿਆਇਤ ਨਾਲ ਪੁਸਤਕਾਂ ਉਪਲਬਧ ਹੋਣ ਕਾਰਨ ਇਸ ਸਕੀਮ ਨੂੰ ਅੱਛਾ ਹੁੰਗਾਰਾ ਮਿਲ ਰਿਹਾ ਹੈ।"

(ਪੰਜਾਬੀ ਸਾਹਿਤ ਸਭਾ ਦੇ ਫਾਊਂਡਰ ਮੈਂਬਰਾਂ ਦੀ ਇਕੱਤਰਤਾ ਜੋ 21 ਸਤੰਬਰ, 2001 ਨੂੰ ਸਭਾ ਦੇ ਦਫ਼ਤਰ ਵਿਖੇ ਹੋਈ। ਇਸ ਵਿੱਚ ਭਾਪਾ ਪ੍ਰੀਤਮ ਸਿੰਘ, ਡਾ. ਰੇਣੁਕਾ ਸਿੰਘ, ਡਾ. ਮਹਿੰਦਰ ਕੌਰ ਗਿੱਲ ਅਤੇ ਸ੍ਰੀ ਗੁਲਜ਼ਾਰ ਸਿੰਘ ਸੰਧੂ ਤੋਂ ਇਲਾਵਾ ਹੋਰ ਵੀ ਕਈ ਮੈਂਬਰ ਸਾਮਲ ਸਨ। ਪੰਨਾ 3)

3. "ਪੰਜਾਬੀ ਭਵਨ ਵਿੱਚ 22 ਪਬਲਿਸ਼ਰਾਂ ਦੇ ਸਹਿਯੋਗ ਨਾਲ 50% ਦੀ ਰਿਆਇਤ ਤੱਕ ਪਾਠਕਾਂ ਨੂੰ ਪੁਸਤਕਾਂ ਉਪਲੱਬਧ ਕਰਾਉਣ ਦਾ ਕਾਰਜ ਬਕਾਇਦਾ ਤੌਰ ਤੇ ਚਲ ਰਿਹਾ ਹੈ। ਇਹ ਪੁਸਤਕਾਂ ਲਾਬੀ ਵਿਚ ਪ੍ਰਦਰਸ਼ਿਤ ਵੀ ਕੀਤੀਆਂ ਗਈਆਂ ਹਨ ਤਾਂ ਜੋ ਪਾਠਕਾਂ ਦਾ ਧਿਆਨ ਖਿੱਚ ਸਕਣ। ਦਿੱਲੀ ਦੇ ਇਲਾਵਾ ਪੰਜਾਬ ਵਾਸੀ ਪਾਠਕ ਤੇ ਸਾਹਿਤਕ ਸੰਸਥਾਵਾਂ ਇਸ ਸਹੂਲਤ ਤੋਂ ਲਾਭ ਲੈਂਦੀਆਂ ਹਨ।" ਫਾਊਂਡਰ ਮੈਂਬਰਾਂ ਦੀ 1 ਅਕਤੂਬਰ, 2004 ਦੀ ਇਕੱਤਰਤਾ ਜਿਸ ਵਿਚ ਹੋਰ ਮੈਬਰਾਂ ਤੋਂ ਇਲਾਵਾ ਡਾ. ਰੇਣੁਕਾ ਸਿੰਘ, ਡਾ. ਮਹਿੰਦਰ ਕੌਰ ਗਿੱਲ ਅਤੇ ਗੁਲਜ਼ਾਰ ਸਿੰਘ ਸੰਧੂ ਵੀ ਸ਼ਾਮਿਲ ਸਨ।) ਪੰਨਾ 4

ਮੈਂ ਜ਼ਿਆਦਾ ਕੁਝ ਨਹੀਂ ਕਹਾਂਗਾ। ਕ੍ਰਿਪਾ ਕਰਕੇ ਆਪਣੇ ਫ਼ੈਸਲਿਆਂ ਦਾ ਹੀ ਸਤਿਕਾਰ ਕਰੋ।

ਪੁਸਤਕਾਂ ਦਾ ਆਰਡਰ ਸਭਾ ਦੀ ਚੇਅਰਪਰਸਨ ਡਾ. ਰੇਣੁਕਾ ਸਿੰਘ ਦੇ ਸੁਝਾਅ ਤੇ ਹੀ ਦਿੱਤਾ ਗਿਆ ਹੈ। ਦਸੰਬਰ 2014 ਤੋਂ ਬਾਅਦ ਸਿਰਫ਼ ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਯੂਨੀਸਟਾਰ ਬੁਕਸ ਚੰਡੀਗੜ੍ਹ ਅਤੇ ਨਿਊ ਬੁਕ ਕੰਪਨੀ ਜਲੰਧਰ ਨੂੰ ਹੀ ਫੋਨ 'ਤੇ ਆਰਡਰ ਨਹੀਂ ਦਿੱਤਾ ਗਿਆ ਇਸ ਵਿੱਚ ਨਵਯੁੱਗ ਪ੍ਰਕਾਸ਼ਨ ਦਿੱਲੀ ਦੇ ਤਿੰਨ ਆਰਡਰ, ਆਰਸੀ ਪਬਲਿਸ਼ਰਜ਼ ਦਿੱਲੀ ਦੇ 2 ਆਰਡਰ, ਪੰਜਾਬੀ ਅਕਾਦਮੀ ਦਿੱਲੀ ਦਾ ਇਕ ਆਰਡਰ, ਵਾਰਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ ਦਾ ਇਕ ਆਰਡਰ ਵੀ ਸ਼ਾਮਲ ਹੈ। ਜੇ ਇਨ੍ਹਾਂ 4 ਪ੍ਰਕਾਸ਼ਕਾਂ ਦੇ ਬਿੱਲਾਂ ਦਾ ਸਭਾ ਵਲੋਂ ਭੁਗਤਾਨ ਹੋ ਚੁੱਕਾ ਹੈ ਤਾਂ ਬਾਕੀ ਤਿੰਨ ਬਾਰੇ ਕਿੰਤੂ ਕਿਉਂ? ਸਭਾ ਦਾ ਫੈਸਲਾ ਹੈ ਕਿ ਵਿਦਿਆਰਥੀਆਂ ਦੇ ਸਿਲੇਬਸ ਦੀਆਂ ਕਿਤਾਬਾਂ ਸਭਾ ਵਿੱਚ ਜ਼ਰੂਰ ਰੱਖੀਆਂ ਜਾਣ। ਮੈਂ ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਤੋਂ ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਦੀਆਂ 35 ਕਾਪੀਆਂ ਮੰਗਵਾਈਆਂ ਜੋ ਯੂਨੀਵਰਸਿਟੀ ਦੇ ਸਿਲੇਬਸ ਵਿਚ ਹੈ। 35 ਪੁਸਤਕਾਂ ਵਿਕ ਚੁੱਕੀਆਂ ਹਨ, ਪੈਸਾ ਸਭਾ ਦੇ ਖਾਤੇ ਵਿੱਚ ਜਮ੍ਹਾਂ ਹੋ ਚੁੱਕਾ ਹੈ। ਨਿਊ ਬੁਕ ਕੰਪਨੀ ਜਲੰਧਰ ਤੋਂ ਨਰਿੰਦਰ ਸਿੰਘ ਦੁੱਗਲ ਦੇ

ਵਿਆਕਰਣ ਦੀਆਂ 20 ਕਾਪੀਆਂ ਮੰਗਵਾਈਆਂ ਸਨ, ਸਾਰੀਆਂ ਪੁਸਤਕਾਂ ਵਿਕ ਚੁੱਕੀਆਂ ਹਨ। ਪੈਸਾ ਸਭਾ ਦੇ ਖਾਤੇ ਵਿੱਚ ਜਮਾਂ ਹੋ ਚੁੱਕਾ ਹੈ ਯੂਨੀਸਟਾਰ ਬੁਕਸ ਚੰਡੀਗੜ੍ਹ ਦੀਆਂ 25% ਕਿਤਾਬਾਂ ਵਿਕ ਚੁੱਕੀਆਂ ਹਨ ਤੇ ਪੈਸਾ ਸਭਾ ਦੇ ਖਾਤੇ ਵਿੱਚ ਜਮਾਂ ਹੋ ਚੁੱਕਾ ਹੈ।

ਮੇਰੀ ਵੱਲੋਂ ਸਭ ਪ੍ਰਕਾਸ਼ਕਾਂ ਦੀਆਂ ਪੁਸਤਕਾਂ ਡਾ. ਰੇਣੁਕਾ ਸਿੰਘ, ਚੇਅਰਪਰਸਨ ਪੰਜਾਬੀ ਸਾਹਿਤ ਸਭਾ ਦੇ ਕਹਿਣ ਤੇ ਹੀ ਫੋਨ ਕਰਕੇ ਮੰਗਵਾਈਆਂ ਗਈਆਂ ਸਨ ਜਿਵੇਂ ਕਿ ਹਮੇਸ਼ਾ ਤੋਂ ਹੁੰਦਾ ਆ ਰਿਹਾ ਹੈ। ਪੰਜਾਬੀ ਦੇ ਕਿਸੇ ਵੀ ਪ੍ਰਕਾਸ਼ਕ ਤੋਂ ਪੁੱਛਿਆ ਜਾ ਸਕਦਾ ਹੈ ਕਿ ਮੈਂ ਪੰਜਾਬੀ ਦੇ 31 ਪ੍ਰਕਾਸ਼ਕਾਂ ਤੋਂ ਪੁਸਤਕਾਂ ਫੋਨ 'ਤੇ ਆਰਡਰ ਕਰਕੇ ਹੀ ਮੰਗਵਾ ਰਿਹਾ ਸੀ। ਇਸ ਕਰਕੇ ਸਭਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪ੍ਰਕਾਸ਼ਕਾਂ ਦੇ ਬਿੱਲਾਂ ਦਾ ਭੁਗਤਾਨ ਕੀਤਾ ਜਾਵੇ।'

ਸਤਿਕਾਰਤ ਡਾ. ਮਹਿੰਦਰ ਕੌਰ ਗਿੱਲ ਜੀ ਮੈਨੂੰ ਉਮੀਦ ਹੈ ਕਿ ਤੁਸੀਂ ਮੇਰੇ ਸਪੱਸ਼ਟੀਕਰਨ ਦਾ ਨੀਝ ਨਾਲ ਅਧਿਐਨ ਕਰੋਗੇ। ਮੇਰੇ ਕੋਲ ਉਪਰੋਕਤ ਸਭ ਤੱਥਾਂ ਦੇ ਸਬੂਤ ਹਨ ਸਭਾ ਕੋਲ ਵੀ ਜ਼ਰੂਰ ਹੋਣਗੇ। ਇਹ ਜੋ ਮੈਂ ਜਾਣਕਾਰੀ ਦਿੱਤੀ ਹੈ ਇਹ ਸਭਾ ਵਿੱਚ ਹੋ ਰਹੇ ਕਾਰਨਾਮਿਆਂ ਦਾ 'ਟਰੇਲਰ' ਮਾਤਰ ਹੈ।

ਡਾ. ਗਿੱਲ ਜੀ ਤੁਸੀਂ ਹਮੇਸ਼ਾ ਗੁਰਬਾਣੀ ਦੇ ਸਿਧਾਂਤਾਂ ਤੇ ਪਹਿਰਾ ਦਿੱਤਾ ਹੈ। ਮੈਨੂੰ ਉਮੀਦ ਹੈ ਕਿ ਤੁਸੀਂ ਸੱਚ ਨਾਲ ਜ਼ਰੂਰ ਖੜੇ ਹੋਵੋਗੇ। ਮੈਂ ਤਾਂ ਕਬੀਰ ਜੀ ਦੇ ਇਸ ਸਿਧਾਂਤ/ ਫੁਰਮਾਨ ਤੇ ਚਲਾਂਗਾ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ ਅੰਗ 1105)

10.4.2015

ਸਤਿਕਾਰ ਸਹਿਤ
ਆਪ ਜੀ ਦਾ ਸ਼ੁਭ ਚਿੰਤਕ

**ਬਲਦੇਵ ਸਿੰਘ 'ਬੱਦਨ' (ਡਾ.)**
099588-31357
C-82,IRIS Apartment
H. No. 203, IInd Floor Ramprastha
(oppooite vivek vihar Delhi)
Distt. Ghaziabad-201011

Copy to:

**1. Dr. Mohinder Kaur Gill**
General Secretary
Punjabi Sahit Sabha
10, Rouse Avenue,
Institutional Area
New Delhi-110002

**2. Dr. Ranuka Singh**
Chairpersan
Punjabi Sahit Sabha
10, Rouse Avenue,
Institutional Area
New Delhi-110002

**3. Dr. Ranuka Singh**
K-24, Hauz Khas Enclave
New Delhi-110016

**ਪਾਠਕਾਂ ਦੇ ਧਿਆਨ ਹਿੱਤ**

'ਕਹਾਣੀ ਧਾਰਾ' ਦੇ ਜਿਨ੍ਹਾਂ ਪਾਠਕਾਂ ਦੇ ਚੰਦੇ ਨਹੀਂ ਪਹੁੰਚੇ ਉਨ੍ਹਾਂ ਦਾ ਪਰਚ ਇਸ ਅੰਕ ਤੋਂ ਬੰਦ ਕੀਤਾ ਜਾ ਰਹਾ ਹੈ। ਵਾਰ ਵਾਰ ਸੂਚਿਤ ਕਰਨ ਦੇ ਬਾਵਜੂਦ ਵੀ ਪਾਠਕ ਆਲਸ ਰਹੀ ਜਾ ਰਹੇ ਹਨ।

–ਸੰਪਾਦਕ

## ਸੰਵਾਦ-1

# ਪੰਜਾਬੀ ਸਾਹਿਤ ਸਭਾ ਦਿੱਲੀ ਕੁੱਝ ਅਨੁਭਵ / - ਅਤਰਜੀਤ

ਇਹ ਦੋ ਹਜ਼ਾਰ ਦੋ ਦੀ ਕਿਸੇ ਤਰੀਕ ਦੀ ਗੱਲ ਹੈ ਕਿ ਮੈਨੂੰ ਪੰਜਾਬੀ ਦੇ ਸੁਪ੍ਰਸਿੱਧ ਲੇਖਕ ਗੁਰਬਚਨ ਸਿੰਘ 'ਭੁੱਲਰ' ਦੀ ਚਿੱਠੀ ਮਿਲ਼ੀ ਜਿਸ ਵਿੱਚ ਲਿਖਿਆ ਸੀ ਕਿ ਭਾਪਾ ਪ੍ਰੀਤਮ ਸਿੰਘ ਮੇਰੇ ਨਾਲ਼ ਕੋਈ ਗੱਲ ਕਰਨੀ ਚਾਹੁੰਦੇ ਹਨ। ਭੁੱਲਰ ਦਾ ਮੈਂ ਸਦਾ ਹੀ ਕਦਰਦਾਨ ਰਿਹਾ ਹਾਂ ਤੇ ਸਾਲ ਦੋ ਸਾਲ ਵੱਡਾ ਹੋਣ ਕਰਕੇ ਮੈਂ ਉਸਨੂੰ ਬਾਈ ਕਹਿਕੇ ਹੀ ਸੰਬੋਧਤ ਹੁੰਦਾ ਰਿਹਾ ਹਾਂ। ਮੈਂ ਇਹ ਚਿੱਠੀ ਪੜ੍ਹ ਕੇ ਇਕ ਤਰ੍ਹਾਂ ਹੁੱਬ ਜਿਹਾ ਗਿਆ। ਮੈਨੂੰ ਲੱਗਿਆ ਕਿ ਜੇ ਭਾਪਾ ਪ੍ਰੀਤਮ ਸਿੰਘ ਮੇਰੇ ਨਾਲ਼ ਕੋਈ ਖ਼ਾਸ ਗੱਲ ਕਰਨੀ ਚਾਹੁੰਦੇ ਹਨ ਤਾਂ ਹੋ ਸਕਦਾ ਹੈ ਕਿ ਮੇਰਾ ਹੱਥ ਸਾਹਿਤ ਅਕਾਦਮੀ ਦੇ ਪੁਰਸਕਾਰ ਤੱਕ ਹੀ ਅੱਪੜ ਜਾਵੇ। ਮੈਨੂੰ ਇਹ ਤਾਂ ਪਤਾ ਸੀ ਕਿ ਭਾਪਾ ਪ੍ਰੀਤਮ ਸਿੰਘ ਜਿਸ ਦੀ ਵੀ ਬਾਂਹ ਫੜਦੇ ਹਨ ਪੁਰਸਕਾਰ ਦਿਵਾ ਕੇ ਹਟਦੇ ਹਨ। ਪੁਰਸਕਾਰ ਦੇਣ ਵਾਲ਼ੀ ਜਿਹੜੀ ਉਥੇ ਲੌਬੀ ਬੈਠੀ ਹੈ ਉਹ ਸਾਹਿਤ ਸਭਾ ਯਾਨੀ ਭਾਪਾ ਪ੍ਰੀਤਮ ਸਿੰਘ ਦੀ ਛਾਂ ਹੇਠ ਹੀ ਵਿਚਰਦੀ ਸੀ। ਮੈਨੂੰ ਵਾਰ ਵਾਰ ਇਹ ਗੱਲ ਖੁੜਕਦੀ ਸੀ ਕਿ ਮੇਰਾ ਨਾਂ ਵਰਿਆਮ ਸੰਧੂ ਦੇ ਨਾਲ਼ ਹੀ ਅੱਗੇ ਆਇਆ ਸੀ ਜੋ ਬਹੁਤ ਹੀ ਸਾਜ਼ਿਸ਼ੀ ਤਰੀਕੇ ਨਾਲ਼ ਪਿੱਛੇ ਜਾਂਦਾ ਜਾਂਦਾ ਕਿਧਰੇ ਗੁੰਮ ਹੀ ਕਰ ਦਿੱਤਾ ਗਿਆ ਸੀ। ਦਿੱਲੀ ਵਿੱਚ ਇਹ ਗੱਲ ਆਮ ਚੱਲਦੀ ਸੀ ਕਿ ਜਿਸ ਦੀ ਕਿਤਾਬ ਭਾਪਾ ਜੀ ਨੇ ਛਾਪ ਦਿੱਤੀ, ਉਸਦੇ ਸਮਝੋ ਭਾਗ ਚਮਕ ਪਏ। ਭਾਪਾ ਪ੍ਰੀਤਮ ਸਿੰਘ ਨੇ ਤਿਲ-ਫੁੱਲ ਛਾਪ ਕੇ ਦਿੱਲੀ ਦੀ ਅਕਾਦਮੀ ਦਾ ਪੁਰਸਕਾਰ ਉਸਦੇ ਲੇਖਕ ਨੂੰ ਦਿਵਾ ਦਿੱਤਾ ਸੀ। ਮੈਂ ਕਦੇ ਵੀ ਆਪਣੇ ਆਪ ਨੂੰ ਵਰਿਆਮ ਸੰਧੂ ਨਾਲ਼ੋਂ ਛੋਟਾ ਕਹਾਣੀਕਾਰ ਨਹੀਂ ਮੰਨਿਆ। ਡਾ. ਸਤਿੰਦਰ ਸਿੰਘ ਨੂਰ ਹੁਰਾਂ ਇਕ ਵਾਰ ਮੇਰੇ ਬਾਰੇ ਲਿਖਿਆ ਵੀ ਸੀ ਕਿ ਅਤਰਜੀਤ ਦੇ ਪਛੜ ਜਾਣ ਦਾ ਮੁੱਖ ਕਾਰਨ ਇਹ ਹੈ ਕਿ ਉਸਦੀਆਂ ਕਹਾਣੀਆਂ ਕਿਤਾਬ ਦਾ ਰੂਪ ਧਾਰਨ ਵੇਲ਼ੇ ਕਈ ਕਈ ਸਾਲ ਤਰਸਦੀਆਂ ਰਹਿੰਦੀਆਂ ਹਨ, ਜਿਸ ਕਰਕੇ ਉਹ ਅਣਗੌਲ਼ਿਆ ਰਹਿ ਗਿਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੇਰੇ ਪਾਠਕਾਂ ਦਾ ਵਸੀਹ ਘੇਰਾ ਹੈ ਤੇ ਕਲਮ ਦਾ ਉਹ ਲੋਹਾ ਮੰਨਦੇ ਹਨ। ਜੇ ਮੈਂ ਇਹ ਕਹਿ ਦਿਆਂ ਕਿ ਅੱਜ ਦੇ ਯੁੱਗ ਵਿੱਚ ਅਖੌਤੀ ਸਵਰਨ ਲੋਕ ਸਾਡੇ ਨਾਲ਼ ਖਾਣ ਪੀਣ ਤਾਂ ਸਾਂਝਾ ਕਰਨ ਤੋਂ ਕੋਈ ਹਿਚਕਚਾਹਟ ਨਹੀਂ ਮੰਨਦੇ ਪਰ ਅੰਦਰੋਂ ਅੰਦਰੀ ਢਾਹ ਲਾਉਣ ਦੀ ਵੀ ਕੋਈ ਕਸਰ ਨਹੀਂ ਛੱਡਦੇ। ਇਸ ਤਰ੍ਹਾਂ ਮੇਰੇ ਮਨ ਵਿੱਚ ਸਾਹਿਤ ਅਕਾਦਮੀ ਦਿੱਲੀ ਦਾ ਪੁਰਸਕਾਰ ਧਮੱਚੜ ਪਾਉਣ ਲੱਗ ਪਿਆ। ਮੈਂ ਉਸਨੂੰ ਪਲੋਸਦਾ ਕਿ ਹੁਣ ਤਾਂ ਮੈਂ ਵਰਿਆਮ ਸੰਧੂ ਦੇ ਬਰਾਬਰ ਆ ਹੀ ਜਾਣਾ ਹੈ, ਥੋੜ੍ਹਾ ਧੀਰਾ ਰਹਿ। ਤੇ ਮੈਨੂੰ ਲੱਗਦਾ ਜਿਹੜੀ ਦਿੱਲੀ ਸਾਨੂੰ ਕਦੇ ਡਾਹ ਨਹੀਂ ਸੀ ਦਿਆ ਕਰਦੀ, ਹੁਣ ਦਿੱਲੀ ਸਾਹਿਤ ਸਭਾ ਦੇ ਕਾਰਨ ਮੇਰੀ ਮੁੱਠੀ ਵਿੱਚ ਆ ਗਈ ਹੈ। 'ਦਿੱਲੀ ਦੂਰ ਹੈ' ਵਾਲ਼ਾ ਮੁਹਾਵਰਾ ਮੈਨੂੰ ਝੂਠਾ ਜਾਪਣ ਲੱਗਦਾ।

'ਲੈ ਬਈ ਮਿੱਤਰਾ ਹੁਣ ਤੇਰੀਆਂ ਵੀ ਪਉ ਬਾਰਾਂ ਹੋ ਜਾਣੀਆਂ ਨੇ।' ਮੈਂ ਆਪਣੇ ਆਪ ਨੂੰ ਦਿਲਬਰੀ ਦਿੱਤੀ। ਮੈਂ ਤੁਰੰਤ ਭਾਪਾ ਜੀ ਨਾਲ਼ ਫੋਨ 'ਤੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਦਿੱਲੀ ਆਓ, ਤੁਹਾਨੂੰ ਪੰਜਾਬੀ ਸਾਹਿਤ ਸਭਾ ਦਾ ਵੱਡਾ ਕਾਰੋਬਾਰ ਸੰਭਾਲਣ ਲੱਗੇ ਹਾਂ। ਮੈਂ ਤੁਰੰਤ ਦਿੱਲੀ ਵੱਲ ਕੂਚ ਕਰ ਦਿੱਤਾ। ਮੇਰੇ ਵਿੱਚ ਇਕ ਬਹੁਤ ਵੱਡੀ ਕਮਜ਼ੋਰੀ ਹੈ, ਜਿਸਦਾ ਮੈਨੂੰ ਪੂਰੀ ਤਰ੍ਹਾਂ ਬਾਅਦ ਵਿੱਚ ਅਹਿਸਾਸ ਹੋਇਆ ਹੈ। ਇਹ ਮੈਂ ਆਪਣੇ ਇਕ ਲੇਖ ਵਿੱਚ ਵੀ ਲਿਖਿਆ ਸੀ ਕਿ ਜੇ ਮੈਨੂੰ ਕੋਈ ਹਨੂੰਮਾਨ ਦੀ ਪੂਛ ਨੂੰ ਅੱਗ ਲਾਉਣ ਵਾਂਗ ਉਂਗਲ਼ ਲਾ ਕੇ ਹੱਲਾਸ਼ੇਰੀ ਦੇ ਦੇਵੇ ਜਾਂ ਕਹਿ ਲਉ ਕਿ ਮੈਂ ਲੰਕਾ ਨੂੰ ਦਾਹ ਕਰਨ ਦੀਆਂ ਟਾਹਰਾਂ ਮਾਰਨ ਲੱਗ ਪੈਂਦਾ ਰਿਹਾ ਹਾਂ। ਇਹੋ ਕੁੱਝ ਇਸ ਵਾਰ ਹੋਇਆ। ਗੁਰਬਚਨ ਭੁੱਲਰ ਦੇ ਆਖੇ ਨੂੰ ਮੈਂ

ਟਾਲ਼ ਨਾ ਸਕਿਆ। ਉਦੋਂ ਮੈਂ ਪੰਜਾਬ ਦੀ ਇਕ ਵੱਡੀ ਸੰਸਥਾ, ਜਿਸ ਦੇ ਸੰਸਥਾਪਕ ਖੁਦ ਗੁਰਸ਼ਰਨ ਭਾਅ ਜੀ ਸਨ, ਦਾ ਪ੍ਰਧਾਨ ਸਾਂ। ਇਕ ਮੀਟਿੰਗ ਦੌਰਾਨ ਮੈਂ ਗੁਰਸ਼ਰਨ ਸਿੰਘ ਭਾਅ ਜੀ ਨਾਲ਼ ਗੱਲ ਕੀਤੀ ਤਾਂ ਉਨ੍ਹਾਂ ਨੇ ਵੀ ਮੈਨੂੰ ਹੱਲਾਸ਼ੇਰੀ ਦੇ ਦਿੱਤੀ ਕਿ ਇਸ ਤਰ੍ਹਾਂ ਪ. ਲ. ਸ. ਮੰਚ ਦਾ ਕਾਰਜ ਖੇਤਰ ਵੀ ਵਿਸ਼ਾਲ ਹੋਵੇਗਾ।

ਪੰਜਾਬੀ ਸਾਹਿਤ ਸਭਾ ਦੇ ਦਫ਼ਤਰ ਵਿੱਚ ਮੇਰੀ ਮੁਲਾਕਾਤ ਭਾਪਾ ਪ੍ਰੀਤਮ ਸਿੰਘ ਅਤੇ ਉਸ ਸਮੇਂ ਦੇ ਡਾਇਰੈਕਟਰ ਡਾ. ਕਰਨਜੀਤ ਸਿੰਘ ਨਾਲ਼ ਹੋਈ। ਓਸ ਵੇਲ਼ੇ ਦੇ ਪੰਜਾਬੀ ਸਾਹਿਤ ਸਭਾ ਦੇ ਡਾਇਰੈਕਟਰ ਡਾ. ਕਰਨਜੀਤ ਦੇ ਦਫ਼ਤਰ ਵਿੱਚ ਸਾਡੀ ਮੁਲਾਕਾਤ ਹੋਈ। ਉਨ੍ਹਾਂ ਨੇ ਦੱਸਿਆ ਕਿ ਸਾਹਿਤ ਸਭਾ ਦਿੱਲੀ ਪੰਜਾਬੀ ਪਾਠਕਾਂ ਵਿੱਚ ਸਾਹਿਤ ਦਾ ਪ੍ਰਚਾਰ ਕਰਨ ਲਈ ਇਹ ਯੋਜਨਾ ਤਿਆਰ ਕਰ ਰਹੀ ਹੈ ਕਿ ਸਸਤੀਆਂ ਪੁਸਤਕਾਂ ਵੱਧ ਤੋਂ ਵੱਧ ਪਾਠਕਾਂ ਤੱਕ ਜਾਣ। ਇਸ ਲਈ ਪਬਲਿਸ਼ਰਜ਼ ਕੋਲੋਂ ਅੱਧ ਮੁੱਲ 'ਤੇ ਕਿਤਾਬਾਂ ਖ਼ਰੀਦ ਕੇ 'ਨਾ ਲਾਭ ਨਾ ਹਾਨੀ' ਦੇ ਹਿਸਾਬ ਵੇਚੀਆਂ ਜਾਣਗੀਆਂ। ਮੈਂ ਪੰਜਾਬੀ ਖ਼ੇਤਰ ਵਿੱਚ ਇਸ ਦਾ ਪ੍ਰਚਾਰ ਕਰਨਾ ਸੀ। ਉਨ੍ਹਾਂ ਆਪਣੀ ਸਭਾ ਵੱਲੋਂ ਚਲਾਈ ਜਾਣ ਵਾਲ਼ੀ ਇਸ ਵਧੀਆ ਸਕੀਮ ਬਾਰੇ ਮੇਰੀ ਡਿਊਟੀ ਲਗਾਈ ਕਿ ਮੈਂ ਚਲਦੀ ਫਿਰਦੀ ਲਾਇਬਰੇਰੀ ਪੰਜਾਬ ਵਿੱਚ ਲੈ ਕੇ ਜਾਵਾਂ। ਘਰ ਵਿਚੋਂ ਸਕੂਨ ਨਾ ਮਿਲ਼ਣ ਕਾਰਨ, ਮੈਂ ਜੀਵਨ ਵਿੱਚ ਸਦਾ ਹੀ –'ਸਮਾਜ ਸੇਵਾ ਦਾ ਢੋਲ ਗਲ਼ ਵਿਚ ਪਾ ਕੇ, ਘੁਮੱਕੜ ਰਿਹਾ ਹਾਂ। ਇਸ ਤੋਂ ਪਹਿਲਾਂ  ਪੰਜਾਬ ਵਿੱਚ ਚੱਲੀ ਸਾਖਰਤਾ ਲਹਿਰ ਵਿੱਚ ਸਰਗਰਮ ਰਹਿ ਕੇ ਘਰੋਂ ਬਾਹਰ ਹੀ ਭੱਜਿਆ ਰਹਿੰਦਾ ਰਿਹਾ ਸਾਂ। ਇਸ ਤਰ੍ਹਾਂ ਮੈਂ ਸਾਹਿਤ ਸਭਾ ਦਿੱਲੀ ਦੀ ਪੰਜਾਲ਼ੀ ਹੇਠ ਗਰਦਨ ਡਾਹ ਦਿੱਤੀ।

ਪਹਿਲਾਂ ਪਹਿਲਾਂ ਮੇਰੇ ਦਿਮਾਗ਼ ਵਿੱਚ ਸਾਹਿਤ ਸਭਾ ਦਾ ਜੋ ਨਕਸ਼ਾ ਸੀ, ਉਹ ਆਮ ਸਾਹਿਤ ਸਭਾਵਾਂ ਵਾਲ਼ਾ ਹੀ ਸੀ ਕਿ ਉਸਦਾ ਦਫ਼ਤਰ ਆਮ ਛੋਟਾ ਮੋਟਾ ਕੋਠੀਨੁਮਾ ਇਮਾਰਤ ਵਿੱਚ ਹੀ ਹੋਵੇਗਾ ਪਰ ਜਦ ਮੈਂ ਦਫ਼ਤਰ ਦੀ ਕਈ ਮੰਜ਼ਿਲੀ ਇਮਾਰਤ ਵੇਖੀ ਤਾਂ ਅੱਗੇ ਭੰਬੂਤਾਰੇ ਜਿਹੇ ਵੀ ਨੱਚੇ। ਖ਼ੈਰ ਗੱਲਾਂ ਬਾਤਾਂ ਵਿੱਚ ਮੇਰੇ ਕੋਲ਼ੋਂ ਵੇਤਨ ਬਾਰੇ ਪੁੱਛਿਆ ਗਿਆ ਤਾਂ ਮੈਂ ਆਪਣੇ ਅੰਦਰ ਹੀ ਘੁੱਟਿਆ–ਵੱਟਿਆ ਜਿਹਾ ਗਿਆ। ਮੇਰੇ ਕੋਲ਼ੋਂ ਕੁੱਝ ਵੀ ਨਾ ਕਿਹਾ ਜਾ ਸਕਿਆ। ਮੈਨੂੰ ਲੱਗੇ ਜੇ ਮੈਂ ਬਾਹਲੇ ਪੈਸੇ ਕਹਿ ਦਿੱਤੇ ਤਾਂ ਗੁਰਬਚਨ ਭੁੱਲਰ ਨੂੰ ਇਉਂ ਨਾ ਜਾਪੇ ਕਿ ਮੈਂ ਲਾਲਚ ਵਿੱਚ ਪੈ ਕੇ ਸਾਹਿਤ ਸਭਾ ਨੂੰ ਵਾਢਾ ਧਰਨ ਲੱਗਿਆ ਹਾਂ। ਵਾਰ ਵਾਰ ਦਬਾਅ ਦੇਣ ਤੇ ਮੈਂ ਮਹਿਜ਼ ਤਿੰਨ ਚਾਰ ਕੁ ਹਜ਼ਾਰ ਖ਼ਰਚਾ ਲੈਣਾਂ ਸਵੀਕਾਰ ਕਰਕੇ ਵਾਪਸ ਬਠਿੰਡੇ ਆ ਗਿਆ।

ਮੈਂ ਵਾਪਸ ਆ ਕੇ ਅਗਲੀ ਕਾਰਵਾਈ ਦੀ ਉਡੀਕ ਕਰਨ ਲੱਗਾ। ਕੁੱਝ ਦਿਨਾਂ ਬਾਅਦ ਹੀ ਮੈਨੂੰ ਸੂਚਿਤ ਕੀਤਾ ਗਿਆ ਕਿ ਨਾਵਲਕਾਰ ਬਲਦੇਵ ਸੜਕਨਾਮਾ ਨੇ ਡਰਾਈਵਰ ਭੇਜਣ ਦਾ ਬੰਦੋਬਸਤ ਕਰ ਦਿੱਤਾ ਹੈ। ਕੁੱਝ ਦਿਨਾਂ ਵਿੱਚ ਹੀ ਚਲਦੀ ਫਿਰਦੀ ਲਾਇਬਰੇਰੀ ਨਾਂ ਦੀ ਇਹ ਬੱਸ ਬਠਿੰਡੇ ਪਹੁੰਚ ਜਾਏਗੀ। ਮੈਨੂੰ ਜਾਪਦਾ ਸੀ ਕਿ ਸਾਹਿਤ ਸਭਾ ਵੱਲੋਂ ਦਿੱਲੀ ਦਾ ਕੋਈ ਬੰਦਾ ਇਨਚਾਰਜ਼ ਥਾਪਿਆ ਜਾਵੇਗਾ ਪਰ ਇਹ ਮੇਰਾ ਭੁਲੇਖਾ ਹੀ ਸੀ। ਉਹ ਤਾਂ ਸਾਰਾ ਕੁੱਝ ਮੇਰੇ ਉਪਰ ਹੀ ਛੱਡੀ ਬੈਠੇ ਸਨ। ਸੋ ਇਹ ਗੁਣਾ ਵੀ ਮੇਰੇ 'ਤੇ ਹੀ ਆ ਪਿਆ। ਬਾਕੀ ਦੇ ਸਹਾਇਕ ਮੇਰੇ ਜ਼ਿੰਮੇ ਸਨ, ਜੋ ਮੈਂ ਇੱਥੋਂ ਬਠਿੰਡੇ ਤੋਂ ਤਿਆਰ ਕਰ ਲਏ। ਅਖ਼ੀਰ 20 ਅਪ੍ਰੈਲ 2002 ਨੂੰ ਕਿਤਾਬਾਂ ਦੀ ਭਰੀ ਬੱਸ ਮੇਰੇ ਬੂਹੇ ਅੱਗੇ ਆ ਖੜ੍ਹੀ ਹੋਈ।

ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਆਇਆ ਹਾਂ ਕਿ ਉਦੋਂ ਮੈਂ ਪੰਜਾਬ ਲੋਕ ਸੱਭਿਆਚਾਰਕ ਮੰਚ ਦਾ ਪ੍ਰਧਾਨ ਸਾਂ। ਗੁਰਸ਼ਰਨ ਸਿੰਘ ਭਾਅ ਜੀ ਨਾਲ਼ ਗੱਲ ਕਰਕੇ ਇਸ ਬੱਸ ਉਪਰ ਪ. ਲ. ਸ. ਮੰਚ ਦੇ ਸਹਿਯੋਗ ਦੀ ਫਲੈਕਸ ਵੀ ਲਾ ਦਿੱਤੀ ਗਈ। 21 ਅਪ੍ਰੈਲ 2002 ਨੂੰ ਸੱਭਿਆਚਾਰਕ ਮੰਚ ਵੱਲੋਂ ਸਾਹਿਤ ਸਭਾ ਬਠਿੰਡਾ ਅਤੇ ਟੀਚਰਜ਼ ਹੋਮ ਟ੍ਰਸਟ ਦੇ ਸਹਿਯੋਗ ਨਾਲ਼, ਪ੍ਰੋ. ਗੁਰਦਿਆਲ ਸਿੰਘ ਦੀ ਪ੍ਰਧਾਨਗੀ ਵਿੱਚ

ਸਭਿਆਚਾਰ ਦੇ ਵਿਸ਼ੇ ਉਪਰ ਵੱਡੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਡਾ. ਸੁਰਜੀਤ ਲੀ ਮੁਖੀ ਭਾਸ਼ਾ ਵਿਗਿਆਨ ਅਤੇ ਮਾਨਵ ਵਿਗਿਆਨ ਦੇ ਸੱਭਿਆਚਾਰ ਬਾਰੇ ਦਿੱਤੇ ਕੁੰਜੀਵਤ ਭਾਸ਼ਨ ਨਾਲ਼ ਬਹੁਤ ਹੀ ਸਫ਼ਲ ਸਮਾਗਮ ਤੋਂ ਬਾਅਦ ਇਨ੍ਹਾਂ ਦੁਹਾਂ ਵਿਦਵਾਨਾਂ ਨੇ ਹਰੀ ਝੰਡੀ ਦੇ ਕੇ ਬੱਸ ਨੂੰ ਸੜਕ 'ਤੇ ਉਤਾਰ ਦਿੱਤਾ।21 ਅਪ੍ਰੈਲ 2002 ਦਾ ਉਹ ਦਿਨ ਮੇਰੇ ਲਈ ਇਕ ਵੱਖਰੇ ਇਤਿਹਾਸਿਕ ਦਿਨ ਵਜੋਂ ਮੇਰੇ ਜੀਵਨ ਵਿੱਚ ਦਰਜ਼ ਹੋ ਗਿਆ।

ਜਦੋਂ ਗੁਰਬਚਨ ਸਿੰਘ ਭੁੱਲਰ ਨੂੰ ਪਤਾ ਲੱਗਾ ਕਿ ਮੈਂ ਨਿਗੂਣੇ ਜਿਹੇ ਵੇਤਨ ਉਪਰ ਦਿੱਲੀ ਵਾਲ਼ਿਆਂ ਨੂੰ ਹਾਂ ਕਹਿ ਦਿੱਤੀ ਹੈ ਤਾਂ ਉਹ ਮੈਨੂੰ ਬਹੁਤ ਲੜਿਆ ਕਿ ਉਸ ਨਾਲ਼ ਗੱਲ ਕਿਉਂ ਨਾ ਕੀਤੀ। ਏਨੀ ਵੱਡੀ ਸੰਸਥਾ ਤੋਂ ਏਨੇ ਵੱਡੇ ਕਾਰਜ ਲਈ ਤਾਂ ਇਹ ਜੇਬ ਖ਼ਰਚ ਵੀ ਨਹੀਂ ਸੀ ਬਣਦਾ।ਮੈਨੂੰ ਆਪਣੇ ਆਪ ਉਪਰ ਸ਼ਰਮਿੰਦਗੀ ਦਾ ਅਹਿਸਾਸ ਵੀ ਹੋਇਆ ਤੇ ਗਲਤੀ ਉਪਰ ਪਛਤਾਵਾ ਵੀ। ਬਿੱਲਕੁੱਲ ਇਹ ਗੱਲ ਮੈਨੂੰ ਇਸ ਤਰ੍ਹਾਂ ਮੁਕਾਉਣੀ ਚਾਹੀਦੀ ਸੀ ਕਿ ਇਸ ਬਾਰੇ ਗੁਰਬਚਨ ਭੁੱਲਰ ਨਾਲ਼ ਗੱਲ ਕਰ ਲਈ ਜਾਵੇ। ਮੈਨੂੰ ਲੱਗਣ ਲੱਗਿਆ ਕਿ ਕਿ ਮੈਂ ਹੋਰ ਕਿਸੇ ਨਾਲ਼ ਤਾਂ ਠੱਗੀ ਮਾਰ ਨਹੀਂ ਸਕਿਆ ਪਰ ਆਪਣੇ ਆਪ ਨਾਲ਼ ਜ਼ਰੂਰ ਹੀ ਠੱਗੀ ਮਾਰ ਲਈ ਹੈ। ਚਾਹੇ ਕਿਵੇਂ ਵੀ ਹੋਵੇ ਮੈਂ ਸਮਝਦਾ ਹਾਂ ਕਿ ਗੁਰਬਚਨ ਭੁੱਲਰ ਦਿੱਲੀ ਦੀ ਨਬਜ਼ ਪਹਿਚਾਣਨ ਦੇ ਸਮਰੱਥ ਹੈ। ਉਂਝ ਵੀ ਉਸਦੀ 'ਕਾਂ ਅੱਖ' ਅਗਾਊਂ ਹੀ ਬਹੁਤ ਕੁੱਝ ਤਾੜ ਜਾਣ ਦੀ ਸਮਰੱਥਾ ਰਖਦੀ ਹੈ। ਮੈਂ ਆਪਣੇ ਪੇਂਡੂ ਸੁਭਾਅ ਦੀ ਮਾਰ ਝੱਲ ਗਿਆ ਜਿਸ ਉਪਰ ਗੁਰਬਚਨ ਸਿੰਘ ਭੁੱਲਰ ਮੈਨੂੰ ਕੋਸ ਰਿਹਾ ਸੀ। ਬਾਅਦ ਵਿੱਚ ਮੇਰੇ ਮਨ ਵਿੱਚ ਵੀ ਆਉਣ ਲੱਗ ਪਿਆ ਕਿ ਮੈਂ ਏਨਾ ਛੇਤੀ ਥੋੜ੍ਹੇ ਜਿਹੇ ਵੇਤਨ ਲਈ ਹੁੰਗਾਰਾ ਕਿਉਂ ਭਰਿਆ? ਆਖਰ ਪੇਂਡੂ ਸੁਭਾਅ ਹੀ ਰਿਹਾ। ਸ਼ਹਿਰ ਵਾਲ਼ੀਆਂ ਚੁਸਤੀਆਂ ਚਲਾਕੀਆਂ ਤਾਂ ਅਜੇ ਵੀ ਨਹੀਂ ਆਉਂਦੀਆਂ। ਅੱਜ ਵੀ ਮੈਨੂੰ ਸਾਹਿਤ ਦੇ ਨਾਂ 'ਤੇ ਅੱਗੇ ਆਉਣ ਦੀ ਨੀਅਤ ਨਾਲ਼ ਕਈ ਵਾਰ ਨਵੇਂ ਲੇਖਕ ਵਰਤ ਜਾਂਦੇ ਹਨ ਤੇ ਅੱਗੇ ਆ ਕੇ ਠਿੱਬੀ ਲਾ ਜਾਂਦੇ ਹਨ। ਕਿਉਂਕਿ ਭੁੱਲਰ ਨੂੰ , ਭਾਵੇਂ ਕਿ ਉਸਦੇ ਆਪਣੇ ਸ਼ਬਦਾਂ ਵਿੱਚ ਉਹ ਉਥੋਂ ਦੀ ਸਾਹਿਤ ਸਭਾ ਦਾ ਮੈਂਬਰ ਵੀ ਨਹੀਂ ਪਰ ਉਹ ਉਥੋਂ ਦਾ ਭੇਤੀ ਸੀ।

ਜਦੋ ਅਸੀਂ ਪਹਿਲੀ ਵਾਰ ਦੁਬਾਰਾ ਕਿਤਾਬਾਂ ਲੈਣ ਗਏ ਤਾਂ ਸਾਹਿਤ ਸਭਾ ਦਿੱਲੀ ਵੱਲੋਂ ਸਾਡੇ ਲਈ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਚ ਵੀ. ਆਈ. ਪੀ. ਕਮਰਿਆਂ ਦਾ ਪ੍ਰਬੰਧ ਕੀਤਾ ਗਿਆ। ਬਲਦੇਵ ਸੜਕਨਾਮਾ ਵੱਲੋਂ ਸਾਹਿਤ ਦਾ ਬਹੁਤ ਹੀ ਵਧੀਆ ਪਾਠਕ ਅਵਤਾਰ ਸਿੰਘ ਭੇਜਿਆ ਗਿਆ ਸੀ ਜੋ ਹੱਦ ਦਰਜ਼ੇ ਦਾ ਨਸ਼ੈੜ ਪਰ ਬਹੁਤ ਹੀ ਸਿਖਰ ਦਾ ਡਰਾਈਵਰ ਸੀ। ਰਾਤ ਨੂੰ ਉਹ ਕਿਧਰੇ ਖਿਸਕ ਗਿਆ ਤੇ ਨਸ਼ੇ ਵਿੱਚ ਟੁੱਲ ਹੋਇਆ ਰਾਤ ਦੇ ਗਿਆਰਾਂ ਵਜੇ ਆਇਆ। ਗੁਰਦੁਆਰਾ ਸਾਹਿਬ ਦੇ ਮੁਲਾਜ਼ਮਾਂ ਨੂੰ ਉਸਦੇ ਮੂੰਹ ਵਿੱਚੋਂ ਸਿਗਰਟ ਦਾ ਮੁਸ਼ਕ ਵੀ ਆ ਗਿਆ। ਇਸ ਦੀ ਸ਼ਿਕਾਇਤ ਸਾਹਿਤ ਸਭਾ ਦੇ ਦਫ਼ਤਰ ਪਹੁੰਚ ਗਈ ਤੇ ਸਾਡੇ ਲਈ ਉਸ ਬੰਦੇ ਨੇ ਅਜਿਹੀ ਬਿਪਤਾ ਖੜ੍ਹੀ ਕਰ ਦਿੱਤੀ। ਸਭਾ ਦੇ ਦਫ਼ਤਰ ਵਿੱਚ ਜਾ ਕੇ ਮੈਨੂੰ ਕਾਫ਼ੀ ਕੁੱਝ ਸੁਣਨਾ ਪਿਆ। ਬੱਸ ਉਹ ਦਿਨ ਹੱਦ ਸੀ ਕਿ ਸਾਨੂੰ ਦਿੱਲੀ ਵਿੱਚ ਰਿਹਾਇਸ਼ ਦੀ ਸਮੱਸਿਆ ਖੜ੍ਹੀ ਹੋ ਗਈ। ਸਾਡੇ ਲਈ ਕਿ ਸਾਹਿਤ ਸਭਾ ਨੇ ਰਿਹਾਇਸ਼ ਲਈ ਉਕਾ ਪੁੱਕਾ ਖ਼ਰਚ ਦੇਣਾ ਆਰੰਭ ਕਰ ਦਿੱਤਾ। ਬੇਸ਼ੱਕ ਇਹ ਕਿਸੇ ਸਾਦੇ ਜਿਹੀ ਧਰਮਸ਼ਾਲਾ ਵਿੱਚ ਰਹਿਣ ਲਈ ਕਾਫ਼ੀ ਸੀ। ਕਿਸੇ ਹੋਟਲ ਵਿੱਚ ਠਹਿਰਨ ਦੇ ਤੁੱਲ ਤਾਂ ਨਹੀਂ ਸੀ। ਮੇਰੇ ਨਾਲ਼ ਜੋ ਡਰਾਈਵਰ ਅਤੇ ਬਾਕੀ ਸਟਾਫ਼ ਸੀ, ਸਾਰੇ ਹੀ ਗਰੀਬ ਘਰਾਂ ਦੇ ਮੁੰਡੇ ਸਨ। ਸਾਨੂੰ ਦਿੱਲੀ ਵਾਲ਼ਿਆਂ ਨੇ ਦਫ਼ਤਰ ਵਿੱਚ ਇਹ ਕਹਿਕੇ ਠਾਹਰ ਨਹੀਂ ਸੀ ਦਿੱਤੀ ਕਿ ਇਹ ਸਾਰੀ ਬਿਲਡਿੰਗ ਅਜੇ ਠੇਕੇਦਾਰ ਦੇ ਕਬਜ਼ੇ ਵਿੱਚ ਹੀ ਹੈ। ਇਸ ਦਾ ਅਜੇ ਸਾਹਿਤ ਸਭਾ ਨੂੰ ਚਾਰਜ ਨਹੀਂ ਮਿਲ਼ਿਆ। ਪਤਾ ਲੱਗਾ ਕਿ ਦਿੱਲੀ ਵਿੱਚ ਇਕ ਖ਼ਾਸ ਕਿਸਮ ਦਾ ਸਭਿਆਚਾਰ ਪ੍ਰਚੱਲਤ ਹੈ ਕਿ ਕੋਈ ਵੱਡੀ

ਕੰਪਨੀ ਆਪਣੇ ਖ਼ਰਚੇ 'ਤੇ ਬਿਲਡਿੰਗ ਉਸਾਰ ਲੈਂਦੀ ਤੇ ਉਸਦਾ ਵੱਡਾ ਹਿੱਸਾ ਪੰਦਰਾਂ ਸਾਲਾਂ ਲਈ ਇਕ ਤਰ੍ਹਾਂ ਨਾਲ਼ ਗਿਰਵੀ ਰੱਖ ਲੈਂਦੀ ਹੈ। ਹੇਠਲੀ ਮੰਜ਼ਲ ਅਤੇ ਬੇਸਮੈਂਟ ਸਾਹਿਤ ਸਭਾ ਕੋਲ ਸੀ, ਬਾਕੀ ਚਾਰ ਪੰਜ ਮੰਜ਼ਲਾਂ ਕੰਪਨੀ ਦੇ ਕਬਜ਼ੇ ਵਿੱਚ ਸਨ। ਸਾਂਭ ਸੰਭਾਲ ਲਈ ਕੰਪਨੀ ਨੇ ਠੇਕੇਦਾਰ ਨਾਮਜ਼ਦ ਕੀਤਾ ਹੋਇਆ ਸੀ ਜਿਸ ਦੇ ਹੁਕਮ ਤੋਂ ਬਗ਼ੈਰ ਉਥੇ ਕੋਈ ਰਾਤ ਠਹਿਰ ਨਹੀਂ ਸੀ ਕਰ ਸਕਦਾ। ਤਾਂ ਵੀ ਸਾਨੂੰ ਰਿਆਇਤ ਕਰ ਦਿੱਤੀ ਗਈ ਤੇ ਅਸੀਂ ਕਿਤਾਬਾਂ ਲੈਣ ਆਏ ਦਫ਼ਤਰ ਵਿੱਚ ਕਈ ਵਾਰ ਠਹਿਰੇ ਵੀ ਸਾਂ।

ਦਿੱਲੀਉਂ ਵਾਪਸ ਆਉਂਦੇ ਹੋਏ ਅਸੀਂ ਨਾਮਧਾਰੀਆਂ ਦੀ ਰਾਜਧਾਨੀ 'ਜੀਵਨ ਨੱਗਰ' ਦੇ ਨਜ਼ਦੀਕ ਪਿੰਡ 'ਸੰਤ ਨੱਗਰ' ਜਾ ਰੁਕੇ। ਇੱਥੇ ਕਿਸੇ ਸਮੇਂ 'ਜੈਕਾਰਾ' ਪਰਚੇ ਦਾ ਸੰਪਾਦਕ ਨਰਭਿੰਦਰ ਸਿੰਘ ਮਝੈਲ ਰਹਿੰਦਾ ਸੀ। ਉਸਦੀ ਪਤਨੀ ਜੋ ਸਾਡੇ ਆਪਣੇ ਹਲਕਿਆਂ ਦੀ ਜਾਣੀ ਪਛਾਣੀ ਸ਼ਖ਼ਸੀਅਤ ਹੈ ਜਸਮੇਲ, ਉਥੇ ਕਿਸੇ ਸਰਕਾਰੀ ਸਕੂਲ ਵਿੱਚ ਅਧਿਆਪਕਾ ਹੈ। ਸਾਨੂੰ ਚਾਹ ਪਾਣੀ ਪਿਆ ਕੇ ਉਹ ਬੱਸ ਅੰਦਰ ਵੜ ਗਿਆ ਤੇ ਹਜ਼ਾਰਾਂ ਰੁਪਿਆਂ ਦੀਆਂ ਕਿਤਾਬਾਂ ਇਕੱਲੇ ਨੇ ਹੀ ਕੱਢ ਲਈਆਂ ਤੇ ਫਿਰ ਹੋਰ ਕੂਕਿਆਂ ਨੂੰ ਫੋਨ ਕਰ ਕਰ ਕੇ ਇਕੱਠੇ ਕਰ ਲਿਆ। ਲੱਗ ਗਈਆਂ ਛਹਿਬਰਾਂ ਪਾਠਕਾਂ ਦੀਆਂ। ਮੈਂ ਹੈਰਾਨ ਕਿ ਬਾਬਾ ਰਾਮ ਸਿੰਘ ਦੀਆਂ ਇਹ ਲਾਡਲੀਆਂ ਫੌਜਾਂ ਸਾਹਿਤ ਦੀਆਂ ਐਨੀਆਂ ਸ਼ੌਕੀਨ ਨੇ। ਇਸ ਇਲਾਕੇ ਵਿੱਚੋਂ ਅਸੀਂ ਇਕ ਦਿਨ ਵਿੱਚ ਹੀ ਪੰਦਰਾਂ ਵੀਹ ਹਜ਼ਾਰ ਰੁਪਏ ਦੀ ਵੱਟਤ ਕਰ ਮਾਰੀ। ਇਸ ਇਲਾਕੇ ਦੇ ਲੋਕ ਮੈਨੂੰ ਅੱਜ ਵੀ ਉਡੀਕ ਰਹੇ ਹਨ ਤੇ ਵਾਰ ਵਾਰ ਸੁਨੇਹੇਂ ਮਿਲ਼ ਰਹੇ ਹਨ।

ਕੁੱਝ ਦਿਨਾਂ ਬਾਅਦ ਹੀ ਸਾਨੂੰ ਸੁਨੇਹਾ ਮਿਲ਼ਿਆ ਕਿ ਤਰਕਸ਼ੀਲ ਆਗੂ ਰਾਜਿੰਦਰ ਭਦੌੜ ਦੇ ਪਿਤਾ ਜੀ ਦਾ ਦਿਹਾਂਤ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਪ. ਲ. ਸ. ਮੰਚ ਦਾ ਪ੍ਰਧਾਨ ਹੋਣ ਦੀ ਹੈਸੀਅਤ ਵਿੱਚ ਸ਼ਰਧਾਂਜਲੀ ਭੇਟ ਕਰਨੀ ਹੈ ਤੇ ਦਿੱਲੀ ਵਾਲ਼ੀ ਬੱਸ ਦੀ ਪ੍ਰਦਰਸ਼ਨੀ ਵੀ ਲਗਾਉਣੀ ਹੈ। ਮੈਂ ਉਸ ਵਕਤ ਸਟੇਜ ਉਪਰ ਬੈਠਾ ਸਾਂ ਜਦ ਮੈਨੂੰ ਇਕ ਤਰਕਸ਼ੀਲ ਆਗੂ ਨੇ ਉਥੋਂ ਉਠਾਇਆ ਅਤੇ ਪ੍ਰਦਰਸ਼ਨੀ ਕੋਲ਼ ਲਿਆ ਕੇ ਇਤਰਾਜ਼ ਕੀਤਾ–"ਅਤਰਜੀਤ ਜੀ ਤੁਸੀਂ ਪ. ਲ. ਸ. ਮੰਚ ਦੇ ਪ੍ਰਧਾਨ ਹੋ ਪਰ ਦੇਖੋ ਆਹ ਬੂਟਾ ਸਿੰਘ ਸ਼ਾਦ ਦੇ ਨਾਵਲ ਘੱਟੋ ਘੱਟ ਇਸ ਪ੍ਰਦਰਸ਼ਨੀ ਵਿੱਚ ਨਹੀਂ ਲੱਗਣੇ ਚਾਹੀਦੇ। ਮੈਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਬੂਟਾ ਸਿੰਘ ਸ਼ਾਦ ਆਪਣੇ ਨਾਵਲਾਂ ਨੂੰ ਸੁਆਦੀ ਬਣਾਉਣ ਲਈ ਮਰਿਆਦਾਵਾਂ ਦੀਆਂ ਕਾਫ਼ੀ ਹੱਦ ਤੱਕ ਉਲੰਘਣਾਵਾਂ ਕਰਦਾ ਹੈ। ਉਹ ਨਾਵਲ ਦੀ ਵੱਥ ਵਿੱਚ ਇਨਕਲਾਬੀ ਰੰਗ ਵੀ ਭਰ ਦੇਵੇਗਾ ਤੇ ਲੱਚਰਤਾ ਦਾ ਵੀ ਖ਼ੂਬ ਪ੍ਰਦਰਸ਼ਨ ਕਰੇਗਾ। ਮੈਂ ਉਸ ਦੇ ਕੁੱਝ ਨਾਵਲ ਇਸ ਕਰਕੇ ਹੀ ਵਿਚਕਾਰ ਛੱਡ ਦਿੱਤੇ ਸਨ। ਬੂਟਾ ਸਿੰਘ ਸ਼ਾਦ ਦੇ ਸਾਰੇ ਨਾਵਲ ਮੈਂ ਇਕੱਠੇ ਕਰਵਾਕੇ ਇਕ ਪਾਸੇ ਕਰ ਦਿੱਤੇ। ਉਸਤੋਂ ਬਾਅਦ ਮੇਰੀ ਨਜ਼ਰ ਪੈ ਗਈ ਅੰਮ੍ਰਿਤਾ ਪ੍ਰੀਤਮ। ਮੈਂ ਉਸਦੀਆਂ ਪਹਿਲੀਆਂ ਰਚਨਾਵਾਂ ਦਾ ਪੁੱਜ ਕੇ ਕਦਰਦਾਨ ਸਾਂ। ਉਸ ਵਕਤ ਜੋ ਮੈਂ ਵੇਖ ਰਿਹਾ ਸਾਂ ਕਿ ਉਸਨੇ ਬਹੁਤ ਕੁੱਝ ਊਲ ਜਲੂਲ ਲਿਖਣਾ ਆਰੰਭ ਕੀਤਾ ਹੋਇਆ ਸੀ ਜੋ ਮੈਨੂੰ ਪਸੰਦ ਨਹੀਂ ਸੀ। ਕਿਉਂਕਿ ਮੈਂ ਇਕ ਤਰ੍ਹਾਂ ਨਾਲ਼ ਪੰਜਾਬੀ ਸਾਹਿਤ ਸਭਾ ਦਾ ਮਹਿਜ਼ ਮੁਲਾਜ਼ਮ ਸਾਂ ਤਿੰਨ ਚਾਰ ਹਜ਼ਾਰ ਵੇਤਨ ਉਪਰ। ਮੈਂ ਕਿਸੇ ਕਿਸਮ ਦਾ ਉਨ੍ਹਾਂ ਉਪਰ ਇਤਰਾਜ਼ ਕਰਨ ਦੀ ਸਮਰੱਥਾ ਨਹੀਂ ਸੀ ਰੱਖਦਾ। ਦੂਜੇ ਪਾਸੇ ਪੰਜਾਬ ਲੋਕ ਸੱਭਿਆਚਾਰਕ ਮੰਚ ਦਾ ਪ੍ਰਧਾਨ ਹੋਣ ਕਰਕੇ ਇਕ ਖ਼ਾਸ ਦ੍ਰਿਸ਼ਟੀਕੋਣ ਦਾ ਵੀ ਮੇਰੇ ਉਪਰ ਜ਼ਾਬਤਾ ਲਾਗੂ ਹੁੰਦਾ ਸੀ।

ਅਸੀਂ ਲੋਪੋ ਕੇ ਦੇ ਗੁਰੂ ਹਰਿ ਗੋਬਿੰਦ ਪਬਲਿਕ ਸਕੂਲ ਵਿੱਚ ਸਾਂ। ਮੇਰੀ ਤਕਰੀਰ ਸੁਣਕੇ ਇਕ ਲੜਕੀ, ਜਿਸ ਦਾ ਇਸ ਵਕਤ ਨਾਂ ਚੇਤੇ ਨਹੀਂ ਆ ਰਿਹਾ, ਪੁਸਤਕ ਪ੍ਰਦਰਸ਼ਨੀ ਦੇ ਕੋਲ਼ ਆ ਕੇ ਕਿੰਨਾ ਹੀ ਮੇਰੇ ਵੱਲ ਵੇਖਦੀ ਖੜ੍ਹੀ ਰਹੀ। ਜਦ ਮੇਰਾ ਉਸ ਵੱਲ ਧਿਆਨ ਗਿਆ ਤਾਂ ਉਹ ਇਕ ਦਮ ਮੇਰੇ ਨਜ਼ਦੀਕ ਆ ਕੇ ਕਹਿਣ ਲੱਗੀ–" ਜੀ ਮੈਂ ਤੁਹਾਨੂੰ ਪਾਪਾ ਕਹਿ ਸਕਦੀ ਆਂ?" ਮੈਨੂੰ ਆਪਣੇ ਸ਼ਬਦਾਂ 'ਤੇ ਫ਼ਖ਼ਰ ਹੋਇਆ ਕਿ

ਆਖ਼ਰ ਇਸ ਬੱਚੀ ਨੇ ਮੇਰੀ ਤਕਰੀਰ ਦਾ ਪ੍ਰਭਾਵ ਹੀ ਕਬੂਲਿਆ ਹੈ।

"ਕਿਉਂ ਨਹੀਂ ਬੇਟੇ, ਜੀ ਸਦਕੇ ਕਹੋ।" ਬੱਸ ਐਨਾ ਕਹਿਣ ਦੀ ਹੀ ਦੇਰ ਸੀ ਕਿ ਉਹ ਕੁੜੀ ਮੇਰੇ ਗਲ਼ ਨੂੰ ਚਿੰਬੜ ਗਈ। ਚਕਰ ਪਿੰਡ ਦੇ ਉਸ ਪਰਿਵਾਰ ਨਾਲ਼ ਰਿਸ਼ਤਾ ਜੁੜਿਆ ਤਾਂ ਉਸ ਇਲਾਕੇ ਵਿੱਚ ਰਹਿਣ ਦੀ ਦਿੱਕਤ ਖ਼ਤਮ। ਉਸਦੀ ਇਕ ਸਾਥਣ ਜੋ ਅੰਮ੍ਰਿਤਧਾਰੀ ਸੀ ਨੇ ਆਪਣੇ ਪਿੰਡ ਮੱਲ੍ਹੇ ਆਉਣ ਦਾ ਸੱਦਾ ਦੇ ਦਿੱਤਾ। ਉਸ ਦੇ ਘਰ ਜਾ ਕੇ ਸਵੇਰ ਨੂੰ ਵੱਡਾ ਉਲਾਮ੍ਹਾ ਮਿਲ਼ ਗਿਆ। ਅਵਤਾਰ ਸਾਰੀ ਰਾਤ ਹੀ ਕਦੀ ਇੱਧਰ ਕਦੀ ਉਧਰ ਘੁੰਮਦਾ ਫਿਰਦਾ ਰਿਹਾ। ਪਰਿਵਾਰ ਵਾਲ਼ਿਆਂ ਨੇ ਉਸਨੂੰ ਸਿਗਰਟ ਪੀਂਦਿਆਂ ਦੇਖ ਲਿਆ ਸੀ। ਉਸ ਲੜਕੀ ਦਾ ਵੀ ਨਾਂ ਚੇਤੇ ਨਹੀਂ ਆ ਰਿਹਾ, ਨੇ ਸਾਰੀ ਗੱਲ ਮੇਰੇ ਨਾਲ਼ ਕੀਤੀ ਤੇ ਉਸ ਡਰਾਈਵਰ ਨੂੰ ਹਟਾਉਣ 'ਤੇ ਜ਼ੋਰ ਦਿੱਤਾ।

ਮੈਂ ਡਰਾਈਵਰ ਬਦਲ ਲਿਆ। ਜਿਹੜਾ ਮਿਲ਼ਿਆ, ਉਹ ਵੀ ਹਰ ਦੋ ਘੰਟਿਆਂ ਬਾਅਦ ਫੱਕੀ ਮਾਰਨ ਵਾਲ਼ਾ। ਚਲੋ ਐਨਾ ਕੁ ਬਚਾਅ ਸੀ ਕਿ ਉਹ ਸਿਗਰਟ ਬੀੜੀ ਨਹੀਂ ਸੀ ਪੀਂਦਾ। ਅਵਤਾਰ ਕੋਲ਼ ਤਾਂ ਸਿਗਰਟਾਂ ਤੋਂ ਇਲਾਵਾ ਅਨੇਕ ਪ੍ਰਕਾਰ ਦੀਆਂ ਗੋਲ਼ੀਆਂ ਤੇ ਕੈਪਸੂਲ ਆਦਿ ਵੀ ਢੇਰਾਂ ਦੇ ਢੇਰ ਸਨ। ਇਹ ਨਵਾਂ ਕੋਰਾ ਅਣਪੜ੍ਹ ਡਰਾਈਵਰ, ਜੋ ਬਾਅਦ ਵਿੱਚ ਕਿਤਾਬਾਂ ਦਾ ਪਾਠਕ ਵੀ ਬਣ ਗਿਆ। ਜਾਣ ਕੇ ਪਾਠਕ ਹੈਰਾਨ ਹੋਣਗੇ ਕਿ ਉਸਨੂੰ ਕਾਲ਼ਾ ਅੱਖਰ ਮੈਸ ਬਰੋਬਰ ਸੀ। ਕਈ ਮਹੀਨਿਆਂ ਦੇ ਅਭਿਆਸ ਨਾਲ਼ ਉਹ ਕਿਤਾਬਾਂ ਦੇ ਟਾਈਟਲ ਤੋਂ ਕਿਤਾਬ ਅਤੇ ਲੇਖਕ ਦਾ ਨਾਂ ਪਛਾਣਨ ਲੱਗ ਪਿਆ ਸੀ। ਹੌਲੀ ਹੌਲੀ ਉਹ ਅੱਖਰਾਂ ਦੀ ਪਛਾਣ ਕਰਨ ਲੱਗ ਪਿਆ। ਇਕ ਵਾਰ ਬੱਸ ਵਿੱਚੋਂ ਕੋਈ ਪਾਠਕ ਕੁੱਝ ਕਿਤਾਬਾਂ ਲੈਣ ਆ ਗਿਆ। ਮੈਂ ਪੂਰੀ ਵਾਹ ਲਾਈ ਮੈਂ ਉਹ ਕਿਤਾਬਾਂ ਨਾ ਲੱਭ ਸਕਿਆ। ਉਹ ਬੱਸ ਦੇ ਅੰਦਰ ਗਿਆ ਤੇ ਮੰਗੀਆਂ ਗਈਆਂ ਸਾਰੀਆਂ ਹੀ ਕਿਤਾਬਾਂ ਕੱਢ ਲਿਆਇਆ। ਮੈਂ ਹੈਰਾਨ ਕਿ ਇਹ ਕੀ ਕ੍ਰਿਸ਼ਮਾ ਹੈ। ਉਸ ਨੇ ਦੱਸਿਆ ਕਿ ਉਸ ਨੇ ਕਿਤਾਬਾਂ ਦੇ ਰੰਗਾਂ ਜਾਂ ਕੀੜਿਆਂ ਵਾਂਗ ਨਜ਼ਰ ਆਉਂਦੇ ਅੱਖਰਾਂ ਦੀਆਂ ਕੁੱਝ ਨਿਸ਼ਾਨੀਆਂ ਦਿਮਾਗ਼ ਵਿੱਚ ਰੱਖੀਆਂ ਹੋਈਆਂ ਹਨ। ਐਨੀਆਂ ਕਿਤਾਬਾਂ ਬਾਰੇ ਐਨੀਆਂ ਨਿਸ਼ਾਨੀਆਂ ਦਿਮਾਗ਼ ਵਿੱਚ ਰੱਖਣੀਆਂ ਵੀ ਤਾਂ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ।

ਇਕ ਦਿਨ ਉਹ ਖੁਸ਼ਵੰਤ ਸਿੰਘ ਦੀ ਕਿਤਾਬ 'ਮੌਜ ਮੇਲਾ' ਪੜ੍ਹੀ ਜਾਵੇ। ਇਹ ਪੁਸਤਕ ਮੇਰੀ ਜਾਣਕਾਰੀ ਵਿੱਚ ਨਹੀਂ ਸੀ। ਮੇਰੇ ਡਰਾਈਵਰ ਦੀ ਕਮਾਲ ਦੇਖੋ। ਉਸਨੇ ਇਕ ਹੋਰ ਕਿਤਾਬ 'ਰੰਨਾਂ ਵਿੱਚ ਧੰਨਾ' ਦੀ ਜਾਣਕਾਰੀ ਦਿੱਤੀ। ਮੈਂ ਇਨ੍ਹਾਂ ਕਿਤਾਬਾਂ ਉਪਰ ਸਰਸਰੀ ਨਜ਼ਰ ਮਾਰੀ ਤਾਂ ਹਰ ਦਸਵੇਂ ਵੀਹਵੇਂ ਪੰਨੇ ਉਪਰ ਔਰਤਾਂ ਵੱਲੋਂ 'ਮੂਤ ਦੀ ਲੰਮੀ ਧਾਰ' ਅਤੇ 'ਐਨੇ ਵੱਡੇ ਲਿੰਗ' ਦੀਆਂ ਟਿੱਪਣਆਂ ਦੇ ਦਰਸ਼ਨ ਦੀਦਾਰੇ ਕਰਕੇ ਕੋਫਤ ਜਿਹੀ ਆਉਣ ਲੱਗੀ। ਸਿੱਖ ਇਤਿਹਾਸ ਅਤੇ ਕੁਲਦੀਪ ਨਈਅਰ ਨਾਲ਼ ਸਾਂਝੇ ਤੌਰ 'ਤੇ ਛਪੀ ਪੰਜਾਬ ਦੇ ਦੁਖਾਂਤ ਸਬੰਧੀ ਉਨ੍ਹਾਂ ਦੀ ਕਿਤਾਬ ਦਾ ਮੈਂ ਬੜਾ ਹੀ ਪ੍ਰਸੰਸਕ ਸਾਂ। ਉਂਝ ਵੀ ਖੁਸ਼ਵੰਤ ਸਿੰਘ ਦੇ ਚੁਟਕਲੇ ਅਤੇ ਅਖ਼ਬਾਰਾਂ ਵਿੱਚ ਛਪਦੇ ਉਨ੍ਹਾਂ ਦੇ ਆਰਟੀਕਲ ਖਿੱਚ ਪਾਊ ਹੁੰਦੇ ਸਨ। ਇਸ ਦੇ ਬਾਵਜੂਦ ਉਨ੍ਹਾਂ ਦੇ ਪਿਤਾ ਇੰਜਨੀਅਰ ਸੋਭਾ ਸਿੰਘ ਬਾਰੇ ਸੁਣੀਆਂ ਸੁਣਾਈਆਂ ਦੇ ਆਧਾਰ 'ਤੇ ਮਨ ਵਿੱਚ ਕੋਈ ਬਹੁਤਾ ਵਧੀਆ ਨਕਸ਼ਾ ਨਹੀਂ ਸੀ। ਇਹ ਦੋਵੇਂ ਕਿਤਾਬਾਂ ਨੇ ਮੇਰਾ ਮਨ ਖ਼ਰਾਬ ਹੀ ਕੀਤਾ। ਮੈਂ ਉਸਨੂੰ ਤਾਂ ਇਹ ਕਿਤਾਬਾਂ ਪੜ੍ਹਨ ਦਿੱਤੀਆਂ ਪਰ ਹਦਾਇਤ ਕਰ ਦਿੱਤੀ ਕਿ ਇਹ ਕਿਤਾਬਾਂ ਪ੍ਰਦਰਸ਼ਨੀ ਵਿੱਚ ਨਾ ਰੱਖੀਆਂ ਜਾਣ। ਦਿੱਲੀ ਜਾ ਕੇ ਵਾਪਸ ਕੀਤੀਆਂ ਜਾਣਗੀਆਂ। ਬੂਟਾ ਸਿੰਘ ਸ਼ਾਦ ਤੋਂ ਬਾਅਦ ਇਹ ਦੂਜਾ ਵੱਡਾ ਲੇਖਕ ਸੀ ਜਿਸ ਨੂੰ ਮੇਰੀ ਨਜ਼ਰ ਨੇ ਛੇਕ ਦਿੱਤਾ ਸੀ।

ਨੈਸ਼ਨਾਲ ਬੁੱਕ ਸ਼ਾਪ ਵਾਲ਼ਿਆਂ ਕੋਲ਼ ਪ੍ਰਸਿੱਧ ਲੇਖਕਾਂ ਦੀ ਘਾਟ ਸੀ ਪਰ ਤਾਂ ਵੀ ਵਣਜਾਰਾ ਬੇਦੀ, ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਵਾਲ਼ੀਆਂ ਦੇਸੀ ਨੁਸਖਿਆਂ ਦੀਆਂ ਵਧੀਆਂ ਕਿਤਾਬਾਂ ਅਤੇ

ਭਾਈ ਕਾਹਨ ਸਿੰਘ ਦਾ ਮਹਾਨ ਕੋਸ਼ ਆਦਿ ਅੱਛੀਆਂ ਪੁਸਤਕਾਂ ਸਨ। ਇਸੇ ਤਰ੍ਹਾਂ ਸਤਵੰਤ ਪਬਲਿਸ਼ਰਜ਼ ਵਾਲ਼ੇ ਕੋਲ਼ ਜ਼ਿਆਦਾ 'ਸਿੱਖ ਇਤਿਹਾਸ' ਨਾਲ਼ ਚਲੰਤ ਜਿਹੇ ਵਿਸ਼ਿਆਂ ਵਾਲ਼ਾ ਸਾਹਿਤ ਸੀ। ਸ਼ਿਲਾਲੇਖ ਪ੍ਰਕਾਸ਼ਨ ਕੋਲ਼ ਤਾਂ ਬਹੁਤਾ ਅੰਮ੍ਰਿਤਾ ਪ੍ਰੀਤਮ ਦਾ ਸਾਰਾ ਊਟ-ਪਟਾਂਗ ਮੌਜੂਦ ਸੀ। ਮੈਨੂੰ ਉਸਦੀਆਂ ਪਹਿਲੀਆਂ ਲਿਖਤਾਂ ਹੀ ਪਸੰਦ ਸਨ। ਜਦ ਅੰਮ੍ਰਿਤਾ ਪ੍ਰੀਤਮ ਜੋਤਿਸ਼ ਵਿਦਿਆ ਤੇ ਰਾਸ਼ੀ ਫਲ਼ ਵਰਗੀਆਂ ਗੱਲਾਂ 'ਤੇ ਉਤਰ ਆਈ ਤਾਂ ਮੈਂ ਇਹੋ ਜਿਹੀਆਂ ਕਿਤਾਬਾਂ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਨੂੰ ਮੇਰੀ ਹਿਮਾਕਤ ਹੀ ਕਿਹਾ ਜਾ ਸਕਦਾ ਹੈ। ਆਖ਼ਰ ਮੈਂ ਤਾਂ ਸਾਹਿਤ ਸਭਾ ਦਾ ਮੁਲਾਜ਼ਮ ਸਾਂ। ਮੈਨੂੰ ਕੀ ਅਧਿਕਾਰ ਸੀ ਕਿ ਮੈਂ ਉਨ੍ਹਾਂ ਦੇ ਫ਼ੈਸਲਿਆਂ ਵਿੱਚ ਦਖ਼ਲ ਅੰਦਾਜ਼ੀ ਕਰਦਾ?

ਜਦ ਮੈਂ ਖ਼ੁਸ਼ਵੰਤ ਸਿੰਘ ਦੀਆਂ ਇਨ੍ਹਾਂ ਕਿਤਾਬਾਂ ਦੇ ਨਾਲ਼ ਅੰਮ੍ਰਿਤਾ ਪ੍ਰੀਤਮ ਦਾ ਬਹੁਤਾ ਸਾਹਿਤ ਵਾਪਸ ਦਿੱਲੀ ਲਿਜਾ ਸੁੱਟਿਆ ਤਾਂ ਸਾਹਿਤ ਸਭਾ ਵਿੱਚ ਥੋੜ੍ਹੀ ਚਰਚਾ ਛਿੜਨੀ ਸੁਭਾਵਕ ਹੀ ਸੀ। ਮੈਂ ਉਥੇ ਸਾਫ਼ ਕਹਿ ਦਿੱਤਾ ਕਿ ਜੋ ਵੀ ਸਾਹਿਤ ਗੱਡੀ ਵਿੱਚ ਲੱਦਿਆ ਜਾਣਾ ਹੈ, ਉਹ ਮੇਰੀ ਮਰਜ਼ੀ ਮੁਤਾਬਿਕ ਲੱਦਿਆ ਜਾਵੇ। ਇਹ ਗੱਲ ਸਾਹਿਤ ਸਭਾ ਨੂੰ ਹਜ਼ਮ ਹੋਣ ਵਾਲ਼ੀ ਹੀ ਨਹੀਂ ਸੀ। ਹਾਂ ਇਹ ਦਿੱਲੀ ਦਾ ਜਾਂ ਹਰ ਮਧ ਵਰਗੀ ਚਰਿੱਤਰ ਦਾ ਮੁੱਖ ਲੱਛਣ ਹੋ ਸਕਦਾ ਹੈ ਜਿਸ ਬਾਰੇ ਮੈਂ ਕੋਈ ਐਲਾਨ ਨਹੀਂ ਕਰ ਸਕਦਾ। ਮੇਰੇ ਵਿਰੋਧ ਵਿੱਚ ਬੋਲਦਾ ਕੋਈ ਵੀ ਨਹੀਂ ਸੀ। ਹੋ ਸਕਦਾ ਹੈ ਕਿ ਉਹ ਐਨੇ ਕੁ ਨਾਲ਼ ਹੀ ਸੰਤੁਸ਼ਟ ਹੋਣ ਜਾਂ ਮੈਨੂੰ ਅਜੇ ਹੋਰ ਜੁਹਣ ਲਈ ਹੀ ਚੁੱਪ ਕਰ ਜਾਂਦੇ ਸਨ।

ਮੈਨੂੰ ਇਕ ਹੋਰ ਕੌੜਾ ਤਜਰਬਾ ਵੀ ਹੋ ਚੁੱਕਿਆ ਸੀ। ਸਾਹਿਤ ਸਭਾ ਦਿੱਲੀ ਵੱਲੋਂ ਲਾਇਬਰੇਰੀਆਂ ਨੂੰ ਪਰੋਮੋਟ ਕਰਨ ਦੀ ਸਕੀਮ ਚੱਲ ਰਹੀ ਸੀ। ਇਸ ਸਕੀਮ ਅਧੀਨ ਮੈਂ ਵੀ ਕਈ ਥਾਂਈਂ ਚਿੱਠੀਆਂ ਪਵਾ ਕੇ ਲਾਇਬਰੇਰੀਆਂ ਖੁਲ੍ਹਵਾਈਆਂ ਸਨ। ਕਈ ਥਾਂਈਂ ਮੇਰੇ ਹੱਥੋਂ ਲਾਇਬਰੇਰੀਆਂ ਦੇ ਉਦਘਾਟਨ ਵੀ ਕਰਵਾਏ ਗਏ। ਸਾਹਿਤ ਸਭਾ ਦੀ ਬਹੁਤ ਹੀ ਵਧੀਆ ਸਕੀਮ ਸੀ ਕਿ ਤੁਸੀਂ ਸਾਹਿਤ ਸਭਾ ਨੂੰ ਦੋ ਹਜ਼ਾਰ ਰੁਪਿਆ ਭੇਜੋ ਤੇ ਦਸ ਹਜ਼ਾਰ ਦੀਆਂ ਕਿਤਾਬਾਂ ਪ੍ਰਾਪਤ ਕਰੋ। ਦੋ ਹਜ਼ਾਰ ਵਿੱਚ ਦਸ ਹਜ਼ਾਰ ਦੀਆਂ ਕਿਤਾਬਾਂ ਸਾਹਿਤ ਸਭਾ ਸਬਸਿਡੀ ਉਪਰ ਦਿੰਦੀ ਸੀ। ਮੇਰੇ ਤਾਏ ਦੇ ਪੁੱਤ ਭਰਾ ਦੀ ਦੁਹਤੀ, ਮੰਡੀ ਕਲਾਂ ਨਾਨਕੇ ਘਰ ਪਲੱਸ ਟੂ ਕਰਨ ਦੌਰਾਨ ਵਾਲੀਬਾਲ ਦੀ ਨੈਸ਼ਨਲ ਚੈਂਪੀਅਨ ਸੀ। ਉਸ ਦੀ ਸੁੱਤੀ ਪਈ ਦੀ ਅਚਾਨਕ ਮੌਤ ਹੋ ਗਈ ਸੀ। ਸਾਡੇ ਜੁਆਈ ਨੇ ਉਸਦੀ ਯਾਦ ਵਿੱਚ ਮੰਡੀ ਕਲਾਂ ਦੇ ਸਕੂਲ ਨੂੰ ਦਸ ਹਜ਼ਾਰ ਦੀਆਂ ਕਿਤਾਬਾਂ ਦਾਨ ਕਰਨ ਦੀ ਗੱਲ ਕੀਤੀ ਤਾਂ ਅਸੀਂ ਪੈਸੇ ਭੇਜ ਦਿੱਤੇ। ਉਸ ਬੰਡਲ ਵਿੱਚ ਪਾਈਆਂ ਕਿਤਾਬਾਂ ਬਾਰੇ ਜ਼ਰੂਰੀ ਨਹੀਂ ਕਿ ਸਾਹਿਤ ਸਭਾ ਦੇ ਅਧਿਕਾਰੀਆਂ ਦੇ ਨੋਟਿਸ ਵਿੱਚ ਹੋਣ। ਪੈਕਿੰਗ ਤਾਂ ਕੋਈ ਪਬਲਿਸ਼ਰ ਹੀ ਕਰਦਾ ਸੀ। ਮੈਨੂੰ ਮੇਰੇ ਪਿੰਡ ਦੇ ਸਕੂਲ ਵਿੱਚੋਂ ਬਹੁਤ ਵੱਡਾ ਉਲਾਂਭ੍ਹਾ ਮਿਲ਼ ਗਿਆ ਕਿ ਜੋ ਕਿਤਾਬਾਂ ਦਿੱਲੀ ਤੋਂ ਆਈਆਂ ਹਨ, ਉਨ੍ਹਾਂ ਵਿੱਚੋਂ ਬਹੁਤੀਆਂ ਬੱਚਿਆਂ ਦੇ ਤਾਂ ਕੀ ਅਧਿਆਪਕਾਂ ਦੇ ਵੀ ਪੜ੍ਹਨ ਯੋਗ ਨਹੀਂ। ਮੈਂ ਇਸ ਗੱਲ ਉਪਰ ਭਾਪਾ ਜੀ ਕੋਲ਼ ਇਤਰਾਜ਼ ਕੀਤਾ। ਭਾਪਾ ਜੀ ਨੇ ਆਪਣੇ ਫਾਰਮ ਉਪਰ ਬੁਲਾ ਕੇ ਅਤੇ ਉਥੇ ਸਾਨੂੰ ਰਹਿਣ ਲਈ ਟਿਕਾਣਾ ਦੇ ਕੇ, ਜਿੱਥੇ ਆਪਣਾ ਗੁਦਾਮ ਸਾਡੀ ਨਿਗਾਹ ਹੇਠ ਲਿਆਂਦਾ, ਉਥੇ ਇਹ ਵੀ ਸੁਣਾ ਦਿੱਤਾ ਕਿ ਅਸਲ ਵਿੱਚ ਸਾਹਿਤ ਸਭਾ ਇੱਥੋਂ ਦੇ ਪਬਲਿਸ਼ਰਜ਼ ਨੂੰ ਨਾਲ਼ ਲੈ ਕੇ ਚਲਦੀ ਹੈ। ਅਸਲ ਵਿੱਚ ਮੈਂ ਵੇਖ ਰਿਹਾ ਸਾਂ ਕਿ ਸਾਹਿਤ ਸਭਾ ਅਸਲ ਵਿੱਚ ਪਬਲਿਸ਼ਰਜ਼ ਦੀ ਐਸੋਸੀਏਸ਼ਨ ਤੋਂ ਬਗੈਰ ਕੁੱਝ ਵੀ ਨਹੀਂ ਸੀ। ਦੋਵੇਂ ਇਕ ਦੂਜੇ ਵਿੱਚ ਖਲਤ ਮਲਤ ਹੋਏ ਹੋਏ ਸਨ। ਇੱਥੇ ਭਾਪਾ ਜੀ ਦੇ ਗੁਦਾਮ ਵਿੱਚ ਕਰਤਾਰ ਸਿੰਘ ਦੁੱਗਲ ਦਾ ਬੇਮਿਸਾਲ ਸਾਹਿਤ ਕੰਧਾਂ ਨਾਲ਼ ਢਿਗਾਂ ਲਗਾ ਕੇ ਚਿਣਿਆ ਪਿਆ ਸੀ, ਕੁਆਂਟਲਾਂ ਦੇ ਕੁਆਂਟਲ। ਬੇਸ਼ੱਕ ਕਰਤਾਰ ਸਿੰਘ ਦੁੱਗਲ ਸਾਡੇ ਸਮੇਂ ਦਾ ਕਿੱਡਾ ਮਹਾਨ ਲੇਖਕ ਸੀ ਪਰ ਸਾਨੂੰ ਐਮ. ਏ. ਭਾਗ ਪਹਿਲਾ ਵਿੱਚ ਉਨ੍ਹਾਂ ਦੀ ਇਕ

ਕਹਾਣੀਆਂ ਦੀ ਕਿਤਾਬ ਲੱਗੀ ਹੁੰਦੀ ਸੀ, ਜਿਸ ਦੀਆਂ ਸਾਰੀਆਂ ਕਹਾਣੀਆਂ ਹੀ ਖੁੱਲ੍ਹੇ ਲਿੰਗ ਸਬੰਧਾਂ ਨਾਲ਼ ਲਬਰੇਜ਼ ਸਨ-"ਦੰਦਾਂ ਵਿੱਚ ਦੰਦ, ਬੁੱਲ੍ਹਾਂ ਵਿੱਚ ਬੁੱਲ੍ਹ, ਜੀਭ ਵਿੱਚ ਜੀਭ ਤੇ ਸਿਖਰ ਸੁਆਦ 'ਤੇ ਆ ਕੇ ਉਹ ਆਖਦੀ, ਮਾਰ ਛੱਡ ਬਾਬੂ ਜੀ ਮੈਨੂੰ ਮਾਰ ਛੱਡ।" ਉਦੋਂ ਤੋਂ ਮੇਰੇ ਮਨ ਵਿੱਚ ਦੁੱਗਲ ਹੁਰਾਂ ਦਾ ਕੋਈ ਸਾਊ ਲੇਖਕ ਵਾਲ਼ਾ ਪ੍ਰਭਾਵ ਨਹੀਂ ਸੀ ਬਣ ਰਿਹਾ। ਭਾਪਾ ਜੀ ਇਹ ਸਾਹਿਤ ਲਿਜਾਣ ਲਈ ਇਸ਼ਾਰੇ ਕਰ ਰਹੇ ਸਨ ਪਰ ਮੇਰਾ ਮਨ ਹੀ ਨਹੀਂ ਸੀ ਮੰਨ ਰਿਹਾ।

ਇਸ ਦੌਰਾਨ ਮੇਰੇ ਕੋਲ਼ੋਂ ਇਕ ਬੱਜਰ ਗਲਤੀ ਹੋ ਗਈ। ਲੋਕ ਨਾਨਕ ਸਿੰਘ ਦੀਆਂ ਕਿਤਾਬਾਂ ਦੀ ਮੰਗ ਕਰਦੇ। ਇਹ ਦਿੱਲੀ ਵਾਲ਼ਿਆਂ ਤੋਂ ਨਹੀਂ ਅੰਮ੍ਰਿਤਸਰੋਂ ਨਾਨਕ ਸਿੰਘ ਦੇ ਸਾਹਿਬਜ਼ਾਦੇ ਕੁਲਵੰਤ ਸਿੰਘ ਸੂਰੀ ਤੋਂ ਮਿਲ਼ ਸਕਦੀਆਂ ਸਨ। ਮੇਰੀ ਮੰਗ 'ਤੇ ਦਿੱਲੀ ਵਾਲ਼ੇ ਇਹ ਕਿਤਾਬਾਂ ਉਥੋਂ ਮੰਗਵਾਉਣ ਲੱਗ ਪਏ। ਜਦ ਅਸੀਂ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਫਿਰ ਰਹੇ ਸਾਂ ਤਾਂ ਕੁਲਵੰਤ ਸਿੰਘ ਸੂਰੀ ਸਾਨੂੰ ਆਪਣੇ ਘਰ ਲੈ ਗਿਆ। ਉਸਨੇ ਸਾਡੀ ਚੰਗੀ ਸੇਵਾ ਕੀਤੀ। ਆਪਣੀ ਮਰਜ਼ੀ ਨਾਲ਼ ਹੀ ਉਸਨੇ ਕਾਫ਼ੀ ਸਾਰਾ ਨਾਨਕ ਸਿੰਘ ਦਾ ਸਾਹਿਤ ਮੁੰਡਿਆਂ ਤੋਂ ਗੱਡੀ ਵਿੱਚ ਰਖਵਾ ਲਿਆ। ਮੈਨੂੰ ਕੋਰਾ ਹੋਣਾ ਚਾਹੀਦਾ ਸੀ ਤੇ ਚੁੱਪ ਨਹੀਂ ਸੀ ਹੋਣਾ ਚਾਹੀਦਾ ਪਰ ਮੈਂ ਉਸ ਵੱਲੋਂ ਵਧੀਆ ਖਾਣਾ ਦੇਣ 'ਤੇ ਹੀ ਪਸੀਜ ਗਿਆ। ਸ਼ਾਇਦ ਇਹ ਕਿਤੇ ਮੇਰੇ ਅੰਦਰ ਪਏ ਹੀਣਤਾ ਵਾਲ਼ੇ ਸੰਸਕਾਰਾਂ ਕਰਕੇ ਹੋਇਆ ਜਾਂ ਕਿਸੇ ਹੋਰ ਤਰ੍ਹਾਂ। ਚੇਤੰਨ ਤੌਰ 'ਤੇ ਮੈਂ ਇਸ ਬਾਰੇ ਕੁੱਝ ਵੀ ਨਹੀਂ ਕਹਿ ਸਕਦਾ। ਮੈਨੂੰ ਇਕ ਤਰ੍ਹਾਂ ਉਸ ਨੇ ਖ਼ਰੀਦ ਲਿਆ। ਦੂਜਾ ਉਸ ਵੱਲੋਂ ਪਾਇਆ ਚੋਗਾ ਵੀ ਮੈਂ ਸਮਝ ਨਾ ਸਕਿਆ। ਮੈਂ ਉਸਦੀਆਂ ਗੱਲਾਂ ਵਿੱਚ ਆ ਕੇ ਆਪਣੀ ਚੋਣਵੀਆਂ ਕਹਾਣੀਆਂ ਦੀ ਕਿਤਾਬ 'ਸਬੂਤੇ ਕਦਮ' ਉਸਨੂੰ ਛਾਪਣ ਦੀ ਆਗਿਆ ਦੇ ਦਿੱਤੀ। ਸ਼ਾਇਦ ਇਹ ਕਿਸੇ ਥੁੜੀ ਟੁੱਟੀ ਮਾਨਸਿਕਤਾ ਦੇ ਕਾਰਨ ਸੀ ਜਿਸ ਨੂੰ ਇਹ ਸਮਾਜ ਉਸਦਾ ਹੱਕ ਨਹੀਂ ਸੀ ਦੇ ਰਿਹਾ ਤੇ ਮੈਂ ਇਸ ਵਰਤਾਰੇ ਨੂੰ ਇਉਂ ਲੈ ਰਿਹਾ ਸਾਂ ਜਿਵੇਂ ਭੁੱਖੇ ਬੰਦੇ ਮੂਹਰੇ ਖੀਰ ਦਾ ਥਾਲ ਆ ਟਿਕਿਆ ਹੋਵੇ।

ਭਾਪਾ ਪ੍ਰੀਤਮ ਸਿੰਘ ਹੁਰਾਂ ਨੇ ਮੇਰੀ ਇਕ ਕਿਤਾਬ 'ਰੇਤੇ ਦਾ ਮਹਿਲ' ਨਾਂ ਹੇਠ ਛਾਪਣ ਦਾ ਮਨ ਬਣਾ ਲਿਆ ਜੋ ਚਰਨਜੀਤ ਸਿੰਘ ਚੰਨ ਹੁਰਾਂ ਕਾਂਪੋਜ਼ ਵੀ ਕਰਵਾ ਲਈ ਸੀ। ਕੁਲਵੰਤ ਸਿੰਘ ਨੇ ਕਿਤਾਬ ਬਹੁਤ ਹੀ ਰੀਝ ਨਾਲ਼ ਛਾਪੀ ਜੋ ਦੇਖਣੀ ਹੀ ਬਣਦੀ ਸੀ। ਮੈਂ ਇਸ ਕਿਤਾਬ ਦੀ ਇਕ ਕਾਪੀ ਭਾਪਾ ਜੀ ਨੂੰ ਭੇਟ ਕਰ ਬੈਠਾ। ਦੂਜੀ ਗਲਤੀ। ਭਾਪਾ ਜੀ ਅੰਦਰੋਂ ਮੇਰੇ ਨਾਲ਼ ਬਿਗੜ ਗਏ ਪਰ ਉਨ੍ਹਾਂ ਨੇ ਆਪਣੀ ਨਾਰਾਜ਼ਗੀ ਬੜੇ ਹੀ ਸੂਖਮ ਢੰਗ ਨਾਲ਼ ਜਾਹਰ ਕੀਤੀ। 'ਰੇਤੇ ਦਾ ਮਹਿਲ' ਕਿਤਾਬ ਛਾਪਣ ਤੋਂ ਇਨਕਾਰ ਕਰਕੇ ਅਤੇ ਨੈਸ਼ਨਲ ਬੁੱਕ ਛਾਪ ਤੋਂ ਛਪਵਾ ਕੇ। ਭਾਪਾ ਜੀ ਦੇ ਸ਼ਬਦ ਅੱਜ ਵੀ ਪਿੱਛਾ ਕਰ ਰਹੇ ਜਾਪਦੇ ਹਨ-"ਦੂਜੇ ਪਬਲਿਸ਼ਰਜ਼ ਕਹਿਣਗੇ ਕਿ ਭਾਪਾ ਜੀ ਨੇ ਆਪਣੀਆਂ ਕਿਤਾਬਾਂ ਅਤਰਜੀਤ ਰਾਹੀਂ ਵਿਕਵਾਉਣ ਲਈ ਉਸਦੀ ਕਿਤਾਬ ਛਾਪੀ ਹੈ। ਕਹਿ ਸਕਦਾ ਹਾਂ ਮੈਂ ਆਪਣੇ ਪੇਂਡੂ ਸੁਭਾਅ ਤੋਂ ਮੁਕਤ ਨਹੀਂ ਹੋ ਸਕਿਆ। ਮੇਰੇ ਕੋਲੋਂ ਅਜੇ ਵੀ ਵਿਹਾਰਕ ਨਹੀਂ ਹੋਇਆ ਜਾ ਰਿਹਾ। ਛੇਤੀ ਹੀ ਹਰ ਕਿਸੇ ਉਪਰ ਪਸੀਜ ਜਾਣ ਦੇ ਸਭਾਅ ਤੋਂ ਮੁਕਤ ਨਹੀਂ ਹੋ ਰਿਹਾ। ਮੈਂ ਆਪਣੇ ਆਪ ਨੂੰ ਇਮਾਨਦਾਰੀ ਦਾ ਮੁਜੱਸਮਾ ਸਮਝ ਰੱਖਿਆ ਸੀ ਪਰ ਵਿਹਾਰਕ ਤੌਰ 'ਤੇ ਵੇਖਿਆ ਜਾਵੇ ਤਾਂ ਇਹ ਇਕ ਸੂਖਮ ਕਿਸਮ ਦੀ ਮੌਕਾ ਪ੍ਰਸਤੀ ਸੀ ਜੋ ਮੈਂ ਅਚੇਤ ਰੂਪ ਵਿੱਚ ਜਾਂ ਅਣਜਾਣੇ ਵਿੱਚ ਕਰ ਗਿਆ ਸਾਂ। ਚਾਹੀਦਾ ਤਾਂ ਇਹ ਸੀ ਕਿ ਮੈਂ ਕੁਲਵੰਤ ਸਿੰਘ ਸੂਰੀ ਦੀ ਛਾਪੀ ਕਿਤਾਬ ਦੀ ਭਾਫ਼ ਵੀ ਨਾ ਕੱਢਦਾ। ਸਗੋਂ ਮੈਂ ਉਹ ਭਾਪਾ ਜੀ ਦੇ ਫਾਰਮ 'ਤੇ ਉਨ੍ਹਾਂ ਨੂੰ ਸਤਿਕਾਰ ਸਹਿਤ ਭੇਟ ਕਰ ਦਿੱਤੀ। ਨਿਰੀ ਕਮਅਕਲੀ।

ਅਸੀਂ ਅੰਮ੍ਰਿਤਸਰ ਸਾਂ ਜਦੋਂ ਡਰਾਈਵਰ ਅਤੇ ਉਸ ਦੇ ਨਾਲ਼ ਦੇ ਦੂਜੇ ਮੁੰਡੇ ਨੇ ਪੇਟ ਦੀ ਭਿਆਨਕ ਤਕਲੀਫ਼ ਦੱਸ ਕੇ ਸਾਨੂੰ ਸੰਕਟ ਵਿੱਚ ਪਾ ਦਿੱਤਾ। ਉਸ ਦਿਨ ਬਠਿੰਡੇ ਤੋਂ ਇਕ ਜਥਾ ਮਲਕਾ ਵਿਕਟੋਰੀਆ

ਦਾ ਸਿਆਪਾ ਕਰਨ ਲਈ ਜੱਲ੍ਹਿਆਂ ਵਾਲ਼ੇ ਬਾਗ ਦੇ ਸ਼ਹੀਦਾਂ ਨੂੰ ਨਤਮਸਤਕ ਹੋਣ ਸਾਡੇ ਨਾਲ਼ ਹੀ ਆ ਮਿਲ਼ਿਆ ਸੀ। ਅਸੀਂ ਤਾਂ ਕਈ ਦਿਨਾਂ ਦੇ ਚੱਲੇ ਹੋਏ ਸਾਂ ਤੇ ਕਈ ਦਿਨ ਹੋਰ ਰਹਿਣਾ ਸੀ। ਹੁਣ ਇਨ੍ਹਾਂ ਮੁੰਡਿਆਂ ਨੂੰ ਲੈ ਕੇ ਵਾਪਸ ਆਉਣ ਦੀ ਬਣ ਗਈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਅਤੇ ਪ. ਲ. ਸ. ਮੰਚ ਦੇ ਮੋਢੀਆਂ 'ਚੋਂ ਅਮੋਲਕ ਸਿੰਘ ਨੂੰ ਵੀ ਬੱਚਿਆਂ ਦੀ ਚਿੰਤਾ ਸਤਾਉਣ ਲੱਗੀ। ਅੰਮ੍ਰਿਤਸਰੋਂ ਵੀ ਉਨ੍ਹਾਂ ਨੂੰ ਦਵਾਈ ਦਿਵਾਈ ਤੇ ਜਲੰਧਰ ਆ ਕੇ ਵੀ ਬਹੁਤ ਉਹੜ ਪੁਹੜ ਕੀਤਾ ਪਰ ਉਨ੍ਹਾਂ ਵੱਲੋਂ ਹਰ ਵਾਰ ਇਹੋ ਸੁਣਨ ਨੂੰ ਮਿਲ਼ਦਾ-"ਭੋਰਾ ਫ਼ਰਕ ਨੀ ਪਿਆ ਜੀ।" ਹਾਰ ਬਠਿੰਡਾ ਲਿਆ ਉਤਾਰੇ।

ਇਸ ਦੌਰਾਨ ਆਰਸੀ ਵਾਲ਼ਿਆਂ ਨੇ ਮੇਰੀਆਂ ਦੋ ਕਿਤਾਬਾਂ 'ਮਾਸ ਖੋਰੇ' ਅਤੇ 'ਤੀਜਾ ਯੁੱਧ' ਦਾ ਦੂਜਾ ਦੂਜਾ ਐਡੀਸ਼ਨ ਛਾਪਿਆ। ਭਾਵੇਂ ਇਸ ਵਿੱਚ ਵੀ ਚੋਗਾ ਖਿਲਾਰਨ ਵਾਲ਼ੀ ਗੱਲ ਹੀ ਸੀ। ਆਰਸੀ ਵਾਲ਼ਿਆਂ ਦੇ ਕਹਿਣ 'ਤੇ ਮੈਂ ਉਨ੍ਹਾਂ ਲਈ ਕਾਫ਼ੀਆਂ ਬੁੱਲ੍ਹੇ ਸ਼ਾਹ ਦੀ ਸੰਪਾਦਨਾ ਕੀਤੀ ਪਰ ਉਨ੍ਹਾਂ ਨੇ ਇਹ ਪੁਸਤਕ ਗੁਰਚਰਨ ਸਿੰਘ ਨਾਲ਼ ਸਾਂਝੀ ਕਰਕੇ ਛਾਪ ਲਈ ਤਾਂ ਕਿ ਮੈਂ ਕੋਈ ਕਲੇਮ ਨਾ ਕਰ ਸਕਾਂ। ਇਸ ਤਰ੍ਹਾਂ ਮੈਂ ਦਿੱਲੀ ਇਸ ਵਿਚਾਰ ਦੀ ਕਮਾਈ ਕਰ ਕੇ ਨਿਕਲਿਆਂ ਕਿ ਦਿੱਲੀ ਸਾਨੂੰ ਗਰੀਬ ਲੋਕਾਂ ਨੂੰ ਬਾਂਹ ਨਹੀਂ ਫੜਾਉਂਦੀ। ਦਿੱਲੀਏ ਨੀ ਦਿੱਲੀਏ ਤੇਰਾ ਤਾਂ ਮੈਂ ਤਿੰਨ ਸਾਲਾਂ ਵਿੱਚ ਨਹੁੰ ਜਿੰਨਾ ਵੀ ਭੇਤ ਨਾ ਪਾ ਸਕਿਆ।

ਮੈਨੂੰ ਲੱਗਣ ਲੱਗ ਪਿਆ ਕਿ ਇਹ ਸਮੁੰਦਰੀ ਜਹਾਜ ਜਿੱਡੀ ਕਈ ਕਰੋੜ ਦੀ ਬਹੁ ਮੰਜ਼ਲੀ ਇਮਾਰਤ ਸਾਹਿਤ ਸਭਾ ਦੀ ਮਲਕੀਅਤ ਹੈ। ਸਾਰੇ ਕਰਮਚਾਰੀ ਏ. ਸੀ. ਕਮਰਿਆਂ ਵਿੱਚ ਆਨੰਦ ਲੈ ਰਹੇ ਹਨ। ਬੱਸ ਸਾਰੇ ਪਾਸਿਆਂ ਤੋਂ ਬੰਦ ਹੋਣ ਕਰਕੇ ਗਰਮੀਆਂ ਦੇ ਦਿਨੀਂ ਸਾਡੇ ਪਿੰਡੇ ਪਿੱਤ ਨਾਲ਼ ਭਰ ਜਾਂਦੇ ਸਨ। ਦੂਜੀ ਗੱਲ ਕਿ ਇਥੇ ਇਕ ਖ਼ਾਸ ਕਿਸਮ ਦਾ ਦਫ਼ਤਰੀ ਸੱਭਿਆਚਾਰ ਹੈ, ਜਿੱਥੇ ਮੁਲਾਜ਼ਮਾਂ ਨੂੰ ਚੰਗੀਆਂ ਚੋਖੀਆਂ ਤਨਖਾਹਾਂ ਮਿਲ਼ ਰਹੀਆਂ ਹਨ। ਮੈਂ ਭਾਵੇਂ 'ਵਕਤੋਂ ਖੁੰਝੀ ਡੂਮਣੀ' ਵਾਲ਼ੀ ਗੱਲ ਹੀ ਕਰ ਰਿਹਾ ਸਾਂ ਆਪਣੀਆਂ ਔਖਾਂ ਦਾ ਉਥੇ ਏ. ਸੀ. ਕਮਰਿਆਂ ਵਿੱਚ ਬੈਠੇ ਲੋਕਾਂ ਨਾਲ਼ ਤੁਲਨਾ ਕਰਨ ਲੱਗਾ ਤੇ ਮੈਨੂੰ ਗੁਰਬਚਨ ਸਿੰਘ ਭੁੱਲਰ ਦੀ ਪਿਆਰ-ਝਿੜਕ ਚੰਗੀ ਲੱਗਣ ਲੱਗੀ ਤੇ ਮੈਂ ਆਪਣੀ ਅਤੇ ਮੁਲਾਜ਼ਮਾਂ ਦੀ ਵੱਧ ਤਨਖਾਹ ਦੀ ਮੰਗ ਕਰ ਮਾਰੀ। ਸਾਹਿਤ ਸਭਾ ਤੋਂ ਮੈਂ ਫਿਰ ਵੀ ਵੱਡੀ ਮੰਗ ਨਾ ਕਰ ਸਕਿਆ।

ਸ਼ਾਇਦ ਅਕਤੂਬਰ-ਨਵੰਬਰ 2004 ਤੱਕ ਇਹ ਬੱਸ ਮੇਰੇ ਹੱਥ ਹੇਠ ਰਹੀ। ਜਦ ਮੈਂ ਦਸ ਹਜ਼ਾਰ ਵੇਤਨ ਦੀ ਮੰਗ ਰੱਖ ਦਿੱਤੀ ਤਾਂ ਕੁਦਰਤੀ ਸੀ ਕਿ ਸਾਹਿਤ ਸਭਾ ਵਾਲ਼ੇ ਮੇਰੇ ਕੋਲੋਂ ਉਹ ਬੱਸ ਲੈ ਲੈਂਦੇ। ਅਸਲ ਵਿੱਚ ਮੈਂ ਹੁਣ ਚਾਹੁੰਦਾ ਵੀ ਇਹੋ ਸਾਂ। ਦਿੱਲੀ ਵਾਲ਼ੇ ਸਾਰੇ ਪਬਲਿਸ਼ਰ ਇਕੱਠੇ ਹੋ ਕੇ ਮੇਰੇ ਘਰ ਆ ਗਏ। ਇਸ ਤੋਂ ਪਹਿਲਾਂ ਵੀ ਉਹ ਜਦ ਇੱਥੇ ਕਿਤੇ ਵੀ ਪੁਸਤਕ ਮੇਲਾ ਲੱਗਦਾ ਸੀ, ਮੇਰੇ ਘਰ ਹੀ ਠਹਿਰਦੇ ਸਨ। ਮੇਰੀ ਮਹਿਮਾਨ ਨਿਵਾਜ਼ੀ ਦਾ ਆਰਸੀ ਪਬਲਿਸ਼ਰਜ਼ ਵਾਲ਼ੇ ਗੁਰਬਚਨ ਸਿੰਘ ਉਪਰ ਜੋ ਪ੍ਰਭਾਵ ਬਣਿਆ, ਉਹ ਮੈਨੂੰ ਆਪਣੇ ਘਰ ਲਿਜਾਣ ਲੱਗ ਪਏ। ਮੇਰਾ ਸਟਾਫ਼ ਦਫ਼ਤਰ ਵਿੱਚ ਹੀ ਬਾਹਰ ਡੇਰੇ ਲਾ ਲੈਂਦਾ ਜਾਂ ਗੁਰਦੁਆਰਾ ਸੀਸ ਗੰਜ ਜਾ ਸ਼ਰਨ ਲੈਂਦਾ। ਗੁਰਪ੍ਰੀਤ ਅਤੇ ਉਸਦਾ ਛੋਟਾ ਭਾਈ ਰਣਜੀਤ ਮੇਰੀ ਬਹੁਤ ਇੱਜ਼ਤ ਕਰਦੇ। ਇਹੋ ਨਹੀਂ, ਉਨ੍ਹਾਂ ਦੀ ਮੰਮੀ ਅਤੇ ਦੋਵੇਂ ਵਹੁਟੀਆਂ ਵੀ। ਵਹੁਟੀਆਂ ਤਾਂ ਘਰ ਵੜਦੇ ਨੂੰ ਵੇਖ ਕੇ ਹੀ ਪੈਰੀਂ ਹੱਥ ਲਾਉਣ ਭੱਜਦੀਆਂ ਸਨ। ਗੁਰਬਚਨ ਸਿੰਘ ਕਾਫ਼ੀ ਹੱਦ ਤੱਕ ਸਮਾਜਿਕ ਲੱਗਦੇ ਸਨ ਤੇ ਮੈਂ ਉਨ੍ਹਾਂ ਤੋਂ ਪ੍ਰਭਾਵਤ ਸਾਂ, ਭਾਵੇਂ ਭਾਪਾ ਜੀ ਨਾਲ਼ ਉਨ੍ਹਾਂ ਦੀ ਸ਼ਰੀਕੇਬਾਜ਼ੀ ਵੀ ਚੱਲਦੀ ਸੀ। ਅਸਲ ਵਿੱਚ ਵਪਾਰੀ ਬੰਦਿਆਂ ਨਾਲ਼ ਦੋਸਤੀ ਦਾ ਸੰਕਲਪ ਪਾਲਣਾ ਸ਼ਾਇਦ ਭਾਵੁਕਤਾ ਤੋਂ ਵੱਧ ਕੁੱਝ ਨਹੀਂ ਹੁੰਦਾ।

ਨਰਭਿੰਦਰ ਸਿੰਘ ਹੁਰਾਂ ਨੇ ਸਰਸੇ ਦੇ 'ਸੰਤ ਨੱਗਰ' ਪਿੰਡ ਤੋਂ ਗੁਰਭੇਜ ਸਿੰਘ ਨਾਂ ਦਾ ਇਕ ਗਰੀਬ ਪਰਿਵਾਰ ਦਾ ਲੜਕਾ ਭੇਜਿਆ ਸੀ ਜੋ ਬਹੁਤ ਹੀ ਇਮਾਨਦਾਰ ਪਰ ਹੱਦ ਦਰਜ਼ੇ ਦਾ ਸੁਸਤ ਸੀ। ਸਾਰਾ ਕੁੱਝ ਚੌੜ ਚੁਪੱਟ ਹੋ ਜਾਣ ਬਾਅਦ ਹੀ ਉਹ ਮੂੰਹ ਖੋਲ੍ਹਦਾ ਸੀ।

ਅਸੀਂ ਸੰਗਰੂਰ ਜ਼ਿਲ੍ਹੇ ਦੀ ਦਿੜ੍ਹਬਾ ਮੰਡੀ ਦੇ ਇਲਾਕੇ ਵਿੱਚ ਸਕੂਲਾਂ ਵਿੱਚ ਘੁੰਮ ਰਹੇ ਸਾਂ। ਇੱਥੇ ਕਮਾਲਪੁਰ ਪਿੰਡ ਦੇ ਸਕੂਲ ਵਿਚ ਉਨ੍ਹਾਂ ਹੀ ਮੁੰਡਿਆਂ ਨੇ, ਜੋ ਅੰਮ੍ਰਿਤਸਰ ਬਿਮਾਰ ਹੋਏ ਸਨ ਨੇ ਫਿਰ ਸੰਕਟ ਖੜ੍ਹਾ ਕਰ ਦਿੱਤਾ। ਡਰਾਈਵਰ ਦੀ ਸ਼ਿਕਾਇਤ ਸੀ ਕਿ ਗੱਡੀ ਦਾ ਸਟੇਅਰਿੰਗ ਇਕ ਦਮ ਘੁੰਮ ਗਿਆ ਜਿਸ ਕਰਕੇ ਉਸਦਾ ਗੁੱਟ ਉਤਰ ਗਿਆ ਹੈ। ਦੂਜਾ ਮੁੰਡਾ ਕਿਤਾਬਾਂ ਦੀ ਵਿਕਰੀ ਕਰਦਿਆਂ ਬੈਂਚ ਉਪਰ ਲੁੜ੍ਹਕ ਗਿਆ। ਮੈਂ ਛੇਤੀ ਛੇਤੀ ਉਸਦੇ ਸਿਰ ਵਿੱਚ ਪਾਣੀ ਪਾਇਆ। ਵਾਪਸੀ ਵੇਲ਼ੇ ਡਰਾਈਵਰ ਇਕ ਹੱਥ ਨਾਲ਼ ਹੀ ਸਟੇਅਰਿੰਗ ਘੁਮਾਵੇ ਤੇ ਸਾਬਤ ਕਰਨ ਦਾ ਯਤਨ ਕਰੇ ਕਿ ਸੱਚ-ਮੁੱਚ ਹੀ ਉਸ ਦੇ ਗੁੱਟ ਨੂੰ ਵੱਡੀ ਜ਼ਰਬ ਆ ਗਈ ਹੈ। ਦੁਪਹਿਰ ਤੱਕ ਦੂਜਾ ਮੁੰਡਾ ਵੀ ਕਹਿਣ ਲੱਗਿਆ ਕਿ ਉਸਨੇ ਗੁਲੂਕੋਸ ਦੀ ਬੋਤਲ ਵੀ ਲਗਵਾ ਲਈ ਪਰ ਲੂਜ਼ ਮੋਸ਼ਨ ਠੀਕ ਨਹੀਂ ਹੋਏ। ਹੁਣ ਵੀ ਢਿੱਡ ਵਿੱਚ ਕੇੜਾ ਉਠੀ ਜਾਂਦੈ। ਥੋੜ੍ਹੇ ਚਿਰ ਬਾਅਦ ਕਿਤੇ ਗੁਰਭੇਜ ਨੂੰ ਹੌਸਲਾ ਪੈ ਗਿਆ। ਉਸਨੇ ਉਨ੍ਹਾਂ ਦੀ ਕਮੀਨਗੀ ਫੜ ਲਈ ਸੀ। ਇੱਥੇ ਗੁਰਭੇਜ ਸਿੰਘ ਨੇ ਸਿਆਣਪ ਵਰਤੀ ਤੇ ਮੈਨੂੰ ਦੱਸ ਦਿੱਤਾ ਕਿ ਉਹ ਉਸਨੂੰ ਵੀ ਕਹਿ ਰਹੇ ਸਨ ਕਿ ਆਪਾਂ ਬਿਮਾਰ ਹੋਣ ਦਾ ਬਹਾਨਾ ਕਰੀਏ। ਅੰਕਲ ਤਾਂ ਐਨੇ ਨਰਮ ਦਿਲ ਹਨ ਕਿ ਆਪਾਂ ਨੂੰ ਅੱਜ ਹੀ ਬਠਿੰਡੇ ਲੈ ਤੁਰਨਗੇ। ਇਸ ਤਰ੍ਹਾਂ ਉਹ ਸਾਨੂੰ ਰੜੇ ਛੱਡ ਕੇ ਤੁਰ ਗਏ।

ਅਸਲ ਵਿੱਚ 1 ਜੂਨ 2004 ਨੂੰ ਸਕੂਲਾਂ ਵਿੱਚ ਛੁੱਟੀਆਂ ਹੋ ਗਈਆਂ ਸਨ। ਗਰਮੀ ਵੀ ਸਮਝੋ ਵੱਟ ਕੱਢ ਰਹੀ ਸੀ। ਮੁੰਡਿਆਂ ਦੇ ਵੀ ਕੋਈ ਸਾਰੇ ਨਹੀਂ ਸੀ। ਪਿੱਤ ਨਾਲ਼ ਪਿੰਡੇ ਸਾਡੇ ਸਾਰਿਆਂ ਦੇ ਹੀ ਭਰੇ ਹੋਏ ਸਨ। ਸਾਰੇ ਇਲਾਕੇ ਵਿੱਚ ਸੱਭਿਆਚਾਰ ਦੇ ਵਿਸ਼ੇ ਉਪਰ ਮੇਰੀ ਤਕਰੀਰ ਦੀਆਂ ਧੁੰਮਾਂ ਪਈਆਂ ਹੋਈਆਂ ਸਨ। ਸਾਨੂੰ ਪਾਂਤੜਾਂ ਦੇ ਬਹੁਤ ਸਾਰੇ ਵੱਡੇ ਵੱਡੇ ਪਰਾਈਵੇਟ ਸਕੂਲਾਂ ਨੇ ਸੱਦਾ ਦਿੱਤਾ ਹੋਇਆ ਸੀ ਕਿ ਅਸੀਂ ਉਨ੍ਹਾਂ ਦੇ ਸਕੂਲਾਂ ਨੂੰ ਛੱਡ ਕੇ ਨਾ ਜਾਈਏ। ਸਕੂਲ ਵੀ ਵੱਡੇ ਹਜ਼ਾਰ ਤੋਂ ਵੀ ਵੱਧ ਗਿਣਤੀ ਵਾਲ਼ੇ।

ਆਥਣੇ ਜਿਹੇ ਮੈਂ ਉਨ੍ਹਾਂ ਮੁੰਡਿਆਂ ਦੀ ਤਕਲੀਫ਼ ਜਾਣਨ ਲਈ ਬੱਸ ਕੋਲ਼ ਗਿਆ ਤੇ ਇਕ ਪਾਸੇ ਲੁਕ ਕੇ ਵੇਖਿਆ ਤਾਂ ਮੈਂ ਹੈਰਾਨ ਰਹਿ ਗਿਆ ਕਿ ਉਹ ਤਾਂ ਉਥੇ ਚਿੜਚੋਲੜ ਪਾ ਰਹੇ ਸਨ। ਮੈਂ ਉਨ੍ਹਾਂ ਨੂੰ ਜਾਣ ਦਿੱਤਾ। ਜਾਂਦੇ ਹੋਏ ਉਹ ਇਹ ਜ਼ਰੂਰ ਆਖ ਗਏ-"ਅੰਕਲ ਹੁਣ ਤੁਸੀਂ ਸਾਨੂੰ ਮੁੜ ਕੇ ਰੱਖਦੇ ਤਾਂ ਨੀ।" ਮੈਨੂੰ ਗੱਲ ਦੀ ਸਮਝ ਹੀ ਨਾ ਲੱਗੀ। ਦੋ ਤਿੰਨ ਦਿਨ ਸਾਨੂੰ ਕੋਈ ਡਰਾਈਵਰ ਨਾ ਮਿਲ਼ਿਆ। ਇਕ ਦਿਨ ਮੈਂ ਗੁਰਭੇਜ ਨੂੰ ਨਾਲ਼ ਲੈ ਕੇ ਬੱਸ ਕੋਲ਼ ਗਿਆ। ਮੇਰੇ ਅੰਦਰ ਡਰਾਈਵਰ ਬਣਨ ਦੀ ਇੱਛਾ ਉਸਲਵੱਟੇ ਲੈਣ ਲੱਗੀ। ਮੈਂ ਤਾਂ ਕਦੇ ਕਾਰ 'ਤੇ ਬੈਠ ਕੇ ਨਹੀਂ ਸੀ ਵੇਖਿਆ। ਫਿਰ ਇਹ ਤਾਂ ਬੱਸ ਸੀ। ਮੈਂ ਡਰਾਈਵਰ ਸੀਟ 'ਤੇ ਬੈਠ ਕੇ ਚਾਬੀ ਲਾਈ ਤੇ ਰਿਸਕ ਲੈ ਲਿਆ। ਬੱਸ ਮੈਂ ਦਾਅਵਾ ਕਰ ਸਕਦਾ ਹਾਂ ਕਿ ਤਿੰਨ ਚਾਰ ਘੰਟਿਆ ਵਿੱਚ ਮੈਂ ਸਟੇਰਿੰਗ ਨੂੰ ਪੂਰੀ ਤਰ੍ਹਾਂ ਕਾਬੂ ਕਰਨ ਦੇ ਸਮਰੱਥ ਹੋ ਗਿਆ।

ਫਿਰ ਡਰਾਈਵਰ ਵੀ ਮਿਲ਼ ਗਿਆ। ਉਸਦੀ ਨਿਗਰਾਨੀ ਵਿੱਚ ਮੈਂ ਹੋਰ ਵੀ ਪਰਬੀਨ ਹੋ ਗਿਆ। ਸਮਝ ਨਾ ਆਵੇ ਕਿ ਗੁਰਭੇਜ ਨਾਲ਼ ਕਿਵੇਂ ਨਜਿੱਠਿਆ ਜਾਵੇ। ਜਦ ਅਸੀਂ ਪੰਦਰਾਂ ਕੁ ਦਿਨ ਪਰਾਈਵੇਟ ਸਕੂਲ ਕਵਰ ਕਰਕੇ ਬਠਿੰਡੇ ਵਾਪਸ ਆਏ ਤਾਂ ਉਹ ਬੋਲਿਆ-"ਅੰਕਲ ਉਹ ਜਾਂਦੇ ਹੋਏ ਬੱਸ ਵਿੱਚ ਖੰਡ ਪਾ ਗਏ ਸਨ।"

"ਦੁਰ-ਫਿੱਟੇ ਮੂੰਹ!" ਤੇ ਮੇਰੇ ਮੂੰਹੋਂ ਇਹੋ ਸ਼ਬਦ ਨਿੱਕਲ ਸਕਦੇ ਸਨ। ਇਹੋ ਨਿੱਕਲ਼ੇ-"ਕੁੱਤਿਆ ਤੂੰ ਓਦੋਂ ਕਿਉਂ ਨਾ ਬਕਿਆ? ਮੈਂ ਉਨ੍ਹਾਂ ਨੂੰ ਜਾਣ ਹੀ ਕਿਉਂ ਦਿੱਤਾ। ਕਿਸੇ ਮਿਸਤਰੀ ਤੋਂ ਗੱਡੀ ਚੈਕ ਕਰਵਾ ਕੇ ਉਨ੍ਹਾਂ ਨੂੰ ਪੁਲਸ ਦੇ ਹਵਾਲੇ ਕਰਦਾ। ਤੇ ਜਦੋਂ ਦਿੱਲੀ ਗੱਡੀ ਦੀ ਸਰਵਿਸ ਕਰਵਾਈ ਤਾਂ ਸੱਚਮੁੱਚ ਹੀ ਇੰਜਣ ਵਿੱਚੋਂ ਅੱਧਾ ਕਿੱਲੋ ਦੇ ਕਰੀਬ ਖੰਡ ਨਿੱਕਲ਼ੀ। ਗੱਡੀ ਦਾ ਬਚਾਅ ਸਿਰਫ਼ ਇਸ ਕਰਕੇ ਹੋ ਗਿਆ ਕਿ ਉਨ੍ਹਾਂ ਨੇ ਖੰਡ ਡੀਜ਼ਲ ਵਾਲ਼ੀ ਟੈਂਕੀ ਵਿੱਚ ਪਾਉਣ ਦੀ ਥਾਂ ਮੁਬਲਾਇਲ ਵਿੱਚ ਮਿਲਾਈ ਸੀ ਜਿਸ ਕਰਕੇ ਖੰਡ ਇੰਜਣ

ਆਇਲ ਦੇ ਹੇਠਾਂ ਪਈ ਰਹਿ ਗਈ। ਜੇ ਡੀਜ਼ਲ ਵਿੱਚ ਮਿਲ਼ਾ ਦਿੰਦੇ ਤਾਂ ਮੇਰੀ ਡਰਾਈਵਰੀ ਹੀ ਮੈਨੂੰ ਮਹਿੰਗੀ ਪੈ ਜਾਣੀ ਸੀ, ਇੰਜਣ ਚੋਕ ਹੋ ਕੇ।

ਸਾਹਿਤ ਸਭਾ ਨੂੰ ਲੱਖਾਂ ਰੁਪਿਆਂ ਦਾ ਘਾਟਾ ਪੈ ਗਿਆ ਜੋ ਉਥੋਂ ਬੁੜ੍ਹਕ ਕੇ ਮੇਰੇ ਘਰ ਪਹੁੰਚ ਗਿਆ। ਘਾਟਾ ਮੇਰੀ ਬਿਸਨਿਸ ਵਪਾਰ ਵਿੱਚ ਅਣਜਾਣਤਾ ਦੇ ਕਾਰਨ ਹੀ ਪਿਆ। ਅਖ਼ੀਰ ਦਿੱਲੀ ਵਾਲ਼ਿਆਂ ਨੇ ਮੇਰੇ ਕੋਲੋਂ ਬੱਸ ਵਾਪਸ ਲੈਣ ਦਾ ਫ਼ੈਸਲਾ ਕਰ ਲਿਆ। ਗੱਡੀ ਵਾਪਸ ਭੇਜਣ ਵੇਲ਼ੇ ਸਾਰੇ ਹੀ ਪਬਲਿਸ਼ਰਜ਼ ਨੇ ਮੇਰੇ ਘਰ ਆ ਡੇਰੇ ਲਾਏ। ਦੋ ਲੱਖ ਮੁੱਲ ਦਾ ਸਟਾਕ ਘਟ ਗਿਆ ਜੋ ਮੈਨੂੰ ਆਪਣੀ ਪੈਨਸ਼ਨ ਦੀ ਬਚਾਈ ਪੂੰਜੀ ਦੀ ਦੋ ਲੱਖ ਵਾਲ਼ੀ ਐਫ਼. ਡੀ. ਰਾਜਧਾਨੀ ਦੇ ਹਵਾਲੇ ਕਰਕੇ ਹੱਥ ਧੋ ਕੇ ਬੈਠ ਗਿਆ। ਉਨ੍ਹਾਂ ਦਿਨਾਂ ਵਿੱਚ ਹੀ ਮੈਨੂੰ ਦਿੱਲੀ ਬੁਲਾਇਆ ਗਿਆ ਤੇ ਭਾਪਾ ਜੀ ਨੇ ਪੁੱਛਿਆ–

" ਅਤਰਜੀਤ ਇਹ ਦੱਸੋ ਕਿ ਗੁਲਜ਼ਾਰ ਸਿੰਘ ਸੰਧੂ ਹੁਰਾਂ ਨੇ ਦੱਸਿਆ ਹੈ ਕਿ ਤੁਸੀਂ ਲਾਇਬਰੇਰੀ ਵਿੱਚ ਸਵਾਰੀਆਂ ਢੋ ਕੇ ਕਮਾਈ ਵੀ ਕਰ ਰਹੇ ਹੋ?" ਸੰਧੂ ਸਾਹਿਬ ਪੰਜਾਬੀ ਸਾਹਿਤ ਸਭਾ ਦੇ ਥੰਮ੍ਹ ਵੱਡੇ ਲੇਖਕ ਹਨ। ਜਾਪਦਾ ਹੈ ਕਿ ਉਨ੍ਹਾਂ ਕੋਲ਼ ਜ਼ਰੂਰ ਹੀ ਕਿਸੇ ਦੋਖੀ ਨੇ ਚੁਗਲੀ ਕੀਤੀ ਹੋਵੇਗੀ। ਸਵਾਰੀਆਂ ਢੋਣ ਵਾਲ਼ੀ ਗੱਲ ਤਾਂ ਉਨ੍ਹਾਂ ਦੀ ਰੋੜ ਵਾਂਗ ਸਹੀ ਸੀ। ਪਰ ਕਮਾਈ ਕਰਨ ਵਾਲ਼ਾ ਕੋਰਾ ਝੂਠ ਸੀ। ਝੂਠ ਸ਼ਬਦ ਨੂੰ ਤਰਲ ਕਰ ਦੇਵਾਂ, ਸ਼ੱਕ। ਦੇਸ਼ ਭਗਤਾਂ ਦੀ ਯਾਦ ਵਿੱਚ ਕਰਵਾਏ ਜਾਣ ਵਾਲ਼ੇ ਮੇਲੇ 'ਤੇ ਜਲੰਧਰ ਅਤੇ ਪਹਿਲੀ ਅਪ੍ਰੈਲ ਦੇ ਨਾਟਕ ਸੰਗੀਤ ਸਮਾਗਮ 'ਤੇ ਲੁਧਿਆਣੇ ਮੇਰੇ ਨਾਲ਼ ਬਹੁਤ ਸਾਰੇ ਵਿਦਿਆਰਥੀ ਅਤੇ ਕਿਸਾਨ ਮਜ਼ਦੂਰ ਦਿੱਲੀ ਵਾਲ਼ੀ ਬੱਸ ਦਾ ਸਹਾਰਾ ਤੱਕ ਲੈਂਦੇ ਸਨ। ਉਨ੍ਹਾਂ ਦਾ ਕਿਰਾਇਆ ਬਚ ਜਾਂਦਾ ਸੀ। ਬੱਸ ਨੇ ਤਾਂ ਖਾਲੀ ਨੇ ਜਾਣਾ ਹੁੰਦਾ ਸੀ। ਜੇ ਪੰਦਰਾਂ ਵੀਹ ਲੋਕ ਇਸ ਵਿੱਚ ਚਲੇ ਵੀ ਜਾਂਦੇ ਸਨ ਤਾਂ ਬੱਸ ਨੂੰ ਭਾਰ ਤਾਂ ਲੱਗਣੋ ਰਿਹਾ।

ਹੁਣ ਬੱਸ ਵਾਪਸ ਭੇਜਣ ਦੀਆਂ ਤਿਆਰੀਆਂ ਹੋਣ ਲੱਗੀਆਂ। ਦਿੱਲੀ ਦੇ ਸਾਰੇ ਪਬਲਿਸ਼ਰ ਆਪਣਾ ਆਪਣਾ ਸਟਾਕ ਚੈਕ ਕਰਨ ਲਈ ਮੇਰੇ ਘਰ ਆ ਉਤਰੇ। ਤਿੰਨ ਚਾਰ ਦਿਨ ਉਹ ਆਪਣੀਆਂ ਆਪਣੀਆਂ ਕਿਤਾਬਾਂ ਦੀ ਛਾਂਟੀ ਕਰਦੇ ਰਹੇ। ਮੇਰੇ ਬੱਚਿਆਂ ਦੀ ਮਾਂ ਅਤੇ ਕੁੜੀਆਂ ਦੀ ਪ੍ਰਸੰਸਾ ਕਰਦੇ ਰਹੇ ਕਿ ਉਨ੍ਹਾਂ ਨੂੰ ਖਾਣ-ਪੀਣ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਗਈ। ਸਭ ਨੇ ਆਪਣਾ ਆਪਣਾ ਸਟਾਕ ਅੱਡ ਅੱਡ ਚਿਣਤੀ ਲਾ ਕੇ ਸਾਂਭ ਲਿਆ। ਮੈਂ ਸਭ ਕੁੱਝ ਮੁਰਝਾਇਆ ਮੁਰਝਾਇਆ ਵੇਖਦਾ ਰਹਿੰਦਾ। ਜਦ ਸਾਰਾ ਕੰਮ ਨਿੱਬੜ ਗਿਆ ਤਾਂ ਦੋ ਲੱਖ ਦਾ ਸਟਾਕ ਘਟ ਗਿਆ। ਜਿਸਦਾ ਕਿਤੇ ਵੀ ਕੋਈ ਨਾਂ ਥੇਹ ਨਹੀਂ ਸੀ। ਮੇਰੀ ਤਾਂ ਖਾਨਿਉਂ ਗਈ। ਸਾਰਾ ਜ਼ੋਰ ਲਾ ਕੇ ਵੀ ਮੈਂ ਦਿੱਲੀਉਂ ਏਸ ਦਾ ਅੱਧ ਵੀ ਨਹੀਂ ਕਮਾਇਆ ਹੋਣਾ ਜੋ ਮੈਨੂੰ ਭਰਨਾ ਪੈ ਗਿਆ। ਜਦ ਮੈਂ ਥੋੜੀ ਬਹੁਤੀ ਬਿੱਲਾਂ ਦੀ ਪੜਤਾਲ ਕੀਤੀ ਤਾਂ ਪਤਾ ਲੱਗਿਆ ਕਿ ਮੈਂ ਆਪਣੇ ਮੁਲਾਜ਼ਮਾਂ ਉਪਰ ਵਿਸ਼ਵਾਸ ਕਰਨ ਨਾਲ਼ ਠੱਗਿਆ ਜਾ ਚੁੱਕਾ ਸਾਂ। ਦਿੱਲੀ ਦੀ ਇਹ ਬੱਸ ਮੇਰੇ ਕੋਲੋਂ ਦੋ ਲੱਖ ਲੈ ਕੇ ਹਿੱਲੀ।

ਉਦੋਂ ਪੈਨਸ਼ਨ ਦਾ ਜੋੜ ਜੁੜਾ ਕੇ ਮੇਰੇ ਕੋਲ਼ ਛੇ ਲੱਖ ਦੀਆਂ ਐਫ. ਡੀਜ਼ ਸਨ ਜੋ 2006 ਵਿੱਚ ਬਾਰਾਂ ਲੱਖ ਦੀਆਂ ਹੋ ਜਾਣੀਆਂ ਸਨ। ਨਕਦ ਪੈਸਾ ਤਾਂ ਮੇਰੇ ਕੋਲ ਹੈ ਨਹੀਂ ਸੀ। ਸੋ ਇਕ ਲੱਖ ਦੀ ਐਫ. ਡੀ. ਮੈਂ ਸਾਹਿਤ ਸਭਾ ਦੇ ਨਾਂ ਪਲੈਜ ਕਰ ਦਿੱਤੀ ਜੋ ਮੈਚਿਉਰ ਹੋਣ ਤੱਕ ਦੋ ਲੱਖ ਦੀ ਹੋ ਗਈ। ਤੇ ਅੱਜ ਮੇਰੇ ਪਿਆਰੇ ਪਾਠਕੋ ਮੇਰੀ ਦੁਕਾਨਦਾਰੀ ਦਾ ਹਾਲ ਵੀ ਪੜ੍ਹ ਲਉ। ਅੱਜ ਦੇ ਦਿੱਨ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ ਮੇਰੇ ਕੋਲ਼ ਏਸ ਮਹੀਨੇ ਦੀ ਪੈਨਸ਼ਨ ਤੋਂ ਛੁੱਟ ਕੋਈ ਪੂੰਜੀ ਨਹੀਂ ਰਹੀ। ਮੈਂ ਪਬਲੀਕੇਸ਼ਨ ਦੇ ਕਾਰਜ ਵਿੱਚ ਵੀ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਫੇਲ੍ਹ ਹੋਇਆ ਹਾਂ। ਹਾਂ ਇੰਨੀ ਕੁ ਗੱਲ ਉਪਰ ਮਾਣ ਵੀ ਕਰ ਸਕਦਾ ਹਾਂ ਕਿ ਅੱਜ ਮੇਰੇ ਕੋਲ਼ ਪਰਸੰਸਕਾਂ ਦਾ ਬਹੁਤ ਵੱਡਾ ਖ਼ਜ਼ਾਨਾ ਮੌਜੂਦ ਹੈ।(**ਸੰਪਰਕ-94175-81936**)

## ਸੰਵਾਦ-2

# ਮੈਨੂੰ ਪ੍ਰਗਤੀਵਾਦੀ ਸਾਹਿਤਕ ਜੱਥੇਬੰਦੀਆਂ ਵਾਲੇ ਦੋਸਤਾਂ ਦਾ ਧੱਕਾ ਲਗਾਤਾਰ ਹੁਣ ਤੱਕ ਸਹਿਣਾ ਪੈ ਰਿਹਾ - ਪ੍ਰੇਮ ਪ੍ਰਕਾਸ਼

ਅੱਜ ਦੇ ਸਮੇਂ ਵਿਚ ਸਾਹਿਤਕਾਰਾਂ ਅਤੇ ਲੇਖਕਾਂ ਦੀ ਆਵਾਜ਼ ਜ਼ਰੂਰ ਦਬਾਈ ਜਾ ਰਹੀ ਏ। ਮੈਂ ਸਾਹਿਤਕਾਰਾਂ ਤੇ ਲੇਖਕਾਂ ਵਿਚ ਲਿਖੇੜਾ ਏਸ ਤਰ੍ਹਾਂ ਕਰਦਾ ਹਾਂ ਕਿ ਸਾਹਿਤਕਾਰ ਕਲਾ ਕਿਰਤ ਰਾਹੀਂ ਬੋਲਦਾ ਏ ਤੇ ਲੇਖਕ ਕਿਸੇ ਵੀ ਮਾਧਿਅਮ, ਜਿਨ੍ਹਾਂ ਵਿਚ ਅਖਬਾਰ ਤੇ ਹੋਰ ਸਾਧਨ ਸ਼ਾਮਿਲ ਨੇ, ਉਹਨਾਂ ਰਾਹੀਂ ਵੀ ਬੋਲਦਾ ਏ। ਇਹ ਦੋਹਾਂ ਦੀ ਅਵਾਜ਼ ਅੱਜ ਦੇ ਸਮੇਂ ਵਿਚ ਹੀ ਨਹੀਂ, ਹਰੇਕ ਸਮੇਂ 'ਚ ਤੇ ਹਰੇਕ ਦੇਸ 'ਚ ਦਬਾਈ ਜਾਂਦੀ ਰਹੀ ਏ ਤੇ ਦਬਾਈ ਜਾਂਦੀ ਰਹਿਣੀ ਏ। ਮੈਨੂੰ ਲੱਗਦਾ ਏ ਕਿ ਕੁਝ ਮਾਮਲਿਆਂ 'ਚ ਦਬਾਈ ਜਾਣੀ ਚਾਹੀਦੀ ਵੀ ਏ। ਜਦ ਕੋਈ ਫਿਰਕਾ-ਪ੍ਰਸਤੀ ਦਾ ਜ਼ਹਿਰ ਸਮਾਜ 'ਚ ਫੈਲਾਵੇ ਜਾਂ ਕਿਤੇ ਕੋਈ ਅਜਿਹੀ ਗੱਲ ਕਰੇ, ਜੀਹਦੇ ਨਾਲ ਆਮ ਲੋਕਾਂ 'ਚ ਲੜਾਈ ਝਗੜੇ ਵਧਣ ਜਾਂ ਖ਼ੂਨ ਖਰਾਬਾ ਹੋਣ ਦਾ ਡਰ ਹੋਵੇ, ਜਾਂ ਦੇਸ਼ ਦੀ ਸੁਰੱਖਿਆ ਨੂੰ ਖਤਰਾ ਬਣਦਾ ਹੋਵੇ ਤਾਂ ਅਜਿਹੀ ਅਵਾਜ਼ ਨੂੰ ਦਬਾਓਣਾ ਚਾਹੀਦਾ ਏ।

ਮੇਰੇ ਬੀਤੇ ਸੱਠਾਂ ਵਰ੍ਹਿਆਂ ਦੇ ਸਾਹਿਤਕ ਸਫ਼ਰ 'ਚ ਮੈਂ ਮਹਿਸੂਸ ਕਰਦਾ ਰਿਹਾ ਹਾਂ ਕਿ ਕਿਸੇ ਵੀ ਪਾਰਟੀ ਦਾ ਰਾਜ ਹੋਵੇ, ਸਮਾਜੀ-ਪ੍ਰਬੰਧ ਹੋਵੇ ਜਾਂ ਸਾਹਿਤਕ ਜੱਥੇਬੰਦੀ ਹੋਵੇ, ਜਦ ਵੀ ਕੋਈ ਸਾਹਿਤਕਾਰ ਅਤੇ ਲੇਖਕ ਉਹਨਾਂ ਦੀ ਵਿਚਾਰਧਾਰਾ ਦੇ ਉਲਟ ਲਿਖੇਗਾ ਜਾਂ ਜਿਸ ਨੂੰ ਉਹ ਖਤਰਨਾਕ ਸਮਝਣਗੇ ਤਾਂ ਉਹਨੂੰ ਦਬਾਇਆ ਜਾਵੇਗਾ। ਜਮਹੂਰੀ ਮੁਲਕਾਂ 'ਚ ਘੱਟ ਤੇ ਇਨਕਲਾਬ ਨਾਲ ਬਣੀਆਂ ਸਰਕਾਰਾਂ ਵਾਲੇ ਦੇਸ਼ਾਂ 'ਚ ਵੱਧ। ਹਰੇਕ ਸਮੇਂ 'ਚ ਸਰਕਾਰ ਸਿਰਫ ਅਖ਼ਬਾਰਾਂ, ਲੇਖਕਾਂ ਤੇ ਵਿਰੋਧੀ ਲੋਕਾਂ ਨੂੰ ਦਬਾਓਣ ਲਈ ਧੱਕਾ ਵੀ ਕਰਦੀ ਰਹੀ ਏ। ਸਾਹਿਤ ਦੇ ਮੈਦਾਨ ਵਿਚ ਵੀ ਇਹੋ ਹਾਲ ਹੁੰਦਾ ਏ। ਮੇਰੇ ਆਪਣੇ ਦੋ ਵੱਡੇ ਅਨੁਭਵ ਨੇ। ਪਹਿਲਾਂ ਤਾਂ ਇਹ ਕਿ ਮੈਨੂੰ ਪ੍ਰਗਤੀਵਾਦੀ ਸਾਹਿਤਕ ਜੱਥੇਬੰਦੀਆਂ ਵਾਲੇ ਦੋਸਤਾਂ ਦਾ ਧੱਕਾ ਲਗਾਤਾਰ ਹੁਣ ਤੱਕ ਸਹਿਣਾ ਪੈ ਰਿਹਾ ਏ। ਉਹ ਮੇਰੇ ਦੋਸਤ ਵੀ ਨੇ ਤੇ ਦੋਖੀ ਵੀ। ਮੈਂ ਆਪ ਵੀ ਉਹਨਾਂ ਤੋਂ ਦੂਰ ਨਹੀਂ ਹੋ ਸਕਦਾ। ਪਰ ... ਇਕ ਵਾਰ ਤਾਂ ਗੱਲ ਏਸ ਸੀਮਾ ਤਕ ਚਲੀ ਗਈ ਸੀ ਕਿ ਉਹਨਾਂ ਵੱਲੋਂ ਮੈਨੂੰ ਜਾਨੋਂ ਮਾਰਨ ਜਾਂ ਕੁੱਟਣ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ... ਦੂਜਾ ਤਜਰਬਾ ਇਹ ਏ ਕਿ ਨਕਸਲੀ ਲਹਿਰ ਵੇਲੇ ਪੁਲਸ ਨੇ ਮੇਰੇ ਘਰ 'ਤੇ ਛਾਪਾ ਮਾਰ ਕੇ ਮੇਰੀ ਗਰਿਫਤਾਰੀ ਕੀਤੀ। ਦੋ ਦਿਨ ਜੇਲ੍ਹ 'ਚ ਰਿਹਾ। ਤੇ ਫੇਰ ਕੇਸ ਵਾਪਸ ਲੈ ਲਿਆ ਗਿਆ। ਜਦ ਨਕਸਲੀ ਲਹਿਰ ਖਤਮ ਹੋ ਗਈ ਤਾਂ ਮੈਂ ਨਾਵਲ 'ਦਸਤਾਵੇਜ਼' ਲਿਖਿਆ। ਉਹਦੇ ਵਿਰੋਧ 'ਚ ਨਕਸਲੀ ਕਾਮਰੇਡਾਂ ਨੇ ਮੈਨੂੰ ਗਾਹਲਾਂ ਆਪਣੇ ਪਰਚਿਆਂ 'ਚ ਛਾਪੀਆਂ। ਕਮਿਊਨਿਸਟ ਪਾਰਟੀ ਨੇ 'ਲਕੀਰ' ਦੀਆਂ ਕਾਪੀਆਂ ਆਪਣੀ ਦੁਕਾਨ 'ਪੰਜਾਬ ਬੁੱਕ ਸੈਂਟਰ' 'ਤੋਂ ਚੁਕਵਾ ਦਿੱਤੀਆਂ। ਤੇ 'ਦਸਤਾਵੇਜ਼' ਦਾ ਵੀ ਵਿਰੋਧ ਕੀਤਾ।... ਇਹ ਗੱਲਾਂ ਬਹੁਤ ਅਹਿਮੀਅਤ ਵਾਲੀਆਂ ਨਹੀਂ, ਇਹ ਤਾਂ ਆਮ ਹੁੰਦੀਆਂ ਹੀ ਰਹਿੰਦੀਆਂ ਨੇ। ਇਹ ਸਾਹਿਤਕ ਵਿਚਾਰਧਾਰਾ ਕਰ ਕੇ ਹੀ ਨਹੀਂ, ਰਾਜਸੀ ਵਿਚਾਰਧਾਰਾ ਕਰ ਕੇ ਵੀ ਹੁੰਦੀਆਂ ਨੇ। ਮੈਨੂੰ ਆਪਣੇ ਦੋਸਤਾਂ 'ਤੇ ਬਹੁਤਾ ਗਿਲਾ ਵੀ ਨਹੀਂ। ਆਖਰ ਨੂੰ ਮੈਂ ਵੀ ਉਹਨਾਂ ਵਿਚੋਂ ਹੀ ਹਾਂ। ਮੇਰਾ ਵਿਸ਼ਵਾਸ ਏ ਕਿ ਸਾਹਿਤਾਕਾਰ ਨੂੰ ਵਿਰੋਧਾਂ ਦੇ ਬਾਵਜੂਦ ਆਪਣੀ ਸੋਚ ਨਾਲ ਚੱਲਣਾ ਚਾਹੀਦਾ ਅਤੇ ਅਜਿਹੇ ਵਾਰਾਂ ਲਈ ਤਿਆਰ ਰਹਿਣਾ ਚਾਹੀਦਾ ਏ।

ਸਮੇਂ ਦੇ ਬਦਲਣ ਨਾਲ ਹੋਰ ਸ਼ਕਤੀਆਂ ਵੀ ਤੁਹਾਡੀ ਸੋਚ ਅਤੇ ਰਚਨਾ ਲਈ ਅੜਿੱਕਾ ਬਣਦੀਆਂ

ਨੇਂ। ਜਿਵੇਂ ਪਹਿਲਾਂ ਮਾਰਕਸਵਾਦੀ ਜਾਂ ਪ੍ਰਗਤੀਵਾਦੀ ਲੇਖਕ ਤੇ ਅਲੇਖਕ ਵੱਡੇ ਗਰੁੱਪ ਦੇ ਰੂਪ 'ਚ 'ਕੱਠੇ ਹੋ ਕੇ ਕਿਸੇ ਵੱਖਰੀ ਸੋਚ ਵਾਲੇ ਸਾਹਿਤਕਾਰ ਨੂੰ ਸੁਤੰਤਰਤਾ ਨਾਲ ਲਿਖਣ ਨਹੀਂ ਦੇਣਾ ਚਾਹੁੰਦੇ ਸੀ, ਉਵੇਂ ਹੁਣ ਦਲਿਤ ਭਾਈਆਂ ਦਾ ਰਵੱਈਆ ਵੀ ਅਜਿਹਾ ਬਣਦਾ ਜਾ ਰਿਹਾ ਏ। ਕਿਉਂਕਿ ਉਹ ਵੀ ਰਾਜਸੀ, ਸਮਾਜੀ ਤੇ ਸਾਹਿਤਕ ਜੱਥੇਬੰਦੀ ਬਣਾ ਕੇ ਲੜ ਰਹੇ ਨੇ। ਉਹਨਾਂ ਦੇ ਹੱਥਾਂ ਵਿਚ ਕਾਨੂੰਨ ਦਾ ਹਥਿਆਰ ਵੀ ਏ। ਉਹ ਕਿਸੇ 'ਤੇ ਵੀ ਵਾਰ ਕਰਨ ਲਈ ਇਹ ਕਹਿ ਸਕਦੇ ਨੇ ਕਿ ਉਹਨੇ ਮੈਨੂੰ ਜਾਤੀਸੂਚਕ ਸ਼ਬਦ ਬੋਲਿਆ। ... ਇਹ ਵੀ ਸਾਹਿਤਕ ਭਾਈਚਾਰੇ ਦਾ ਮਸਲਾ ਏ। ਅਸੀਂ ਇਹਨੂੰ ਵੀ ਸਹਿਣਾ ਤੇ ਇਹਦੇ ਨਾਲ ਜਿਉਂਣਾ ਸਿੱਖਣਾ ਏ।

ਏਸੇ ਤਰ੍ਹਾਂ ਹੁਣ ਕੇਂਦਰ 'ਚ ਭਾਜਪਾ ਦਾ ਰਾਜ ਏ। ਉਹਦੇ ਵਿਚ ਕਈ ਹੋਰ ਪਾਰਟੀਆਂ ਤੇ ਜੱਥੇਬੰਦੀਆਂ ਸ਼ਾਮਿਲ ਨੇ। ਜਿਨ੍ਹਾਂ ਵਿਚੋਂ ਬਹੁਤ ਥੱਲੇ ਲੱਗਿਆ ਨੂੰ ਮਸੀਂ ਉੱਤੇ ਆਓਣ ਦਾ ਮੌਕਾ ਮਿਲਿਆ ਏ। ਉਹਨਾਂ ਦਾ ਆਪਣੀ ਜੀਭ ਤੇ ਅੰਗਾਂ 'ਤੇ ਪੂਰਾ ਕਾਬੂ ਨਹੀਂ। ਉਹਨਾਂ ਦੇ ਬੋਲਣ ਨਾਲ ਸਮਾਜ 'ਚ ਖਿੱਚੋਤਾਣ ਵਧੀ ਏ। ਇਹਦੇ ਬਾਰੇ ਉਹਨਾਂ ਦੇ ਸਿਆਣੇ ਬੰਦਿਆਂ ਨੂੰ ਵੀ ਸੋਚਣਾ ਪੈਣਾ ਏ ਤੇ ਅਸੀਂ ਉਹਨੂੰ ਸਮਝਣਾ ਏ। ਸਰਕਾਰ ਕੋਈ ਵੀ ਹੋਵੇ, ਉਹਦੇ 'ਚ ਸਾਰੇ ਲੀਡਰ ਇੱਕੋ ਜਿਹੇ ਨਹੀਂ ਹੁੰਦੇ।

ਸਾਹਿਤਕਾਰਾਂ ਵੱਲੋਂ ਆਪਣੇ ਇਨਾਮ ਮੋੜਨ ਨੂੰ ਮੈਂ ਉਹਨਾਂ ਦੇ ਮਨ ਦੀ ਮੌਜ ਸਮਝਦਾ ਹਾਂ। ਉਹਨਾਂ ਨੂੰ ਲੱਗਿਆ ਕਿ ਅੱਜ ਦੇ ਰਾਜਸੀ ਪ੍ਰਬੰਧ ਵਿਚ ਉਹਨਾਂ ਦੀ ਆਜ਼ਾਦੀ ਸੁਰੱਖਿਅਤ ਨਹੀਂ, ਤੇ ਉਹਨਾਂ ਤੋਂ ਆਪਣਾ ਗੁੱਸਾ ਜਾਂ ਰੋਸਾ ਝੱਲ ਨਾ ਹੋਇਆ। ਉਹਨਾਂ ਨੇ ਸਾਹਿਤਯ ਅਕਾਦਮੀ ਦੇ ਇਨਾਮ ਮੋੜ ਦਿੱਤੇ। ਉਹਨਾਂ ਦਾ ਗੁੱਸਾ ਢੈਲਾ ਹੋ ਗਿਆ। ਪਰ ਕਿਸੇ ਨੂੰ ਪੱਕਾ ਪਤਾ ਨਹੀਂ ਕਿਸੇ ਲੇਖਕ ਨੇ ਕੀ-ਕੀ ਮੋੜਿਆ! ਐਵਾਰਡ ਦੀ ਨਿਸ਼ਾਨੀ ਦੇ ਨਾਲ ਪੈਸਾ ਵੀ ਕਿ ਨਹੀਂ! ਜਾਂ ਕਿਸੇ ਨੇ ਸਿਰਫ ਐਲਾਨ ਹੀ ਕੀਤਾ, ਮੋੜਿਆ ਮਾੜਿਆ ਕੁਝ ਵੀ ਨਹੀਂ। ਪੰਜਾਬ 'ਚ ਵੀ ਉਹੋ ਜਿਹੀ ਹੀ ਸਰਕਾਰ ਹੈ। ਪਰ ਕਿਸੇ ਨੇ ਪੰਜਾਬ ਸਰਕਾਰ ਦਾ ਇਨਾਮ ਨਹੀਂ ਮੋੜਿਆ। ਇਹਦੇ ਪਿੱਛੇ ਜਿੱਥੇ ਰਾਜਸੀ ਸੋਚ ਸੀ, ਉਵੇਂ ਨਿੱਜੀ ਹਿਤ ਵੀ ਸ਼ਾਮਿਲ ਨੇ। ਦੂਜੇ ਪੰਜਾਬੀਆਂ ਦੀ ਭੇਡ-ਚਾਲ ਜਾਂ ਇੱਜੜ ਮਾਨਸਿਕਤਾ ਵੀ ਕੰਮ ਕਰਦੀ ਸੀ। ਕੁਝ ਲੇਖਕ ਏਸ ਦਾਬੇ ਹੇਠ ਆ ਜਾਂਦੇ ਨੇ ਕਿ ਪਤਾ ਨਹੀਂ ਮੈਂ ਕਿਤੇ ਪਿੱਛੇ ਜਾਂ ਇਕੱਲਾ ਨਾ ਰਹਿ ਜਾਵਾਂ। ...

ਪਰ ਮੈਂ ਆਪਣਾ ਐਵਾਰਡ ਨਹੀਂ ਮੋੜਿਆ। ਕਿਉਂਕਿ ਮੈਨੂੰ ਏਡੀ ਕੋਈ ਤਕਲੀਫ ਨਹੀਂ ਹੋਈ ਤੇ ਨਾ ਈ ਲੋੜ ਮਹਿਸੂਸ ਹੋਈ। ਮੈਂ ਕਿਸੇ ਜੱਥੇਬੰਦੀ ਦਾ ਮੈਂਬਰ ਨਹੀਂ। ਜਿਹੜੇ ਕਾਰਨ ਮੋੜਨ ਵਾਲਿਆਂ ਨੇ ਦੱਸੇ ਨੇ, ਉਹੋ ਜਿਹੇ ਤਾਂ ਪਿਛਲੇ ਸਮੇਂ 'ਚ ਉਹਨਾਂ ਨਾਲੋਂ ਵੀ ਭਿਆਨਕ ਹਾਲਾਤ ਦਾ ਮੁਕਾਲਬਾ ਕਰਨਾ ਪਿਆ ਏ। ... ਫੇਰ ਵੀ ਰੋਸਾ ਪ੍ਰਗਟ ਕਰਨ ਦਾ ਸਭ ਦਾ ਜਮਹੂਰੀ ਹੱਕ ਏ। ... ਮੈਂ ਏਸ ਗੱਲ ਨੂੰ ਠੀਕ ਨਹੀਂ ਮੰਨਦਾ ਕਿ ਸਾਹਿਕਾਰਾਂ ਨੂੰ ਦੱਸਿਆ ਜਾਵੇ ਕਿ ਉਹਨਾਂ ਨੂੰ ਆਪਣੀ ਲੇਖਣੀ ਨਾਲ ਵੀ ਪ੍ਰੋਟੈਸਟ ਕਰਨਾ ਚਾਹੀਦਾ ਏ। ਜਿਹੜੇ ਭਾਈ ਕਰਨਾ ਚਾਹੁੰਦੇ ਨੇ, ਉਹ ਕਰਨ, ਪਰ ਜ਼ਰੂਰੀ ਨਹੀਂ। ਤੁਸੀਂ ਉਹਨਾਂ ਕੋਲੋਂ ਇਹਦੀ ਮੰਗ ਨਹੀਂ ਕਰ ਕਕਦੇ।

ਸਾਹਿਤਕਾਰ ਆਮ ਦੂਜੇ ਸ਼ਹਿਰੀਆਂ ਵਰਗਾ ਜ਼ਿਮੇਦਾਰ ਬੰਦਾ ਹੁੰਦਾ ਏ। ਉਹਦੇ ਕੋਲੋਂ ਵੀ ਸਮਾਜ ਓਸੇ ਵਤੀਰੇ ਦੀ ਆਸ ਕਰਦਾ ਏ, ਜਿਹੜਾ ਦੂਜੇ ਚੰਗੇ ਸ਼ਹਿਰੀਆਂ ਦਾ ਹੁੰਦਾ ਏ। ਜੇ ਉਹਦੇ ਮਨ 'ਚ ਕੋਈ ਰਚਨਾ ਕਰਨ ਦੀ ਉੱਛਲ ਹੁੰਦੀ ਏ ਤਾਂ ਉਹ ਕੁਝ ਰਚਦਾ ਏ। ਉਹ ਮੀਡੀਆ ਦਾ ਬੰਦਾ ਨਹੀਂ ਹੁੰਦਾ ਕਿ ਹਰੇਕ ਘਟਨਾ ਬਾਰੇ ਕੁਝ ਰਚੇ ਜਾਂ ਆਪਣਾ ਵਿਚਾਰ ਪ੍ਰਗਟ ਕਰੇ। ਕੁਝ ਸਾਹਿਤਕਾਰ ਸਿਆਸੀ ਪਾਰਟੀਆਂ ਦੇ ਮੈਂਬਰ ਵੀ ਹੁੰਦੇ ਨੇ। ਕੁਝ ਰਾਜਸੀ ਪਾਰਟੀਆਂ ਦੇ ਬੰਨ੍ਹੇ ਹੋਏ ਹੁੰਦੇ ਨੇ। ਉਹ ਵੀ ਆਪਣੇ ਤੌਰ 'ਤੇ ਕੁਝ ਕਰਨ ਲਈ ਆਜ਼ਾਦ ਨੇ, ਜੋ ਕੁਝ ਮਰਜ਼ੀ ਕਰਨ।

ਸਾਹਿਤਕ ਸੰਸਥਾ ਚਾਹੇ ਸਰਕਾਰੀ ਸਰਪ੍ਰਸਤੀ ਹੇਠ ਚੱਲਦੀ ਹੋਵੇ ਜਾਂ ਗੈਰ-ਸਰਕਾਰੀ ਹੋਵੇ, ਉਹਦੇ ਵਿਚ ਉਹ ਸਾਰੇ ਗੁਣ ਔਗੁਣ ਹੁੰਦੇ ਨੇ, ਜਿਹੜੇ ਆਮ ਸਮਾਜੀ ਬੰਦੇ 'ਚ ਦਿਸਦੇ ਨੇ। ਜਿਸ ਦੀ ਇੱਛਾ ਹੁੰਦੀ ਏ, ਉਹ ਉਹਨਾਂ ਦੇ ਨਾਲ਼ ਜੁੜਦਾ ਏ। ਏਸ ਤਰ੍ਹਾਂ ਸਾਹਿਤਕਾਰਾਂ ਤੇ ਗੈਰ-ਸਾਹਿਤਕਾਰਾਂ ਦੀ ਸੰਸਥਾ ਖੜ੍ਹੀ ਹੁੰਦੀ ਏ। ਉਹ ਆਪਣੀਆਂ ਚੰਮ ਦੀਆ ਚਲਾ ਲੈਂਦੇ ਨੇ। ਮੈਨੂੰ ਉਹਨਾਂ 'ਤੇ ਵੀ ਕੋਈ ਗਿਲਾ ਨਹੀਂ, ਕਿਉਂਕਿ ਇਹ ਸਾਡਾ ਸਮਾਜੀ ਰਵੱਈਆ ਏ। ਇਹ ਸਾਡੀ ਪ੍ਰਾਚੀਨ ਸੰਸਕ੍ਰਿਤੀ ਦਾ ਹਿੱਸਾ ਏ।

ਇਨਾਮ ਦੇਣ ਤੇ ਲੈਣ ਦੇ ਮਾਮਲੇ 'ਚ ਵੀ ਸਾਡਾ ਰਵੱਈਆ ਉਹੀ ਗੁਟਬੰਦੀਆਂ ਵਾਲਾ ਕੰਮ ਕਰਦਾ ਏ। ਪਰ ਅਸੀਂ ਉਹਨਾਂ ਸਾਰਿਆਂ ਨੂੰ ਇਕ ਵਾਢਿਉਂ ਬਈਮਾਨ ਨਹੀਂ ਕਹਿ ਸਕਦੇ। ਉਹਨਾਂ ਵਿਚ ਵੀ ਚੰਗੇ ਮਾੜੇ ਬੰਦੇ ਹੁੰਦੇ ਨੇ। ... ਜਿਨ੍ਹਾਂ ਨੂੰ ਇਨਾਮ ਨਹੀਂ ਮਿਲਦਾ, ਉਹ ਗੁੱਸੇ 'ਚ ਆਪਣਾ ਕੱਦ ਬਹੁਤ ਉੱਚਾ ਕਰ ਕੇ ਦੇਖਦੇ ਹੋਏ ਦੂਜਿਆਂ ਤੋਂ ਅਤੇ ਸਰਕਾਰ ਤੋਂ ਬਹੁਤੀਆਂ ਆਸਾਂ ਰੱਖਦੇ ਨੇ। ਹਰੇਕ ਨੂੰ ਮਾੜਾ ਚੰਗਾ ਆਖਦੇ ਨੇ। ਤੇ ਤਮਾਸ਼ਾ ਇਹ ਕਿ ਉਹ ਵੀ ਸਰਕਾਰ ਅਤੇ ਸੰਸਥਾਵਾਂ ਤੋਂ ਠੀਕ ਗਲਤ ਤਰੀਕਿਆਂ ਨਾਲ ਫਾਇਦੇ ਲੈਂਦੇ ਹੁੰਦੇ ਨੇ। ਨਿਰਪੱਖਤਾ ਦਾ ਸ਼ਬਦ ਤਾਂ ਦੂਜਿਆਂ ਨੂੰ ਗਾਹਲ ਕੱਢਣ ਵਾਸਤੇ ਹੁੰਦਾ ਏ। ਜਿਵੇਂ ਕਿਸੇ ਸਮੇਂ 'ਚ ਜਦ ਮਾਰਕਸੀ ਭਾਈਆਂ ਨੂੰ ਕੋਈ ਦਲੀਲ ਨਹੀਂ ਸੁੱਝਦੀ ਸੀ ਤਾਂ ਉਹ ਪਹਿਲਾਂ ਤਾਂ ਮਾਰਕਸ ਦਾ ਹਵਾਲਾ ਦੇਂਦੇ, ਜਦ ਦੂਜਾ ਨਾ ਮੰਨਦਾ ਤਾਂ ਉਹਨੂੰ 'ਬੁਰਜ਼ਵਾ' ਕਹਿ ਕੇ ਗਾਹਲ ਜਿਹੀ ਕੱਢ ਦੇਂਦੇ ਸੀ। ਇਵੇਂ ਹੁਣ ਦਲਿਤ ਭਾਈ ਦੂਜੇ ਨੂੰ ਮਨੂਵਾਦੀ ਕਹਿ ਦੇਂਦੇ ਨੇ।

ਸਰਕਾਰੀ ਸੰਸਥਾਵਾਂ ਤੇ ਗੈਰ-ਸਰਕਾਰੀ ਸੰਸਥਾਵਾਂ ਮੁੱਢ ਤੋਂ ਈ ਸਵਾਲਾਂ ਦੇ ਘੇਰੇ 'ਚ ਰਹੀਆਂ ਨੇ ਤੇ ਅਗਾਂਹ ਨੂੰ ਵੀ ਰਹਿਣਗੀਆਂ। ਇਹ ਜਮਹੂਰੀਅਤ ਦਾ ਚੰਗਾ ਪਹਿਲੂ ਏ। ਇਹਨਾਂ ਸੰਸਥਾਵਾਂ 'ਚ ਜਿਹੜੀਆਂ ਮਾੜੀਆਂ ਗੱਲਾਂ ਆ ਜਾਂਦੀਆਂ ਨੇ, ਉਹਨਾਂ ਨੂੰ ਉਹ ਬੰਦੇ ਆਪ ਠੀਕ ਕਰਨਗੇ, ਜਿਹੜੇ ਉਹਨਾਂ ਵਿਚ ਸਰਗਰਮ ਨੇ ਤੇ ਜਿਹੜੇ ਉਹਨਾਂ ਨੂੰ ਠੀਕ ਦੇਖਣਾ ਚਾਹੁੰਦੇ ਨੇ। ਕੁਝ ਲੋਕ ਜਿਹੜੇ ਬਾਹਰ ਬੈਠੇ ਐਵੇਂ ਰੌਲਾ ਪਾਈ ਜਾਂਦੇ ਨੇ, ਉਹ ਠੀਕ ਕਰਨਾ ਨਹੀਂ ਚਾਹੁੰਦੇ ਸਗੋਂ ਆਪਣੇ ਹਿਤਾਂ ਦੀ ਪੂਰਤੀ ਚਾਹੁੰਦੇ ਨੇ।

ਜਿਹੜੀਆਂ ਕਿਤਾਬਾਂ ਲੇਖਕ ਪੈਸੇ ਦੇ ਕੇ ਛਪਵਾਂਦੇ ਨੇ, ਉਹਨਾਂ ਦੇ ਆਪਣੇ ਹਿਤ ਪੂਰੇ ਹੁੰਦੇ ਨੇ। ਉਹ ਆਪਣਾ ਸ਼ੌਕ ਪੂਰਾ ਕਰਦੇ ਨੇ। ਜਿਵੇਂ ਕੋਈ ਬੰਦਾ ਕੁੱਤਾ, ਘੋੜਾ ਜਾਂ ਕਬੂਤਰ ਰੱਖ ਕੇ ਸ਼ੌਕ ਪਾਲ਼ਦਾ ਏ। ਇਹਦੇ ਵਿਚ ਕੋਈ ਮਾੜੀ ਗੱਲ ਨਹੀਂ। ਉਹ ਕਿਤਾਬਾਂ 'ਤੇ ਆਪਣੇ ਨਾਂ ਛਪਿਆ ਦੇਖਣਾ ਚਾਹੁੰਦੇ ਨੇ। ਪ੍ਰਕਾਸ਼ਕ ਪੈਸੇ ਲੈ ਕੇ ਪੈਸਾ ਕਮਾਉਂਦੇ ਨੇ। ਜਿਹੜੇ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਨਹੀਂ ਵਿਕਦੀਆਂ, ਉਹ ਆਪ ਆਪਣੇ ਨਵੇਂ ਢੰਗ ਲੱਭਦੇ ਨੇ। ਕਿਸੇ ਹਕੀਮ ਨੇ ਤਾਂ ਨਹੀਂ ਕਿਹਾ ਕਿ ਤੁਸੀਂ ਕਿਤਾਬਾਂ ਲਿਖੋ ਤੇ ਫੇਰ ਛਾਪੋ ਤੇ ਫੇਰ ਰੋਵੋ। ਸਰਕਾਰਾਂ ਵੀ ਕਦੇ-ਕਦੇ ਆਪਣੀਆਂ ਲਾਇਬ੍ਰੇਰੀਆਂ ਲਈ ਕਿਤਾਬਾਂ ਖਰੀਦਦੀਆਂ ਨੇ। ਪਰ ਇਹ ਕੰਮ ਹਰ ਸਾਲ ਨਹੀਂ ਹੁੰਦਾ। ਜਦ ਹੁੰਦਾ ਏ ਤਾਂ ਚਤਰ ਪ੍ਰਕਾਸ਼ਕ ਤੇ ਸਪਲਾਇਅਰ ਮੋਟੀਆਂ ਰਕਮਾਂ ਕਮਾ ਲੈਂਦੇ ਨੇ। ... ਮੈਨੂੰ ਤਾਂ ਅਸਲੀ ਗੱਲ ਇਹ ਲੱਗਦੀ ਏ ਕਿ ਜਿਹੜੀਆਂ ਲਾਇਬ੍ਰੇਰੀਆ ਜਾਂ ਪੰਚਾਇਤਾਂ ਲਈ ਕਿਤਾਬਾਂ ਖਰੀਦੀਆਂ ਜਾਂਦੀਆਂ ਨੇ, ਉਹ ਪੜ੍ਹੀਆਂ ਹੀ ਨਹੀ ਜਾਂਦੀਆਂ। ਪਿੰਡਾਂ ਕਸਬਿਆਂ 'ਚ ਦਾਨ ਵਜੋਂ ਕਿਤਾਬਾਂ ਲੈ ਕੇ ਬਣਾਈਆਂ ਗਈਆਂ ਲਾਇਬ੍ਰੇਰੀਆਂ ਦੀਆਂ ਅਲਮਾਰੀਆਂ ਵੀ ਬੰਦ ਪਈਆਂ ਨੇ। ਕਿਉਂਕਿ ਕਿਤਾਬਾਂ ਨੂੰ ਸਾਂਭਣ ਤੇ ਦੇਣ ਲੈਣ ਵਾਸਤੇ ਲਾਇਬ੍ਰੇਰੀਅਨ ਦੀ ਲੋੜ ਪੈਂਦੀ ਏ। ਇਕ ਚੰਗਾ ਕਮਰਾ, ਚੰਗੀਆਂ ਅਲਮਾਰੀਆਂ ਤੇ ਲਾਇਬ੍ਰੇਰੀਅਨ ਉੱਤੇ ਜਿਹੜਾ ਖਰਚ ਆਉਂਦਾ ਏ, ਉਹ ਕੋਈ ਕਰਨ ਨੂੰ ਤਿਆਰ ਨਹੀਂ। ਦੂਜੇ, ਹੁਣ ਕਿਤਾਬਾਂ ਪੜ੍ਹਨ ਦੀ ਆਦਤ ਵੀ ਘਟਦੀ ਜਾਂਦੀ ਏ। ਕਦੇ ਸਿਰਫ ਕਿਤਾਬਾਂ ਹੀ ਸਾਡੇ ਗਿਆਨ ਅਤੇ ਦਿਲ ਪਰਚਾਵੇ ਦਾ ਸਾਧਨ ਹੁੰਦੀਆਂ ਸਨ। ਏਸੇ ਲਈ ਕਿਤਾਬਾਂ ਦੁਆਬੇ ਨਾਲੋਂ ਵੱਧ ਮਾਲਵੇ ਦੇ ਪੱਛੜੇ ਇਲਾਕੇ 'ਚ ਵੱਧ ਵਿਕਦੀਆਂ ਨੇ। ਪਰ ਹੁਣ, ਪਹਿਲਾਂ

ਟੀ. ਵੀ. ਚੈਨਲ ਚੱਲੇ ਤੇ ਫੇਰ ਲੋਕ ਹੱਥਾਂ 'ਚ ਸਮਾਰਟ ਫੋਨ ਸੈਟ ਲਈ ਫਿਰਦੇ ਨੇ। ਨੈੱਟ 'ਤੇ ਦੁਨੀਆ ਭਰ ਦਾ ਗਿਆਨ ਤੇ ਮਨ ਪਰਚਾਵਾ ਮਿਲ ਜਾਂਦਾ ਏ। ਕਿਸੇ ਸ਼ਬਦ ਦੇ ਅਰਥ ਦੇਖਣ ਲਈ ਤੁਹਾਨੂੰ ਡਿਕਸ਼ਨਰੀਆਂ ਵੀ ਰੱਖਣ ਦੀ ਲੋੜ ਨਹੀਂ।

ਸਾਹਿਤਕ ਪਰਚੇ ਆਪਣੀ ਆਪਣੀ ਸੀਮਾ ਅਨੁਸਾਰ ਜਿਹੜੇ ਪਾਠਕਾਂ ਤਕ ਪਹੁੰਚਦੇ ਨੇ, ਉਹਨਾਂ ਤਕ ਪਹੁੰਚ ਕੇ ਆਪਣਾ ਕੰਮ ਕਰੀ ਜਾਣ। ਸਾਰੇ ਪਰਚਿਆਂ ਦਾ ਮਨੋਰਥ ਇੱਕੋ ਜਿਹਾ ਨਹੀਂ ਹੁੰਦਾ। ਉਹਦੇ ਪਰਚੇ ਦਾ ਮਕਸਦ ਉਹਦੇ ਸੰਪਾਦਕ ਦੀ ਸੋਚ ਤੇ ਸ਼ਖਸੀਅਤ ਦੇ ਅਨੁਸਾਰ ਹੀ ਹੁੰਦਾ ਏ। ਉਹ ਉਹਦੇ ਅਨੁਸਾਰ ਆਪਣਾ ਰਾਜਸੀ, ਸਮਾਜੀ ਜਾਂ ਸਾਹਿਤਕ ਮਨੋਰਥ ਪੂਰਾ ਕਰਦਾ ਰਹੇ। ਜੇ ਇਹਦੇ ਨਾਲ ਨਹੀਂ ਸਰਦਾ ਤਾਂ ਸਾਹਿਤਕ ਪਰਚਿਆਂ ਦੇ ਸੰਪਾਦਕਾਂ ਦੀ ਕੋਈ ਜੱਥੇਬੰਦੀ ਬਣਾ ਕੇ ਆਪਣੇ ਹੱਕਾਂ ਦੀ ਲੜਾਈ ਲੜਨ ਦੀ ਖੇਡਾਂ ਖੇਡਨ ਲੱਗੇ ਜਾਵੇ।

ਸਾਹਿਤ ਹਮੇਸ਼ਾ ਕਦੇ ਵੀ ਇੱਕੋ ਚਾਲ ਨਾਲ ਨਹੀਂ ਚੱਲਦਾ। ਬਿਲਕੁਲ ਉਵੇਂ ਜਿਵੇਂ ਸਾਹਿਤਕਾਰ ਹਮੇਸ਼ਾ ਇੱਕੋ ਚਾਲ ਨਾਲ ਸਾਹਿਤ ਨਹੀਂ ਰਚਦਾ। ਕਦੇ ਅਜਿਹਾ ਸਮਾਂ ਹੁੰਦਾ ਏ ਕਿ ਸਾਹਿਤ ਦੀ ਤੋਰ ਵੀ ਹੌਲੀ ਹੋ ਜਾਂਦੀ ਏ। ਉਹ ਸਮਾਂ ਉਹਦੇ ਸੋਚਨ ਚਿੰਤਨ ਦਾ ਹੁੰਦਾ ਏ। ਏਸੇ ਤਰ੍ਹਾਂ ਸਾਹਿਤ ਦੀ ਚਾਲ ਤੇਜ਼ ਜਾਂ ਮੱਧਮ ਹੁੰਦੀ ਰਹਿੰਦੀ ਏ। ਸਾਹਿਤਕ ਲਹਿਰਾਂ ਵੀ ਸਮਾਜ 'ਚ ਪੈਦਾ ਹੁੰਦੀਆਂ ਰਾਜਸੀ ਤੇ ਸਮਾਜੀ ਲਹਿਰਾਂ ਤੋਂ ਪ੍ਰਭਾਵ ਲੈ ਕੇ ਚੱਲਦੀਆਂ ਨੇ। ਉਹਨਾਂ ਲਹਿਰਾਂ 'ਚ ਜਿੰਨੀ ਕੁ ਜਾਨ ਹੁੰਦੀ ਏ, ਓਸੇ ਅਨੁਪਾਤ ਨਾਲ ਉਹ ਸਾਹਿਤਕਾਰਾਂ ਨੂੰ ਵੀ ਟੋਰ ਲੈਂਦੀਆਂ ਨੇ। ਲਹਿਰਾਂ ਭਾਵੇਂ ਕਿੰਨਾ ਈ ਮਾੜਾ ਸਾਹਿਤ ਪੈਦਾ ਕਰਨ, ਉਹ ਖਾਦ ਵਜੋਂ ਤਾਂ ਕੰਮ ਆਉਂਦਾ ਈ ਏ। ਲਹਿਰਾਂ ਵਿਚੋਂ ਵੀ ਕੁਝ ਸਾਹਿਤ ਚੰਗਾ ਨਿੱਕਲ ਆਉਂਦਾ ਏ। ਇਹ ਉਵੇਂ ਏ, ਜਿਵੇਂ ਵੱਡੇ-ਵੱਡੇ ਰਾਜਸੀ ਭੁਚਾਲ ਨਵਾਂ ਸਾਹਿਤ ਰਚਨ ਲਈ ਲੇਖਕਾਂ ਨੂੰ ਹਿਲੂਣੇ ਦੇਂਦੇ ਰਹਿੰਦੇ ਨੇ। ਪਹਿਲਾਂ 1947 ਦੀ ਦੇਸ਼ ਵੰਡ ਨੇ ਢੇਰਾਂ ਸਾਹਿਤ ਲਿਖਵਾਇਆ, ਫੇਰ ਮਾਰਕਸਵਾਦੀ ਵਿਚਾਰਧਾਰਾ ਵਾਲਿਆਂ ਦੀਆਂ ਰਾਜਸੀ ਸਰਗਰਮੀਆਂ ਨੇ ਲਿਖਵਾਇਆ, ਫੇਰ ਖਾਲਿਸਤਾਨ ਦੇ ਅੱਤਵਾਦ ਦੇ ਬਾਰਾਂ ਵਰ੍ਹਿਆਂ ਨੇ ਲਿਖਵਾਇਆ। ਫੇਰ ਇਕ ਖੱਪੇ ਦੇ ਬਾਅਦ ਵਰਜਿਤ ਸੰਬੰਧਾਂ ਤੇ ਮਨ ਦੀਆਂ ਗੰਢਾਂ ਫੋਲਣ ਦੀ ਲਹਿਰ ਨੇ ਕਾਫੀ ਕੁਝ ਲਿਖਵਾਇਆ। ... ਹੁਣ ਜੇ ਸਾਹਿਤ ਦੀ ਤੋਰ ਕੁਝ ਮੱਠੀ ਪੈ ਗਈ ਏ ਤਾਂ ਇਹਦਾ ਮਤਲਬ ਇਹ ਏ ਕਿ ਸਾਹਿਤ ਹਾਲੇ ਮਨਾਂ 'ਚ ਰਚ ਹੋ ਰਿਹਾ ਏ। ਉਹਨੂੰ ਕੋਈ ਚੰਗਾ ਪਹਿਲੂ ਨਹੀਂ ਲੱਭਿਆ। ਜਦ ਲੱਭ ਪਿਆ ਤਾਂ ਬਥੇਰਾ ਕੁਝ ਰਚਿਆ ਜਾਵੇਗਾ। ਏਸ ਹਾਲਤ ਬਾਰੇ ਉਹ ਲੋਕ ਵੱਧ ਚਿੰਤਾ ਕਰਦੇ ਨੇਂ, ਜਿਹੜੇ ਅਧਖੜ ਹੋ ਗਏ ਨੇ। ਕਿਉਂਕਿ ਉਹ ਹਾਲੇ ਨਾ ਏਸ ਕੰਢੇ ਲੱਗੇ ਨੇ ਤੇ ਨਾ ਓਸ ਕੰਢੇ। ਉਹ ਵੀ ਚਾਹੁੰਦੇ ਨੇ ਕਿਸੇ ਸਿਰੇ ਲੱਗਣ।

ਮੈਂ ਸਮਝਦਾ ਹਾਂ ਕਿ ਸਾਹਿਤਕਾਰ ਆਪਣੀ ਕੁਦਰਤੀ ਚਾਲੇ ਚੱਲਦਾ ਰਹਿੰਦਾ ਏ। ਉਹ ਕਿਸੇ ਨਾ ਕਿਸੇ ਕੰਢੇ ਲੱਗ ਈ ਜਾਵੇਗਾ। ਸਾਹਿਤ ਵਿਚ ਕਈ ਗੱਲਾਂ ਅਜੀਬ ਵੀ ਹੁੰਦੀਆਂ ਨੇ। ਜਿਵੇਂ ਇਹ ਕਿ ਜਲੰਧਰ 'ਚ ਏਨੇ ਕਹਾਣੀਕਾਰ ਕਿਉਂ ਪੈਦਾ ਹੋ ਗਏ, ਦੂਜੇ ਸ਼ਹਿਰਾਂ 'ਚ ਕਿਉਂ ਨਹੀਂ? ਕਿਸੇ ਖਾਸ ਸਮੇਂ 'ਚ ਏਨੇ ਸਾਹਿਤਕਾਰ ਕਿਉਂ ਪੈਦਾ ਹੋ ਜਾਂਦੇ ਨੇ? ਖੰਨੇ ਵਿਚ ਕੋਈ ਸਾਹਿਤਕਾਰ ਪੈਦਾ ਕਿਉਂ ਨਹੀਂ ਹੋਇਆ? ਬਟਾਲੇ ਤੇ ਹੁਸ਼ਿਆਰ ਪੁਰ ਵਿਚ ਕਿਉਂ ਹੁੰਦੇ ਰਹੇ? (**ਸੰਪਰਕ-94632-20319**)

**ਸੰਵਾਦ-3**

# ਸਾਹਿਤ ਸਭਾਵਾਂ ਅਤੇ ਸੰਵਾਦ / - ਕਿਰਪਾਲ ਕਜ਼ਾਕ

ਪੰਜਾਬੀ ਸਾਹਿਤ ਦੀ ਸਿਰਜਣਾਤਮਿਕ ਟਕਸਾਲ ਵਜੋਂ ਸਾਹਿਤ ਸਭਾਵਾਂ ਦੀ ਮੁੱਲਵਾਨ ਭੂਮਿਕਾ ਵਰ੍ਹਿਆਂ ਤੱਕ ਸਾਰਥਕ ਰਹੀ ਹੈ। ਕਦੇ ਇਹ ਸਾਹਿਤ ਸਭਾਵਾਂ ਅਨੇਕਾਂ ਸ਼ਹਿਰਾਂ ਅਤੇ ਕਸਬਿਆਂ ਵਿਚ ਕਾਰਜਸ਼ੀਲ ਸਨ। ਜਿਨ੍ਹਾਂ ਵਿਚੋਂ ਹੁਣ ਵੀ ਕੁਝ ਕੁ ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿਚ ਹਨ। ਜੇਕਰ ਇਨ੍ਹਾਂ ਸਭਾਵਾਂ ਦੀ ਕਾਗਜ਼ੀ ਗਿਣਤੀ ਦੇਖਣੀ ਹੋਵੇ ਤਾਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਸਮੇਂ ਆਂਕੀ ਜਾ ਸਕਦੀ ਹੈ। ਇਨ੍ਹਾਂ ਸਭਾਵਾਂ ਵਿਚ ਲੇਖਕ ਅਤੇ ਸਾਹਿਤ ਰਸੀਏ ਇਕੱਠੇ ਹੁੰਦੇ, ਰਚਨਾਵਾਂ ਪੜ੍ਹਦੇ ਜਿਨ੍ਹਾਂ ’ਤੇ ਖੁੱਲ੍ਹ ਕੇ ਚਰਚਾ ਹੁੰਦੀ, ਕਈ ਵੇਰ ਦੂਜੀਆਂ ਸਭਾਵਾਂ ਦੇ ਲੇਖਕ ਵੀ ਸ਼ਾਮਿਲ ਹੁੰਦੇ।

ਵਿਅਕਤੀਗਤ ਤੌਰ ’ਤੇ ਸੱਠ ਤੋਂ ਅੱਸੀ ਤੱਕ ਮੈਂ ਬਰਨਾਲਾ, ਰਾਮਪੁਰਾ, ਸਮਰਾਲਾ, ਗੁਰਦਾਸਪੁਰ, ਪ੍ਰੀਤਨਗਰ, ਬਠਿੰਡਾ, ਪਟਿਆਲਾ ਆਦਿ ਦੀਆਂ ਸਭਾਵਾਂ ਵਿਚਲੀ ਉਸਾਰੂ ਕਾਰ-ਗੁਜ਼ਾਰੀ ਦਾ ਚਸ਼ਮਦੀਦ ਹਾਂ। ਇਨ੍ਹਾਂ ਸਭਾਵਾਂ ਵਿਚ ਕਈ ਵੇਰ ਜਾਣ ਦਾ ਮੌਕਾ ਮਿਲਿਆ। ਉਚੇਚੇ ਸੱਦੇ ’ਤੇ ਨਹੀਂ। ਸਗੋਂ ਇਹ ਪਤਾ ਲੱਗਣ ਤੇ ਕਿ ਫਲਾਂ ਦਿਨ ਸਾਹਿਤ ਸਭਾ ਦੀ ਮੀਟਿੰਗ ਹੈ। ਚੁਪ-ਚਪੀਤੇ ਜਾ ਸ਼ਾਮਿਲ ਹੋਣਾ ਅਤੇ ਕਹਾਣੀ ਪੜ੍ਹਨ ਲਈ ਬਿਨੈ ਕਰ ਦੇਣੀ। ਕਈ ਵੇਰੀ ਹਾਂ, ਜਾਂ ਕਈ ਵੇਰੀ ਕਿਹਾ ਜਾਣਾ ਕਿ ਫਿਰ ਕਦੀਂ ਆਉ। ਮੇਰੇ ਜੀਵਨ ਵਿਚ ਕਦੇ ਕੋਈ ਅਜਿਹਾ ਮੌਕਾ ਨਹੀਂ ਆਇਆ ਜਦੋਂ ਕਿਸੇ ਸਾਹਿਤ ਸਭਾ ਵਿਚ ਕਹਾਣੀ ਪੜ੍ਹੀ ਹੋਵੇ ਅਤੇ ਉਸਤੇ ਹੋਈ ਤਿੱਖੀ ਬਹਿਸ ਵਿਚੋਂ ਕੁਝ ਸਿੱਖਣ ਨੂੰ ਨਾ ਮਿਲਿਆ ਹੋਵੇ। ਸਾਹਿਤ ਅਤੇ ਕਲਾ ਨੂੰ ਸਮਝਣ ਦੇ ਕਈ ਨੁਕਤੇ ਇਨ੍ਹਾਂ ਸਾਹਿਤ ਸਭਾਵਾਂ ਦੀ ਚਰਚਾ ਨੇ ਹੀ ਝੋਲੀ ਪਾਏ।

ਸਾਹਿਤ ਸਭਾਵਾਂ ਵਿਚ ਸਥਾਪਤ ਲੇਖਕ ਵੀ ਹੁੰਦੇ ਅਤੇ ਸਿਖਾਂਦਰੂ ਵੀ, ਪਰ ਕਦੇ ਵੱਡੇ ਛੋਟੇ ਹੋਣ ਦੀ ਦਹਿਸ਼ਤ ਜਾਂ ਕਮਤਰੀ ਨਹੀਂ ਸੀ ਦੇਖਣ ਨੂੰ ਮਿਲੀ। ਪ੍ਰਧਾਨ, ਸਕੱਤਰ ਅਤੇ ਸਿਖਾਂਦਰੂ ਗੋਲਾਕਾਰ ਘੇਰੇ ਵਿਚ ਜਾਂ ਸਾਰੇ ਭੁੰਜੇ ਬੈਠਦੇ ਜਾਂ ਕੁਰਸੀਆਂ ’ਤੇ। ਕਿਸੇ ਦੇ ਵੱਡੇ ਛੋਟੇ ਹੋਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਕਈ ਵੇਰੀਂ ਰਚਨਾਂ ਪੜ੍ਹੀ ਜਾਂਦੀ, ਜੇਕਰ ਬਹਿਸ ਲੰਮੀ ਹੋ ਜਾਣ ਕਾਰਨ ਕਿਸੇ ਰਚਨਾਂ ਲਈ ਸਮਾਂ ਨਾ ਬਚਦਾ ਤਾਂ ਅਗਲੀ ਗੋਸ਼ਟੀ ਵਿਚ ਪੜ੍ਹਨ ਲਈ ਕਹਿ ਦਿੱਤਾ ਜਾਂਦਾ। ਪਰ ਜੇਕਰ ਕੋਈ ਰਚਨਾ ਕੱਚੀ ਹੈ ਅਤੇ ਬਹਿਸ ਦੇ ਕਾਬਲ ਨਹੀਂ। ਕਿਸੇ ਮਿਆਰੀ ਰਚਨਾਂ ’ਤੇ ਤਾਰੀਫ਼ ਬਹੁਤ ਸੰਕੋਚ ਕੇ ਕੀਤੀ ਜਾਂਦੀ ਕਿ ਲੇਖਕ ਕਿਤੇ ਹਉਂ ਵਿਚ ਨਾ ਆ ਜਾਵੇ। ਪਰ ਕਿਸੇ ਰਚਨਾ ’ਤੇ ਬਹਿਸ ਦਾ ਨਾ ਹੋਣਾ, ਲੇਖਕ ਨੂੰ ਪਰੇਸ਼ਾਨ ਕਰ ਦਿੰਦਾ। ਹਾਲਾਂਕਿ ਬਹੁਤੀ ਵੇਰ ਬਹਿਸ ਪ੍ਰਸੰਸਾਮਈ ਹੀ ਹੁੰਦੀ। ਪਰ ਜੇ ਬਹਿਸ ਨਹੀਂ ਤਾਂ ਲੇਖਕ ਸਿੱਖਣ ਲਈ ਕਿੱਥੇ ਜਾਵੇ? ਯਾਦ ਆਉਂਦਾ ਹੈ ਇਹ ਸਾਹਿਤ ਸਭਾਵਾਂ ਸ਼ਬਦ-ਸਭਿਆਚਾਰ ਦੀਆਂ ਅਜਿਹੀਆਂ ਟਕਸਾਲਾਂ ਸਨ, ਜਿਥੋਂ ਕਲਾ-ਕੌਸ਼ਲਤਾ ਦੀ ਘਾੜਤ ਸਿੱਖੀ ਜਾਂਦੀ।

ਵੱਡੇ ਵੱਡੇ ਲੇਖਕਾਂ ਦੀ ਅੱਖ ਵਿਚ ਇਨ੍ਹਾਂ ਸਾਹਿਤ ਸਭਾਵਾਂ ਦੀ ਗੌਰਵਤਾ ਕਿਸ ਪ੍ਰਕਾਸ ਉੱਚੀ ਸੀ, ਇਸਦੀ ਇਕ ਨਿੱਜੀ ਉਦਾਹਰਨ।

ਮੇਰੀ ਇਕ ਕਹਾਣੀ ‘ਪ੍ਰੀਤਲੜੀ’ ਨੇ ਇਸ ਟਿੱਪਣੀ ਨਾਲ ਮੋੜ ਦਿੱਤੀ ਕਿ ਇਸ ਦੇ ਪਾਤਰ ਗਾਲ੍ਹਾਂ ਕੱਢਦੇ ਹਨ। ਉਹੋ ਕਹਾਣੀ ਮੈਂ ਸਮਰਾਲਾ ਸਾਹਿਤ ਸਭਾ ਵਿਚ ਪੜ੍ਹੀ। ਕਿਸੇ ਨੇ ਕੋਈ ਇਤਰਾਜ਼ ਨਾ ਕੀਤਾ ਤਾਂ ਮੈਂ ਪ੍ਰੀਤਲੜੀ ਦੀ ਟਿੱਪਣੀ ਬਾਰੇ ਦੱਸਿਆ। ਕਹਾਣੀ ਦੀ ਚਰਚਾ ਕਰਨ ਵਾਲਿਆਂ ਵਿਚ ਸਰੋਦ ਸੁਦੀਪ ਅਤੇ ਪ੍ਰੋ. ਇੰਦੇ ਵੀ ਸਨ। ਸਰੋਦ ਨੇ ਮੈਤੋਂ ਕਹਾਣੀ ਲੈ ਕੇ ਸਿਰਲੇਖ ਨੇੜੇ ਲਿਖਿਆ, “ਇਹ ਕਹਾਣੀ ਸਮਰਾਲਾ ਸਾਹਿਤ ਸਭਾ ਵਿਚ ਪੜ੍ਹੀ ਅਤੇ ਸਲਾਹੀ ਗਈ।’ ਮੈਨੂੰ ਕਹਾਣੀ ਦੁਬਾਰਾ ‘ਪ੍ਰੀਤਲੜੀ’ ਨੂੰ ਭੇਜਣ ਲਈ ਕਿਹਾ। ਮੈਂ ਹੈਰਾਨ ਰਹਿ ਗਿਆ ਜਦੋਂ ਇਕ ਵੀ ਅੱਖਰ ਬਦਲੇ ਬਿਨਾਂ ਉਹੋ ਕਹਾਣੀ ‘ਪ੍ਰੀਤਲੜੀ’ ਵਿਚ ਛਾਪ ਦਿੱਤੀ ਗਈ।

ਸਾਹਿਤ ਸੰਬੰਧੀ ਸੰਵਾਦ ਦੀ ਭੁੱਖ ਅਤੇ ਸਾਹਿਤ ਸਭਾਵਾਂ ਵਿਚੋਂ ਹੁੰਦੀ ਤ੍ਰਿਪਤੀ ਇਸ ਕਦਰ ਚੰਗੀ ਲਗਦੀ ਕਿ ਇਕ ਘਟਨਾ ਕਦੇ ਨਹੀਂ ਭੁੱਲਦੀ।...

ਮੈਂ ਇਕ ਖਰਾਦੀਏ ਪਾਸ ਢਾਈ ਰੁਪੈ ਰੋਜ਼ 'ਤੇ ਕੰਮ ਕਰਦਾ ਸਾਂ। ਜੇਬ ਖਰਚ ਲਈ ਰੋਜ਼ ਇਕ ਆਨਾਂ ਘਰੋਂ ਮਿਲਦਾ। ਪਿਤਾ ਹਰ ਮਹੀਨੇ ਅੱਧੀ ਦਿਹਾੜੀ ਛੁੱਟੀ ਕਰਕੇ ਸਾਹਿਤ ਸਭਾ ਵਿਚ ਜਾਣ 'ਤੇ ਇਤਰਾਜ਼ ਕਰਦਾ। ਕਹਿੰਦਾ, ਦਿਹਾੜੀ ਦਾ ਨੁਕਸਾਨ ਕਰਕੇ ਜਾਣਾ ਹੈ ਤਾਂ ਸਵਾ ਰੁਪਿਆ ਐਥੇ ਰੱਖ। ਮੈਂ ਕਿਹਾ ਠੀਕ, ਮੇਰੇ ਲਈ ਵੀਹ ਦਿਨ ਦੇ ਜੇਬ ਖ਼ਰਚ ਨਾਲੋਂ ਸਾਹਿਤ ਸਭਾ ਵਿਚੋਂ ਕੁਝ ਸਿਖਣਾ ਬਹੁਤ ਜ਼ਰੂਰੀ ਹੈ।... ਪਰ ਗੱਲ ਇੱਥੇ ਹੀ ਨਹੀਂ ਸੀ ਮੁਕਦੀ। ਸਭਾ ਲਈ ਇਕ ਰੁਪੈ ਦਾ ਚੰਦਾ ਮੈਂ ਅਰਜਨ ਆਈਸ ਕਰੀਮ ਵਾਲੇ ਦੇ ਫਿਰਕੀ ਵਾਲੇ ਬਕਸਿਆਂ ਵਿਚ ਆਈਸ ਕਰੀਮ ਜਮਾ ਕੇ ਕਮਾਉਂਦਾ ਸਾਂ, ਜੋ ਛੁੱਟੀ ਤੋਂ ਬਾਅਦ ਕਰਦਾ।

ਉਹਨੀਂ ਦਿਨੀਂ ਨਵੀਂ ਨਵੀਂ ਸੈਂਟਰਲ ਪਬਲਿਕ ਲਾਇਬਰੇਰੀ ਬਣੀ ਸੀ। ਅੰਦਰਲੇ ਹਾਲ ਨੇੜੇ ਠੰਡੇ ਪਾਣੀ ਦੀ ਸਹੂਲਤ ਹੋਣ ਕਾਰਨ ਮੀਟਿੰਗਾਂ ਲਾਇਬਰੇਰੀ ਦੇ ਸਾਈਕਲ ਸਟੈਂਡ ਨੇੜਲੇ ਲਾਨ ਵਿਚ ਹੁੰਦੀਆਂ ਸਨ। ਇਕ ਮੀਟਿੰਗ ਵਿਚ ਗੁਰਬਖਸ਼ ਬਾਹਲਵੀ ਆਏ ਅਤੇ ਬਹੁਤਾ ਸਮਾਂ ਉਨ੍ਹਾਂ ਤੇ ਲੱਗ ਗਿਆ। ਕਾਹਲੀ ਵਿਚ ਕੁਝ ਕਵਿਤਾਵਾਂ ਅਤੇ ਮੇਰੀ ਕਹਾਣੀ ਪੜ੍ਹਾ ਤਾਂ ਲਈ ਗਈ, ਪਰ ਬਹਿਸ ਲਈ ਸਮਾਂ ਨਾ ਬਚਿਆ। ਮੇਰੇ ਲਈ ਵੱਡੇ ਸਦਮੇ ਵਾਲੀ ਗੱਲ ਸੀ। ਅੱਧੀ ਦਿਹਾੜੀ ਵੀ ਮਾਰੀ ਗਈ ਅਤੇ ਪੱਲੇ ਵੀ ਕੁਝ ਨਾ ਪਿਆ। ਅਫ਼ਸੋਸ ਵਿਚ ਮੈਂ ਲਾਇਬਰੇਰੀ ਸਾਮ੍ਹਣੇ ਗਾਂਧੀ ਦੇ ਬੁੱਤ ਨੇੜੇ ਬੈਠ ਕੇ ਰੋਣ ਲੱਗਾ। ਅਚਾਨਕ ਮੇਰੇ ਪਾਸ ਅੰਬਾਖ਼ਸ਼ (ਮਰਹੂਮ) ਅਤੇ ਮਨਜੀਤ ਪੱਟੀ (ਜੀਵਤ) ਆਏ। ਰੋਣ ਦਾ ਕਾਰਨ ਪਤਾ ਲੱਗਣ ਤੇ ਉਹ ਮੁੜਦੇ ਪੈਰੀਂ ਨੇੜੇ ਹੀ ਪਿੱਪਲ ਵਾਲੇ ਢਾਬੇ 'ਤੇ ਚਾਹ ਪੀਂਦੇ ਲੇਖਕਾਂ ਕੋਲ ਗਏ ਅਤੇ ਮੇਰੀ ਕਹਾਣੀ ਤੇ ਚਰਚਾ ਕਰਨ ਨੂੰ ਕਿਹਾ। ਇਸ ਤੇ ਮੈਨੂੰ ਬੁਲਾ ਕੇ ਕਹਾਣੀ ਦੁਬਾਰਾ ਸੁਣੀ ਗਈ ਅਤੇ ਗੁਰਬਖ਼ਸ਼ ਬਾਹਲਵੀ ਸਮੇਤ ਕਈਆਂ ਨੇ ਇਤਨੀ ਵਿਸਤ੍ਰਿਤ ਚਰਚਾ ਕੀਤੀ ਅਤੇ ਸੁਝਾਵਾਂ ਨਾਲ ਮੇਰੀ ਝੋਲੀ ਭਰ ਦਿੱਤੀ। ਸੁਝਾਵਾਂ ਨੂੰ ਮਦੇ ਨਜ਼ਰ ਰੱਖ ਮੈਂ ਕਹਾਣੀ ਦੁਬਾਰਾ ਲਿਖੀ ਅਤੇ ਸਾਹਿਤ ਸਭਾ ਵਿਚ ਫਿਰ ਪੜ੍ਹੀ। ਸੰਜੋਗ ਵੱਸ ਉਸ ਮੀਟਿੰਗ ਵਿਚ ਰਜਨੀਸ਼ ਕੁਮਾਰ ਵੀ ਸਨ। (ਜੋ ਬਾਅਦ ਵਿਚ ਲੰਮਾ ਸਮਾਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਰਹੇ) ਉਨ੍ਹਾਂ ਨੇ ਕਹਾਣੀ ਪਸੰਦ ਕੀਤੀ ਅਤੇ ਹਿੰਦੀ ਵਿਚ ਅਨੁਵਾਦ ਕੀਤੀ, ਜੋ ਪਹਿਲਾਂ 'ਧਰਮਯੁੱਗ' ਵਿਚ ਛਪੀ ਅਤੇ ਬਾਅਦ ਵਿਚ ਅੰਗਰੇਜ਼ੀ ਵਿਚ ਅਨੁਵਾਦ ਹੋਈ।

ਅਜਿਹੀ ਇਕ ਹੋਰ ਘਟਨਾ ਹੈ ਜੋ ਸਿਮਰਤੀ ਵਿਚੋਂ ਕਦੇ ਨਹੀਂ ਮਿਟਦੀ।

ਖ਼ਬਰ ਪੜ੍ਹ ਕੇ ਮੈਂ ਬਿਨਾਂ ਕਿਸੇ ਜਾਣ ਪਹਿਚਾਣ ਰਾਮਪੁਰਾ ਸਾਹਿਤ ਸਭਾ ਵਿਚ ਕਹਾਣੀ ਪੜ੍ਹਨ ਚਲਾ ਗਿਆ। ਗੋਸ਼ਟੀ ਸ਼ਾਮੀ ਚਾਰ ਵਜੇ ਨਹਿਰੀ ਕੈਨਾਲ ਰੈਸਟ ਹਾਊਸ ਵਿਚ ਸੀ, ਅਤੇ ਮੈਂ ਸਵੇਰੇ ਹੀ ਚਲਾ ਆਇਆ ਸਾਂ। ਚੌਂਕੀਦਾਰ ਨੇ ਕਿਹਾ, ਜੇਕਰ ਮੈਂ ਚਾਹਾਂ ਤਾਂ ਉਹ ਮੈਨੂੰ ਰਾਮਪੁਰ ਕਿਸੇ ਲੇਖਕ ਦੇ ਘਰ ਭੇਜ ਸਕਦਾ ਹੈ। ਮੇਰੇ ਹਾਂ ਕਹਿਣ 'ਤੇ ਉਹ ਮੈਨੂੰ ਨਹਿਰ ਦੀ ਪਟੜੀ 'ਤੇ ਲੈ ਆਇਆ। ਇਕ ਸਾਈਕਲ ਵਾਲੇ ਨੂੰ ਮੇਰੇ ਆਉਣ ਦਾ ਮਕਸਦ ਦੱਸ ਕੇ ਰਾਮਪੁਰ ਤੱਕ ਲੈ ਜਾਣ ਲਈ ਕਿਹਾ। ਪਰ ਉਹ ਸੱਜਣ ਮੈਨੂੰ ਨੀਲੋਂ ਪਿੰਡ ਲੈ ਆਇਆ। ਚਾਹ ਪਾਣੀ ਅਤੇ ਪ੍ਰਸ਼ਾਦਾ ਛਕਾਉਣ ਤੱਕ ਨਾ ਉਹਨੇਂ ਮੇਰਾ ਨਾਂ ਪੁੱਛਿਆ, ਨਾ ਕੋਈ ਸਵਾਲ ਕੀਤਾ। ਫਿਰ ਕਹਿਣ ਲੱਗਾ, ਮੇਰਾ ਨਾਂ ਕੁਲਵੰਤ ਨੀਲੋਂ ਹੈ। ਮੈਂ ਵੀ ਗੋਸ਼ਟੀ ਵਿਚ ਜਾਣਾ ਹੈ। ਫਿਰ ਇਹ ਪਤਾ ਲੱਗਣ ਤੇ ਕਿ ਮੈਂ ਸਿਖਾਂਦਰੂ ਹਾਂ ਅਤੇ ਮੇਰੀ ਕੋਈ ਕਿਤਾਬ ਵੀ ਨਹੀਂ ਛਪੀ ਹੋਈ, ਉਹ ਕੁਝ ਉਦਾਸ ਹੋਇਆ। ਮੇਰੇ ਪੁੱਛਣ ਤੇ ਕਹਿਣ ਲੱਗਾ, ਤੂੰ ਨਵਾਂ ਹੈਂ, ਅਸੀਂ ਸਾਹਿਤ ਸਭਾ ਵਿਚ ਰਚਨਾਵਾਂ ਦੇ ਮੁਆਮਲੇ ਵਿਚ ਬਹੁਤ ਸਖ਼ਤ ਅਤੇ ਬੇ-ਲਿਹਾਜ ਹਾਂ, ਤੂੰ ਰਾਮਪੁਰੀਆਂ ਦੀ ਅਲੋਚਨਾਂ ਸਹਿ ਨਹੀਂ ਸਕੇਗਾ। ਮੈਂ ਕਿਹਾ ਤੁਸੀਂ ਇਤਨੀ ਸੇਵਾ ਕੀਤੀ ਇਹ ਲਿਹਾਜ ਹੀ ਤਾਂ ਹੈ। ਕਹਿਣ ਲੱਗਾ ਨਹੀਂ ਸਭਾ ਦਾ ਤੂੰ ਮਹਿਮਾਨ ਹੈ। ਇਹ ਸਾਡਾ ਫ਼ਰਜ਼ ਹੈ, ਪਰ ਕਹਾਣੀ ਪੜ੍ਹ ਕੇ ਪਛਤਾਏਂ ਗਾ।

ਉਹੋ ਗੱਲ ਹੋਈ। ਕਿਸੇ ਨੇ ਮੈਨੂੰ ਕਹਾਣੀ ਪੜ੍ਹਦਿਆਂ ਅੱਧ ਵਿਚੋਂ ਹੀ ਰੋਕ ਕੇ ਪੁੱਛਿਆ, ਓਏ ਤੂੰ

ਤਰਖਾਣਾਂ ਦਾ ਮੁੰਡੈ? ਮੈਂ ਕਿਹਾ ਜੀ ਥੌਨੂੰ ਕਿਵੇਂ ਪਤਾ? ਕਹਿਣ ਲੱਗਾ, ਤੂੰ ਤਿੰਨ ਸਫ਼ਿਆਂ ਵਿਚ ਤਿੰਨ ਵੇਰ ਲਿਖਿਆ, ਮੈਂ ਚੀਰਿਆ ਗਿਆ। ਵੱਢ੍ਹਿਆ ਗਿਆ, ਟੁੱਕਿਆ ਗਿਆ... ਤੂੰ ਕਹਾਣੀ ਪੜ੍ਹ ਰਿਹੈਂ ਕਿ ਤਰਖ਼ਾਣਾਂ ਦੀ ਡਿਕਸ਼ਨਰੀ ਸੁਣਾ ਰਿਹੈਂ। ਦੇਖ, ਜੇ ਚੰਗਾ ਕਹਾਣੀਕਾਰ ਬਣਨੈ ਤਾਂ ਇਸ ਮਾਨਸਿਕ ਜਿਲ੍ਹਣ ਵਿਚੋਂ ਨਿਕਲ। ਬਾਦ ਵਿਚ ਪਤਾ ਲੱਗਾ ਇਹ ਸੁਰਜੀਤ ਖੁਰਸ਼ੀਦੀ ਸਨ। ਕਹਾਣੀ ਖ਼ਤਮ ਹੋਣ ਤੇ ਵੀ ਮੈਨੂੰ ਕਈਆਂ ਨੇ ਝੰਬ ਕੇ ਰੱਖ ਦਿੱਤਾ। ਸ਼ਾਮੀ ਜਦੋਂ ਘਰ ਪਰਤਿਆਂ ਤਾਂ ਮੇਰਾ ਮਨ-ਮਸਤਕ ਸ਼ੁਕਰਾਨੇ ਨਾਲ ਭਰਿਆ ਹੋਇਆ ਸੀ। ਉਸ ਦਿਨ ਤੋਂ ਬਾਅਦ ਖੁਰਸ਼ੀਦੀ ਸਾਹਿਬ ਦਾ ਮੈਂ ਇਤਨਾ ਮੱਦਾਹ ਬਣ ਗਿਆ ਕਿ ਜਿਤਨਾਂ ਸਮਾਂ ਉਹ ਜਿਉਂਦੇ ਰਹੇ ਮੈਂ ਹੁੱਬ ਕੇ ਉਹਨਾਂ ਤੋਂ ਮਸ਼ਵਰਾ ਲੈਂਦਾ ਰਿਹਾ।

ਇਕ ਵੇਰ ਸੰਗਰੂਰ ਸਾਹਿਤ ਸਭਾ ਵਿਚ ਡਾ. ਤੇਜਵੰਤ ਮਾਨ ਨੇ ਮੈਨੂੰ ਬੜੇ ਸਖ਼ਤ ਸ਼ਬਦਾਂ ਵਿਚ ਸੁਚੇਤ ਕਰਦੇ ਕਿਹਾ ਕਿ ਮੇਰੀਆਂ ਕਹਾਣੀਆਂ ਦੇ ਨਾਇਕ ਬਿਮਾਰ ਮਾਨਸਿਕਤਾ ਅਤੇ ਲੰਪਨ ਕਿਸਮ ਦੀ ਬਿਰਤੀ ਵਿਚ ਗ੍ਰੱਸ ਜਾਂਦੇ ਹਨ। ਉਨ੍ਹਾਂ ਤੋਂ ਪਹਿਲਾਂ ਮੈਨੂੰ ਕਿਸੇ ਨੇ ਇਹ ਮੱਤ ਨਹੀਂ ਸੀ ਦਿੱਤੀ। ਉਨ੍ਹਾਂ ਦੀ ਇਸ ਪਿੱਤਰੀ-ਤਾੜਨਾ ਨੇ ਮੇਰੀ ਸੋਚ ਹੀ ਬਦਲ ਦਿੱਤੀ।

ਇਹ ਉਹ ਦੌਰ ਸੀ ਜਦੋਂ ਸਾਹਿਤ ਸਭਾਵਾਂ ਅਤੇ ਦਾਨਸ਼ਵਰਾਂ ਦੇ ਬੋਲ ਹੀ ਸਾਡੇ ਜਹੇ ਸਿਖਾਂਦਰੂਆਂ ਲਈ ਵਿਸ਼ਵਵਿਦਿਆਲੇ ਸਨ। ਜਿਨ੍ਹਾਂ ਦੀ ਸੋਬ੍ਹਤ ਨੇ ਸਾਹਿਤ ਨੂੰ ਸਮਝਣ ਵੱਲ ਪ੍ਰੇਰਿਆ।...

ਇਕ ਵੇਰ ਮੈਂ ਤਲਵੰਡੀ ਸਾਬੋ ਵਿਸਾਖੀ ਦੇਖਣ ਗਿਆ। ਸੋਚਿਆ ਆਉਂਦੇ ਹੋਏ, ਗੁਰਦਿਆਲ ਸਿੰਘ ਜੀ ਨੂੰ ਕਹਾਣੀ ਪੜ੍ਹਾ ਕੇ ਰਾਇ ਲਵਾਂਗਾ। ਮੁੜਿਆ ਤਾਂ ਪਤਾ ਲੱਗਾ ਬਠਿੰਡਾ ਸਾਹਿਤ ਸਭਾ ਦੀ ਮੀਟਿੰਗ ਹੈ। ਮਨ ਕੀਤਾ ਸਾਹਿਤ ਸਭਾ ਵਿਚ ਕਹਾਣੀ ਪੜ੍ਹੀ ਜਾਵੇ। ਮੀਟਿੰਗ ਅਗਲੇ ਦਿਨ ਸੀ। ਸ਼ਹਿਰ ਵਿਚ ਕੋਈ ਵਾਕਿਫ਼ ਨਾ ਹੋਣ ਕਾਰਨ ਰਾਤ ਸਟੇਸ਼ਨ 'ਤੇ ਗੁਜ਼ਾਰੀ ਅਤੇ ਅਗਲੇ ਦਿਨ ਲੱਭਦਾ ਲਭਾਉਂਦਾ ਮੀਟਿੰਗ ਵਿਚ ਪੁੱਜਾ। ਬਹੁਤ ਲੇਖਕ ਆਏ ਬੈਠੇ ਸਨ। ਪਤਾ ਲੱਗਾ ਵਿਚ ਕੁਲਵੰਤ ਸਿੰਘ ਵਿਰਕ ਵੀ ਸਨ। ਮੈਂ ਪ੍ਰਬੰਧਕਾਂ ਨੂੰ ਪਟਿਆਲੇ ਤੋਂ ਆਉਣ ਬਾਰੇ ਦੱਸ, ਕਹਾਣੀ ਪੜ੍ਹਨ ਲਈ ਬੇਨਤੀ ਕੀਤੀ। ਉਨ੍ਹਾਂ ਕਿਹਾ ਠੀਕ ਹੈ, ਪੜ੍ਹ। ਮੈਂ ਕਹਿ ਬੈਠਾ ਕਹਾਣੀ ਕੁਝ ਲੰਮੀ ਹੈ। ਕਹਾਣੀ ਪੜ੍ਹਨ ਤੋਂ ਪਹਿਲਾਂ ਹੀ ਸਬਕ ਝੋਲੀ ਪਿਆ। ਬਰਖ਼ੁਦਾਰ ! ਕਹਾਣੀ, ਕਹਾਣੀ ਹੁੰਦੀ ਹੈ, ਲੰਮੀ ਛੋਟੀ ਨਹੀਂ। ਖ਼ਬਰਦਾਰ ! ਜੇ ਇਸ ਤੋਂ ਅੱਗੇ ਸਾਹਿਤ ਨੂੰ ਗਿੱਠਾਂ ਨਾਲ ਨਾਪਿਆ ਤਾਂ। ਬਾਅਦ ਵਿਚ ਪਤਾ ਲੱਗਾ ਇਹ ਮੱਤ ਦੇਣ ਵਾਲੇ ਟੀ. ਆਰ. ਵਿਨੋਦ ਸਨ। ਮੈਂ ਫਿਰ ਕਾਹਲੀ ਨਾਲ ਪੜ੍ਹਨ ਲੱਗਾ ਤਾਂ ਉਨ੍ਹਾਂ ਕਿਹਾ, ਸਹਿਜ ਨਾਲ ਪੜ੍ਹ। ਸਾਨੂੰ ਕੋਈ ਕਾਹਲੀ ਨਹੀਂ। ਕਹਾਣੀ ਖ਼ਤਮ ਹੁੰਦੇ ਹੀ ਅਲੋਚਨਾ ਸ਼ੁਰੂ ਹੋਈ। ਕਹਾਣੀ ਦੀਆਂ ਗਲਪੀ ਜੁਗਤਾਂ, ਭਾਸ਼ਾ, ਕਲਾਈਮੈਕਸ, ਘਟਨਾਵਾਂ ਦੀ ਬੁਣਤੀ, ਪਾਤਰਾਂ ਦੀ ਮਾਨਸਿਕਤਾ, ਕਹਾਣੀ ਦੀ ਤੋਰ (ਗਤੀ) ਨਿਭਾਅ ਅਤੇ ਪ੍ਰਭਾਵ ਦੇ ਖੰਡਿਤ ਅਤੇ ਪ੍ਰਭਾਵੀ ਹੋਣ ਵਾਲੇ ਇਤਨੇ ਪੱਖਾਂ ਤੇ ਚਰਚਾ ਹੋਈ ਕਿ ਜ਼ਿਹਨ ਵਿਚ ਫ਼ੈਲੀ ਕਈ ਤਰ੍ਹਾਂ ਦੀ ਧੁੰਦ ਸਾਫ਼ ਹੁੰਦੀ ਚਲੀ ਗਈ। ਅੰਤ ਵਿਚ ਵਿਰਕ ਸਾਹਿਬ ਬੋਲੇ। ਕਹਾਣੀ ਵਿਚ ਇਕ ਡਰਾਈਵਰ ਜਰਦੇ ਦੀ ਥੁੱਕ ਦੰਦਾਂ ਦੀ ਵਿਰਲ ਵਿਚੋਂ ਪਿਚਕਾਰੀ ਵਾਂਗ ਬਾਹਰ ਸਿੱਟਦਾ ਸੀ। ਕਹਿਣ ਲੱਗੇ, ਪਹਿਲੀ ਵਾਰ ਜਦੋਂ ਤੇਰੇ ਪਾਤਰ ਨੇ 'ਚਿੱਚ' ਦੀ ਅਵਾਜ਼ ਨਾਲ ਥੁੱਕ ਬਾਹਰ ਸਿੱਟੀ ਤਾਂ ਚੰਗਾ ਲੱਗਾ। ਕਹਾਣੀ ਦੇ ਦੂਜੇ ਚੌਥੇ ਫ਼ਿਕਰੇ ਵਿਚ ਉਹਨੇਂ ਫਿਰ ਸਿੱਟੀ ਤਾਂ ਮੇਰੇ ਲਾਗੇ ਡਿੱਗੀ। ਫਿਰ ਤਾਂ ਉਸਨੇਂ ਜਿਤਨੀਂ ਵਾਰੇ 'ਚਿੱਚ' ਕੀਤੀ ਥੁੱਕ ਮੇਰੇ ਮੂੰਹ ' ਤੇ ਹੀ ਪੈਂਦੀ ਰਹੀ। ਮੈਂ ਪੁੱਛਦਾਂ ਕਹਾਣੀ ਲਿਖਦੇ ਤੇਰੇ ਆਪਣੇ ਮੂੰਹ 'ਤੇ ਇਹ ਥੁੱਕ ਨਹੀਂ ਪਈ? ਭਲੇਮਾਨਸ ਤੈਨੂੰ ਇਕ ਫ਼ਿਕਰਾ ਚੰਗਾ ਲੱਭ ਗਿਆ ਤਾਂ ਉਸ ਫਿਕਰੇ ਦੀ ਮਿੱਝ ਕੱਢਣ ਤੁਰ ਪਿਆ? ਸੋਚਦਾ ਹਾਂ, ਅੱਜ ਕਿਹੜੀ ਸਭਾ ਹੈ ਜਿਥੋਂ ਇਹ ਨਸੀਹਤ ਮਿਲੇਗੀ?

ਫਿਰ ਇਕ ਸਮਾਂ ਆਇਆ ਜਦੋਂ ਸਾਹਿਤ ਸਭਾਵਾਂ ਦਾ ਸਿਆਸੀਕਰਨ ਹੋਇਆ। ਇਹ ਸਥਿਤੀ ਕੋਈ ਬਹੁਤੀ ਖ਼ਤਰਨਾਕ ਨਹੀਂ ਸੀ। ਘਟੋ ਘੱਟ ਕੁਝ ਸਿਧਾਂਤਿਕ ਨਜ਼ਰੀਏ ਵਾਲੇ ਲੋਕ ਅੱਗੇ ਆਏ। ਪਰ ਉਹਨਾਂ ਦਾ ਏਜੰਡਾ ਕੇਵਲ ਅਹੁਦੇਦਾਰੀਆਂ ਪ੍ਰਾਪਤ ਕਰਨ ਤੱਕ ਸੀਮਿਤ ਰਹਿ ਗਿਆ। ਮਨ ਵਿਚ ਖਿਆਲ

ਆਉਂਦਾ ਹੈ, ਕੁਝ ਸਿਖਾਉਣ ਵਾਲੀਆਂ ਸਭਾਵਾਂ ਕਿਧਰ ਗਈਆਂ? ਜੋ ਚੋਣਾਂ ਵੇਲੇ ਸਾਵਣ ਦੀਆਂ ਖੁੰਬਾਂ ਵਾਂਗ ਬਾਹਰ ਨਿਕਲਦੀਆਂ ਹਨ, ਕੀ ਉਹ ਹਨ? ਜਾਂ ਜੋ ਅਖ਼ਬਾਰਾਂ ਦੀਆਂ ਖ਼ਬਰਾਂ ਵਿਚ ਹਨ, ਉਹ ਹਨ? ਜੇ ਇਹੋ ਹਨ ਤਾਂ ਉਹ ਸੰਵਾਦ ਦੀ ਰਿਵਾਇਤ ਕਿੱਥੇ ਗਈ?

ਇਸ ਸੋਕੇ ਦੇ ਕਈ ਕਾਰਨ ਤਲਾਸ਼ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਸ਼ਾਇਦ ਇਕ ਇਹ ਵੀ ਹੋਵੇ ਕਿ ਸਾਹਿਤ ਸਭਾਵਾਂ ਵਿਚ ਕੁਝ ਸਿੱਖਣ ਸਿਖਾਉਣ ਵਾਲੇ ਅਭਿਲਾਸ਼ੀ ਲੇਖਕਾਂ ਦੀ ਆਮਦ ਘੱਟ, ਵਿਦਵਾਨਾਂ, ਜੁਗਾੜੂ ਅਤੇ ਧੁਰੋਂ ਸਿੱਖ ਕੇ ਆਏ ਸੂਝਵਾਨ ਲੋਕਾਂ ਦੀ ਮਲਕੀਤ ਵਧ ਗਈ ਹੈ।...

ਇਸ ਵਰਤਾਰੇ ਨਾਲ ਸਾਹਿਤ ਸਭਾਵਾਂ ਵਿਚ ਪਹਿਲਾਂ ਬਦਲਾਓ ਇਹ ਆਇਆ ਕਿ ਇਨਾਮਾਂ ਸਨਮਾਨਾਂ ਅਤੇ ਡਿਗਰੀਆਂ ਨਾਲ ਲੱਦੇ ਹੋਏ ਵਿਦਵਾਨਾਂ ਦਾ ਸਿਖਾਂਦਰੂਆਂ ਦੇ ਬਰਾਬਰ ਬੈਠਣਾ ਸ਼ਰਮ ਦੀ ਗੱਲ ਹੋ ਗਿਆ। ਸੋ ਸਭਾਵਾਂ ਵਿਚ ਸਭ ਤੋਂ ਪਹਿਲਾਂ ਕੁਰਸੀਆਂ ਆਈਆਂ (ਕੁਰਸੀ ਜਿਸਦੇ ਆਉਣ ਨਾਲ ਕੀ ਕੁਝ ਬਦਲਦਾ ਹੈ ਸਿਆਣੇ ਲੋਕ ਜਾਣਦੇ ਹਨ) ਫਿਰ ਡਾਇਸ ਆ ਗਏ। ਹੁਣ ਜਰਾ ਸੋਚ ਕੇ ਦੇਖੋ, ਇਕ ਵਿਦਵਾਨ ਡਾਇਸ ਤੇ ਬੋਲ ਕੇ ਸਧਾਰਨ ਸਰੋਤਿਆਂ ਵਿਚ ਕਿਵੇਂ ਬੈਠੇਗਾ? ਫਿਰ ਮੰਚ ਆ ਗਏ। ਮੰਚ ਆ ਗਏ ਤਾਂ ਅਹੁਦੇਦਾਰ ਸੋਚਣ ਲੱਗੇ, ਐਨਾ ਜੁਗਾੜ ਇਕੱਲੇ-ਦੁਕੱਲੇ ਲਈ ਕਿਉਂ? ਪੰਜ ਸੱਤ ਇਕੱਠੇ ਭੁਗਤਾ ਦਿਉ। ਪ੍ਰਧਾਨ, ਸਰਪ੍ਰਸਤ, ਵਿਸ਼ੇਸ਼ ਮਹਿਮਾਨ, ਮੁੱਖ ਮਹਿਮਾਨ, ਸਨਮਾਨਤ ਮਹਿਮਾਨ, ਮੁੱਖ ਬੁਲਾਰੇ, ਸਭਾ ਦਾ ਪ੍ਰਧਾਨ, ਸੈਕਟਰੀ, ਬਾਹਰੋਂ ਆਈ ਕੋਈ ਸਖਸ਼ੀਅਤ। ਮੰਚ ਸਜ ਗਿਆ ਤਾਂ ਮੰਚ ’ਤੇ ਬੈਠਿਆਂ ਦੇ ਕਸੀਦੇ ਪੜ੍ਹੋਂ, ਬਾਕੀ ਭੀੜ ਦੀ ਰਚਨਾਵਾਂ ਨਾਲ ਹਾਜ਼ਰੀ ਲਵਾਉ, ਤਾੜੀਆਂ ਵਜਾਵਾਉ। ਸਾਰੇ ਖੁਸ਼। ਕਹਾਣੀ ਖ਼ਤਮ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਦਵਾਨਾਂ ਦਾ ਸਤਿਕਾਰ ਸਿਰ ਮੱਥੇ। ਜਿਤਨਾ ਕਰੋ ਥੋੜ੍ਹਾ ਪਰ ਸਭਾਵਾਂ ਦੀ ਉਹ ਰਿਵਾਇਤ ਕਿੱਥੇ ਗਈ ਜਿਸ ਵਿਚ ਪੜ੍ਹੀ ਗਈ ਰਚਨਾ ’ਤੇ ਸਭ ਦੇ ਬਰਾਬਰ ਦੀ ਭਾਗੀਦਾਰੀ ਹੁੰਦੀ ਸੀ।

ਬਦਲਾਓ ਜੀਵਨ ਦਾ ਨਿਯਮ ਹੈ। ਇਹ ਕੌਣ ਨਹੀਂ ਜਾਣਦਾ। ਪਰ ਭੱਠ ਪਵੇ ਸੋਨਾਂ ਜਿਹੜਾ ਕੰਨਾਂ ਨੂੰ ਖਾਏ। ਬੜੀ ਹੈਰਾਨੀ ਦੀ ਗੱਲ ਹੈ ਕਿ ਪੜ੍ਹੇ ਲਿਖੇ ਅਤੇ ਪ੍ਰਬੁੱਧ ਲੋਕਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਉਹਨਾਂ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਲਿਆ ਅਤੇ ਉਹਨਾਂ ਦੇ ਆਪਣੇ ਹੱਥੋਂ ਸਾਹਿਤ ਸਭਾਵਾਂ ਦੀਆਂ ਬੈਠਕਾਂ ਸੈਮੀਨਾਰਾਂ ਵਿਚ ਬਦਲ ਗਈਆਂ। ਸੈਮੀਨਾਰ ਕਾਨਫ਼ਰੰਸਾਂ ਆਪਣੀ ਥਾਂ ਹਨ। ਪਰ ਹੈਰਾਨੀ ਹੁੰਦੀ ਹੈ ਜਦੋਂ ਗੋਲ ਦਾਇਰੇ ਵਿਚ ਬਰਾਬਰਤਾ ਦੀ ਭਾਵਨਾ ਨਾਲ ਰਲ ਕੇ ਬੈਠਣ ਵਾਲੇ ਲੇਖਕ, ਆਪਣੇ ਆਪ ਹੀ ਕਈ ਧਿਰਾਂ ਵਿਚ ਵੰਡੇ ਗਏ।

ਲੇਖਕ ਸਭਾਵਾਂ ਦੇ ਅਹੁਦੇਦਾਰ, ਮੰਚ ਤੇ ਪ੍ਰਧਾਨਗੀਆਂ ਅਤੇ ਭਾਸ਼ਣ ਕਰਨ ਵਾਲੇ ਅਤੇ ਸਿਖਾਂਦਰੂ, ਜੋ ਦੋ ਚਾਰ ਮਿੰਨਟ ਲਈ ਆਪਣੀ ਰਚਨਾਂ ਦੀ ਹਾਜ਼ਰੀ ਲਗਵਾ ਕੇ, ਤਾੜੀਆਂ ਦੀ ਗੁੰਜਾਰ ਅਤੇ ਪ੍ਰਧਾਨ ਦੇ ਮੂੰਹੋਂ ਪ੍ਰਸੰਸਾ ਦੇ ਦੋ ਬੋਲ ਸੁਣਨ ਦੇ ਅਭਿਲਾਸ਼ੀ ਬਣ ਕੇ ਰਹਿ ਜਾਣ ਵਾਲੇ। ਪਿਛਲੇ ਦਿਨੀਂ ਇਹ ਫ਼ਿਕਰ ਮੈਂ ਉਹਨਾਂ ਲੋਕਾਂ ਨਾਲ ਸਾਂਝਾ ਕੀਤਾ, ਜਿਹੜੇ ਸਭਾਵਾਂ ਦੇ ਅਹੁਦੇਦਾਰ ਅਤੇ ਮੇਰੇ ਵਾਕਫ਼ ਹਨ।

ਉਨ੍ਹਾਂ ਦਾ ਕਹਿਣਾ ਸੀ ਕਿ ਜ਼ਮਾਨਾ ਬਦਲ ਗਿਆ ਹੈ। ਏ. ਸੀ. ਕੂਲਰ, ਪੱਖੇ, ਕੁਰਸੀਆਂ ਨਹੀਂ ਹੋਣਗੀਆਂ ਤਾਂ ਕੌਣ ਆਏਗਾ? ਹੁਣ ਜੇ ਅਹੁਦੇਦਾਰ, ਬੰਦਿਆਂ ਨੂੰ ਬੁਲਾਉਂਦੇ ਹਨ, ਬੈਨਰ ਲਾਉਂਦੇ ਹਨ, ਚੰਦਾ ਘਟ ਜਾਵੇ ਤਾਂ ਪਲਿਉਂ ਖ਼ਰਚ ਕਰਦੇ ਹਨ। ਤੁਹਾਨੂੰ ਕੀ ਲਗਦੈ ਕਿ ਉਹਨਾਂ ਨੂੰ ਮਾਂ ਬੋਲੀ ਦਾ ਬੁਖ਼ਾਰ ਕੁਝ ਜ਼ਿਆਦਾ ਚੜ੍ਹਿਐ? ਭਾਈ ਉਹ ਹੈਣ ਈ ਏਸੇ ਜੋਗੇ। ਉਹ ਧੁਰੋਂ ਆਏ ਸੇਵਾਦਾਰ ਹਨ। ਹੁਣ ਜੇ ਕਿਸੇ ਸੇਵਾਦਾਰ ਨੇ ਆਪਣੇ ਲਈ ਕੋਈ ਢਮਢਮਾ ਕਰ ਲਿਆ, ਜਾਂ ਉੱਲੂ ਸਿੱਧਾ ਕਰ ਲਿਆ ਤਾਂ ਕਿਸੇ ਨੂੰ ਕੀਹ ਤਕਲੀਫ਼? ਫਿਰ ਜੇ ਕਿਸੇ ਨੂੰ ਅਜਿਹੀ ਸੇਵਾ ਦਾ ਨਸ਼ਾ ਲੱਗ ਹੀ ਗਿਆ ਹੈ, ਉਹਨੂੰ ਹਟਾ ਕੇ ਦਿਖਾਉ। ਦਸ ਦਿਨ ਅਖ਼ਬਾਰ ਵਿਚ ਖ਼ਬਰ ਨਾ ਛਪੇ, ‘ਅਨੀਮਾਂ’ ਕਰਾਉਣ ਦੀ ਨੌਬਤ ਆ ਸਕਦੀ ਹੈ। ਰਹੀ ਗੱਲ

ਪੁਸਤਕਾਂ ਬਾਰੇ ਘੁੰਡ ਚੁਕਾਈ ਦੀ, ਤੁਸੀਂ ਦੱਸੋ, ਕਿਤਾਬ ਲੇਖਕ ਦੀ, ਬੁਲਾਰੇ ਉਹਦੇ, ਮੋਮੈਂਟੋ, ਲੋਈਆਂ, ਸਮੋਸੇ, ਬਰਫ਼ੀ ਚਾਹ, ਲੇਖਕ ਦੀ। ਸਭਾ ਨੂੰ ਢਿੱਡ ਪੀੜ ਐ ਬਈ ਨਾਂਹ ਕਰੂਗੀ। ਜੇਬਾ ਉਹਦਾ, ਬੱਲੇ-ਬੱਲੇ ਸਭਾ ਦੀ। ਐਨਾਂ ਥੋੜ੍ਹੈ ਬਈ ਸਭਾ ਨੇ ਵਿਦਵਾਨਾਂ ਦਾ ਹੜ ਲਿਆ ਦਿੱਤਾ, ਤੇ ਫੋਟੋਆਂ ਨਾਲ ਅਖ਼ਬਾਰਾਂ ਭਰ ਦਿੱਤੀਆਂ। ਰਹੀ ਗੱਲ ਸਾਹਿਤ ਸਭਾਵਾਂ ਵਿਚੋਂ ਕੁਝ ਸਿੱਖਣ ਸਿਖਾਉਣ ਦੀ, ਕੀਹਨੂੰ ਸਿਖਾਓਗੇ? ਹੈ ਕੋਈ ਰਾਜ਼ੀ ਸਿੱਖਣ ਲਈ? ਹਰ ਦੁੱਕੀ ਤਿੱਕੀ ਨੂੰ ਹਜ਼ਾਰ ਹਜ਼ਾਰ ਫੇਸਬੁੱਕ 'ਤੇ ਲਾਈਕ ਕਰਨ ਵਾਲਾ ਬੈਠਾ ਹੈ। ਕਿਸੇ ਰਚਨਾ ਤੇ ਕੋਈ ਰਾਇ ਦੇ ਕੇ ਦਿਖਾਓ, ਜੇ ਦੁਬਾਰਾ ਤੁਹਾਡੇ ਨੇੜੇ ਵੀ ਫਟਕ ਗਿਆ ਤਾਂ। ਸਾਹਿਤ ਸਭਾਵਾਂ ਨੇ ਰਚਨਾਵਾਂ 'ਤੇ ਬਹਿਸ ਕਰਵਾ ਕਿ ਆਪਣੀ ਦੁਕਾਨਦਾਰੀ ਬੰਦ ਕਰਾਉਣੀ ਐ? ਮੂਰਖ਼ ਨੂੰ ਸਿੱਖਣ ਦੀ ਲੋੜ ਐ, ਹੁਣ ਤਾਂ ਲੋਕ ਜੰਮਦੇ ਈ ਸਿਆਣੇ ਐ ਮਹਾਰਾਜ!... ਕਿਹੜੀ ਦੁਨੀਆਂ ਵਿਚ ਫਿਰਦੇ ਓ ਤੁਸੀਂ?

ਮੈਂ ਫ਼ਿਰ ਜ਼ਿਦ ਕੀਤੀ ਅਤੇ ਕਿਹਾ, ਕੀ ਸੰਵਾਦ ਦੀ ਲੋੜ ਨਹੀਂ?

ਜਵਾਬ ਮਿਲਿਆ, ਢੱਠੇ ਖੂਹ 'ਚ ਗਿਆ ਸੰਵਾਦ। ਰਚਨਾਂ ਹੀ ਛਪਵਾਉਣੀ ਐ ਨਾ, ਲਿਆਉ ਕੀ ਛਪਵਾਉਣਾ ਹੈ? ਕਿਤਾਬ, ਭੂਮਿਕਾ, ਟਿੱਪਣੀ, ਪ੍ਰਸੰਸਾ, ਪਰਚਾ ਜਾਂ ਕੁਝ ਵੀ...। ਤਰਲੇ ਕਰਨੇ ਪੈਂਦੇ ਸੀ ਪਹਿਲਾਂ। ਹੁਣ ਤਾਂ ਪੀ. ਐਚ. ਡੀ., ਐਮ. ਫਿਲ., ਰਿਵਿਊਕਾਰ ਸਾਹਿਤ ਸਭਈਏ ਹਰਲ-ਹਰਲ ਕਰਦੇ ਫ਼ਿਰਦੇ ਐ। ਕਹਿੰਦੇ ਦੱਸੋ ਕੀ ਲਿਖਵਾਉਣੈ? ਜਾਂ ਕਿਸ ਪੱਧਰ ਦੇ ਲੇਖਕ ਦਾ ਸਰਟੀਫਿਕੇਟ ਚਾਹੀਦੈ? ਜਿਨਾਂ ਗੁੜ ਪਾਉ ਓਨਾ ਮਿੱਠਾ। ਹੁਣ ਤਾਂ ਕਈ ਲੇਖਕ ਨਿੱਛ ਮਾਰਨ ਤੱਕ ਨੂੰ ਵੀ ਫੇਸ ਬੁੱਕ 'ਤੇ ਪਾਉਣੋ ਨਹੀਂ ਹਟਦੇ, ਤੁਸੀਂ ਸੰਵਾਦ 'ਤੇ ਬੈਠੇ ਉਂ। ਪੰਜ ਮਿਨਟ। 'ਤੇ ਸਾਰੀ ਦੁਨੀਆਂ 'ਤੇ ਖ਼ਬਰ। ਸੰਵਾਦ ਸੰਵੂਦ ਦੇ ਲੱਦ ਗਏ ਜ਼ਮਾਨੇ ਮਹਾਰਾਜ। ਹੁਣ ਤੁਸੀਂ ਮੇਰੀ ਪਿੱਠ ਖੁਰਕੋ, ਮੈਂ ਥੌਡੀ। ਤੀਜੇ ਦੀ ਲੋੜ ਈ ਨਹੀਂ।

ਮੈਂ ਕਿਹਾ, ਇਕ ਸਮਾਂ ਸੀ, 'ਪ੍ਰੀਤਲੜੀ', 'ਆਰਸੀ', 'ਨਾਗਮਣੀ', 'ਪੰਜ ਦਰਿਆ' ਵਿਚ ਛਪਣਾ ਇਕ ਤਰ੍ਹਾਂ ਸਾਹਿਤ ਵਿਚ ਸਥਾਪਤ ਹੋ ਜਾਣ ਵਰਗਾ ਹੁੰਦਾ ਸੀ। ਕੋਈ ਵੱਡਾ ਲੇਖਕ ਕਿਸੇ ਪੁਸਤਕ ਦੀ ਭੂਮਿਕਾ ਲਿਖ ਦਿੰਦਾ ਸੀ ਤਾਂ ਸਾਹਿਤ ਅਕਾਦਮੀ ਪੁਸਤਕ ਨੂੰ ਇਨਾਮ ਲਈ ਚੁਣ ਲੈਂਦੀ ਸੀ ਕਿ ਫਲਾਂ ਵਿਦਵਾਨ ਨੇ ਇਸ ਬਾਰੇ ਕੋਈ ਟਿੱਪਣੀ ਕੀਤੀ ਹੈ, ਮੇਰੇ ਇਕ ਜਾਣਕਾਰ ਨੇ ਡੇਢ ਸੌ (150) ਕਿਤਾਬਾਂ ਦੀ ਭੂਮਿਕ ਲਿਖੀ ਹੈ, ਉਹਨਾਂ ਨੂੰ ਕੋਈ ਟਕੇ ਭਾਅ ਨਹੀਂ ਪੁੱਛਦਾ, ਕਿਉਂ?

ਕਿਉਂ ਨਹੀਂ ਪੁੱਛਦਾ? ਤੁਸੀਂ ਸਭਾ 'ਚ ਆਉ ਤਾਂ ਸਹੀ। ਜੋ ਮਰਜ਼ੀ ਪੜ੍ਹੋ... ਤਾੜੀਆਂ ਦੀ ਗਰੰਟੀ, ਫੋਟੋ ਵੀ ਛਪੇਗੀ। ਹਿੰਮਤ ਕਰੋਗੇ ਤਾਂ ਸਿਹਰਾ ਸਿੱਖਿਆ ਵੀ ਪੜ੍ਹਿਆ ਜਾ ਸਕਦਾ ਹੈ। ਰਹੀ ਗੱਲ ਇਨਾਮਾਂ ਦੀ, ਸਭਾਵਾਂ ਕੋਲ ਆਪਣੇ ਵੀਹ ਵੀਹ ਇਨਾਮ ਹਨ। ਕਿਸੇ ਦੇ ਕਿਉਂ ਤਰਲੇ ਕਰਾਂਗੇ। ਰਹੀ ਗੱਲ ਛਪਣ ਦੀ, ਪਹਿਲਾਂ ਚਾਰ ਪਰਚੇ ਸਨ, ਹੁਣ ਚਾਲੀ ਹਨ। ਦਸ ਪ੍ਰਸੰਸਾ ਦੀਆਂ ਚਿੱਠੀਆਂ ਲਿਖੋ, ਦੋ ਸਾਲ ਦਾ ਚੰਦਾ ਭਰੋ। ਦੇਖੋ ਕਿਵੇਂ ਨੀ ਛਾਪਦੇ। ਫਿਰ ਵੀ ਕੋਈ ਦਿੱਕਤ ਹੈ ਤਾਂ ਸੰਪਾਦਕ ਦਾ ਗੁੱਗਾ ਗਾਓ ਕਿ ਤੇਰੇ ਵਰਗਾ ਕੋਈ ਜੰਮਿਆ ਹੀ ਨਹੀਂ। ਨਾ ਹਿੰਗ ਲੱਗੇ ਨਾ ਫਟਕੜੀ। ਸਾਰੇ ਖੁਸ਼। ਤੁਸੀਂ ਛਾਪਣ ਦੀ ਗੱਲ ਕਰਦੇ ਉਂ... ਪਰਚਿਆਂ ਕੋਲ ਤਾਂ ਮੈਟਰ ਈ ਨਹੀਂ... ਵੀਹ-ਵੀਹ ਕਿਤਾਬਾਂ ਦੇ ਰਿਵਿਊ ਤੇ ਸਾਹਿਤਕ ਸਰਗਰਮੀਆਂ ਛਾਪ ਕੇ ਤਾਂ ਸਫ਼ੇ ਪੂਰੇ ਕਰਦੇ ਐ। ਕਿਹੜੇ ਯੁੱਗ 'ਚ ਜੀ ਰਹੇ ਹੋ ਮਾਂਹਰਾਜ! ਅੱਜ ਮੁੱਲ ਦੀ ਖੀਰ ਐ ਸਾਹਿਤ, ਦੰਮ ਖਰਚੋ ਤੇ ਰਾਤੋ ਰਾਤ ਲੇਖਕ। ਜੇ ਪੀ. ਪੀ. ਐੱਸ. ਜਾਂ ਆਈ. ਏ. ਐੱਸ. ਹੋ ਤਾਂ ਕਿਸੇ ਸਾਹਿਤ ਸਭਾ ਦੀ ਵੀ ਲੋੜ ਨਹੀਂ। ਸੇਵਾ ਮੁਕਤੀ ਤੋਂ ਬਾਅਦ ਆਉ, ਤੇ ਸਾਹਿਤਕਾਰੀ, ਇਨਾਮ, ਦੁਸ਼ਾਲੇ ਸਭ ਵੱਟ ਤੇ... ਧੜਾ ਧੜ ਕਿਤਾਬਾਂ। ਪਬਲੀਸ਼ਰ ਅੱਗੇ ਪਿੱਛੇ।...

ਤਾਂ ਕੀ ਹੁਣ ਸਾਹਿਤ ਅਤੇ ਸੰਵਾਦ ਵਾਲੇ ਦਿਨ ਕਦੇ ਨਹੀਂ ਆਉਣਗੇ? ਉੱਤਰ ਮਿਲਿਆ, ਜਿਵੇਂ ਸਮੇਂ ਨਾਲ ਕਈ ਪ੍ਰਜਾਤੀਆਂ ਲੁਪਤ ਹੋ ਗਈਆਂ ਥੌਨੂੰ ਮੰਨਣ ਵਿਚ ਕੀ ਦਿੱਕਤ ਹੈ ਕਿ 'ਸੰਵਾਦ' ਵੀ ਲੁਪਤ ਹੋ ਗਿਆ।...

ਪਤਾ 2687, ਫੇਜ-2, ਅਰਬਨ ਅਸਟੇਟ, ਪਟਿਆਲਾ-147002, ਮੁਬਾਇਲ-98726-44428

# ਛੋਟੀਆਂ ਸਾਹਿਤਕ ਸੰਸਥਾਵਾਂ ਜ਼ਿਆਦਾ ਸਾਰਥਕ ਕੰਮ ਕਰਦੀਆਂ ਹਨ-ਮਨਮੋਹਨ ਸਿੰਘ ਬਾਵਾ

ਕਹਾਣੀ ਧਾਰਾ ਰਾਹੀ ਜੋ ਸਵਾਲ ਤੁਸਾਂ ਸਾਹਿਤਕਾਰਾਂ ਸਾਹਮਣੇ ਰੱਖੇ ਹਨ। ਉਹ ਬੇਸ਼ਕ ਬਹੁਤ ਮਹੱਤਵਪੂਰਨ ਹਨ, ਪਰ ਸਵਾਏ ਪੜ੍ਹ ਲੈਣ ਦੇ ਇਸ ਦਾ ਕੋਈ ਲਾਭ ਹੋਵੇਗਾ ਜਾਂ ਨਹੀਂ? ਦੂਜੀ ਗੱਲ ਇਹ ਕਿ ਬਹੁਤ ਸਾਰੇ ਸਵਾਲਾਂ ਦੇ ਜਵਾਬ ਇਕ ਦੂਜੇ ਨਾਲ ਰਲੇ ਮਿਲੇ ਹਨ। ਪਹਿਲੇ ਪ੍ਰਸ਼ਨ ਦਾ ਉੱਤਰ ਦੇਂਦਿਆਂ ਕਿ ਲੇਖਕਾਂ ਦੀ ਆਵਾਜ਼ ਦਬਾਈ ਜਾ ਰਹੀ ਹੈ। ਮੇਰਾ ਕਹਿਣਾ ਹੈ ਕਿ ਲੇਖਕਾਂ ਦੀ ਆਵਾਜ਼, ਖਾਸ ਕਰਕੇ ਪੰਜਾਬੀ ਲੇਖਕਾਂ ਦੀ ਆਵਾਜ਼ 'ਚ ਕੋਈ ਐਸੀ ਵੰਗਾਰ ਮੈਂ ਪਿਛਲੇ ਕਈ ਵਰ੍ਹਿਆਂ ਵਿਚਕਾਰ ਸੁਣੀ ਹੀ ਨਹੀਂ ਜਿਸ ਨੂੰ ਦਬਾਉਣ ਦੀ ਲੋੜ ਕਿਸੇ ਨੂੰ ਪਵੇ। ਇਕ ਜਾਗਰੂਕ ਇਨਸਾਨ ਦੇ ਨਾਤੇ ਲੇਖਕਾਂ ਨੂੰ ਕਰਨਾ ਤਾਂ ਬਹੁਤ ਕੁਝ ਚਾਹੀਦਾ ਹੈ, ਭਾਵ ਸਮਾਜ 'ਚ ਆਪਣੀ ਕੋਈ ਸਕਾਰਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ, ਪਰ ਅਫਸੋਸ ਇਹ ਕਿ ਅਸੀਂ ਆਪ ਹੀ ਇਸ ਸਮਾਜਿਕ, ਰਾਜਨੀਤਿਕ ਭ੍ਰਿਸ਼ਟਾਚਾਰ, ਕੁਰੱਪਸ਼ਨ ਦਾ ਹਿੱਸਾ ਬਣੇ ਹੋਏ ਹਾਂ। ਸਾਡੀ ਸੀਮਤ ਜਿਹੀ ਆਵਾਜ਼ ਥੋੜ੍ਹੇ ਜਿਹੇ ਪਰਚਿਆਂ, ਸੈਮੀਨਾਰਾਂ ਅਤੇ ਗੋਸ਼ਟੀਆਂ ਤੱਕ ਸੀਮਤ ਰਹਿ ਚੁੱਕੀ ਹੈ-ਜਿਵੇਂ ਕਿ ਗ਼ਾਲਬ ਨੇ ਕਿਹਾ ਹੈ ਕਿ 'ਦਿਲ ਕੇ ਬਹਿਲਾਵੇ ਕੋ ਗ਼ਾਲਬ ਯਹ ਖ਼ਿਆਲ ਅੱਛਾ ਹੈ।' ਅਸੀਂ ਤੇਜ਼ ਤਰਾਰ ਗੱਲਾਂ-ਭਾਸ਼ਨਾ ਨਾਲ, ਕਿਸੇ ਛੋਟੇ ਜਾਂ ਵੱਡੇ ਕਮਰੇ -ਹਾਲ 'ਚ ਬੈਠ ਕੇ -ਸਟੇਜ ਤੇ ਬੈਠ ਕੇ ਖੁਸ਼ ਹੋ ਕਹਿੰਦੇ ਹਾਂ। ਸਮਝ ਲੈਂਦੇ ਹਾਂ ਕਿ ਅਸਾਂ ਬਹੁਤ ਤੀਰ ਮਾਰ ਲਿਆ। ਸਾਡਾ ਇਹ ਤੀਰ ਕਮਰੇ ਦੀਆਂ ਕੰਧਾਂ ਦੇ ਬਾਹਰ ਤੱਕ ਨਹੀਂ ਜਾਂਦਾ।

ਜਿੱਥੋਂ ਤੱਕ ਇਨਾਮ ਵਾਪਸ ਕਰਨ ਦਾ ਮੁੱਦਾ ਹੈ ਇਸ ਬਾਰੇ ਮੇਰਾ ਪਹਿਲਾ ਪ੍ਰਤਿਕਰਮ ਇਹ ਕਿ ਪਿਛਲੇ 60-70 ਸਾਲਾਂ ਵਿਚਕਾਰ ਕੀ ਕੋਈ ਐਸਾ ਕਰਮ-ਕੁਕਰਮ ਸਰਕਾਰਾਂ ਵੱਲੋਂ ਨਹੀਂ ਹੋਇਆ ਜਿਸ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਂ ਵਿਰੋਧ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੋਵੇ? ਫ਼ੈਜ਼ ਅਹਿਮਦ ਫੈਜ਼ ਨੇ ਕਿਹਾ ਹੈ ਇਕ ਨਜ਼ਮ 'ਚ-'ਔਰ ਭੀ ਦੁਖ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ, ਰਾਹੇਂ ਤੋਂ ਐਰ ਭੀ ਹੈਂ, ਵਸਲ ਕੀ ਰਾਹਤ ਕੇ ਸਿਵਾ।

ਜਿਸਮ ਨਿਕਲੇ ਹੁਏ ਇਮਰਾਜ਼ ਕੇ ਤਨੂਰੋਂ ਸੇ  
ਪੀੜ ਬਹਤੀ ਹੁਈ ਗਲਤੇ ਹੁਏ ਨਾਸੂਰੋਂ ਸੇ  
ਲੌਟ ਜਾਤੀ ਹੈ ਉਧਰ ਕੋ ਭੀ ਨਜ਼ਰ ਕਯਾ ਕੀ ਜੇ

ਹੁਣ ਜਦ ਕਿਸੇ ਸਾਹਿਤਕਾਰ ਦੇ ਸਿਰ ਤੇ ਉਹ ਵੀ ਜੋ ਸਾਹਿਤ ਅਕਾਦਮੀ ਨਾਲ ਜੁੜੇ ਹੋਏ ਤੇ ਸੱਟ ਪਈ ਤਾਂ ਆਵਾਜ਼ ਬੰਦ ਹੋਣ ਦੀ ਯਾਦ ਆਈ। ਹਿੰਦੋਸਤਾਨ ਦੇ ਸਾਹਿਤਕ ਹਲਕੇ 'ਚ ਬਹੁਤ ਘੱਟ ਬੇਹੱਦ ਘੱਟ ਐਸੇ ਉਦਾਹਰਨ ਮਿਲਦੇ ਹਨ, ਜਦੋਂ ਹਾਲਾਂ ਕਿ ਅੱਜ ਤੋਂ ਬੁਰੇ ਅਵਸਰ ਵੀ ਆਏ, ਜਦੋਂ ਕਿਸੇ ਨੇ ਪੁਰਸਕਾਰ ਵਾਪਸ ਕੀਤੇ ਜਾਂ ਲੈਣ ਤੋਂ ਇਨਕਾਰ ਕੀਤਾ ਹੋਵੇ। ਪਹਿਲਾਂ ਉਧਾਰਨ ਰਵਿੰਦਰ ਨਾਥ ਟੈਗੋਰ ਦਾ ਜਦੋਂ ਉਸਨੇ ਜ਼ਲ੍ਹਿਆਂ ਵਾਲਾ ਬਾਗ਼ ਦੇ ਸਾਕੇ ਤੋਂ ਬਾਅਦ ਨੋਬਲ ਪੁਰਸਕਾਰ ਵਾਪਸ ਕੀਤਾ ਸੀ। ਅਰੁੰਧਤੀ ਰਾਏ ਨੇ ਤਾਂ ਸਾਹਿਤ ਅਕਾਦਮੀ ਦੇ ਪੁਰਸਕਾਰ ਲੈਣ ਤੋਂ ਹੀ ਇਨਕਾਰ ਕਰ ਦਿੱਤਾ। ਸਾਡੇ ਸਾਹਿਤਕਾਰ ਤਾਂ ਇਸਦੇ ਵਿਪਰੀਤ, ਇਹ ਪੁਰਸਕਾਰ ਲੈਣ ਲਈ.......? ਇਸ ਬਾਰੇ ਜੇ ਮੈਂ ਕੁਝ ਨਾ ਹੀ ਲਿਖਾਂ ਤਾਂ ਚੰਗਾ ਹੈ। ਮੁੱਢ ਕਦੀਮ ਤੋਂ ਹਕੂਮਤੀ

ਜਮਾਤ ਤਥਾ ਕਥਿਤ ਜਾਂ ਸਚਮੁਚ ਦੇ ਬੁੱਧੀਜੀਵੀਆਂ ਨੂੰ ਆਪਣੇ ਹੱਥ 'ਚ ਰੱਖਣ ਲਈ ਇਹ ਹਥਿਆਰ ਇਸਤੇਮਾਲ ਕਰਦੀ ਆ ਰਹੀ ਹੈ। ਭਾਵ ਸਨਮਾਨਿਤ ਕਰਨ ਦਾ। ਸਾਕਾ 1984 ਦਾ ਘੱਲੂਘਾਰਾ ਕੀ ਸਾਡੇ ਬੁੱਧੀਜੀਵੀਆਂ ਤੋਂ ਕਿਸੇ ਪ੍ਰਤਿਕਰਮ ਦੀ ਮੰਗ ਨਹੀਂ ਸੀ ਕਰਦਾ? ਮੇਰੀ ਜਾਣਕਾਰੀ ਅਨੁਸਾਰ ਦੱਖਣ ਦੇ ਦੋ ਸਾਹਿਤਕਾਰਾਂ ਦੁਆਰਾ ਇਸ ਦਾ ਵਿਰੋਧ ਅਤੇ ਪੁਰਸਕਾਰ ਵਾਪਸ ਕਰਨ ਦੇ ਇਲਾਵਾ ਨਾ ਉਸ ਵੇਲੇ, ਨਾ ਬਾਅਦ 'ਚ ਕਿਸੇ ਨੇ ਪੁਰਸਕਾਰ ਵਾਪਸ ਕੀਤਾ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਦਿੱਲੀ 'ਚ ਰਹਿੰਦੇ ਇਕ ਪ੍ਰਤਿਸ਼ਠਿਤ ਪੰਜਾਬੀ ਲੇਖਕ ਨੇ ਆਪਣਾ ਇਕ ਪੁਰਸਕਾਰ ਵਾਪਸ ਕਰਨ ਬਾਰੇ ਸੋਚਿਆ ਪਰ ਫੇਰ ਇਹ ਸੋਚਦਿਆਂ ਚੁੱਪ ਰਿਹਾ, "ਹਾਲੇ ਤਾਂ ਮੈਨੂੰ ਹੋਰ ਬਹੁਤ ਪੁਰਸਕਾਰ ਦੀ ਉਮੀਦ ਹੈ? ਜੇ ਵਾਪਸ ਕਰ ਦਿੱਤਾ ਤਾਂ....।" ਮਜੇ ਦੀ ਗੱਲ ਇਹ ਹੈ ਕਿ ਸਚਮੁੱਚ ਹੀ ਉਸ ਨੇ ਇਸ ਤੋਂ ਬਾਅਦ ਕਈ ਵੱਡੇ ਪੁਰਸਕਾਰ ਅਤੇ ਪਦ ਹਾਸਲ ਕੀਤੇ।

ਉਂਞ ਮੈਂ ਇਹ ਤਾਂ ਕਹਾਂਗਾ ਕਿ ਜਿਨ੍ਹਾਂ ਨੇ ਪੁਰਸਕਾਰ ਵਾਪਸ ਕੀਤੇ ਉਨ੍ਹਾਂ ਬੇਸ਼ਕ ਇਕ ਸੁਲਾਹੁਣਯੋਗ ਕੰਮ ਕੀਤਾ ਉਂਞ ਉਸਦੇ ਵੀ ਕਈ ਪਹਿਲੂ ਸੋਚੇ ਜਾ ਸਕਦੇ ਹਨ। ਇਕ ਤੇ ਇਹ ਕਿ ਪਿਛਲੇ ਪੰਜਾਹ ਕੁ ਵਰ੍ਹਿਆਂ ਦਰਮਿਆਨ ਘੱਟ ਤੋਂ ਘੱਟ ਇਕ ਹਜ਼ਾਰ ਪੁਰਸਕਾਰ ਲੇਖਕ ਤਾਂ ਹੋਵੇਗਾ ਹੀ। ਵਾਪਸ 45-50 ਨੇ ਕੀਤੇ। ਬਾਕੀਆਂ ਦੀ 'ਜ਼ਮੀਰ' ਕਿਥੇ ਗਈ? ਦੂਜਾ ਪਹਿਲੂ ਇਹ ਕਿ ਜੇ ਪੁਰਸਕਾਰ ਵਾਪਸ ਕਰਨ ਵਾਲੇ ਸਾਰੇ ਨਹੀਂ, ਤਾਂ ਕੁਝ ਕੁ ਨੇ ਵੀ ਸੋਚਦਿਆਂ ਪੁਰਸਕਾਰ ਵਾਪਸ ਕੀਤੇ ਕਿ ਇਕ ਇਹ 'ਖੱਟੀ' ਵੀ ਖੱਟ ਲੈਣ ਗੇ।' ਵਾਪਸ ਕਰਨ ਦੀ ਉਂਞ ਜਿਸ ਨੂੰ ਇਕ ਵਾਰੀ ਮਿਲ ਗਿਆ, ਉਹ ਤੇ ਮਿਲ ਹੀ ਗਿਆ? ਵਾਪਸ ਕਰਨ ਵਾਲੀ ਗੱਲ ਤਾਂ ਸਿਰਫ਼ ਕਹਿਣ ਲਈ! ਇਹ ਕੁਝ ਲਿਖਣ ਤੋਂ ਬਾਅਦ ਮੁੜ ਆਪਣੀ ਗੱਲ ਦਹੁਰਾਉਂਦਾ ਹਾਂ ਕਿ ਵਾਪਸ ਕਰਨ ਵਾਲਿਆਂ ਇਕ ਦਲੇਰੀ ਦਾ ਕੰਮ ਕੀਤਾ।

ਸਾਹਿਤਕਾਰਾਂ ਦੀ ਸਮਾਜ ਪ੍ਰਤਿ ਭੂਮਿਕਾ ਬਾਰੇ ਪਹਿਲੀ ਗੱਲ ਤੇ ਇਹ ਕਿ ਇਸ ਵਿਗੜੇ ਹੋਏ ਸਮਾਜਿਕ ਵਰਤਾਰੇ ਦਾ ਲੇਖਕ ਆਪ ਵੀ ਹਿੱਸਾ ਹੈ। ਚਾਹੇ ਇਹ ਸਮਾਜਿਕ ਵਰਤਾਰਾ ਤੰਗਦਿਲੀ ਨੂੰ ਲੈ ਕੇ ਹੋਵੇ, ਜਾਤ-ਪਾਤ ਨੂੰ ਲੈ ਕੇ ਹੋਵੇ, ਬਜ਼ਾਰਵਾਦ, ਵਧਦੀ ਜਾ ਰਹੀ ਕੁਰੱਪਸ਼ਨ ਬਾਰੇ ਹੋਵੇ। ਹੋਣਾਂ ਤਾਂ ਇਹ ਚਾਹੀਦਾ ਹੈ ਕਿ ਜਾਗਰੂਕ ਲੇਖਕ ਹਰ ਸਮਾਜਿਕ ਰਾਜਨੀਤਕ ਬੁਰਾਈ ਬਾਰੇ ਆਪਣੇ ਕਾਗਜ਼ਾ, ਕਿਤਾਬਾ (ਹੁਣ ਕੰਪਿਊਟਰ ਵੀ ) ਤੋਂ ਬਾਹਰ ਨਿਕਲ ਕੇ ਸਟੇਜਾਂ ਤੇ, ਸੜਕ ਤੇ, ਜਲੂਸਾਂ ਦੀ ਸ਼ਕਲ 'ਚ ਆ ਕੇ ਨਿਤਰੇ। ਪਰ ਇਸ ਤਰ੍ਹਾਂ ਦੀਆਂ ਉਦਾਰਨ ਬਹੁਤ ਘੱਟ ਮਿਲਦੀਆਂ ਹਨ। ਇਸ ਬਾਰੇ ਮੈਨੂੰ ਇਕ ਉਦਾਰਨ ਯਾਦ ਹੈ ਜਦੋਂ ਸ. 1984 'ਚ ਦਿੱਲੀ ਦੇ ਬਹੁਤ ਸਾਰੇ (ਹਰ ਭਾਸ਼ਾ ਦੇ) ਲੇਖਕਾਂ, ਚਿੱਤਰਕਾਰਾ, ਰੰਗਕਰਮੀਆਂ, ਸਮਾਜ ਸੇਵਕਾਂ ਨੇ ਇਕੱਠੇ ਹੋ ਕੇ ਜਲੂਸ ਕੱਢੇ, ਕਵੀ ਦਰਬਾਰ ਕੀਤੇ। ਇਸ ਤਰ੍ਹਾਂ ਦੇ ਇਕ ਜਲੂਸ 'ਚ ਇਨ੍ਹਾਂ ਲੋਕਾਂ ਦੇ ਇਲਾਵਾਂ ਤਕਰੀਬਨ ਡੇਢ ਲੱਖ (1,50,000) ਵਿਦਿਆਰਥੀਆਂ ਨੇ ਵੀ ਹਿੱਸਾ ਲਿਆ ਸੀ। ਪਰ ਸ਼ਾਇਦ ਹੀ ਕਿਸੇ ਪੁਰਸਕਾਰ ਲੇਖਕ ਨੇ ਇਸ 'ਚ ਹਿੱਸਾ ਲਿਆ ਹੋਵੇ। ਉਦੋਂ ਕੀ ਉਨ੍ਹਾਂ ਨੂੰ ਸੱਪ ਸੁੰਘ ਗਿਆ ਸੀ?

ਸਾਹਿਤਕ ਸੰਸਥਾਵਾਂ, ਸਰਕਾਰੀ ਜਾਂ ਗ਼ੈਰ ਸਰਕਾਰੀ ਬਾਰੇ ਮੈਨੂੰ ਐਨੀ ਜਾਣਕਾਰੀ ਨਹੀਂ ਜਿੰਨੀ ਪੰਜਾਬ ਦੇ ਹੋਰ ਕਈ ਲੇਖਕਾਂ ਨੂੰ ਹੋਵੇਗੀ। ਮੈਂ ਸਿਰਫ਼ ਅਨੁਮਾਨ ਹੀ ਲਾ ਸਕਦਾ ਹਾਂ । ਇਸ ਬਾਰੇ ਬਾਕੀ ਦੇ ਲੇਖਕ ਕੀ ਲਿਖਦੇ ਹਨ? ਮੈਨੂੰ ਇਸ ਦੀ ਉਡੀਕ ਰਹੇ ਗੀ।

ਪੰਜਾਬ ਦੀਆਂ ਮਿਆਰੀ ਕਿਤਾਬਾਂ, ਸਾਹਿਤਕ ਪਰਚਿਆਂ ਦੀ ਭੂਮਿਕਾ ਅਤੇ ਸਾਹਿਤਕ ਖੜੋਤ

ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ। ਪਰ ਜੋ ਕੁਝ ਵੀ ਲਿਖਿਆ-ਆਖਿਆ ਜਾਵੇਗਾ, ਉਹ ਅਪੂਰਨ ਹੀ ਹੋਵੇਗਾ। ਮੋਟੇ ਤੌਰ ਤੇ ਇਹ ਕਿ ਅੱਜ ਦਾ ਮਨੁੱਖ, ਖਾਸ ਕਰਕੇ ਪੰਜਾਬੀ ਦਾ, ਬੁਰੀ ਤਰ੍ਹਾਂ ਬਜ਼ਾਰਵਾਦ ਦਾ ਸ਼ਿਕਾਰ ਹੋ ਰਿਹਾ ਹੈ। ਅੰਤਰਮੁਖ ਘੱਟ ਅਤੇ ਬਾਹਰਮੁਖੀ ਜ਼ਿਆਦਾ। ਨੁਮਾਇਸ਼। ਮੈਂ ਹਾਂ। ਧਨ, ਪਦ, ਰਾਜਨੀਤਕ ਧਾਰਮਿਕ, ਸਾਹਿਤਕ ਚੌਧਰ ਜੋ ਦਿਸਦਾ ਹੈ, ਜੋ ਵਖਾਇਆ ਜਾ ਸਕਦਾ ਹੈ। ਉਹੀ ਸਭ ਕੁਝ ਬਾਹਰਮੁਖੀ, ਐਸ਼-ਓ ਅਸ਼ਰਤ ਦਾ ਸਾਧਨ। ਹਰ ਤਰ੍ਹਾਂ ਦੇ ਸਮਾਜਿਕ, ਰਾਜਨੀਤਕ, ਸਾਹਿਤਕ, ਜ਼ੰਮੇਵਾਰੀਆਂ ਤੋਂ ਲਾਪਰਵਾਹੀ...।

ਸਾਹਿਤਕ ਸੰਸਥਾਵਾਂ ਬਾਰੇ ਇਹ, ਮੇਰੀ ਸੀਮਤ ਜਿਹੀ ਜਾਣਕਾਰੀ ਅਨੁਸਾਰ ਕਿ ਛੋਟੀਆਂ ਸਾਹਿਤਕ ਸੰਸਥਾਵਾਂ ਜ਼ਿਆਦਾ ਸਾਰਥਕ ਕੰਮ ਕਰਦੀਆਂ ਹਨ। ਕੋਈ ਸੰਸਥਾ ਨਿੱਜੀ ਹੱਥਾਂ 'ਚ ਹੋਵੇ ਚਾਹੇ ਚੁਣੇ ਹੋਏ ਲੋਕਾਂ ਦੇ ਹੱਥਾਂ 'ਚ, ਇਸ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ। ਕਈ ਵਾਰੀ ਚੁਣੇ ਹੋਏ ਹੱਥ ਵੀ ਜਾਂ ਘਟੀਆਂ ਕੰਮ ਕਰਦੇ ਵੇਖੇ ਹਨ ਜਾਂ ਕੁਝ ਨਹੀਂ ਕਰਦੇ। ਤੁਸੀਂ ਵੱਡੀਆਂ ਵੱਡੀਆਂ ਸਾਹਿਤਕ ਸੰਸਥਾਵਾਂ ਦੁਆਰਾ 'ਵਿਸ਼ਵ ਕਾਨਫਰੰਸਾਂ, ਹੁੰਦੀਆਂ ਵੇਖੀਆਂ ਹੋਣਗੀਆਂ। ਸਿਰਫ਼ ਸੋਸ਼ੇਬਾਜ਼ੀ ਜਿਨ੍ਹਾਂ 'ਚ ਉਸ ਸ਼ਹਿਰ ਦੇ ਲੇਖਕ ਵੀ ਮਸਾਂ ਹੁੰਦੇ ਹਨ।

ਇਥੇ ਮੈਨੂੰ ਦਿੱਲੀ 'ਚ ਵਾਪਰੀ ਇਕ ਘਟਨਾ ਯਾਦ ਆ ਰਹੀ ਹੈ... ਬਾਈ ਤੇਈ ਵਰ੍ਹੇ ਪਹਿਲਾਂ ਦੀ ਗੱਲ ਹੈ। ਇਕ ਵਾਰੀ ਇਕ ਖੱਬੇ ਪੱਖੀ ਸੰਸਥਾ ਨੇ ਧਾਰਮਿਕ ਸਦਭਾਵਨਾ ਅਤੇ ਜਾਤ-ਪਾਤ ਦੇ ਵਿਰੁੱਧ ਇਕ ਸਰਵ ਭਾਰਤੀ, ਕਾਫੀ ਵੱਡੀ ਪੈਮਾਨੇ ਉੱਤੇ ਇਕ ਕਵੀ ਦਰਬਾਰ ਆਯੋਜਿਤ ਕੀਤਾ। ਇਸ ਵਿੱਚ ਹਿੰਦੀ ਦੇ ਕਵੀਆਂ ਦੇ ਇਲਾਵਾ, ਬੰਗਾਲ-ਅਸਾਮ ਤੋਂ ਲੈ ਕੇ ਗੁਜਰਾਤ-ਤਾਮਿਲਨਾਡੂ ਤੱਕ ਦੇ ਲੇਖਕ ਭਾਗ ਲੈਣ ਲਈ ਇੱਕਠੇ ਹੋਏ। ਮੈਂ ਦਰਸ਼ਕਾਂ 'ਚ ਬੈਠਿਆ ਹੋਇਆ ਸੀ। ਬਹੁਤ ਵੱਡੇ ਸਟੇਜ ਤੇ ਸਾਰੀਆਂ ਭਾਸ਼ਾਵਾਂ ਦੇ ਲੇਖਕ ਬੈਠੇ ਦਿਸ ਰਹੇ ਸਨ। ਪਰ ਪੰਜਾਬੀ ਦਾ ਕੋਈ ਸ਼ਾਇਰ ਸਟੇਜ ਤੇ ਨਹੀਂ ਸੀ ਦਿਸ ਰਿਹਾ। ਕਵੀ ਦਰਬਾਰ ਸ਼ੁਰੂ ਹੋ ਗਿਆ। ਫੇਰ ਮੈਨੂੰ ਦਰਸ਼ਕਾਂ ਦੀ ਭੀੜ ਤੋਂ ਦੂਰ ਕਾਰ ਪਰਕਿੰਗ ਦੇ ਕੋਲ ਖੜੇ ਅੱਠ ਦਸ ਜਾਂ ਇਸ ਤੋਂ ਜ਼ਿਆਦਾ ਪੰਜਾਬੀ ਦੇ (ਜ਼ਿਆਦਾ ਤਰ ਦਿੱਲੀ ਦੇ) ਤਿੰਨ ਕੁ ਪੰਜਾਬ ਤੋਂ ਆਏ ਹੋਏ ਕਵੀ ਖੜੇ ਦਿਸੇ। ਮੇਰੇ ਮਨ ਨੂੰ ਤਸੱਲੀ ਹੋਈ ਕਿ ਸਾਡੇ ਪੰਜਾਬੀ ਸ਼ਾਇਰ' ਆ ਗਏ। ਪਰ ਉਹ ਸਟੇਜ ਉੱਪਰ ਨਹੀਂ ਚੜ੍ਹੇ। ਕਾਰ 'ਚ ਬੈਠ ਕੇ ਬੋਤਲਾਂ ਖੋਲੀਆਂ, ਗਲਾਸੀਆਂ ਕੱਢੀਆਂ... ਅਤੇ ਅਦਿੱਖ ਹੋ ਗਏ। ਜਦੋਂ ਸਟੇਜ ਉੱਤੇ ਪੰਜਾਬੀ ਕਵੀਆਂ ਦਾ ਨਾਮ ਬੋਲ ਕੇ ਸੱਦਿਆ ਗਿਆ ਤਾਂ ਸਵਾਏ ਪਾਤਰ ਦੇ ਹੋਰ ਕੋਈ ਨਹੀਂ ਸੀ। ਉਨ੍ਹਾਂ ਸਾਰਿਆਂ ਵੱਡੀਆਂ ਵੱਡੀਆਂ ਸਾਹਿਤਕ ਹਸਤੀਆਂ ਦੇ ਨਾਵਾਂ ਦੀ ਲਿਸਟ ਪਰਬੰਧਕਾਂ ਨੂੰ ਮੈਂ ਹੀ ਦਿੱਤੀ ਸੀ। ਇਹ ਵੇਖ ਕੇ ਮੇਰਾ ਸਿਰ ਸ਼ਰਮ ਨਾਲ ਝੁਕ ਗਿਆ। ਇਹੋ ਜਿਹੇ ਲੋਕਾਂ ਦੇ ਹੱਥਾਂ 'ਚ ਸਾਡੀਆਂ ਸਾਹਿਤਕ ਸੰਸਥਾਵਾਂ ਹਨ।

## ਨਿੱਜੀ ਸਾਹਿਤਕ ਸੰਸਥਾਵਾਂ ਮਿੱਤਰ-ਤੰਤਰ, ਪਰਿਵਾਰ ਤੰਤਰ ਦਾ ਧਰਮ ਬੜੀ ਖ਼ੂਬਸੂਰਤੀ ਨਾਲ ਨਿਭਾ ਰਹੀਆਂ - ਬਲਦੇਵ ਸਿੰਘ

ਲੇਖਕਾਂ ਨੂੰ ਸਭ ਤੋਂ ਉੱਚੀ ਮਮਟੀ ਤੇ ਖੜ੍ਹ ਕੇ ਅਰਧ ਨੰਗੇ ਜਾਂ ਨੰਗੇ ਹੋ ਕੇ ਗਲ 'ਚ ਢੋਲ ਪਾ ਕੇ ਰੌਲਾ ਪਾਉਣਾ ਚਾਹੀਦਾ ਹੈ।

ਲੇਖਕਾਂ ਨੂੰ ਇਨਾਮ ਵਾਪਸ ਕਰਕੇ ਉਪਰੋਕਤ ਕਾਰਜ ਕਰਨਾ ਚਾਹੀਦਾ ਹੈ।

ਸਮਾਜ ਪ੍ਰਤੀ ਅਸਹਿਣਸ਼ੀਲ ਹੋਣਾ ਚਾਹੀਦਾ ਹੈ।ਸੱਤਾ ਧਾਰੀਆਂ ਦੀਆਂ ਲਾਲਾਂ ਚੱਟਣੀਆਂ ਚਾਹੀਦੀਆਂ ਹਨ। ਇਹ ਸੰਸਥਾਵਾਂ ਏਨਾ ਵਧੀਆ ਕੰਮ ਕਰ ਰਹੀਆਂ ਹਨ ਜੇ ਇਹ ਨਾ ਹੋਣ ਤਾਂ ਕਲਾ, ਸੰਗੀਤ ਤੇ ਸਾਹਿਤ ਦਾ ਜਨਾਜ਼ਾ ਨਿਕਲ ਸਕਦਾ ਹੈ।

ਏਹ ਸੰਸਥਾਵਾਂ ਜੇ ਕੁਝ 'ਖਾਸ' ਲੋਕਾਂ ਨੂੰ ਇਨਾਮ ਨਾ ਦਿੰਦੀਆਂ ਜਾਂ ਦੇਣ ਤਾਂ ਉਹਨਾਂ ਲੇਖਕਾਂ ਨੂੰ ਸਾਰੀ ਉਮਰ ਕਿਸੇ ਨੇ ਇਨਾਮ ਨਹੀਂ ਸੀ ਦੇਣਾ।

ਨਿੱਜੀ ਸਾਹਿਤਕ ਸੰਸਥਾਵਾਂ ਮਿੱਤਰ-ਤੰਤਰ, ਪਰਿਵਾਰ ਤੰਤਰ ਤੇ ਵਾਰੀ-ਵੱਟਾ ਤੰਤਰ ਦਾ ਧਰਮ ਬੜੀ ਖ਼ੂਬਸੂਰਤੀ ਨਾਲ ਨਿਭਾ ਰਹੀਆਂ ਹਨ।

ਮੈਂ ਸੋਚਦਾ ਹਾਂ ਜਿੰਨੀਆਂ ਪੁਸਤਕਾਂ ਛਪ ਰਹੀਆਂ ਹਨ ਇਹਨਾਂ ਤੋਂ ਦੋ ਗੁਣਾਂ ਵਧੇਰੇ ਹੋਰ ਪੁਸਤਕਾਂ ਛਪਣੀਆਂ ਚਾਹੀਦੀਆਂ ਹਨ। ਨਹੀਂ ਤਾਂ ਹਰ ਮਹੀਨੇ ਪੈਦਾ ਹੋਣ ਵਾਲੇ ਨਵੇਂ ਪਬਲਿਸ਼ਰ ਕਿਥੋਂ ਰੋਟੀ ਖਾਣਗੇ?

ਜਿਹੜੇ ਕਹਾਣੀਕਾਰਾਂ, ਨਾਵਲਕਾਰਾਂ, ਕਵੀਆਂ, ਨਿਬੰਧਕਾਰਾਂ ਦਾ ਕਿਸੇ ਇਨਾਮ ਦੇਊ ਸੰਸਥਾ ਵਿਚ ਨਹੁੰ ਨਹੀਂ ਅੜਦਾ, ਉਹਨਾਂ ਨੂੰ ਫੌਰਨ ਸਾਹਿਤਕ ਪਰਚੇ ਕੱਢ ਲੈਣੇ ਚਾਹੀਦੇ ਹਨ ਤੇ ਫਿਰ ਆਪਣੇ ਬਾਪ, ਦਾਦੇ ਜਾਂ ਮਾਂ ਦੇ ਨਾਮ ਤੇ ਇਨਾਮ ਘੋਸਿਤ ਕਰਨੇ ਚਾਹੀਦੇ ਹਨ।

ਪੰਜਾਬੀ ਸਾਹਿਤ ਪਹਿਲਾਂ ਵੀ ਦੌੜ ਰਿਹਾ ਸੀ, ਹੁਣ ਵੀ ਦੌੜ ਰਿਹਾ ਹੈ। ਕੁਝ ਲੇਖਕਾਂ ਵਿਚ ਲਿਖਣ ਦਾ ਜੋਸ਼ ਹੀ ਲਹਿਰਾਂ ਸਮੇਂ ਆਉਂਦਾ ਹੈ। ਖਾਦ ਹਮੇਸ਼ਾ ਚੰਗਾ ਕੰਮ ਕਰਦੀ ਹੈ। ਰੂੜੀ ਦੀ ਖਾਦ ਹੋਵੇ ਤਾਂ ਹੋਰ ਵੀ ਚੰਗਾ ਹੈ। ਮੈਂ ਵੀ ਆਮ ਲੋਕਾਂ ਵਾਂਗ ਹੀ ਸੋਚਦਾ ਹਾਂ।

## ਪੰਜਾਬੀ ਸਾਹਿਤ ਖੜੋਤ ਦਾ ਸ਼ਿਕਾਰ ਹੋ ਗਿਆ ਹੈ -ਲਾਲ ਸਿੰਘ

ਲੇਖਕਾਂ ਦੀ ਅਵਾਜ਼ ਦੁਬਾਉਣ ਦੇ ਦੋ ਪੱਖ ਹਨ। ਪਹਿਲਾ, ਕਿ ਲੇਖਕ ਦੀ ਆਵਾਜ਼ ਦਬਾਈ ਹੀ ਨਹੀਂ ਜਾ ਸਕਦੀ। ਇਹ ਸਭ ਤਰ੍ਹਾਂ ਦੇ ਤਸੀਹੇ ਬਰਦਾਸ਼ਤ ਕਰਦੇ ਵੀ ਉੱਭਰ ਆਉਂਦੀ ਹੈ। ਇਤਿਹਾਸ ਅੰਦਰ ਇਸ ਤੱਥ ਦੀਆਂ ਅਨੇਕਾਂ ਉਦਾਹਰਨ ਹਨ। ਚਲੋ ਮੰਨਿਆ, ਜੇ ਕਿਸੇ ਸਿਰ ਫਿਰੇ ਨੂੰ ਇਹ ਵਹਿਮ ਹੋ ਵੀ ਜਾਏ ਕਿ ਇਹ ਦਬਾਈ ਜਾ ਸਕਦੀ ਹੈ, ਤੇ ਉਹ ਦਬਾਉਣ ਦੇ ਯਤਨ ਕਰਦਾ ਵੀ ਹੈ ਤਾਂ ਲੇਖਕ ਨੂੰ ਆਪਣਾ ਮੱਧ ਵਰਗੀ ਵਿੱਚ ਵਿਚਾਲੇ ਦਾ ਖ਼ਾਸਾ ਤਿਆਗ ਕੇ ਉਸ ਵਰਗ ਦੀ ਪੱਕੀ ਧਿਰ ਬਣ ਜਾਣਾ ਚਾਹੀਦਾ ਹੈ, ਜਿਸ ਵਰਗ ਨੂੰ ਸਟੇਟ ਐਮੇਂ ਕਿਵੇਂ ਦਾ ਸਮਝ ਕੇ ਡਾਗਾਂ, ਸੋਟੀਆਂ ਪਾਣੀ ਬੁਛਾੜ-ਗੋਲੀਆਂ, ਅੱਥਰੂ-ਗੈਸਾਂ ਦਾ ਸ਼ਿਕਾਰ ਬਣਾਉਂਦੀ ਰਹਿੰਦੀ ਹੈ। ਉਸ ਵਰਗ ਦੀ ਵਿਆਖਿਆ ਕਰਨ ਦੀ ਹੁਣ ਤਾਂ ਲੋੜ ਵੀ ਨਹੀਂ ਜਾਪਦੀ।

ਲੇਖਕਾਂ, ਕਲਾਕਾਰਾਂ, ਸਾਇੰਸਦਾਨਾਂ, ਵਿਦਵਾਨਾਂ ਦੇ ਵਿਰੋਧ ਨੂੰ ਇਨਾਮ ਵਾਪਿਸ ਕਰਨ ਤੱਕ ਸੀਮਤ ਕਰਨਾ ਉਹਨਾਂ ਦੇ ਐਕਸ਼ਨ ਨੂੰ ਘਟਾ ਕੇ ਦੇਖਣਾ ਹੈ। ਪਿਛਲੇ ਦਿਨੀਂ ਵਾਪਰੀਆਂ ਘਟਨਾਵਾਂ ਨੇ ਅਕਾਡਮੀ ਸਮੇਤ ਸਾਰੀ ਉਸ ਵਿਵਸਥਾ ਨੂੰ ਇਕ ਤਰ੍ਹਾਂ ਮੋਢਿਓਂ ਫੜ ਕੇ ਝੰਜੋੜਿਆ ਹੈ, ਜਿਹੜੀ ਚਿਰਾਂ ਤੋਂ ਆਪਣੇ ਅੰਦਰਲੇ ਪਾਪ ਨੂੰ ਪ੍ਰਦਰਸ਼ਨ ਕਰਨ ਲਈ ਕਿਸੇ ਨਾ ਕਿਸੇ ਅਵਸਰ ਦੀ ਤਲਾਸ਼ ਵਿਚ ਸੀ।

ਸਾਹਿਤਕਾਰਾਂ ਦੀ ਸਮਾਜ ਪ੍ਰਤੀ ਭੂਮਿਕਾ ਕਿਹੋ ਜਿਹੀ ਹੋਵੇ, ਇਹ ਪ੍ਰਸ਼ਨ ਤਾਂ ਹੁਣ ਤੱਕ ਇਉਂ ਰਿੜਕ ਹੋਇਆ ਹੈ ਕਿ ਇਸ ਨੂੰ ਹੋਰ ਮਧਾਣੀ ਮਾਰਨ ਦੀ ਲੋੜ ਨਹੀਂ। ਹਾਂ, ਸੱਤਾ ਪ੍ਰਤੀ

ਸਾਹਿਤਕਾਰ ਦੀ ਭੂਮਿਕਾ ਜ਼ਰੂਰ ਚਿੰਤਾ ਦਾ ਵਿਸ਼ਾ ਬਣੀ ਹੈ। ਸੱਤਾ ਨੇ ਤਲਵਾਰ ਨਾਲੋਂ ਵੱਧ ਮਾਰੂ ਹਥਿਆਰ ਕਲਮ ਨੂੰ ਖੁੰਢਾ ਕਰਨ ਦੀਆਂ ਯੋਜਨਾਵਾਂ ਅਧੀਨ, ਸਾਹਿਤਕਾਰ ਨੂੰ ਇਨਾਮਾਂ-ਸਨਮਾਨਾਂ ਆਹੁਦਿਆਂ, ਪਦਮ ਸ੍ਰੀਆਂ-ਪਦਮ ਵਿਭੂਸ਼ਨਾਂ ਵਰਗੇ ਹੋਰ ਅਨੇਕਾਂ ਤੋਹਫਿਆਂ ਦਾ ਲਾਲਚ ਦੇ ਕੇ ਆਪਣੇ ਪੱਖ ਵਿਚ ਖੜੋਣ-ਬੋਲਣ ਦਾ ਰੁਝਾਨ ਕਾਫ਼ੀ ਵਧਿਆ ਹੈ। ਸਾਹਿਤਕਾਰ ਕਿਉਂਕਿ ਉਸ ਜਮਾਤ ਵਿਚੋਂ ਲੱਗਭਗ ਨਹੀਂ ਹੁੰਦਾ, ਜਿਸ ਨੂੰ ਮਾਰਕਸ ਨੇ ਪ੍ਰੋਲਤਾਰੀ ਜਮਾਤ ਅਤੇ ਡਾ. ਅੰਬੇਡਕਾਰ ਨੇ ਅਛੂਤਾ ਮਹਿਰੂਮਾਂ ਦੀ ਸੰਗਿਆ ਦਿੱਤੀ ਹੈ। ਸਾਡੇ ਸਾਹਿਤ ਸਮੇਤ ਆਮ ਕਰਕੇ ਬਹੁ ਗਿਣਤੀ ਸਾਹਿਤਕਾਰ ਉਸ ਵਰਗ ਵਿਚੋਂ ਉਠਦੇ, ਪਲਦੇ ਪੋਸ ਹੁੰਦੇ ਤਾਂ ਪ੍ਰਵਾਨ ਚੜ੍ਹਦੇ ਹਨ, ਜਿਹੜੇ ਜਰਾ ਕੁ ਜਿੰਨੀ ਪ੍ਰਸਿੱਧੀ ਪ੍ਰਾਪਤ ਹੋ ਜਾਣ ਤੇ ਆਪਣੇ ਪੈਰਾਂ ਤੋਂ ਉੱਖੜ ਕੇ ਸੱਤਾ ਵਲ਼ ਨੂੰ ਮੂੰਹ ਕਰਕੇ ਬੈਠਣ ਦੇ ਮੌਕੇ ਭਾਲਦੇ ਰਹਿੰਦੇ ਹਨ। ਪਰ ਉਹਨਾਂ ਸਾਹਿਤਕਾਰਾਂ ਅੰਦਰ ਵੀ ਜਦ ਲੁਕਾਈ ਤੇ ਹੋ ਰਹੇ ਅਤਿਆਚਾਰ ਪ੍ਰਤੀ ਦਰਦ ਮੋਹ ਉੱਗਮਦਾ ਹੈ ਤਾਂ ਉਹਨਾਂ ਵਿਚੋਂ ਬਹੁਗਿਣਤੀ ਲੁੱਟੀ ਪੁੱਟੀ ਜਾਂਦੀ ਜਮਾਤ ਦੀ ਬਾਹ ਫੜਨ ਲਈ ਨਿੱਤਰ ਆਉਂਦੇ ਹਨ, ਜਿਹੜੇ ਨਹੀਂ ਨਿੱਤਰਦੇ, ਉਹਨਾਂ ਦਾ ਹਸ਼ਰ ਜੋ ਹੁੰਦਾ ਹੈ ਉਹ ਵੀ ਸਭ ਦੀ ਸਮਝਦਾਰੀ ਦਾ ਹਿੱਸਾ ਹੈ, ਉਹ ਹੌਲੀ ਹੌਲੀ ਸਮੇਂ ਦੀ ਧੂੜ ਅੰਦਰ ਗੁਆਚ ਜਾਂਦੇ ਹਨ।

ਸਰਕਾਰੀ ਸਰਪ੍ਰਸਤੀ ਹੇਠ ਚੱਲ ਰਹੀਆਂ ਸਾਹਿਤਕ ਸੰਸਥਾਵਾਂ ਹੇਠ ਚੱਲ ਰਹੀਆਂ ਸਾਹਿਤਕ ਸੰਸਥਾਵਾਂ, ਕਿਉਂਕਿ ਸਰਕਾਰੀ ਸ੍ਰਪਸਤੀ ਹੇਠ ਚਲਦੀਆਂ ਹਨ, ਇਸ ਲਈ ਨਮਕ ਹਰਾਮ ਕਰਨ ਵਿਚ ਯਕੀਨ ਨਹੀਂ ਰੱਖਦੀਆਂ। ਜਿਹੋ ਜਿਹਾ ਸਾਹਿਤ, ਜਿਹੋ ਜਿਹੀ ਕਲਾ ਤੇ ਜਿਵੇਂ ਦੀ ਸੰਗੀਤਕ ਲੈਅ ਸਰਕਾਰਾਂ ਦਾ ਮਨ ਪਰਚਾਉਂਦੀ ਹੈ, ਉਹ ਉਹੋ ਜਿਹਾ ਹੀ ਅਲਾਪਦੀਆਂ ਹਨ, ਆਪਾਂ ਨੂੰ ਉਹਨਾਂ ਵਿਚਰਿਆਂ ਤੇ ਕਿਤੂ ਪ੍ਰੰਤੂ ਨਹੀਂ ਕਰਨਾ ਚਾਹੀਦਾ। ਸਰਕਾਰਾਂ ਬਦਲ ਜਾਣ ਤੇ ਉਹਨਾਂ ਦੇ ਬਦਲ ਜਾਣ ਨੂੰ ਉਡੀਕਣ ਚਾਹੀਦਾ।

ਇਹਨਾਂ ਸੰਸਥਾਵਾਂ ਵਲੋਂ ਦਿੱਤੇ ਜਾਂਦੇ ਇਨਾਮ ਸਨਮਾਨ ਇਹਨਾਂ ਵਲੋਂ ਕਰਵਾਏ ਜਾਂਦੇ ਸਮਾਗਮ ਵਿਵੱਸਥਾ ਵਿਰੋਧੀ ਸੰਵੇਦਨਸ਼ੀਲ ਲੇਖਕ ਦੀ ਕਲਮ ਨੂੰ ਖੁੰਡਾ ਕਰਨ ਦਾ ਉਪਰਾਲਾ ਹੀ ਹੁੰਦੇ ਹਨ। ਬਹੁਤੀ ਵਾਰ ਇਹ ਕਾਮਯਾਬ ਵੀ ਰਹੀਆਂ ਹਨ ਕਿਉਂਕਿ ਆਪਣੇ ਆਪ ਨੂੰ ਜਨ ਸਮੂਹ ਨਾਲ ਜੁੜਿਆ ਦਰਸਾਉਣ ਵਾਲਾ ਲੇਖਕ, ਸਰਕਾਰੇ ਦਰਬਾਰੇ ਵੀ ਸਤਿਕਾਰਿਆ ਜਾਣ ਲਗਦਾ ਹੈ। ਬੱਸ ਇਹੋ ਇਹਨਾਂ ਸੰਸਥਾਵਾਂ ਦੀ ਵੱਡੀ ਪ੍ਰਾਪਤੀ ਗਿਣੀ ਜਾਂਣੀ ਚਾਹੀਦੀ ਹੈ।

ਨਿੱਜੀ ਹੱਥਾਂ ਵਿਚ ਚੱਲ ਰਹੀਆਂ ਸਾਹਿਤਕ ਸੰਸਥਾਵਾਂ ਦਾ ਆਚਰਨ ਵੀ ਸਰਕਾਰੀ ਸੰਸਥਾਵਾਂ ਦੇ ਕਿਰਦਾਰ ਨਾਲੋਂ ਬਹੁਤਾ ਭਿੰਨ ਨਹੀਂ ਕਿਹਾ ਜਾ ਸਕਦਾ। ਕਿਸੇ ਇਕ ਵਿਅਕਤੀ ਜਾਂ ਵਿਅਕਤੀ ਸਮੂਹ ਵਲੋਂ ਚਲਾਈ ਜਾ ਰਹੀ ਕੋਈ ਵੀ ਸਾਹਿਤਕ ਸੰਸਥਾ ਬੜੀ ਸਿੱਧ ਪੱਧਰੀ ਗੱਲ ਹੈ। ਉਸ ਦੇ ਨਿੱਜ ਦੀਆਂ ਭਾਵਨਾਵਾਂ ਦੇ ਉਲਟ ਤਾਂ ਚੱਲੇਗੀ ਹੀ ਨਹੀਂ। ਇਸ ਵਿਚ ਨਿਰੋਲ ਨਿਰਪੱਖਤਾ ਤਲਾਸ਼ੀ ਵੀ ਨਹੀਂ ਜਾ ਸਕਦੀ। ਇਹ ਆਪਣੀ ਧਿਰ ਆਪਣੇ ਹਮ ਖਿਆਲੀਆਂ ਦਾ ਪੱਖ ਤਾਂ ਪੂਰਨਗੀਆਂ ਹੀ।

ਸਰਕਾਰੀ ਸਮੇਤ ਨਿੱਜੀ ਸੰਸਥਾਵਾਂ, ਹਮੇਸ਼ਾ ਸਵਾਲਾਂ ਦੇ ਘੇਰੇ ਵਿਚ ਆਉਂਦੀਆਂ ਵੀ ਰਹੀਆਂ ਹਨ ਤੇ ਆਉਂਦੀਆਂ ਵੀ ਰਹਿਣਗੀਆਂ। ਇਹਨਾਂ ਦੇ ਕੰਮ-ਢੰਗ ਵਿਚ ਦਖ਼ਲ-ਅੰਦਾਜ਼ ਸ਼ਾਇਦ ਹੋਇਆ ਹੀ ਨਹੀਂ ਜਾ ਸਕਦਾ। ਹਾਂ ਜੇ ਇਹਨਾਂ ਵਿਚੋਂ ਕੋਈ ਖੁੱਲ੍ਹ ਦਿੱਲੀ ਨਾਲ ਵਿਚਰਨ ਦੀ ਮੰਨ ਬਣਾ ਲਏ ਤਾਂ ਸਾਹਿਤ ਤੇ ਕਲਾ ਦੇ ਖੇਤਰ ਵਿਚ ਵਿਚਰਦੇ ਹਰ ਸ਼ੇਡ ਦੇ ਨਾਮਵਰ ਕਲਾਕਾਰਾਂ

ਸਾਹਿਤਕਾਰਾਂ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਉਪਰਾਲਾ ਕਰੇ ਤਾਂ ਇਹਨਾਂ ਉੱਤੇ ਕਿਸੇ ਵੀ ਪਾਸਿਉਂ ਉਂਗਲ ਉੱਠਣ ਦਾ ਡਰ ਨਹੀਂ ਰਹੇਗਾ।

ਢੇਰਾ ਦੇ ਢੇਰ ਕਿਤਾਬਾਂ ਦਾ ਛਪਣਾ ਕਿਸੇ ਵੀ ਭਾਸ਼ਾ ਲਈ ਮਾੜਾ ਸ਼ਗਨ ਨਹੀਂ। ਇਹ ਉਸ ਭਾਸ਼ਾ ਦੇ ਸਾਹਿਤ ਸਭਿਆਚਾਰ ਦੇ ਗਤੀਸ਼ੀਲ ਹੋਏ ਰਹਿਣ ਦਾ ਚਿੰਨ ਹੈ। ਜਿੱਥੋਂ ਤੱਕ ਪ੍ਰਕਾਸ਼ਕਾ ਦੇ ਸਟੋਰਾਂ ਦੇ ਭਰੇ ਹੋਣ ਦੀ ਸਮੱਸਿਆ ਹੈ, ਇਹ ਉਹਨਾਂ ਦਾ ਆਪਣਾ ਸ਼ੁਗਲ ਹੈ। ਲੇਖਕ ਜਾਂ ਅਲੇਖਕ ਤੋਂ ਪੈਸੇ ਲੈ ਕੇ ਦੋ ਕੁ ਸੋ ਪੁਸਤਕਾਂ ਛਾਪ ਦੇਣ ਵਿਚ ਉਹਨਾਂ ਦਾ ਨਿੱਜੀ ਮੁਫ਼ਾਦ ਲੁਪਤ ਹੈ। ਜਿੰਨੀਆਂ ਕੁ ਪੁਸਤਕਾਂ ਲੇਖਕਾਂ ਵਲੋਂ ਦਿੱਤੀ ਜਾਂਦੀ ਰਾਸ਼ੀ ਨਾਲ ਛਪ ਸਕਦੀਆਂ, ਪ੍ਰਕਾਸ਼ਕ ਓਨੀਆਂ ਹੀ ਛਾਪਦੇ ਹਨ। ਪੰਜਾਹ ਸੌ ਪੁਸਤਕ ਜੋ ਲੇਖਕ ਵਲੋਂ ਹਰ ਸਾਲ ਕੀਤੀ ਮਾਇਆ ਵਿਚੋਂ ਫਾਲਤੂ ਛਪ ਜਾਂਦੀ ਹੈ ਉਹੀ ਪਹਿਲਾਂ ਇਹਨਾਂ ਪ੍ਰਕਾਸ਼ਕਾਂ ਦੇ ਸਟੋਰਾਂ ਦਾ ਸ਼ਿੰਗਾਰ ਬਣਦੀ ਹੈ। ਫਿਰ ਲੈਣ ਦੇਣ ਦੇ ਅਹਿਤਨਾਮੇ ਹੇਠ ਵੱਡੀਆਂ ਛੋਟੀਆਂ ਲਾਇਬਰੇਰੀਆਂ ਵਿਚ ਡੰਪ ਹੋ ਜਾਂਦੀਆਂ ਹਨ। ਪ੍ਰਕਾਸ਼ਕ ਦੋਨੋਂ ਪਾਸਿਓਂ ਕਮਾਉਂਦਾ ਹੀ ਕਮਾਉਂਦਾ ਹੈ। ਹਥੋਂ ਸ਼ਾਇਦ ਕੁਝ ਛੱਡਦਾ ਹੋਵੇ? ਇਹ ਹੁਣ ਤੱਕ ਕਿਸੇ ਨੇ ਸੁਣਿਆ ਦੇਖਿਆ ਨਹੀਂ। ਜਿਥੋਂ ਤੱਕ ਪੁਸਤਕਾਂ ਪਾਠਕਾਂ ਤੱਕ ਪਹੁੰਚਣ ਦਾ ਸਵਾਲ ਹੈ, ਇਹ ਮੇਲਿਆ ਪ੍ਰਦਰਸ਼ਨੀਆਂ ਰਾਹੀਂ ਪਹੁੰਚ ਹੀ ਜਾਂਦੀਆਂ ਹਨ। ਇਹਨਾਂ ਮੇਲਿਆਂ ਪ੍ਰਦਰਸ਼ਨੀਆਂ ਵਿਚ ਕਈ ਪਾਠਕ ਆਪਣੀ ਪਸੰਦ ਦੀਆਂ ਪੁਸਤਕਾਂ ਦੀ ਭਾਲ ਕਰਦੇ ਸਾਰੇ ਦੇ ਸਾਰੇ ਸਟਾਲਾਂ ਤੱਕ ਘੁੰਮਦੇ ਫਿਰਦੇ ਦੇਖੇ ਗਏ ਹਨ। ਜਿੱਥੋਂ ਤੱਕ ਸਰਕਾਰ ਦੀ ਪੁਸਤਕ ਖ਼ਰੀਦ ਨੀਤੀ ਦਾ ਸੰਬੰਧ ਹੈ, ਇਸ ਦੀ ਤਾਂ ਫਿਊਡਲੀ ਵਰਤਾਰੇ ਵਾਲੀਆਂ ਸਰਕਾਰਾਂ ਤੋਂ ਆਸ ਉਮੀਦ ਵੀ ਨਹੀਂ ਰੱਖਣੀ ਚਾਹੀਦੀ।

ਕਿਤਾਬਾਂ ਦੀ ਪਾਠਕਾਂ ਤੱਕ ਨਿਰੰਤਰ ਪਹੁੰਚ ਦੀ ਘਾਟ ਨੂੰ ਜੇ ਪੂਰਾ ਕਰਦੇ ਹਨ ਤਾਂ ਸਾਹਿਤਕ ਪਰਚੇ ਹੀ ਕਰਦੇ ਹਨ। ਪਰ ਸਾਰੇ ਪਰਚਿਆਂ ਦੀ ਸੰਚਾਲਣਾ ਲੋਕ ਤੰਤਰੀ ਨਹੀਂ। ਆਪਣੀ ਧਿਰ, ਆਪਣੇ ਹਮ ਖ਼ਿਆਲ ਲੇਖਕਾਂ ਨਾਲ ਨੇੜਤਾ ਰੱਖਣਾ ਇਹਨਾਂ ਦੀ ਰਵਾਇਤ ਵਿਚ ਸ਼ਾਮਿਲ ਹੈ। ਪੰਜਾਬੀ ਭਾਸ਼ਾ ਵਿਚ ਛਪਦੇ ਬਹੁਤੇ ਪਰਚਿਆਂ ਤੇ ਇਹ ਦੋਸ਼ ਲੱਗਦਾ ਹੈ। ਇਸ ਦੋਸ਼ ਤੋਂ ਮੁਕਤ ਹੋਣ ਦੀ ਚੇਸ਼ਟਾ ਹੀ ਇਹਨਾਂ ਦੀ ਕਾਰਗਰ ਭੂਮਿਕਾ ਦਾ ਜਾਮਣ ਬਣ ਸਕਦੀ ਹੈ।

ਸੱਚ ਮੁੱਚ ਪੰਜਾਬੀ ਸਾਹਿਤ ਖੜੋਤ ਦਾ ਸ਼ਿਕਾਰ ਹੋ ਗਿਆ ਜਾਪਦਾ ਹੈ। ਇਹ ਖੜੋਤ ਕੋਈ ਸਾਧਾਰਨ ਤੇ ਅਣਗੋਲਿਆ ਰੱਖਣ ਵਾਲਾ ਵਰਤਾਰਾ ਨਹੀਂ। ਉੱਤਰ-ਆਧੁਨਿਕਤਾਂ ਤੋਂ ਪਾਰ ਲੰਘ ਕੇ ਬਹੁ-ਕੌਮੀ ਕਾਰਪੋਰੇਸ਼ਨਾਂ ਰਾਹੀਂ ਸਾਰੀ ਦੁਨੀਆਂ ਦੀਆਂ ਘੱਟ ਗਿਣਤੀਆਂ ਦੀ ਭਾਸ਼ਾਵਾਂ ਦੇ ਸਾਹਿਤ ਸਭਿਆਚਾਰ ਨੂੰ ਖ਼ਤਮ ਕਰਨ ਦੇ ਯਤਨਾਂ ਵਿਚ ਸਮਾਜਿਕ ਸਭਿਆਚਾਰ ਸਮੇਤ ਰਾਜਸੀ ਪਿੜ ਦੀਆਂ ਲਹਿਰਾਂ ਦੀ ਪੱਛਮ ਦੇ ਗਲੋਬਲੀ ਹੜ ਅੱਗੇ ਬੇ ਬੱਸ ਹੋਈਆਂ ਜਾਪਦੀਆਂ ਹਨ। ਇਹਨਾਂ ਲਹਿਰਾ ਨੂੰ ਸੁਰਜੀਤ ਕਰਨਾ ਹੀ ਸਾਹਿਤ-ਸਭਿਆਚਾਰ ਨੂੰ ਇਸ ਦੀ ਹੋ ਰਹੀ ਹੇਠੀ ਤੋਂ ਬਚਦਾ ਕਰਨਾ ਹੈ। ਨਿੱਜਵਾਦੀ ਸਾਹਿਤ ਵੀ ਗਿਣ ਮਿੱਥ ਕੇ ਝਲਾਈ ਜਾ ਰਹੀ ਹਨੇਰੀ ਅੱਗੇ ਖੜਾ ਨਹੀਂ ਰਹਿ ਸਕੇਗਾ।

## ਲੇਖਕਾਂ ਨੂੰ ਕਿਰਤੀਆਂ ਦੀ ਆਵਾਜ਼ ਬਣਨਾ ਚਾਹੀਦਾ -ਅਜਮੇਰ ਸਿੱਧੂ

ਪਿਛਲੇ ਸਮੇਂ ਵਿਚ ਵਹਿਮਾਂ-ਭਰਮਾਂ, ਜਾਦੂ-ਟੂਣਿਆਂ ਅਤੇ ਧਾਰਮਿਕ ਪਾਖੰਡਾਂ ਖਿਲਾਫ਼ ਮੁਹਿੰਮ ਚਲਾ ਰਹੇ ਤਰਕਸ਼ੀਲ ਆਗੂ ਨਰੇਂਦਰ ਦਭੋਲਕਰ ਦਾ ਕਤਲ ਕਰ ਦਿੱਤਾ ਗਿਆ। ਜਨਵਰੀ, 2015 ਵਿੱਚ ਪ੍ਰਸਿੱਧ ਤਾਮਿਲ ਲੇਖਕ ਪਿਰੂਮਲ ਮੁਰੂਗਨ ਦੇ ਇਕ ਨਾਵਲ ਨੂੰ ਧਾਰਮਿਕ ਭਾਵਨਾਵਾਂ ਜ਼ਖ਼ਮੀ ਕਰਨ ਵਾਲਾ ਕਹਿ ਕੇ ਹਿੰਦੂ ਧਾਰਮਿਕ ਤੇ ਰਾਜਨੀਤਿਕ ਜਥੇਬੰਦੀਆਂ ਨੇ ਧਰਨੇ ਅਤੇ ਮੁਜ਼ਾਹਰੇ ਕਰਨੇ ਸ਼ੁਰੂ ਕੀਤੇ, ਉਹ ਨਾਵਲ ਜ਼ਬਤੀ ਤੇ ਲੇਖਕ ਦੀ ਗ੍ਰਿਫ਼ਤਾਰੀ ਦੀ ਮੰਗ ਤੱਕ ਹੀ ਮਹਿਦੂਦ ਨਹੀਂ ਰਹੇ ਸਗੋਂ ਇਹਨਾਂ ਜਥੇਬੰਦੀਆਂ ਨੇ ਲੇਖਕ ਦਾ ਜਿਉਣਾ ਦੁੱਭਰ ਕਰ ਦਿੱਤਾ। ਇਸ ਸਮੇਂ ਦੌਰਾਨ ਰਾਜ ਤੇ ਕੇਂਦਰ ਸਰਕਾਰ ਨੇ ਚੁੱਪ ਵੱਟੀ ਰੱਖੀ। ਲੇਖਕ ਨੂੰ ਇਸ ਕਦਰ ਡਰਾਇਆ, ਧਮਕਾਇਆ ਤੇ ਬੇਵੱਸ ਕੀਤਾ ਗਿਆ ਕਿ ਉਸਦਾ ਬਿਆਨ ਆ ਗਿਆ-"ਲੇਖਕ ਪਿਰੂਮਲ ਮੁਰੂਗਨ ਮਰ ਗਿਆ ਹੈ। ਉਹ ਕੋਈ ਭਗਵਾਨ ਨਹੀਂ। ਇਸ ਲਈ ਉਹ ਦੁਬਾਰਾ ਅਵਤਾਰ ਨਹੀਂ ਧਾਰੇਗਾ। ਇਸ ਪਿੱਛੋਂ ਨਿਮਾਣਾ ਅਧਿਆਪਕ ਪੀ. ਮੁਰੂਗਨ ਹੀ ਜੀਵਤ ਰਹੇਗਾ।" ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਕਹੇ ਜਾਣ ਵਾਲੇ ਦੇਸ਼ ਵਿਚ ਇਕ ਲੇਖਕ ਨੇ ਆਪਣੀ ਮੌਤ ਦਾ ਐਲਾਨ ਕਰ ਦਿੱਤਾ।

ਫਰਵਰੀ 2015 ਵਿਚ ਲੋਕ ਆਗੂ ਤੇ ਵਿਦਵਾਨ ਲੇਖਕ ਕਾਮਰੇਡ ਗੋਬਿੰਦ ਪਾਨਸਰੇ ਨੂੰ ਗੋਲੀ ਮਾਰ ਦਿੱਤੀ ਗਈ। 30 ਅਗਸਤ, 2015 ਨੂੰ ਮਹਾਨ ਵਿਦਵਾਨ ਐਮ. ਐਮ. ਕਲਬੁਰਗੀ (ਕਰਨਾਟਕ) ਦਾ ਬੜਾ ਬੇਰਹਿਮੀ ਨਾਲ ਕਤਲ ਕੀਤਾ ਗਿਆ। ਪੱਤਰਕਾਰ ਸੰਜੀਵ ਕੁਠਾਰ ਦਾ ਕਤਲ ਵੀ ਇਸੇ ਸਮੇਂ ਦੌਰਾਨ ਹੋਇਆ। ਆਦਿਵਾਸੀਆਂ, ਦਲਿਤਾਂ, ਪਛੜੇ ਵਰਗਾਂ ਤੇ ਘੱਟ ਗਿਣਤੀਆਂ (ਖਾਸ ਕਰ ਮੁਸਲਮਾਨਾਂ) ਨੂੰ ਵਾਰ ਵਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੇ ਕਤਲ ਹੀ ਨਹੀਂ ਕੀਤੇ ਜਾ ਰਹੇ ਸਗੋਂ ਉਨ੍ਹਾਂ ਅੰਦਰ ਦਹਿਸ਼ਤ ਤੇ ਡਰ ਵਾਲਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।

ਜਿਨ੍ਹਾਂ ਲੇਖਕਾਂ, ਬੁੱਧੀਜੀਵੀਆਂ ਦੇ ਕਤਲ ਕੀਤੇ ਗਏ ਹਨ, ਉਹ ਮਹਿਜ਼ ਲੇਖਕ ਅਤੇ ਤਰਕਸ਼ੀਲ ਹੀ ਨਹੀਂ ਹਨ ਸਗੋਂ ਉਹ ਪੱਥਰ ਯੁੱਗ ਦੀ ਮਾਨਸਿਕਤਾ ਅਤੇ ਮੌਜੂਦਾ ਭ੍ਰਿਸ਼ਟਾਚਾਰੀ ਤੇ ਅਨਿਆਈ ਰਾਜ ਪ੍ਰਬੰਧ ਨੂੰ ਵੀ ਬਦਲਣਾ ਚਾਹੁੰਦੇ ਸਨ। ਕਾ. ਗੋਬਿੰਦ ਪਨਸਾਰੇ ਜਿਥੇ ਸਮਾਜਵਾਦੀ ਵਿਚਾਰਧਾਰਾ ਦੇ ਫੈਲਾਅ ਲਈ ਸਰਗਰਮ ਸੀ, ਉਥੇ ਉਹ ਸਿਰੇ ਦਾ ਜਾਤ-ਵਿਰੋਧੀ ਵੀ ਸੀ। ਉਹ ਭਾਰਤੀ ਜਾਤੀ-ਪਾਤੀ ਪ੍ਰਬੰਧ ਨੂੰ ਨਿੰਦਦਾ ਸੀ ਤੇ ਇਸਨੂੰ ਬਦਲਣਾ ਚਾਹੁੰਦਾ ਸੀ। ਕਲਬੁਰਗੀ ਅਖੌਤੀ ਉੱਚੀ ਜਾਤ ਵਿੱਚ ਜੰਮਿਆ ਹੋਣ ਦੇ ਬਾਵਜੂਦ ਉਸ ਆਪਣੀ ਹੀ ਜਾਤ ਵਿਚ ਪੂਜੇ ਜਾਂਦੇ ਗੁਰੂ 'ਤੇ ਕਟਾਖਸ਼ ਕੀਤਾ ਸੀ। ਆਮ ਤੌਰ ਤੇ ਨਰੇਂਦਰ ਦਬੋਲਕਰ ਨੂੰ ਵਹਿਮਾਂ-ਭਰਮਾਂ ਤੇ ਜਾਦੂ ਟੂਣੇ ਦੇ ਵਿਰੋਧੀ ਵਜੋਂ ਪੇਸ ਕੀਤਾ ਜਾਂਦਾ ਹੈ। ਪਰ ਉਸਨੇ ਮਹਾਂ ਰਾਸ਼ਟਰ ਵਿਚ ਜਾਤ-ਪਾਤ ਵਿਰੋਧੀ ਲਹਿਰ ਉਸਾਰਨ ਵਿਚ ਭੂਮਿਕਾ ਨਿਭਾਈ। ਉਸਨੇ ਛੋਟੀਆਂ ਸਮਝੀਆਂ ਜਾਂਦੀਆਂ ਜਾਤਾਂ ਦੀ ਬੰਦ ਖਲਾਸੀ ਲਈ ਬਾਬਾ ਅਲਵ ਦੀ 'ਇਕ ਪਿੰਡ ਇਕ ਖੂਹ' ਜਿਹੀ ਇਨਕਲਾਬੀ ਲਹਿਰ 'ਚ ਹਿੱਸਾ ਲਿਆ।

ਇਨ੍ਹਾਂ ਕਤਲਾਂ ਪਿੱਛੇ ਗਰੀਬ ਵਿਰੋਧੀ ਰਾਜਨੀਤੀ ਤੇ ਲੰਬੇ ਸਮੇਂ ਤੋਂ ਕਾਬਜ਼ ਧਿਰਾਂ ਦੀ ਸਰਦਾਰੀ ਕੰਮ ਕਰ ਰਹੀ ਹੈ। ਭਾਰਤੀ ਸਮਾਜ ਅਤੇ ਰਾਜਨੀਤੀ ਵਿੱਚ ਵੱਡੇ ਪਾੜ ਹਨ। ਇਹ ਇਨੇ ਡੂੰਘੇ ਅਤੇ ਚੌੜੇ ਹਨ ਕਿ ਦੇਸ਼ ਦੇ ਵੱਖ ਵੱਖ ਤਬਕਿਆਂ, ਧਰਮਾਂ, ਜਾਤਾਂ ਅਤੇ ਸਮਾਜਿਕ ਤੇ ਰਾਜਨੀਤਿਕ ਪਾਰਟੀਆਂ ਵਿਚਕਾਰ ਟਕਰਾਓ ਬਣਿਆ ਰਹਿੰਦਾ ਹੈ। ਇਥੇ ਹਰ ਧਰਮ ਦੇ ਆਗੂਆਂ ਵਿਚ ਹੰਕਾਰ ਬੜਾ ਹੈ। ਉਨ੍ਹਾਂ ਨੂੰ ਆਪਣਾ

ਹੀ ਗੁਰੂ ਦੁਨੀਆਂ ਦਾ ਸਿਰਜਣਹਾਰ, ਚਮਤਕਾਰੀ, ਸਭ ਦਾ ਰਾਖਾ ਤੇ ਸਰਵ ਗਿਆਤਾ ਲਗਦਾ ਹੈ। ਉਹ ਦੂਜੇ ਧਰਮ ਦੇ ਗੁਰੂਆਂ ਨੂੰ ਆਮ ਵਿਅਕਤੀ ਸਮਝਦੇ ਹਨ। ਉਨ੍ਹਾਂ ਬਾਰੇ ਚੁਟਕਲੇ ਬਣਾਏ ਹੋਏ ਹਨ ਅਤੇ ਭੱਦੇ ਮਜ਼ਾਕ ਕਰਦੇ ਹਨ। ਅਸਲ ਵਿਚ ਰਾਜਨੀਤਕ ਪਾਰਟੀਆਂ ਨੇ ਧਰਮ ਅਤੇ ਜਾਤਾਂ ਨੂੰ ਮੋਹਰਾ ਬਣਾਇਆ ਹੋਇਆ ਹੈ। ਉਹ ਇਨ੍ਹਾਂ ਨੂੰ ਆਪਣੇ ਅਨੁਸਾਰ ਚਲਾਉਂਦੇ ਹਨ। ਭਾਰਤੀਆਂ ਵਿਚ ਇਕ ਦੂਜੇ ਨੂੰ ਸਮਝਣ ਅਤੇ ਸਤਿਕਾਰ ਕਰਨ ਦਾ ਮਾਦਾ ਨਹੀਂ ਹੈ। ਸੰਵਾਦ ਤਾਂ ਬਿਲਕੁਲ ਨਹੀਂ ਹੈ। ਲੋਕਾਂ ਦੇ ਖਾਣ-ਪੀਣ, ਪਹਿਨਣ, ਰਹਿਣ-ਸਹਿਣ, ਅਤੇ ਭਾਸ਼ਾਵਾਂ ਦੇ ਵੱਡੇ ਫ਼ਰਕ ਹਨ। ਇਕ ਦੂਜੇ ਦੇ ਸੱਭਿਆਚਾਰਾਂ ਦੇ ਫ਼ਰਕ ਹੀ ਨਹੀਂ ਹਨ ਸਗੋਂ ਵੱਡੇ ਮੱਤਭੇਦ ਹਨ, ਆਪਸੀ ਸੰਵਾਦ ਨਾ ਹੋਣ ਕਾਰਨ ਝੱਟ ਸ਼ਬਦੀ ਤੇ ਸਰੀਰਕ ਹਿੰਸਾ ਸ਼ੁਰੂ ਹੋ ਜਾਂਦੀ ਹੈ। ਇਹ ਕਤਲ ਵੀ ਇਸੇ ਦਾ ਨਤੀਜਾ ਹਨ।

ਫਾਸ਼ੀਵਾਦੀ ਤਾਕਤਾਂ ਵਲੋਂ ਦੇਸ਼ ਅੰਦਰ ਪੈਦਾ ਕੀਤੇ ਜਾ ਰਹੇ ਅਸੁਰੱਖਿਅਤ ਮਾਹੌਲ ਖਿਲਾਫ਼ ਅਤੇ ਤਰਕਸ਼ੀਲਾਂ, ਲੇਖਕਾਂ, ਚਿੰਤਕਾਂ ਅਤੇ ਘੱਟ ਗਿਣਤੀਆਂ ਉਪਰ ਹੋ ਰਹੇ ਹਮਲਿਆਂ ਖਿਲਾਫ਼ ਲੇਖਕਾਂ, ਬੁੱਧੀਮਾਨਾਂ, ਕਲਾਕਾਰਾਂ, ਫਿਲਮਸਾਜ਼ਾਂ, ਵਿਗਿਆਨੀਆਂ ਅਤੇ ਇਤਿਹਾਸਕਾਰਾਂ ਨੇ ਆਪਣੇ ਉੱਚ ਅਹੁਦਿਆਂ ਤੋਂ ਅਸਤੀਫ਼ੇ ਦਿੱਤੇ ਹਨ ਅਤੇ ਸਰਕਾਰੀ ਪੁਰਸਕਾਰ ਮੋੜੇ ਹਨ। ਪੰਜਾਬੀ ਸਾਹਿਤਕਾਰਾਂ ਵਿਚੋਂ ਗੁਰਬਚਨ ਸਿੰਘ ਭੁੱਲਰ, ਦਲੀਪ ਕੌਰ ਟਿਵਾਣਾ, ਸੁਰਜੀਤ ਪਾਤਰ, ਡਾ. ਆਤਮਜੀਤ, ਅਜਮੇਰ ਸਿੰਘ ਔਲਖ, ਵਰਿਆਮ ਸਿੰਘ ਸੰਧੂ, ਬਲਦੇਵ ਸਿੰਘ, ਜਸਵਿੰਦਰ, ਦਰਸ਼ਨ ਬੁੱਟਰ, ਸੁਰਜੀਤ ਬਰਾੜ, ਮੇਘ ਰਾਜ ਮਿੱਤਰ, ਪ੍ਰਗਟ ਸਿੰਘ ਸਤੌਜ ਆਦਿ ਲੇਖਕਾਂ ਨੇ ਵੀ ਪੁਰਸਕਾਰ ਮੋੜ ਕੇ ਵਿਚਾਰਾਂ ਦੀ ਆਜ਼ਾਦੀ ਅਤੇ ਜ਼ਿੰਦਗੀ ਦੀ ਆਜ਼ਾਦੀ ਉੱਤੇ ਪਹਿਰਾ ਦਿੱਤਾ ਹੈ। ਇਹ ਸੁਲੱਖਣ ਵਰਤਾਰਾ ਹੈ। ਇਸ ਨਾਲ ਵਿਰੋਧ ਦਾ ਦਾਇਰਾ ਅਤੇ ਅਸਰਕਾਰੀ ਵਸੀਹ ਹੋਏ ਹਨ। ਲੇਖਕਾਂ, ਵਿਚ ਚੇਤਨਾ ਆਈ ਹੈ। ਹੁਣ ਉਨ੍ਹਾਂ ਨੂੰ ਤੈਅ ਕਰਨਾ ਪਵੇਗਾ ਕਿ ਉਹ ਕਿਸ ਧਿਰ ਨਾਲ ਹਨ, ਜਾਬਰ ਸੱਤਾ ਨਾਲ ਜਾਂ ਮਜ਼ਲੂਮਾਂ ਨਾਲ।

ਉਂਝ ਤਾਂ ਇਕ ਪੁਰਸਕਾਰ ਰਵਿੰਦਰ ਨਾਥ ਟੈਗੋਰ ਨੇ ਜ਼ਲ੍ਹਿਆਂ ਵਾਲੇ ਬਾਗ਼ ਵਿਚ ਹੋਏ ਕਤਲੇਆਮ ਵਿਰੁੱਧ 1919 ਵਿਚ ਮੋੜਿਆ ਸੀ। ਜੂਨ, 1984 ਵਿਚ ਹਰਿਮੰਦਰ ਸਾਹਿਬ ਉੱਤੇ ਹੋਏ ਫ਼ੌਜੀ ਹਮਲੇ ਵਿਰੁੱਧ ਖੁਸ਼ਵੰਤ ਸਿੰਘ ਨੇ ਪਦਮ ਭੂਸ਼ਨ ਰਾਸ਼ਟਰਪਤੀ ਨੂੰ ਜਾ ਵਾਪਸ ਕੀਤਾ ਸੀ, ਅੱਜ ਲੇਖਕਾਂ ਅਤੇ ਕਲਾਕਾਰਾਂ ਵਿਚ ਇਹ ਅਹਿਮ ਮੁੱਦਾ ਹੈ। ਸਰਕਾਰ ਦਾ ਸਰੂਪ ਜਮਹੂਰੀ ਤੇ ਸੰਵਾਦੀ ਨਹੀਂ ਹੈ। ਹਾਕਮ ਧਿਰ ਤੇ ਉਸਦੇ ਅੰਗ ਸਾਕ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਸਮਾਜ ਸ਼ਾਸਤਰੀਆਂ, ਵਿਗਿਆਨੀਆਂ, ਇਤਿਹਾਸਕਾਰਾਂ ਅਤੇ ਫ਼ਿਲਮਸਾਜ਼ਾਂ ਨੂੰ ਦੇਸ਼ ਧਰੋਹੀ ਅਤੇ ਦੁਸ਼ਮਣ ਤੱਕ ਗਰਦਾਨ ਰਹੇ ਹਨ। ਉਨ੍ਹਾਂ ਨੂੰ ਨਾ ਤਿੰਨਾਂ 'ਚ ਨਾ ਤੇਰਾਂ 'ਚ ਗਿਣ ਰਹੇ ਹਨ। ਉਹ ਉਨ੍ਹਾਂ ਦੀ ਕਲਮ, ਸ਼ਬਦ ਅਤੇ ਦੇਣ ਤੋਂ ਮੁਨਕਰ ਹਨ। ਉਨ੍ਹਾਂ ਨੂੰ ਛੁਟਿਆ ਰਹੇ ਹਨ। ਦਰਅਸਲ ਸਰਕਾਰ ਤੇ ਉਸਦੀਆਂ ਜਥੇਬੰਦੀਆਂ ਨੂੰ ਸਾਹਿਤ ਤੇ ਕਲਾ ਦੀ ਨਾ ਸਮਝ ਹੈ ਨਾ ਕਦਰ।

ਇਸ ਦੌਰ ਵਿਚ ਸਭ ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਅਨਿਆਂ ਦੇ ਵਿਰੁੱਧ ਬੋਲਣ, ਲਿਖਣ ਤੇ ਜਥੇਬੰਦ ਹੋਣ। ਉਹ ਹੀ ਲੋਕਾਂ ਦੀ ਆਵਾਜ਼ ਬਣ ਸਕਦੇ ਹਨ। ਉਂਝ ਭਾਰਤ ਵਿਚ ਬਹੁਤ ਸਹਿਣਸ਼ੀਲਤਾ ਹੈ, ਕਿਉਂਕਿ ਭਾਰਤ ਦੀ ਗਰੀਬ ਜਨਤਾ ਭੁੱਖ ਮਰੀ, ਗਰੀਬੀ, ਜ਼ਲਾਲਤ ਤੇ ਜਬਰ ਸਹੀ ਜਾਂਦੇ ਹਨ। ਦੇਸ਼ ਵਿਚ ਦਲਿਤਾਂ ਆਦਿ ਵਾਸੀਆਂ ਤੇ ਗਰੀਬ ਤਬਕਿਆਂ ਨੂੰ ਹਜ਼ਾਰਾਂ ਸਾਲਾਂ ਤੋਂ ਗੁਲਾਮ ਬਣਾਇਆ ਹੋਇਆ ਹੈ। ਪੰਜਾਬ ਵਿਚ ਨਸ਼ਿਆ ਦੀ ਹਨੇਰੀ ਝੁਲਾਈ ਹੋਈ ਹੈ। ਕੋਈ ਵਿਦਿਆ, ਰੁਜ਼ਗਾਰ ਤੇ ਸਿਹਤ ਸਹੂਲਤਾਂ ਨਹੀਂ ਹਨ। ਹਾਕਮਾਂ ਦੀਆਂ ਬੱਸਾਂ ਗਰੀਬਾਂ ਨੂੰ ਸੜਕਾਂ ਉੱਤੇ ਦਰੜ ਰਹੀਆਂ ਹਨ। ਫਿਰ ਵੀ ਲੋਕ ਸਹਿਣਸ਼ੀਲ ਹਨ। ਜਿਥੇ ਲੋਕਾਂ ਦਾ ਦਮ ਘੁੱਟਦਾ ਹੋਵੇ, ਅਜਿਹੇ ਮਾਹੌਲ ਬਾਰੇ ਲੇਖਕਾਂ ਨੂੰ ਸੋਚਣਾ,

ਵਿਚਾਰਨਾ ਤੇ ਲਿਖਣਾ ਚਾਹੀਦਾ ਹੈ। ਜਿਥੇ ਲੇਖਕਾਂ ਵਲੋਂ ਅਹੁਦੇ ਛੱਡੇ ਜਾ ਰਹੇ ਹਨ ਅਤੇ ਪੁਰਸਕਾਰ ਮੋੜੇ ਜਾ ਰਹੇ ਹਨ। ਉਥੇ ਬਾਕੀ ਲੇਖਕ ਵੀ ਸਰਗਰਮ ਹੋਣ। ਉਹ ਲਿਖ ਸਕਦੇ ਹਨ, ਬੋਲ ਸਕਦੇ ਹਨ ਤੇ ਲੋਕਾਂ ਦੇ ਸੰਘਰਸ਼ਾਂ ਦੀ ਹਮਾਇਤ ਕਰ ਸਕਦੇ ਹਨ।

ਸਾਡੇ ਕੁਝ ਸਾਹਿਤਕਾਰ ਮਿੱਤਰਾਂ ਨੇ ਇਹ ਧਾਰਨਾ ਬਣਾ ਲਈ ਹੈ ਕਿ ਲੇਖਕ ਅਜੀਬ ਸ਼ੈਅ ਹੁੰਦੇ ਹਨ। ਉਨ੍ਹਾਂ ਨੂੰ ਲੋਕ ਲਹਿਰਾਂ ਤੇ ਸੰਘਰਸ਼ਾਂ ਨਾਲ ਜੁੜੇ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੀ ਇਕ ਹੋਰ ਧਾਰਨਾ ਹੈ ਕਿ ਲਹਿਰਾਂ ਦੌਰਾਨ ਰਚਿਆ ਸਾਹਿਤ ਪੇਤਲਾ ਹੁੰਦਾ ਹੈ। ਵੱਡੇ ਵੱਡੇ ਲੇਖਕ ਕਹਿ ਰਹੇ ਹਨ ਕਿ ਉਹ ਰਾਜਨੀਤੀ ਤੋਂ ਕੋਹਾਂ ਦੂਰ ਹਨ। ਸਾਹਿਤ ਸਮਾਜਿਕ ਤਬਦੀਲੀ ਵਿਚ ਰੋਲ ਨਹੀਂ ਨਿਭਾਅ ਸਕਦਾ। ਮੈਨੂੰ ਲਗਦਾ ਹੈ, ਚਾਹੇ ਲਹਿਰਾਂ ਦੌਰਾਨ ਜਾਂ ਲਹਿਰਾਂ ਤੋਂ ਬਿਨਾਂ ਸਾਹਿਤ ਦੀ ਸਿਰਜਣਾ ਹੁੰਦੀ ਹੈ, ਉਨ੍ਹਾਂ ਵਿਚ ਬਹੁਤ ਹੀ ਸਮਰੱਥਾ ਵਾਲੀਆਂ ਰਚਨਾਵਾਂ ਹੁੰਦੀਆਂ ਹਨ ਤੇ ਕਮਜ਼ੋਰ ਰਚਨਾਵਾਂ ਵੀ। ਜੇ ਪ੍ਰਗਤੀਵਾਦੀ ਦੌਰ ਵਿਚ ਸੰਤੋਖ ਸਿੰਘ ਧੀਰ 'ਇਕ ਹੋਰ ਸਵਾਰ' ਕਹਾਣੀ ਲਿਖਦਾ ਹੈ ਤਾਂ ਉਸਦੀ ਅੱਜ ਵੀ ਸਾਰਥਿਕਤਾ ਹੈ। ਬਾਕੀ ਲੇਖਕ ਲੋਕਾਂ ਦਾ ਹਿੱਸਾ ਹੀ ਹੁੰਦੇ ਹਨ। ਉਨ੍ਹਾਂ ਦੇ ਸੰਘਰਸ਼ਾਂ ਵੇਲੇ, ਲੋਕਾਂ ਦੀ ਪੀੜ ਵੇਲੇ ਕਲਮ ਚਲਣੀ ਚਾਹੀਦੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਪਾਰਟੀ ਦੇ ਮੈਨੀਫਿਸਟੋ ਨੂੰ ਰਚਨਾਵਾਂ ਵਿੱਚ ਗੁੰਨ ਕੇ ਪੇਸ਼ ਕਰੋ।

ਪਿਛਲੇ ਸਾਲਾਂ ਵਿਚ ਪੰਜਾਬ ਇਕ ਖਤਰਨਾਕ ਦੌਰ ਵਿਚੋਂ ਲੰਘਿਆ ਹੈ ਜਾਂ ਹੁਣ ਵੀ ਲੰਘ ਰਿਹਾ ਹੈ। ਪੰਜਾਬ ਦੇ ਲੋਕਾਂ ਨਾਲ ਵੱਡੇ ਹਾਸਦੇ ਵਾਪਰੇ ਹਨ। ਪੰਜਾਬ ਦੇ ਕਿਸਾਨ, ਮਜ਼ਦੂਰ ਤੇ ਮਿਸਤਰੀ ਆਤਮ ਹੱਤਿਆਵਾਂ ਕਰ ਰਹੇ ਹਨ, ਜਦੋਂ ਨਰਮੇ ਵੇਲੇ ਮਾਲਵਾ ਪੱਟੀ ਦੀ ਤਬਾਹੀ ਹੁੰਦੀ ਹੈ, ਮਜ਼ਦੂਰ ਕਿਸਾਨ ਰੇਲਾਂ ਨੂੰ ਬ੍ਰੇਕਾ ਲਾ ਦਿੰਦੇ ਹਨ। ਲੇਖਕ ਚੁੱਪ ਰਹਿੰਦਾ ਹੈ। ਪੰਜਾਬ ਵਿਚ ਕੁੜੀਆਂ ਨਾਲ ਬਲਾਤਕਾਰ ਤੇ ਕਤਲ ਹੁੰਦੇ ਹਨ। ਲੇਖਕ ਇਸ ਰਾਜਨੀਤੀ ਵਿਚ ਪੈਣਾ ਨਹੀਂ ਚਾਹੁੰਦਾ। ਸੰਗਰੂਰ ਜ਼ਿਲ੍ਹੇ ਵਿਚ ਦਲਿਤ ਆਪਣੀ ਤੀਜੇ ਹਿੱਸੇ ਦੀ ਜ਼ਮੀਨ ਲਈ ਲੜਦੇ ਹੋਏ ਜੇਲ੍ਹਾਂ ਵਿਚ ਰੁਲਦੇ ਹਨ, ਮਾਨਸੇ ਵਾਲੇ ਮਜ਼ਦੂਰ ਪਲਾਟਾਂ ਦੀ ਖਾਤਿਰ ਜੇਲ੍ਹਾਂ ਦਾ ਨਰਕ ਭੋਗਦੇ ਹਨ ਤੇ ਵਿਦਿਆਰਥੀ ਆਪਣੇ ਹੱਕਾਂ ਲਈ ਲੜਦੇ ਹੋਏ ਪੁਲਿਸ ਦਾ ਜ਼ਬਰ ਸਹਿੰਦੇ ਹਨ। ਤਦ ਵੀ ਲੇਖਕ ਦੀ ਕਲਮ ਨਹੀਂ ਚਲਦੀ। ਇਹ ਪੰਜਾਬ ਦਾ ਲੇਖਕ ਕਿਸ ਪਾਸੇ ਤੁਰ ਪਿਆ ਹੈ। ਮੈਂ ਵੀ ਇਨ੍ਹਾਂ ਲੇਖਕਾਂ ਵਿਚ ਸ਼ਾਮਿਲ ਹਾਂ। ਮੈਨੂੰ ਲੱਗਦਾ ਸਾਨੂੰ ਲੇਖਕਾਂ ਨੂੰ ਲੋਕਾਂ ਦੀਆਂ ਲਹਿਰਾਂ ਬਾਰੇ ਸੋਚਣਾ ਚਾਹੀਦਾ ਹੈ। ਜੇ ਅਸੀਂ ਉਸ ਵਿਚ ਸ਼ਮੂਲੀਅਤ ਨਹੀਂ ਕਰ ਸਕਦੇ, ਵਿੱਤ ਮੁਤਾਬਕ ਹਮਾਇਤ ਜ਼ਰੂਰ ਕਰਨੀ ਚਾਹੀਦੀ ਹੈ। ਫਿਰ ਪਾਠਕਾਂ ਦੀ ਕੋਈ ਵੱਡੀ ਸਮੱਸਿਆ ਨਹੀਂ ਰਹਿੰਦੀ। ਆਖਿਰ ਅਸੀਂ ਸੱਚ ਨੂੰ ਸੱਚ ਤਾਂ ਕਹੀਏ।

ਪਿਛਲੇ ਸਮੇਂ ਵਿਚ ਜਿਨ੍ਹਾਂ ਲੇਖਕਾਂ ਦੇ ਕਤਲ ਹੋਏ ਹਨ, ਉਹ ਲੋਕਾਈ ਨੂੰ ਨਿਆ ਦਿਵਾਉਣਾ ਚਾਹੁੰਦੇ ਸਨ। ਉਹ ਮੁਨਾਫ਼ਖੋਰਾ ਦੀ ਲੁੱਟ ਦੇ ਵਿਰੁੱਧ ਸਨ। ਅਸੀਂ ਕਿਉਂ ਨਹੀਂ ਅਨਿਆ, ਮੁਨਾਫਾਖੋਰੀ, ਅੰਧ ਵਿਸ਼ਵਾਸ ਤੇ ਸ਼ਰੇਆਮ ਲੁੱਟ ਦੇ ਸਵਾਲ ਨੂੰ ਮੁਖਾਤਬ ਹੋ ਸਕਦੇ। ਅੱਜ ਜਦੋਂ ਮੂਲਵਾਦੀ ਤਾਕਤਾਂ ਸੱਤਾ ਦੇ ਨਸ਼ੇ ਵਿਚ ਚੂਰ ਹੋਈਆਂ ਪ੍ਰਗਤੀ ਲਈ ਵੰਗਾਰ ਬਣ ਰਹੀਆਂ ਹਨ ਤਕ ਸਾਨੂੰ ਲੇਖਕਾਂ ਨੂੰ ਸੱਭਿਆਚਾਰਕ ਪੱਧਰ ਤੇ ਇਸ ਵਿਰੁੱਧ ਹੰਭਲਾ ਮਾਰਨਾ ਚਾਹੀਦਾ ਹੈ। (**ਸੰਪਰਕ-94630-63990**)

## ਸਾਹਿਤਕਾਰ ਸਮਾਜ ਨੂੰ ਸੇਧ ਦਿੰਦਾ ਹੈ- ਕਰਮਜੀਤ ਸਿੰਘ ਨਡਾਲਾ

ਲੇਖਕ ਸਮੇਂ ਦੀ ਨਬਜ਼ ਤੇ ਯਥਾਰਥ ਨੂੰ ਪਹਿਚਾਣਦੇ ਹਨ। ਉਹ ਤਾਂ ਸਮਾਜ ਦੀ ਰਹਿਨਮਾਈ

ਵੀ ਕਰਦੇ ਹਨ। ਉਨ੍ਹਾਂ ਤੇ ਪਾਇਆ ਜਾਂਦਾ ਦਬਾਓ ਤੇ ਘੁਟਨ ਦੇਣ ਦੀ ਚੱਲੀ ਹਵਾ ਸ਼ਰਮਨਾਕ ਹੈ। ਲੇਖਕਾਂ ਦੇ ਕਤਲ ਦਾ ਮਤਲਬ ਹੈ ਸਾਹਿਤਕਾਰਾਂ ਜਾਂ ਕਲਮਕਾਰਾਂ ਦੀ ਆਵਾਜ਼ ਨੂੰ ਉਨ੍ਹਾਂ ਦੇ ਗਲੇ ਵਿੱਚ ਹੀ ਨੱਪ ਦੇਣਾ ਮੋੜੇ ਜਾਂ ਵਾਪਸ ਕੀਤੇ ਗਏ ਸਨਮਾਨ ਲੇਖਕਾਂ ਨਾਲ ਹੋਏ ਨਿੰਦਣਯੋਗ ਵਤੀਰੇ ਖਿਲਾਫ਼ ਕੱਢੀ ਗਈ ਦਿਲ ਦੀ ਭੜਾਸ ਹੈ। ਅਜਿਹੀ ਅਸ਼ਹਿਣਸ਼ੀਲਤਾ ਦੇ ਕਾਰੇ ਲੇਖਕਾਂ ਨਾਲ ਹੁੰਦੇ ਆਏ ਹਨ ਤੇ ਇਨ੍ਹਾਂ ਦਾ ਵਿਰੋਧ ਵੀ ਇਸੇ ਤਰ੍ਹਾਂ ਨਾਲ ਹੁੰਦਾ ਰਿਹਾ। ਗੁਰੂ ਨਾਨਕ ਦੇਵ ਜੀ ਨੇ ਇੱਥੋਂ ਤੱਕ ਕਿਹਾ ਸੀ, 'ਰਾਜੇ ਸ਼ੀਹ ਮੁਕੱਦਮ ਕੁੱਤੇ, ਜਾਇ ਜਗਾਵਨ ਬੈਠੇ ਸੁੱਤੇ।'

ਲੇਖਕਾਂ ਦੇ ਇਨਾਮ ਵਾਪਸ ਕਰਨ ਨਾਲ ਸਾਹਿਤਕਾਰਾਂ ਦੀ ਸੋਚ ਬਦਲੇਗੀ। ਤੇ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਇਨਕਲਾਬ ਜਿਹਾ ਜਾ ਸਕੇਗਾ। ਇਹ ਹਨੇਰੀ ਹੈ। ਜੋ ਤੁਫ਼ਾਨ ਦਾ ਰੂਪ ਧਾਰ ਲਵੇਗੀ। ਹਾਕਮ ਸ੍ਰੇਣੀ ਤੇ ਲੇਖਕਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਇਸ ਤੋਂ ਵੱਡਾ ਝਟਕਾ ਕੀ ਹੋ ਸਕਦਾ ਸੀ। ਭਾਵੇਂ ਕੁਝ ਲੇਖਕ ਅਜਿਹੇ ਵੀ ਹਨ ਜੋ ਸਰਕਾਰਾਂ ਜਾਂ ਹਾਕਮਾਂ ਦਾ ਪੱਖ ਵੀ ਪੂਰਦੇ ਹਨ। ਇਹ ਕਹਿੰਦੇ ਹਨ ਕਿ ਮਾਣ ਸਨਮਾਨ ਵਾਪਸ ਕਰਨਾ ਤਾਂ ਲੇਖਕਾਂ ਦੀਆਂ ਚੰਗੀਆਂ ਕਿਰਤਾਂ ਦਾ ਤ੍ਰਿਸਕਾਰ ਕਰਨ ਵਾਲੀ ਗੱਲ ਸੀ।

ਸਾਹਿਤਕਾਰ ਸਮਾਜ ਨੂੰ ਸੇਧ ਦਿੰਦਾ ਹੈ। ਉਹ ਸਮਾਜ ਦੇ ਯਥਾਰਥ ਨੂੰ ਬਿਆਨ ਕਰਦੇ ਹਨ। ਸਮਾਜ ਵਿਚ ਆਉਂਦੀਆਂ ਬੁਰਾਈਆਂ, ਕਠਿਨਾਈਆਂ, ਉਤਰਾਅ ਚੜ੍ਹਾਅ ਨੂੰ ਲੇਖਕ ਅਣਗੌਲਿਆਂ ਤਾਂ ਨਹੀਂ ਨਾ ਕਰ ਸਕਦਾ। ਸਾਹਿਤਕਾਰਾਂ ਦਾ ਸੱਤਾ ਵਾਲਿਆਂ ਲੋਕਾਂ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ ਨਾ ਹੀ ਸਾਹਿਤਕਾਰ ਸੱਤਾ ਵਾਲਿਆਂ ਦੇ ਪਿੱਛੇ ਅੱਗੇ ਪੂਛਲ ਫੇਰ ਸਕਦਾ ਹੈ। ਉਸਨੇ ਤਾਂ ਨਿਆਂ ਕਰਨਾ ਹੁੰਦਾ ਹੈ।

ਜਿੱਥੇ ਸ਼ਬਦ ਸਰਕਾਰੀ ਆ ਜਾਵੇ, ਉੱਥੇ ਬਹੁਤੀ ਇਮਾਨਦਾਰੀ ਨਾਲ ਕੰਮ ਹੋਣ ਦੀ ਜ਼ਿਆਦਾ ਆਸ ਨਹੀਂ ਹੋ ਸਕਦੀ। ਹਾਂ ਕੁਝ ਨਿਵੇਕਲੇ ਵਿਅਕਤੀ ਹੁੰਦੇ ਹਨ ਜੋ ਆਪਣੀ ਜਾਤ ਦੇ ਵਿਅਕਤੀਤਵ ਕਾਰਨ ਨਵੀਆਂ ਲੀਹਾਂ ਪਾ ਜਾਂਦੇ ਹਨ ਤੇ ਹੋਰ ਚੰਗੇ ਵੀ ਉਹਨਾਂ ਦੀਆਂ ਪੈੜਾਂ ਤੇ ਚੱਲਣਾਂ ਆਪਣਾ ਵਡਭਾਗ ਸਮਝਦੇ ਹਨ। ਸਰਕਾਰੀ ਸਰਪ੍ਰਸਤੀ ਹੇਠ ਚਲ ਰਹੀਆਂ ਸੰਸਥਾਵਾਂ ਦੇ ਕਾਰਜ ਚੰਗੇ ਹੁੰਦੇ ਹਨ ਪਰ ਅਫਸਰਸ਼ਾਹੀ ਦੀ ਲਟਕਦੀ ਤਲਵਾਰ ਕਰਕੇ ਠੀਕ ਇਨਾਮ ਜਾਂ ਮਿਲਦੇ (ਦਿੱਤੇ ਜਾਂਦੇ) ਇਨਾਮ ਬਹੁਤੀ ਵਾਰੀ ਠੀਕ ਨਹੀਂ ਹੋ ਸਕਦੇ। ਇਸ ਕਾਰਜ ਦੇ ਬਹੁਤੇ ਫੈਸਲੇ ਅੱਧੇ ਠੀਕ ਹੁੰਦੇ ਹਨ ਅੱਧੇ ਗਲਤ।

ਕੁਝ ਇਕ ਨੂੰ ਛੱਡ ਕੇ ਨਿੱਜੀ ਹੱਥਾਂ 'ਚ ਚਲ ਰਹੀਆਂ ਸਾਹਿਤਕ ਸੰਸਥਾਵਾਂ ਕਾਫ਼ੀ ਹੱਦ ਤੱਕ ਸਹੀ ਫ਼ੈਸਲੇ ਲੈਂਦੀਆਂ ਹਨ। ਉਨ੍ਹਾਂ ਨੇ ਆਪਣੀ ਨਿੱਜੀ ਕਾਰਜ ਸ਼ੈਲੀ ਨੂੰ ਚੰਗਾ ਮਾਣ-ਸਨਮਾਨ ਮਿਲਣ ਦੀਆਂ ਆਸਾਂ ਹੁੰਦੀਆਂ ਹਨ। ਇਸ ਲਈ ਉਨ੍ਹਾਂ ਲਈ ਉਨ੍ਹਾਂ ਨੇ ਆਪਣੀਆਂ ਸੰਸਥਾਵਾਂ ਦਾ ਨਾਮ ਉਚੇਰੀ ਜਗ੍ਹਾ ਤੇ ਪ੍ਰਵਾਨ ਚੜ੍ਹਾਉਣਾਂ ਹੁੰਦਾ ਹੈ। ਆਪਣੀ ਸੰਸਥਾ ਨੂੰ ਜਾਂ ਸਾਹਿਤਕ ਸਰਗਰਮੀਆਂ ਨੂੰ ਵਿਲੱਖਣ ਢੰਗ ਨਾਲ ਪੇਸ਼ ਕਰਨਾ, ਇਨਾਮ ਵਗੈਰਾ ਦੇਣੇ ਹੁੰਦੇ ਹਨ।

ਸੰਸਥਾ ਚਾਹੇ ਸਰਕਾਰੀ ਹੋਵੇ ਜਾਂ ਨਿੱਜੀ ਉਸ ਦੀ ਆਲੋਚਨਾ ਤਾਂ ਹੋਵੇਗੀ। ਜਰਾ ਜਿੰਨੀ ਕੁਤਾਹੀ ਹੋਵੇ ਤਾਂ ਸਾਹਿਤਕਾਰ, ਪਾਠਕ ਅਤੇ ਸਬੰਧਤ ਲੋਕ ਉਂਗਲੀ ਉਠਾਉਣ ਦਾ ਅਧਿਕਾਰ ਤਾਂ ਰੱਖਦੇ ਹੀ ਹਨ। ਚੰਗਾ ਕਾਰਜ ਕਰਨ ਲਈ ਕਮੇਟੀਆਂ ਅਤੇ ਸਬ ਕਮੇਟੀਆਂ ਬਣਾ ਕੇ ਜ਼ਿੰਮੇਵਾਰੀਆਂ ਨੂੰ ਵੰਡਣਾ ਹੁੰਦਾ ਹੈ। ਪਰ ਅਜਿਹਾ ਹੁੰਦਾ ਨਹੀਂ। ਉਪਰਲੀਆਂ ਕੁਰਸੀਆਂ ਤੇ ਅਹੁਦਿਆਂ ਵਾਲੇ ਆਪਣੇ ਅਧਿਕਾਰਾਂ ਨੂੰ ਘੱਟ ਨਹੀਂ ਕਰਦੇ।

ਇਹ ਠੀਕ ਹੈ ਕਿਤਾਬਾਂ ਧੜਾ ਧੜ ਛਪ ਰਹੀਆਂ ਹਨ। ਕਈ ਵਾਰ ਨਵਾਂ ਲੇਖਕ ਛੇਤੀ ਕਿਤਾਬ ਛਪਵਾ ਕੇ ਲੇਖਕਾਂ ਦੀ ਸੂਚੀ ਵਿਚ ਦਰਜ ਤਾਂ ਹੋ ਜਾਂਦਾ ਹੈ ਪਰ ਉਹਦੀਆਂ ਲਿਖਤਾਂ ਹੇਠਲੀ ਪੱਧਰ ਵਾਲੀਆਂ ਹੁੰਦੀਆਂ ਹਨ।

ਪੁਰਾਣੇ ਲੇਖਕ ਵੀ ਆਪਣੀਆਂ ਕਿਤਾਬਾਂ ਦੀ ਗਿਣਤੀ ਵਧਾਉਣ ਲਈ ਐਵੇਂ ਫਾਹਾ ਜਿਹਾ ਵੱਢ ਕੇ ਕਿਤਾਬਾਂ ਛਪਵਾ ਦਿੰਦੇ ਹਨ। ਇਸ ਤਰ੍ਹਾਂ ਪ੍ਰਕਾਸ਼ਕਾਂ ਦੇ ਸਟੋਰਾਂ ਵਿਚ ਕਿਤਾਬਾਂ ਦੇ ਅੰਬਾਰ ਲੱਗ ਜਾਂਦੇ ਹਨ। ਲਾਇਬਰੇਰੀਆਂ ਵਿਚ ਵੱਡੀ ਗਿਣਤੀ ਵਿਚ ਕਿਤਾਬਾਂ ਜਾਣੀਆਂ ਚਾਹੀਦੀਆਂ ਹਨ। ਪਾਠਕਾਂ ਦੀ ਗਿਣਤੀ ਵੈਸੇ ਵੀ ਘਟਦੀ ਜਾ ਰਹੀ ਹੈ। ਮੁਬਾਇਲ ਤੇ ਇੰਟਰਨੈੱਟ ਨੇ ਕਿਤਾਬਾਂ ਦਾ ਰੁਝਾਨ ਘਟਾ ਦਿੱਤਾ ਹੈ। ਦੂਜਾ ਪੇਂਡੂ ਪਾਠਕਾਂ ਤੱਕ ਕਿਤਾਬ ਪਹੁੰਚਦੀ ਹੀ ਨਹੀਂ।

ਸਾਹਿਤ ਤਾਂ ਪਹਿਲਾਂ ਨਾਲੋਂ ਵੱਧ ਛਪ ਰਿਹਾ ਹੈ। ਪਰ ਪਾਠਕਾਂ ਦੀ ਗਿਣਤੀ ਉਸ ਹਿਸਾਬ ਨਾਲ ਨਹੀਂ ਵੱਧ ਰਹੀ। ਪਾਠਕ ਪੈਦਾ ਕਰਨ ਲਈ ਸਾਹਿਤਕ ਪਰਚੇ ਅਹਿਮ ਭੂਮਿਕਾ ਅਦਾ ਕਰਦੇ ਹਨ। ਇਨ੍ਹਾਂ ਰਾਹੀਂ ਚੰਗੀ ਕਿਤਾਬ ਬਾਰੇ ਪਾਠਕਾਂ ਨੂੰ ਪਤਾ ਲੱਗਦਾ ਹੈ। ਦੂਜੇ ਕਿਤਾਬਾਂ ਪਾਠਕਾਂ ਤੱਕ ਵੱਧ ਤੋਂ ਵੱਧ ਪਹੁੰਚਣੀਆਂ ਚਾਹੀਦੀਆਂ ਹਨ।


ਪੰਜਾਬੀ ਸਾਹਿਤ ਖੜੋਤ ਦਾ ਸ਼ਿਕਾਰ ਨਹੀਂ ਹੋਇਆ। ਚੰਗੀ ਲਿਖਤ ਪੜ੍ਹਨ ਨੂੰ ਮਿਲ ਜਾਂਦੀ ਹੈ। ਬਸ ਚੰਗਾ ਸਾਹਿਤ ਪਰਖਣ ਲਈ ਥੋੜਾ ਜਿਹਾ ਉਪਰਾਲਾ ਕਰਨਾ ਪੈਂਦਾ ਹੈ। ਭਾਰਤੀ ਭਾਸ਼ਾਵਾਂ ਦਾ ਵੱਧ ਤੋਂ ਵੱਧ ਸਾਹਿਤ ਅਨੁਵਾਦ ਹੋ ਕੇ ਹਰ ਭਾਸ਼ਾ ਵਿਚ ਜਾਣਾ ਚਾਹੀਦਾ ਹੈ। ਪੰਜਾਬੀਆਂ ਨੂੰ ਹੋਰ ਚੀਜਾਂ ਵਾਂਗ ਕਿਤਾਬਾਂ ’ਕੱਠੀਆਂ ਕਰਨ ਦਾ ਸ਼ੋਕ ਜ਼ਰੂਰ ਹੈ ਪਰ ਪੜ੍ਹਨ ਦਾ ਨਹੀਂ। ਦੂਜੀ ਗੱਲ ਕਿ ਲੇਖਕ ਕਿਸੇ ਲਹਿਰ ਤੋਂ ਪ੍ਰਭਾਵਿਤ ਹੋਇਆ ਬਚਿਆ ਨਹੀਂ ਜਾ ਸਕਦਾ। ਨਕਸਲਬਾੜੀ ਲਹਿਰ, ਪੰਜਾਬੀ ਸੂਬੇ ਦੀ ਲਹਿਰ, ਪੰਜਾਬ ਸੰਕਟ, ਗੁਜਰਾਤ ਦੇ ਦੰਗੇ ਅਤੇ ਹੋਰ ਵਰਤਾਰੇ। ਇਹ ਸਾਰਾ ਕੁਝ ਸਮੇਂ ਸਮੇਂ ਲੇਖਕ ਨੂੰ ਪ੍ਰਭਾਵਿਤ ਕਰਦਾ ਹੈ। ਲਹਿਰਾਂ ਦੁਆਲੇ ਘੁੰਮਣ ਵਾਲਾ ਸਾਹਿਤ ਵਧੇਰੇ ਇਸ ਲਈ ਪੜ੍ਹਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਲਹਿਰਾਂ ਵਿਚ ਉਹ ਲੋਕ ਵਿਚਰੇ ਹੁੰਦੇ ਹਨ। ਮਾੜਾ ਸਾਹਿਤ ਖਾਦ ਦਾ ਕੰਮ ਹੀ ਦਿੰਦਾ ਹੈ।


**ਪੰਜਾਬੀ ਦੇ ਚਰਚਿਤ ਕਹਾਣੀਕਾਰ ਸਰੂਪ ਸਿਆਲਵੀ ਦੀਆਂ ਕਹਾਣੀਆਂ ਦਾ ਬਹੁਪੱਖੀ ਵਿਸ਼ਲੇਸ਼ਣ ਕਰਦੀ ਡਾ. ਸੰਤੋਖ ਸਿੰਘ ਵਲੋਂ ਸੰਪਾਦਤ ਆਲੋਚਨਾ ਪੁਸਤਕ**

*ਸਰੂਪ ਸਿਆਲਵੀ*
*ਬਿਰਤਾਂਤ ਤੇ*
*ਵਿਚਾਰਧਾਰਾ*

*ਸੰਪਾਦਕ*
*ਡਾ. ਸੰਤੋਖ ਸਿੰਘ*

**ਪ੍ਰਕਾਸ਼ਕ ਪਰਵਾਜ਼**
**ਪ੍ਰਕਾਸ਼ਕ, ਜਲੰਧਰ**

**ਆਲੋਚਨਾ-**

## ਮਾਨਵੀ ਅਤ੍ਰਿਪਤੀਆਂ ਦਾ ਬਿਰਤਾਂਤ : ਰੇਤ 'ਚ ਨਹਾਉਂਦੀਆਂ ਚਿੜੀਆਂ*

**ਡਾ. ਸੰਤੋਖ ਸਿੰਘ**

ਆਰਥਿਕਤਾ ਦੇ ਫੈਲਾਓ ਨੇ ਜੀਵਨ ਦੇ ਬਹੁਤ ਸਾਰੇ ਖੇਤਰਾਂ ਵਿਚ ਫੈਲਾਓ ਲਿਆਉਂਦਿਆਂ ਸਮਾਜਿਕ, ਰਾਜਨੀਤਿਕ, ਧਾਰਮਿਕ, ਸਭਿਆਚਾਰਕ ਤੇ ਮਾਨਸਿਕ ਆਦਿ ਵਰਤਾਰਿਆਂ ਨੂੰ ਨਵੀਂ ਦ੍ਰਿਸ਼ਟੀ ਦਿੱਤੀ ਹੈ ਜਿਸ ਦੇ ਸਾਕਾਰਾਤਮਕ ਤੇ ਨਕਾਰਾਤਮਕ ਦੋਵੇਂ ਪਾਸਾਰ ਸਾਡੇ ਸਨਮੁਖ ਹਨ। ਇਸ ਨੇ ਮਨੁੱਖੀ ਤਾਂਘ ਵਿਚ ਵਾਧਾ ਕੀਤਾ ਹੈ ਤੇ ਹਰ ਤਾਂਘ ਵੱਖਰੀ ਲਈ ਤਕਰੀਰ, ਤਸਵੀਰ ਤੇ ਤਦਵੀਰ ਹੈ। ਆਦਮੀ ਇਕੋ ਸਮੇਂ ਵਿਰੋਧੀ ਤਾਂਘ ਰਖ ਰਿਹਾ ਹੈ ਜਿਸ ਨਾਲ ਉਹ ਸਵੈ ਸੰਵਾਦੀ ਹੈ ਤੇ ਇਸ ਸੰਵਾਦ ਵਿਚ ਸਹਿਮਤੀ, ਵਿਰੋਧ ਤੇ ਸਮਿਨਵੈ ਵਿਚ ਸ਼ਾਮਿਲ ਹੈ। ਕਿਤੇ ਸਰਮਾਏਦਾਰੀ ਪ੍ਰਬੰਧ ਉਸਨੂੰ ਕਲਿਆਣਕਾਰੀ ਲਗਦਾ ਹੈ ਤਾਂ ਉਹ ਉਸ ਪ੍ਰਤੀ ਸੰਜੀਦਾ ਹੋ ਇਸ ਦੀਆਂ ਅਲਾਮਤਾ ਨੂੰ ਆਤਮਸਾਤ ਕਰ ਲੈਂਦਾ ਹੈ ਤੇ ਕਿਤੇ ਇਸ ਦੇ ਵਿਰੋਧ ਵਿਚ ਭੁਗਤਦਾ ਹੈ ਤੇ ... ਦੋਵੇਂ ਵਰਤਾਰਿਆ ਨੂੰ ਇਕਠਿਆਂ ਸੰਬੋਧਿਤ ਹੁੰ... ਸੁਖਾਂ ਨੂੰ ਮਾਣ ਵੀ ਰਿਹਾ ਹੈ ਤੇ ਟੁੱਟ ਰਹੇ ਨੈਤਿਕ ਪ੍ਰਬੰਧਾਂ ... ਚੇਤਨਾ ਨੂੰ ਬੇਚੈਨ ਕਰ ਰਿਹਾ ਹੈ। ਉਹ ਕਿਤੇ ਸ਼ਿਕਾਰ ਬਣ ... ਸ਼ਿਕਾਰ ਤਿਆਰ ਕਰ ਰਿਹਾ ਹੈ। ਇਸ ਤਰ੍ਹਾਂ ਮਨੁੱਖ ਦੀ ... ਮਾਨਵੀ ਦ੍ਰਿਸ਼ਟੀ ਅੱਗੇ ਬਹੁਤ ਸਾਰੇ ਸੁਆਲ ਖੜੇ ਕਰ ਦਿੰ... ਚਲ ਰਹੀ ਹੈ। ਆਦਮੀ ਕਿਹੋ ਜਿਹਾ ਹੋਵੇ ਇਸ ਪ੍ਰਸ਼... ਮਸ਼ੀਲ ਹੁੰਦਿਆਂ ਸੋਧਿਤ ਨਹੀਂ ਹੁੰਦੀ।




ਬਦਲ ਰਹੇ ਪ੍ਰਬੰਧ ਵਿਚ ਸਮਾਜਿਕ ਵਰਤਾਰਿ... ਵਿਚ ਆਦਮੀ ਆਪਣੀ ਤਾਂਘ ਲੈ ਕੇ ਤੜਫ਼ ਰਿਹਾ ਹੈ ... ਨਹੀਂ ਹਨ। ਉਹ ਉਡਾਣ ਚਾਹੁੰਦਾ ਹੈ ਪਰੰਤੂ ਉਸ ਨੂੰ ... ਰਿਹਾ ਹੈ। ਪ੍ਰਕਿਰਤਕ ਮਾਹੌਲ ਨਹੀਂ ਮਿਲ ਰਿਹਾ। ਆਦਮੀ ... ਰਿਹਾ ਹੈ। ਹਥਲਾ ਕਥਾ ਸੰਗ੍ਰਹਿ 'ਰੇਤ 'ਚ ਨਹਾਉਂਦੀਆ... ਹੈ ਕਿ ਮਨੁੱਖ ਨੂੰ ਉਹ ਕੁਝ ਨਹੀਂ ਮਿਲ ਰਿਹਾ ਜੋ ਚਾਹ ਰਿਹਾ ਹੈ। ਇਸ ਲਈ ਆਦਮੀ ਜਾਂ ਤਾਂ ਤੜਫਦਾ ਹੈ ਜਾਂ ਕਰਿਮਨਲ ਹੋ ਜਾਂਦਾ ਹੈ। ਇਸ ਕਹਾਣੀ ਸੰਗ੍ਰਹਿ ਦੇ ਸਾਰੇ ਪਾਤਰ ਇਸ ਤਰ੍ਹਾਂ ਦੇ ਤੜਫਦੇ ਨਜ਼ਰ ਆਉਂਦੇ ਹਨ ਤੇ ਰੇਤ (ਜਿਹੜਾ ਉਤਪਾਦਨ ਦਾ ਵਿਰੋਧੀ ਬਿੰਬ ਹੈ) ਉਹਨਾਂ ਦੇ ਇਰਦ ਗਿਰਦ ਹੈ। ਹਰ ਕਹਾਣੀ ਵਿਚ ਰੇਤ ਤੇ ਤਾਂਘ ਦੇ ਵਿਰੋਧ ਨੂੰ ਵਿਚਾਰਨ ਲਈ ਇਕੋ-ਇੱਕ ਕਹਾਣੀ ਨੂੰ

ਵਾਚਿਆ ਗਿਆ ਹੈ।

ਪਹਿਲੀ ਕਹਾਣੀ **'ਰੇਤ 'ਚ ਨਹਾਉਂਦੀਆਂ ਚਿੜੀਆਂ'** ਹੈ ਜਿਸ ਵਿਚ ਸਿਕੰਦਰ ਸਿੰਘ ਜਿੱਥੇ ਆਪਣੀ ਮੋਈ ਮੁਹੱਬਤ ਦਾ ਅਹਿਸਾਸ ਲੈ ਕੇ ਤੜਫ਼ ਰਿਹਾ ਹੈ ਉਥੇ ਧੀ ਦੀ ਮੁਹੱਬਤ 'ਤੇ ਰੰਜ ਕਰਦਾ ਉਸ ਨੂੰ ਨੀਂਦ ਦੀਆਂ ਗੋਲੀਆਂ ਦੇ ਕੇ ਮਾਰਨ ਦੀ ਕੋਸ਼ਿਸ਼ ਕਰਦਾ ਹੈ। ਪਰੰਤੂ ਉਸ ਅੰਦਰਲਾ ਨੈਤਿਕ ਵਿਅਕਤੀ ਉਸ ਅੰਦਰਲੇ ਹੰਕਾਰ ਦੇ ਲੋਹੇ ਨੂੰ ਢਾਲ ਦਿੰਦਾ ਹੈ। ਕਹਾਣੀ ਵਿਚਲੇ ਤਣਾਓ ਦਾ ਕਾਰਨ ਉਸ ਦੀ ਧੀ ਮਿੰਨੀ ਦਾ ਨੀਵੀਂ ਜਾਤ (ਮਜ਼ਬੀ ਸਿੱਖ) ਦੇ ਲੜਕੇ ਸੰਦੀਪ ਨਾਲ ਮੁਹੱਬਤ ਹੈ। ਇਸ ਤੋਂ ਪਹਿਲਾ ਸਿਕੰਦਰ ਆਪਣੇ ਪੁੱਤਰ ਕਰਨ ਨੂੰ ਰੂਬੀ ਨਾਲ ਵਿਆਹ ਦੀ ਸਹਿਮਤੀ ਦੇ ਚੁੱਕਾ ਹੈ ਕਿਉਂਕਿ ਉਹ ਕੁੜੀ ਰਾਮਗੜ੍ਹੀਆਂ ਪਰਿਵਾਰ ਨਾਲ ਸਬੰਧਤ ਹੈ। ਉਸ ਕੋਲ ਆਪਣੀ ਭੈਣ ਵੀਰਾਂ ਦੇ ਕਤਲ ਦੀ ਯਾਦਾਸ਼ਤ ਵੀ ਹੈ ਕਿਉਂਕਿ ਉਸ ਦੇ ਪਿਓ ਜਗਤ ਸਿੰਘ ਨੇ ਉਸ ਦੀ ਭੈਣ ਤੇ ਉਸਦੇ ਪ੍ਰੇਮੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ ਕਿਉਂਕਿ ਉਹ ਝਿਊਰ ਜਾਤੀ ਦਾ ਸੀ। ਉਸਦੇ ਆਪਣੇ ਵਿਆਹ ਦੀ ਰੀਝ ਵੀ ਤੋੜੀ ਗਈ ਹੈ। ਸੋ ਕਹਾਣੀ ਮਨੁੱਖੀ ਅਹਿਸਾਸ ਤੇ ਸਮਾਜਿਕ ਬੰਦਸ਼ਾਂ ਵਿਚਲੇ ਟਕਰਾਵਾਂ ਨੂੰ ਪੇਸ਼ ਕਰਦੀ ਹੈ। ਸਮਾਜਿਕ ਸੰਰਚਨਾ ਬਹੁਤ ਹਾਲਤਾਂ ਵਿਚ ਮਨੁੱਖ ਵਿਰੋਧੀ ਹੋ ਨਿਬੜਦੀ ਹੈ। ਪਰੰਤੂ ਅੱਜ ਦੇ ਹਲਾਤਾਂ ਵਿਚ ਕਤਲ ਵਰਗੀਆਂ ਕਾਰਵਾਈਆਂ ਕਰਨੀਆਂ ਵੀ ਮਿਡਲ ਕਲਾਸ ਲਈ ਔਖੀਆਂ ਹਨ। ਸ਼ਕਤੀਸ਼ਾਲੀ ਵਿਰੋਧ ਵਿਰੋਧੀ ਨੂੰ ਸ਼ਿਕਸ਼ਤ ਦੇਣ ਲੱਗਿਆ ਹੈ। ਦੂਜੇ ਪਾਸੇ ਮਨੁੱਖੀ ਮਨ ਵਿਚ ਪ੍ਰੰਪਰਾ ਆਪਣਾ ਸਥਾਨ ਬਣਾਈ ਬੈਠੀ ਹੈ ਦੂਜੀ ਸਥਿਤੀ ਵਿਚ ਨਵੇਂ ਨੂੰ ਵੀ ਆਤਮਸਾਤ ਕਰ ਰਿਹਾ ਹੈ। ਇਹੀ ਦੁਵਿਧਾ, ਤੜਪ, ਪ੍ਰੇਸ਼ਾਨੀ ਹੈ ਜਿਸ ਦੇ ਤਣਾਓ ਦਾ ਵਿਸਤਾਰ ਹਰ ਆਦਮੀ ਚਿੜੀ ਦੀ ਅਵਸਥਾ ਵਿਚ ਹੈ ਜਿਸਨੇ ਦਾਣਾ ਇਕੱਠਾ ਕਰ ਠੰਢਾ ਪਾਣੀ ਪੀਣਾ ਸੀ। ਪਰੰਤੂ ਮਨੁੱਖ ਹੁਣ ਰੇਤਲੇ ਇਲਾਕਿਆਂ 'ਚ ਘੁੰਮਦਾ ਸਵੈ ਦੀ ਤਲਾਸ਼ ਕਰਦਾ ਹੈ। ਇਹ ਉਹ ਇਲਾਕਾ ਹੈ ਜਿੱਥੇ ਕੋਈ ਵੀ ਉਤਪਾਦਨ ਨਹੀਂ ਹੈ ਸਿਰਫ ਉਪਰਾਮਤਾ ਹੈ।

**'ਭਰਮ'** ਕਹਾਣੀ ਖੱਬੇ ਪੱਖੀ ਪਾਰਟੀਆਂ ਦੇ ਕੁਝ ਅਖੌਤੀ ਕਾਰਕੁਨਾਂ ਦੀ ਅੰਦਰੂਨੀ ਮਾਨਸਿਕਤਾ ਨੂੰ ਜਾਹਰ ਕਰਦੀ ਹੈ। ਮੈਂ ਪਾਤਰ ਸਾਧਾਰਨ ਜ਼ਿੰਦਗੀ ਜੀਣ ਵਾਲਾ ਪਰੰਤੂ ਖੱਬੇ ਪੱਖੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ। ਕਹਾਣੀ ਦੇ ਹਵਾਲੇ ਸਥਾਪਤ ਕਰਦੇ ਹਨ ਕਿ ਇਹ ਆਖੌਤੀ ਕਾਮਰੇਡ ਦੇਹ, ਦਾਰੂ, ਦੇਸ਼ (ਪਰਾਇਆ) ਪਸੰਦ ਕਰਦੇ ਹਨ। ਇਹਨਾਂ ਦੀਆਂ ਇਛਾਵਾਂ ਵੀ ਆਮ ਲੋਕਾਂ ਵਰਗੀਆਂ ਹਨ, ਪਰੰਤੂ ਸੰਘਰਸ਼ ਦੇ ਪਾਖੰਡ ਰਾਹੀਂ ਤੇ ਨਾਹਰਿਆਂ ਦੇ ਓਹਲੇ ਬਹੁਤ ਕੁਝ ਲਕੋ ਲੈਂਦੇ ਹਨ। ਕਹਾਣੀ ਦਾ ਪਾਤਰ ਜਰਨੈਲ ਸਿੰਘ ਝੂਠ ਬੋਲਕੇ ਇਹ ਸਥਾਪਤ ਕਰਦਾ ਹੈ ਕਿ ਉਹ ਪਾਰਟੀ ਦਾ ਸਰਗਰਮ ਤੇ ਸੱਚਾ-ਸੁੱਚਾ ਮੈਂਬਰ ਹੈ। ਉਹ ਪੁਲਿਸ ਦੀ ਕੁੱਟ ਦਾ ਵੀ ਭੇਖ ਸਿਰਜਦਾ ਹੈ ਤੇ ਸੱਚ ਕੁਝ ਹੋਰ ਹੈ। ਉਸਦਾ ਮੁੰਡਾ ਕਨੇਡਾ ਗਿਆ ਹੋਇਆ ਹੈ, ਇੱਕ ਵਿਧਵਾ ਔਰਤ ਨਾਲ ਉਸਦੇ ਸਬੰਧ ਹਨ, ਸ਼ਰਾਬ ਪੀਣਾ ਉਸਦਾ ਸ਼ੌਕ ਹੈ। ਇਸ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਐਸ਼-ਪ੍ਰਸਤ ਵਿਆਕਤੀ ਤੇ ਖੱਬੇ ਪੱਖੀ ਪਾਰਟੀ ਦੇ ਮੈਂਬਰਾ ਵਿਚ ਕੋਈ ਵੀ ਫਰਕ ਨਹੀਂ ਹੈ। ਦੂਸਰਾ ਇਹ ਕਿ ਉਹ ਏਨਾ ਮੌਕਾ-ਪ੍ਰਸਤ ਹੈ ਕਿ ਕਦੇ ਵੀ ਪਾਰਟੀ ਬਦਲ ਸਕਦਾ ਹੈ। ਉਸਦੇ ਜਾਣੂ ਦਾ ਸਾਥੀ ਤਾਂ ਇਥੋਂ ਤੱਕ ਸਾਬਤ ਕਰਦਾ ਹੈ ਕਿ ਉਸ ਨੂੰ ਪਾਰਟੀ ਵਿਚੋਂ ਕੱਢਿਆ ਹੋਇਆ ਹੈ ਤੇ ਜਰਨੈਲ ਇਹ ਸਾਬਤ ਕਰਦਾ ਹੈ ਕਿ ਪਾਰਟੀ ਨੇ ਉਸ ਨਾਲ ਨਿਆਂ ਨਹੀਂ ਕੀਤਾ। ਉਸਦੀ ਪਾਰਟੀ ਦੇ ਮੂਹਰਲੇ ਮੈਂਬਰ ਹੀ ਸਭ ਤਰ੍ਹਾਂ ਦੇ ਲਾਹੇ ਲੈ ਗਏ ਹਨ। ਇਸ ਤਰ੍ਹਾਂ ਪਾਰਟੀਆਂ ਵਿਚ ਵੀ ਦੂਸ਼ਣ ਲਗਦੇ ਰਹਿੰਦੇ ਹਨ ਤੇ ਇਹ ਪਾਰਟੀ ਮੈਂਬਰਾਂ ਦੀ ਵਿਚਾਰਧਾਰਕ ਕਚਿਆਈ ਤੇ ਵਿਆਕਤੀਗਤ ਹਉਂ ਕਾਰਨ ਸਾਹਮਣੇ ਆਉਂਦੀ

ਹੈ। ਕਹਾਣੀਕਾਰ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਉਹ ਕਾਮਰੇਡ ਦੇ ਗੁਣ-ਔਗੁਣਾਂ ਨੂੰ ਬਿਰਤਾਂਤ ਦਾ ਹਿੱਸਾ ਤਾਂ ਜ਼ਰੂਰ ਬਣਾਉਂਦਾ ਹੈ ਪਰੰਤੂ ਮੈਂ ਪਾਤਰ ਕੋਲੋਂ ਉਸਦੀ ਨਿੰਦਾ ਨਹੀਂ ਕਰਵਾਉਂਦਾ ਤੇ ਨਾ ਹੀ ਉਸ ਬਾਰੇ ਸੁਣੀਆਂ ਗੱਲਾਂ ਤੇ ਅਮਲ ਕਰਦਾ ਹੈ। ਕਹਾਣੀਕਾਰ ਮੈਂ ਪਾਤਰ ਨੂੰ ਉਦੋਂ ਉਕਤਾਇਆ ਦਿਖਾਉਂਦਾ ਹੈ ਜਦੋਂ ਕਿਰਤੀ ਲੋਕਾਂ ਦੀ ਗੱਲ ਕਰਦਾ ਕਰਦਾ ਕਾਮਰੇਡ ਇੱਕ ਕਿਰਤੀ ਔਰਤ ਤੋਂ ਕਿਰਤ ਕਰਾਉਣ ਦੇ ਨਾਲ-ਨਾਲ ਉਸ ਨੂੰ ਭੋਗ ਲੈਣ ਦੀ ਸਲਾਹ ਵੀ 'ਮੈਂ' ਪਾਤਰ ਨੂੰ ਦਿੰਦਾ ਹੈ। ਉਹ ਇਸ ਨੂੰ ਪ੍ਰਮਾਣਿਕ ਕਰਨ ਲਈ ਦ੍ਰਿਸ਼ ਸਿਰਜ ਦਿੰਦਾ ਹੈ। ਜਰਨੈਲ ਕਾਮਰੇਡ ਦੇ ਬੋਲੇ ਹੋਏ ਸ਼ਬਦ ਹੇਠ ਲਿਖੇ ਹਨ ਜਿਸਤੋਂ ਮੈਂ ਪਾਤਰ ਸਮਝਦਾ ਹੈ ਕਿ ਇਹ ਵਿਅਕਤੀ ਖੱਬੇ ਪੱਖੀ ਤਾਂ ਕੀ ਇੱਕ ਮਾੜੇ ਆਦਮੀ ਨਾਲੋਂ ਵੀ ਮਾੜਾ ਸੋਚਦਾ ਹੈ। ਦ੍ਰਿਸ਼ ਦੇਖੋ :-

"ਤੂੰ ਏਸਨੂੰ ਰੋਟੀਆਂ ਪਕਾਉਣ ਲਈ ਰੱਖ ਲਾ। ਥੋੜ੍ਹੇ ਪੈਸਿਆਂ ਵਿਚ ਹੀ ਤੇਰੇ ਸਾਰੇ ਕੰਮ ਸਾਰ ਦਿਆ ਕਰੇਗੀ।" ਜਰਨੈਲ ਦੇ ਆਖੇ ਇਹ ਬੋਲ ਸੁਣ ਮੈਂ ਗਰਦਨ ਘੁਮਾ ਕੇ ਪਿਛੇ ਵੱਲ ਦੇਖਿਆ। ਜਰਨੈਲ ਦੇ ਉਥੇ ਆ ਕੇ ਖੜੇ ਹੋਣ ਬਾਰੇ ਮੈਨੂੰ ਪਤਾ ਨਹੀਂ ਸੀ ਲੱਗਿਆ।

"ਚੀਜ਼ ਤਾਂ ਵਧੀਆ ਲਗਦੀ ਏ। ਨਾਲੇ ਰੰਗ ਵੀ ਮੁਸ਼ਕੀ ਆ।" ਮੈਨੂੰ ਚੁੱਪ ਖੜੇ ਨੂੰ ਦੇਖ ਉਹ ਦੁਬਾਰਾ ਬੋਲਿਆ ਸੀ। (ਪੰਨਾਂ 48)

ਇਕ ਕਿਰਤੀ ਔਰਤ ਦਾ ਕਾਮਰੇਡ ਲਈ ਚੀਜ਼ ਬਣਨਾ ਅਜੋਕੇ ਵਰਤਾਰਿਆਂ ਵਿਚ ਇੱਕ ਪ੍ਰਸ਼ਨ ਚਿੰਨ੍ਹ ਹੈ ਤੇ ਇਸ ਨਾਲ ਸਮੁੱਚੀ ਲਹਿਰ ਭਰਮ ਦੇ ਘੇਰੇ ਵਿਚ ਆ ਜਾਂਦੀ ਹੈ।

**'ਮਹਿਕ ਦੀ ਮੌਤ'** ਦਰਅਸਲ ਕਿਰਤ ਦੀ ਮੌਤ ਦੀ ਕਹਾਣੀ ਹੈ ਜਿਸ ਵਿਚ ਇਕ ਔਰਤ ਕੋਲੋਂ ਔਰਤਵ ਖੋਹ ਕੇ ਇਕ ਜਿਸਮ ਬਣਾ ਮੰਡੀ ਦੀ ਵਸਤ ਬਣਾ ਦਿੱਤਾ ਗਿਆ ਹੈ। ਮਨੁੱਖ ਦਾ ਵਸਤ ਵਿਚ ਤਬਦੀਲ ਹੋਣਾ ਸਭ ਤੋਂ ਦੁਖਦਾਈ ਵਰਤਾਰਾ ਹੈ। ਕਹਾਣੀ ਦੀ ਪਾਤਰ ਰੇਖਾ ਪਰਫਿਊਮ ਕੰਪਨੀ ਦੇ ਬ੍ਰਾਂਡ ਸਰਵੇ ਹਿਤ ਪ੍ਰੇਮ ਦੇ ਘਰ ਪਹੁੰਚਦੀ ਹੈ ਜਿਥੋਂ ਪ੍ਰੇਮ ਅੰਦਰ ਉਸ ਪ੍ਰਤੀ ਹਮਦਰਦੀ, ਸਨੇਹ ਤੇ ਸੰਵੇਦਨਾ ਜਨਮ ਲੈਂਦੀ ਹੈ। ਫਿਰ ਕਦੇ ਵੀ ਦਿਖਾਈ ਨਾ ਦੇਣ ਦੀ ਸੂਰਤ ਵਿਚ ਉਹ ਰੇਖਾ ਦੀ ਭਾਲ ਕਰਦਾ ਹੈ। ਬਹੁਤ ਕੋਸ਼ਿਸ਼ ਤੋਂ ਬਾਅਦ ਉਹ ਜਦੋਂ ਉਸਦੇ ਘਰ ਪਹੁੰਚਦਾ ਹੈ ਉਦੋਂ ਤੱਕ ਉਹ ਵੇਸ਼ਵਾਗਮਨੀ ਦੀ ਸ਼ਿਕਾਰ ਹੋ ਗਈ ਹੁੰਦੀ ਹੈ ਤੇ ਉਸਦਾ ਪਤੀ ਹੀ ਉਸਦਾ ਦਲਾਲ ਬਣਿਆ ਹੁੰਦਾ ਹੈ। ਇਹ ਕਹਾਣੀ ਅਜੋਕੀ ਔਰਤ ਦੀ ਪਛਾਣ ਦੀ ਹੈ ਜਿਸ ਵਿਚ ਜਿੱਥੇ ਇਕ ਵੇਦਨਸ਼ੀਲ, ਸੰਵੇਦਨਸ਼ੀਲ, ਤੜਪਦੀ, ਤਪਦੀ ਔਰਤ ਦਿਖਾਈ ਦਿੰਦੀ ਹੈ, ਉਥੇ ਇਕ ਵਿਕਾਊ ਪੁਰਸ਼ ਦਾ ਬਿੰਬ ਵੀ ਦਿਖਾਈ ਦਿੰਦਾ ਹੈ। ਕਹਾਣੀ ਵਿਚ ਤਿੰਨ ਪੁਰਸ਼ ਪ੍ਰੇਮ, ਕੋਹਲੀ, ਦੀਪਕ (ਰੇਖਾ ਦਾ ਪਤੀ) ਪੇਸ਼ ਹੁੰਦੇ ਹਨ। ਪ੍ਰੇਮ ਪੂਰਨ ਤੌਰ 'ਤੇ ਭਾਵੁਕ ਹੋ ਔਰਤ ਅੰਦਰਲੀ ਔਰਤ ਨੂੰ ਤਲਾਸ਼ਦਾ ਉਸਦੇ ਜੀਵਨ ਦੇ ਦੁੱਖਾਂ ਨੂੰ ਉਭਾਰਦਾ ਹੈ ਜਦਕਿ ਕੋਹਲੀ ਤੇ ਦੀਪਕ ਨੂੰ ਔਰਤ ਕੇਵਲ ਦੇਹ ਤੋਂ ਅੱਗੇ ਕੁਝ ਵੀ ਦਿਖਾਈ ਨਹੀਂ ਦਿੰਦਾ। ਇਸ ਤਰ੍ਹਾਂ ਕਹਾਣੀਕਾਰਾਂ ਸਾਰੇ ਮਰਦਾਂ ਨੂੰ ਭੋਗੀ ਹੋਣ ਦੇ ਇਲਜ਼ਾਮ ਤੋਂ ਬਚਾਉਂਦਾ ਹੈ। ਆਦਮੀ ਅੰਦਰਲੇ ਭਾਵੁਕ ਮਨੁੱਖ ਨੂੰ ਆਵਾਜ਼ ਮਾਰਨ ਦੀ ਇਹ ਵਖਰੀ ਹੀ ਵਿਧੀ ਹੈ। ਕਹਾਣੀਕਾਰ ਵਾਰ-ਵਾਰ ਪ੍ਰੇਮ ਪਾਤਰ ਨੂੰ ਕਲਪਨਾ ਵਿਚ ਗਾੜ੍ਹੇ ਲਹੂ ਵਿਚੋਂ ਲੰਘਾਉਂਦਾ ਹੈ ਜਿਸ ਤੋਂ ਇਹ ਸਾਬਤ ਹੋ ਰਿਹਾ ਹੈ ਕਿ ਆਦਮੀ ਦਾ ਖ਼ੂਨ ਹੁਣ ਸ਼ਰੀਰ 'ਚ ਨਹੀਂ ਧਰਤੀ 'ਤੇ ਵਗਣਾ ਸ਼ੁਰੂ ਹੋ ਗਿਆ ਹੈ ਜਿਥੇ ਇਸਨੇ ਆਪਣੇ ਅਨਮੋਲ ਹੋਣ ਦਾ ਮੁੱਲ ਗੁਆ ਲਿਆ ਹੈ। ਸਮੁੱਚੀ ਕਹਾਣੀ ਵਿਚ ਬੇਚੈਨੀ, ਬੇਪਰਦਗੀ, ਬੇਪਰਵਾਹੀ, ਖਿੱਝ, ਤੜਪ, ਸਥਿਤੀਆਂ ਤੋਂ ਅਕਾਓ, ਸਾਹਮਣੇ ਆਉਂਦੇ ਹਨ ਜਿਥੇਂ ਨਵੇਂ ਮਨੁੱਖ ਦੀ ਹੋਂਦ ਦੇ ਬਹੁਤ ਸਾਰੇ ਸਵਾਲ ਖੜ੍ਹੇ ਹੁੰਦੇ ਹਨ।

**'ਬੇਦੋਸ਼ੇ'** ਕਹਾਣੀ ਪੰਜਾਬ ਸੰਕਟ ਨਾਲ ਸੰਬੰਧਤ ਤੇ ਸੰਬੋਧਿਤ ਹੈ। ਛਿੰਦਰ (ਮੈਂ) ਪੁਲਿਸ ਅਫ਼ਸਰ ਜਰਨੈਲ ਸਿੰਘ, ਭਿੰਦੀ ਤੇ ਭਿੰਦੀ ਦਾ ਪਿਤਾ ਉਜਲ ਸਿੰਘ ਕਹਾਣੀ ਦੇ ਉਹ ਪਾਤਰ ਹਨ ਜਿਹੜੇ ਪੰਜਾਬ ਵਿਚਲੇ ਵਿਭਿੰਨ ਵਰਤਾਰਿਆ ਦੀ ਤਰਜ਼ਮਾਨੀ ਕਰਦੇ ਹਨ। ਜਰਨੈਲ ਸਿੰਘ ਪੁਲਿਸ ਦਾ ਪ੍ਰਤੀਨਿਧ ਪਾਤਰ ਹੈ ਜਿਸਨੇ ਭਾਈਚਾਰਕ ਸਾਂਝ ਨੂੰ ਛੱਡ ਕੇ ਉਚੇ ਆਹੁਦਿਆਂ ਨੂੰ ਤਰਜੀਹ ਦਿੱਤੀ। ਛਿੰਦਰ ਪ੍ਰੈਸ ਦੀ ਪ੍ਰਤਿਨਿੱਧ ਪਾਤਰ ਵਜੋਂ ਸੰਜੀਦਾ ਪਾਤਰ ਦੀ ਭੂਮਿਕਾ ਨਿਭਾਈ ਹੈ। ਭਿੰਦੀ ਉਸ ਨੌਜਵਾਨ ਪੀੜੀ ਦਾ ਪਾਤਰ ਹੈ ਜਿਸ ਨੂੰ ਧੱਕੇ ਨਾਲ ਖਾੜਕੂ ਬਣਾਇਆ ਗਿਆ। ਕਹਾਣੀ ਦਾ ਅੰਤ ਵਿਸ਼ਲੇਸ਼ਣਾਤਮਕ ਹੈ ਕਿਉਂਕਿ ਜਦੋਂ ਜਰਨੈਲ ਸਿੰਘ ਸਸਪੈਂਡ ਹੋਣ ਤੋਂ ਬਾਅਦ ਛਿੰਦਰ ਕੋਲ ਜਾਂਦਾ ਹੈ ਤਾਂ ਕਹਾਣੀਕਾਰ ਸੰਵਾਦ ਰਾਹੀਂ ਇਹ ਗੱਲ ਕੱਢਾ ਲੈਂਦਾ ਹੈ ਕਿ ਪੁਲਿਸ ਨੇ ਨੌਜਵਾਨਾਂ ਨਾਲ ਵਧੀਕੀ ਕੀਤੀ ਹੈ। ਇਸ ਕਹਾਣੀ ਦੀ ਖ਼ੂਬਸੂਰਤੀ ਇਸ ਦੇ ਦ੍ਰਿਸ਼ ਬਿੰਬ ਟਾਹਲੀ, ਸੜਕ ਤੇ ਮੁਰਗੇ ਹਨ। ਟਾਹਲੀ ਪੰਜਾਬੀ ਸਭਿਆਚਾਰ ਵਿਚ ਵਿਸ਼ੇਸ਼ ਸਥਾਨ ਰੱਖਣ ਵਾਲਾ ਰੁੱਖ ਹੈ ਜਦਕਿ ਸੜਕ ਵਿਕਾਸ ਦਾ ਬਿੰਬ ਹੈ। ਤੇ ਮੁਰਗੇ ਪੰਜਾਬ ਦੇ ਲੋਕ ਹਨ ਜਿਹਨਾਂ 'ਤੇ ਬੇਮਤਲਬ ਜ਼ੁਲਮ ਹੋ ਰਿਹਾ ਹੈ। ਛਿੰਦਰ ਮੁਰਗਿਆਂ ਨੂੰ ਖੋਲਦਾ ਹੈ ਜਿਵੇਂ ਉਹ ਭਿੰਦੀ ਦੀ ਭਾਲ ਕਰਦਿਆਂ ਜਰਨੈਲ ਸਿੰਘ ਨੂੰ ਮਿਲਿਆ ਸੀ। ਛਿੰਦਰ ਦੇ ਦਿਮਾਗ ਵਿਚ ਇਹ ਗੱਲ ਘੁੰਮਦੀ ਨਜ਼ਰ ਆਉਂਦੀ ਹੈ ਕਿ ਉਹ ਭਿੰਦੀ ਨੂੰ ਤਾਂ ਨਹੀਂ ਬਚਾ ਸਕਿਆ, ਹੁਣ ਅਣਭੋਲ ਮੁਰਗਿਆਂ ਨੂੰ ਆਜ਼ਾਦੀ ਦਿੱਤੀ ਜਾਵੇ। ਇਹ ਕਹਾਣੀ ਨੇ ਪੂਰਨ ਤੌਰ 'ਤੇ ਪੰਜਾਬ ਸੰਕਟ ਦਾ ਅਵਚੇਤਨ ਸਾਂਭਿਆ ਹੋਇਆ ਹੈ। 'ਹਨੇਰੇ 'ਚ ਝਾਕਦੀ ਅੱਖ' ਅਜੋਕੇ ਮਨੁੱਖ ਅੰਦਰ ਜਾਇਜ਼ ਤੇ ਨਜਾਇਜ਼ ਸਰੀਰਕ ਸੰਬੰਧਾਂ ਦੇ ਦੁਆਲੇ ਘੁੰਮਦੀ ਹੈ। ਹਨੇਰੇ ਦਾ ਰਾਜ ਦਿਨੋਂ ਦਿਨ ਵਧ ਰਿਹਾ ਹੈ ਜਿਸ ਵਿਚ ਸਮਾਜ ਦੇ ਨਿਸ਼ਚਿਤ ਕੀਤੇ ਰਿਸ਼ਤਿਆਂ ਦੀ ਉਲੰਘਣਾ ਕਰਨਾ ਹੀ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ। ਇਸ ਨਾਲ ਪਰਿਵਾਰ ਟੁੱਟ ਰਹੇ ਹਨ ਤੇ ਪਰਿਵਾਰ ਨਾਲੋਂ ਟੁੱਟਿਆ ਬੰਦਾ ਬੇਚੈਨੀ ਵੀ ਹੰਢਾ ਰਿਹਾ ਹੈ। ਕਾਮੁਕਤਾ ਮਨੁੱਖੀ ਚਿੰਤਨ ਦਾ ਕੇਂਦਰੀ ਥੀਮ ਬਣ ਗਿਆ ਹੈ। ਪਰ ਜਦੋਂ ਆਦਮੀ ਆਪਣੀ ਇਸ ਮਾਨਸਿਕ ਤੇ ਸ਼ਰੀਰਕ ਖੇਡ ਤੋਂ ਵਾਪਿਸ ਪਰਤਣ ਦੀ ਕੋਸ਼ਿਸ਼ ਕਰਦਾ ਹੈ ਉਦੋਂ ਤੱਕ ਉਸਦੇ ਮੂਲ ਪਰਿਵਾਰ ਦੇ ਉਸ ਪ੍ਰਤੀ ਸਰੋਕਾਰ ਬਦਲ ਜਾਂਦੇ ਹਨ। ਉਹ ਉਪਰਾਮਤਾ ਭੋਗਦਾ ਹੈ। ਪਰ ਇਸ ਕਹਾਣੀ ਦੀ ਪਾਤਰ ਕਰਮਿੰਦਰ ਆਪਣੇ ਨਜਾਇਜ਼ ਸਬੰਧਾਂ ਦੇ 'ਆਨੰਦ' ਤੋਂ' ਬਾਅਦ 'ਘਰ' ਵਲ ਪਰਤਦੀ ਹੈ। ਉਹ ਧੀ ਦੀ ਰਖਿਆ ਕਰਦੀ ਉਸ ਅੱਖ ਵਿਚ ਤਬਦੀਲ ਹੁੰਦੀ ਹੈ ਜਿਹੜੀ ਹਨੇਰੇ ਵਿਚ ਵੀ ਵੇਖ ਸਕਦੀ ਹੈ। ਅਸਲੀ ਵਿਚ ਇਹ ਅੱਖ ਕੁਸੈਲੇ ਅਨੁਭਵ ਤੋਂ ਬਾਅਦ ਹੀ ਖੁੱਲਦੀ ਹੈ ਜਿਸ ਦੇ ਸਿੱਟੇ ਮਨੁੱਖ ਪੱਖੀ ਹੀ ਹੁੰਦੇ ਹਨ। ਕਹਾਣੀ ਦੀ ਪਾਤਰ ਕਰਮਿੰਦਰ ਆਪਣੀ ਪਤੀ ਗੁਰਮੀਤ ਤੇ ਪ੍ਰੇਮੀ ਮੰਗੇ ਵਿਚਕਾਰ ਉਲਝੀ ਹੈ। ਪਹਿਲਾ ਉਹ ਸਮਾਜ (ਪਤੀ) ਤੋਂ ਉਪਰਾਮ ਹੁੰਦੀ ਹੈ ਤੇ ਫਿਰ ਸ਼ਰੀਰ (ਪ੍ਰੇਮੀ) ਤੋਂ। ਇਸ ਤਰ੍ਹਾਂ ਉਸ ਦੀ ਬੇਚੈਨੀ ਦਾ ਕਾਰਨ ਵਰਤਾਰਿਆਂ ਵਿਚ ਹੈ ਪਰੰਤੂ ਹੱਲ ਉਹ ਵਿਅਕਤੀਆਂ ਵਿਚੋਂ ਲੱਭ ਰਹੀ ਹੈ। ਇਹ ਕੇਵਲ ਕਰਮਿੰਦਰ ਦੀ ਸਮੱਸਿਆ ਨਹੀਂ ਹੈ ਸਗੋਂ ਬਹੁਤ ਸਾਰੇ ਲੋਕ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਪੀੜਤ ਹਨ।

ਕਹਾਣੀ **'ਅੱਗ ਦੀ ਰੋਟੀ'** ਸ਼ਮਸ਼ਾਨਘਾਟ ਵਿਚ ਆਪਣੇ ਅਹਿਸਾਸਾਂ ਨੂੰ ਮਾਰਕੇ ਜੀਣ ਦੀ ਹੈ। ਨਾਲ ਹੀ ਗਰੀਬੀ ਤੇ ਗੰਭੀਰਤਾ ਨਾਲ ਜੁੜੇ ਹੋਣ ਕਾਰਨ ਉਸ ਜੀਵਨ ਪ੍ਰਤੀ ਵੀ ਗੁੱਸਾ ਹੈ ਜਿਹੜਾ ਮਜ਼ਦੂਰ ਜਮਾਤ ਲਈ ਬਿਲਕੁਲ ਵੀ ਕੁਦਰਤੀ ਨਹੀਂ ਹੈ। ਅਨਾਥ ਬੱਚਾ ਕੁੰਦਨ ਜਿਹੜਾ ਸੰਤ ਰਾਮ (ਮੁਰਦਿਆਂ ਨੂੰ ਫੂਕਣ ਦਾ ਕੰਮ ਕਰਨ ਵਾਲਾ) ਨੇ ਪਾਲਿਆ ਹੈ ਉਸ ਨੂੰ ਵੀ ਉਹੀ ਕੰਮ ਕਰਨਾ ਪੈਂਦਾ ਹੈ ਜਿਹੜਾ ਸੰਤ ਰਾਮ ਕਰਦਾ ਹੈ। ਸਮੇਂ ਤੇ ਹਾਲਾਤ ਦੀ ਮਜ਼ਬੂਰੀ ਹੈ ਕਿ ਜਿਸ ਦਿਨ ਸੰਤ

ਰਾਮ ਦੀ ਮੌਤ ਹੁੰਦੀ ਹੈ ਉਸਨੂੰ ਫੂਕਣ ਦਾ ਮੌਕਾ ਨਹੀਂ ਮਿਲਦਾ ਕਿਉਂਕਿ ਮੁਰਦਿਆਂ ਦੀ ਕਤਾਰ ਬਹੁਤ ਲੰਮੀ ਹੈ। ਆਪਣੇ ਦੁੱਖਾਂ ਨੂੰ ਮਹਿਸੂਸ ਕਰਨ ਦਾ ਮੌਕਾ ਨਾ ਮਿਲਣਾ ਸਭ ਤੋਂ ਵੱਡਾ ਦੁੱਖ ਹੈ। ਗਰੀਬ ਉਪਰ ਇਹ ਸਿਰੇ ਦਾ ਜ਼ੁਲਮ ਹੈ। ਸਮੁੱਚੀ ਕਹਾਣੀ ਵਿੱਚ ਤਣਾਓ ਤੇ ਦੁੱਖ ਦਾ ਮਾਹੌਲ ਹੈ ਜਿਸ ਵਿਚੋਂ ਆਦਮੀ ਦਾ ਅਸਹਿਜ ਕਾਰਵਾਈਆਂ ਕਰਨਾ ਸਹਿਜ ਲਗਦਾ ਹੈ।

**'ਤੱਥ'** ਕਹਾਣੀ ਪੰਜਾਬ ਵਿਚੋਂ ਪ੍ਰਵਾਸ ਕਰਕੇ ਗਏ ਮਰਦਾਂ ਦੀਆਂ ਪਤਨੀਆਂ ਦੇ ਦਰਦ ਦੀ ਕਥਾ ਹੈ। ਅਕਾਂਖਿਆਈ ਸੰਸਾਰ, ਕਿਰਤ ਦੇ ਗੌਰਵ ਤੇ ਸਥਾਨ ਬਦਲਦੇ ਕਠਿਨ ਕੰਮ ਕਰ ਸਕਣ ਦਾ ਅਕੀਦਾ ਇਸ ਦੇ ਪਿੱਛੇ ਕਾਰਜਸ਼ੀਲ ਤੱਤ ਹਨ। ਇਸ ਦੇ ਪਾਸਾਰ ਇਹ ਹਨ ਕਿ ਜਿਹੜੇ ਮਰਦ ਇਥੋਂ ਪਰਵਾਸ ਧਾਰਨ ਕਰਦੇ ਹਨ ਉਹ ਪਰਵਾਸੀ ਧਰਤੀ 'ਤੇ ਜਿੱਥੇ ਧਨ ਕਮਾਉਂਦੇ ਹਨ ਉੱਥੇ ਆਪਣੀ ਸ਼ਰੀਰਕ ਕਾਮੁਕ ਲੋੜਾਂ ਲਈ ਨਜਾਇਜ਼ ਸਬੰਧ ਬਣਾ ਕੇ ਆਪਣੇ ਜੀਵਨ ਨੂੰ ਗਤੀ ਦੇਣਾ ਚਾਹੁੰਦੇ ਹਨ। ਇਸ ਦੇ ਉਲਟ ਜਿਹੜੀਆਂ ਔਰਤਾਂ ਨੂੰ ਉਹ ਇੱਥੇ ਛੱਡ ਕੇ ਜਾਂਦੇ ਹਨ ਉਹ ਵੀ ਅਜਿਹੀਆਂ ਸਮੱਸਿਆਵਾਂ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਉਹਨਾਂ ਨੂੰ ਇੱਥੇ ਆਪਣੀ ਸ਼ਰੀਰਕ ਤੇ ਮਾਨਸਿਕ ਸੰਤੁਸ਼ਟੀ ਲਈ ਜਦੋ-ਜਹਿਦ ਕਰਨੀ ਪੈਂਦੀ ਹੈ। ਦੂਸਰਾ ਆਰਥਿਕ ਪਹਿਲੂ ਇਹ ਹੈ ਕਿ ਬਾਹਰ ਜਾਣ ਦੀ ਤਾਂਘ ਨੇ ਜਿੱਥੇ ਪਰਿਵਾਰਾਂ ਦੇ ਆਰਥਿਕ ਸੰਕਟਾਂ ਨੂੰ ਗਹਿਰਾ ਕੀਤਾ ਹੈ ਉੱਥੇ ਦਲਾਲ ਜਮਾਤਾਂ (ਵਕੀਲ, ਡਾਕਟਰ, ਆੜਤੀਏ, ਪਟਵਾਰੀ, ਸ਼ਾਹੂਕਾਰ, ਟਰੈਵਲ ਏਜੰਟ ਆਦਿ ਜਿਹੜੇ ਬੇਈਮਾਨ ਹੋ ਚੁੱਕੇ ਹਨ) ਦੀ ਕਮਾਈ ਵਿਚ ਚੋਖਾ ਵਾਧਾ ਹੋਇਆ ਹੈ। ਪਰਵਾਸ ਧਾਰਨ ਕਰਨਾ ਇੱਕ ਜੂਏ ਵਿਚ ਪਰਿਵਰਤਿਤ ਹੋ ਗਿਆ ਹੈ। ਆਮ ਲੋਕਾਂ ਨੂੰ ਬਾਹਰ ਜਾਣ ਦੇ ਕਾਨੂੰਨ ਦੀ ਜਾਣਕਾਰੀ ਨਾ ਹੋਣਾ ਦਲਾਲਾਂ ਦੇ ਪੂਰੇ ਹੱਕ ਵਿਚ ਭੁਗਤ ਰਿਹਾ ਹੈ। ਕਹਾਣੀ ਵਿਚ ਮੈਂ ਪਾਤਰ ਮਾਲਵੇ ਤੇ ਦੁਆਬੇ ਵਿਚੋਂ ਪਰਵਾਸ ਧਾਰਨ ਕਰਨ ਦੀ ਪ੍ਰਵ੍ਰਿਤੀ ਨੂੰ ਆਂਕਦੇ ਹੋਏ ਸਪਸ਼ਟ ਕਰ ਰਿਹਾ ਹੈ ਕਿ ਮਾਲਵੇ ਵਿਚੋਂ ਪ੍ਰਵਾਸ ਦੁਆਬੇ ਦੇ ਮੁਕਾਬਲੇ ਘੱਟ ਹੋਇਆ ਹੈ। ਪੂਰਬ ਵਿਚੋਂ ਆਏ ਮਜ਼ਦੂਰ ਹਰ ਤਰ੍ਹਾਂ ਦਾ ਰਾਜ ਦੁਆਬੇ ਦੇ ਪਰਿਵਾਰਾਂ ਤੇ ਕਰ ਰਹੇ ਹਨ। ਕਹਾਣੀ ਵਿਚਲਾ ਪਾਤਰ ਅਮਰੀਕ ਜਿਹੜਾ ਟਰੱਕ ਤੇ ਕੰਮ ਕਰਦਾ ਹੈ ਮੈਂ ਪਾਤਰ ਨੂੰ ਇੱਟਾ ਦਾ ਟਰੱਕ ਲੈ ਕੇ ਉਸ ਘਰ ਲੈ ਜਾਂਦਾ ਹੈ ਜਿਥੇ ਉਸਦਾ ਮਨ ਭਿਜਦਾ ਹੈ। ਉਹ ਔਰਤ ਇਕੱਲਪਣ ਨਾਲ ਜੂਝਦੀ ਨਜ਼ਰ ਆਉਂਦੀ ਹੈ। ਉਹ ਅਮਰੀਕ ਨਾਲ ਪਿਆਲਾ ਵੀ ਸਾਂਝਾ ਕਰਦੀ ਹੈ, ਜਿਥੋਂ ਇਹ ਸਾਬਤ ਹੋ ਜਾਂਦਾ ਹੈ ਕਿ ਧਨ ਦੀ ਕਮੀ ਤਾਂ ਭਾਵੇਂ ਖ਼ਤਮ ਹੋ ਰਹੀ ਹੈ ਪਰ ਬੰਦਾ ਨਸ਼ਿਆਂ, ਜਿਸਮਾਂ ਨਾਲ ਖੁਦ ਨੂੰ ਭਰਮਾਉਣ ਦਾ ਆਦੀ ਹੋ ਰਿਹਾ ਹੈ। ਇਹ ਗੱਲ ਉਦੋਂ ਸਪਸ਼ਟ ਹੋ ਜਾਂਦੀ ਹੈ ਜਦੋਂ ਕਹਾਣੀ ਦੇ ਅਖੀਰ ਵਿਚ ਦਲਬੀਰ (ਜਿਸ ਨੂੰ ਅਮਰੀਕ 'ਮਿਲਣ' ਆਇਆ ਹੈ) 'ਮੈਂ' ਪਾਤਰ ਨੂੰ ਇਹ ਕਥਨ ਕਹਿੰਦੀ ਹੈ :

"ਭਾਅ ਜੀ, ਧਨ ਦੌਲਤ ਵੀ ਬਹੁਤ ਆ। ਸੁਖ ਸਹੂਲਤਾਂ ਵੀ ਪੂਰੀਆਂ ਨੇ, ਪਰ ਏਨਾ ਸਭ ਕੁਝ ਹੋਣ 'ਤੇ ਵੀ ਔਰਤ ਨੂੰ ਕਈ ਕੁਝ ਹੋਰ ਚਾਹੀਦਾ ਹੁੰਦਾ ਏ ਜੋ ਵਿਦੇਸ਼ੀਂ ਗਿਆਂ ਦੀਆਂ ਘਰਵਾਲੀਆਂ ਨੂੰ ਨਸੀਬ ਨ੍ਹੀ ਹੁੰਦਾ। ਇਸੇ ਦੁੱਖੋਂ ਮਰਦੀਆਂ ਨੂੰ ਤਾਂ ਐਧਰੋ-ਉਧਰੋਂ ਅੱਕ ਚੱਬਣਾ ਪੈਂਦਾ ਏ।" ਵਾਪਸ ਮੁੜਦੇ ਸਮੇਂ ਉਥੋਂ ਤੁਰਨ ਵੇਲੇ ਦਲਬੀਰ ਦੇ ਆਖੇ ਇਹ ਬੋਲ ਵਾਰ-ਵਾਰ ਮੇਰੇ ਕੰਨਾਂ ਨਾਲ ਟਕਰਾ ਰਹੇ ਸਨ, ਕਿਉਂਕਿ ਆਪਣੇ ਲਿਖੇ ਜਾਣ ਵਾਲੇ ਪ੍ਰੋਜੈਕਟ ਲਈ ਜੋ ਤੱਥ ਇਕੱਠੇ ਕਰ ਰਿਹਾ ਸਾਂ, ਉਨ੍ਹਾਂ ਵਿਚ ਇਕ ਵਾਧਾ ਹੋ ਗਿਆ ਜਿਸ ਬਾਰੇ ਮੈਨੂੰ ਪਹਿਲਾਂ ਨਹੀਂ ਸੀ ਪਤਾ।

ਇਸ ਕਹਾਣੀ ਨਾਲ ਪੰਜਾਬੀ ਕਹਾਣੀ ਪਰਵਾਸੀ ਜੀਵਨ ਨਾਲੋਂ ਇਸ ਦੇ ਸਿੱਟਿਆ ਤੇ ਕੇਂਦਰਤ ਹੋਣ ਦੀ ਸੰਭਾਵਨਾ ਵਾਲੀ ਵਧੇਗੀ ਜਿੱਥੇ ਪੰਜਾਬੀ ਕਹਾਣੀ ਨਵੀਂ ਪ੍ਰਵਿਰਤੀ ਹਾਸਿਲ ਕਰ ਸਕਦੀ

ਹੈ। **'ਕੰਡਿਆਂ ਉੱਤੇ ਤੁਰਦੀ ਜ਼ਿੰਦਗੀ'** ਵਿਚ ਵੀ ਚਿੜੀ ਰੇਤ ਵਿਚ ਨਹਾਉਂਦੀ ਹੈ ਜਿਸ ਨਾਲ ਜੀਵਨ ਦੇ ਇਕ ਹੋਰ ਸੰਕਟ ਨਾਲ ਸਾਹਮਣਾ ਹੁੰਦਾ ਨਜ਼ਰ ਆਉਂਦਾ ਹੈ। ਕਹਾਣੀ ਦੀ ਪਾਤਰ 'ਆਭਾ' ਉਹ ਲੜਕੀ ਹੈ ਜਿਹੜੀ ਆਪਣੇ ਸਰਵਾਈਵਲ ਲਈ ਜੂਝ ਰਹੀ ਹੈ। ਪਤੀ ਦੀ ਮੌਤ, ਜੀਜੇ ਦੁਆਰਾ ਬੇਹੁਰਮਤੀ, ਅਤੇ ਮਕਾਨ ਮਾਲਕ ਦੇ ਲੜਕੇ ਦੀ ਅਧੂਰੀ ਹਮਦਰਦੀ, ਬੱਚੇ, ਮਾਂ, ਤੇ ਪਿਤਾ ਦਾ ਫ਼ਿਕਰ, ਬਿਊਟੀ ਪਾਰਲਰ ਰਾਹੀਂ ਹੁੰਦੇ ਵਿਭਚਾਰ ਆਦਿ ਕਿੰਨੇ ਹੀ ਗੁੱਸੇ ਤੇ ਫਿਕਰ ਆਪਣੇ ਨਾਲ ਲਈ ਘੁੰਮ ਰਹੀ ਹੈ। ਕਹਾਣੀ ਦੇ ਅਖੀਰ 'ਚ ਉਹ ਇਕ ਬਜ਼ੁਰਗ ਨੂੰ ਸ਼ਰੀਰਕ ਤੌਰ 'ਤੇ ਸੰਤੁਸ਼ਟ ਕਰਨ ਲਈ ਉਸ ਦੇ ਘਰ ਜਾਂਦੀ ਹੈ ਜਿੱਥੇ ਉਹ ਆਪਣੇ ਅਵਚੇਤਨ ਨਾਲ ਜੂਝਦੀ ਹੋਈ ਬੇਇਜ਼ਤ ਹੁੰਦੀ ਹੈ। ਗਾਹਕ ਵਿਚੋਂ ਪਿਤਾ ਦਿਖਾਈ ਦੇਣਾ ਤੇ ਗਾਹਕ ਨੂੰ ਕੁੜੀ ਜਿਸਮ ਤੋਂ ਬਿਨਾ ਕੁਝ ਦਿਖਾਈ ਨਾ ਦੇਣਾ ਸਭ ਤੋਂ ਵੱਡੀ ਤ੍ਰਾਸਦੀ ਉਭਰਦੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਮਜ਼ਬੂਰੀਆਂ ਨਾਲ ਅਖਤਿਆਰ ਕੀਤੇ ਮਾੜੇ ਰਾਹਾਂ 'ਤੇ ਚਲਦਿਆ ਵੀ ਬਹੁਤ ਵਾਰੀ ਆਦਮੀ ਵਿਚੋਂ ਨਾ ਹੀ ਰਿਸ਼ਤਿਆਂ ਦਾ ਨਿੱਘ ਖ਼ਤਮ ਹੁੰਦਾ ਤੇ ਨਾ ਹੀ ਉਸ ਅੰਦਰੋਂ ਹਮਦਰਦੀ ਦੇ ਸੋਮੇ ਸੁੱਕਦੇ ਹਨ। ਆਭਾ ਉਸਦੀ ਨਿਵੇਕਲੀ ਉਦਾਹਰਨ ਬਣਦੀ ਹੈ। ਪਰ ਕਹਾਣੀ ਵਿਚ ਉਹ ਪਾਤਰ ਵੀ ਮੌਜੂਦ ਹਨ ਜਿਹੜੇ ਕਿਸੇ ਵੀ ਕਿਸਮ ਦੀ ਗੰਭੀਰਤਾ ਨੂੰ ਅਪਣਾਉਣ ਆਪਣਾ ਫਰਜ਼ ਨਹੀਂ ਸਮਝਦੇ। ਦੂਸਰੀ ਗੱਲ ਕਹਾਣੀ ਵਿਚ ਜਿਹਨ ਤੇ ਜਿਸਮ ਦੋਵੇਂ ਅਲੱਗ-ਅਲੱਗ ਥਾਵਾਂ 'ਤੇ ਵਿਚਰ ਰਹੇ ਹਨ। ਆਭਾ ਭਾਵੇਂ ਜੀਵਨ ਦੇ ਕਿਸੇ ਵੀ ਪੜਾਅ ਵਿਚੋਂ ਲੰਘ ਰਹੀ ਹੈ ਪਰ ਉਸ ਨੂੰ ਪੁੱਤਰ ਲਈ ਤੇ ਮਾਤਾ ਪਿਤਾ ਲਈ ਕੱਪੜੇ ਹਮੇਸ਼ਾਂ ਯਾਦ ਰਹਿੰਦੇ ਹਨ।

ਮਨੁੱਖੀ ਫਿਤਰਤ ਵਿਚ ਮੁਹੱਬਤ ਦਾ ਆਪਣਾ ਮਹੱਤਵ ਹੈ। ਇਹ ਜਿੱਥੇ ਮਨੁੱਖੀ ਮਨ ਨੂੰ ਸਕੂਨ ਤੇ ਫਕੀਰੀ ਗੁਣ ਦਿੰਦੀ ਹੈ ਉੱਥੇ ਸਮਾਜ ਦੇ ਬੰਨ੍ਹੇ ਵਰਤਾਰਿਆਂ ਵਿਚ ਉਥਲ-ਪੁਥਲ ਕਰਦੀ ਹੈ। ਭਾਰਤੀ ਸਮਾਜ ਇੱਕ ਵਿਅਕਤੀ ਨੂੰ ਆਪਣਾ ਸਮਾਜਿਕ ਗੁਲਾਮ ਮੰਨਦਾ ਹੈ ਪਰੰਤੂ ਵਿਆਕਤੀ ਆਪਣੇ ਭਾਵਾਂ ਦੀ ਅਪੂਰਤੀ ਕਾਰਨ ਸਮਾਜ ਨੂੰ ਆਪਣਾ ਦੁਸ਼ਮਣ ਮੰਨਦਾ ਹੈ। ਇਸ ਤਰ੍ਹਾਂ ਵਿਅਕਤੀ ਤੇ ਸਮਾਜ ਇਕ ਦੂਜੇ ਨਾਲ ਜੁੜੇ ਵੀ ਰਹਿੰਦੇ ਹਨ ਪਰ ਉਹਨਾਂ ਅੰਦਰਲੇ ਸਬੰਧ ਕਾਂਟਵੇ ਹਨ। ਕਹਾਣੀ 'ਲੜਾਈ' ਵੀ ਮਨੁੱਖਾ ਨੂੰ ਮਹੁੱਬਤ ਦੀ ਲੋੜ ਤੇ ਸਮਾਜ ਨੂੰ ਵਿਆਕਤੀ ਦੀ ਲੋੜ ਦੇ ਦਵੰਦ ਵਿਚੋਂ ਵਿਚਰਦੀ ਹੈ। ਸਮਾਜ ਮਨੁੱਖ ਤੋਂ ਵਸਤੂਗਤ ਲੋੜਾਂ ਦੀ ਪੂਰਤੀ ਚਾਹੁੰਦਾ ਹੈ, ਜਦਕਿ ਮਨੁੱਖ ਦੀ ਤਾਂਘ ਪ੍ਰੇਮ, ਪ੍ਰਸੰਸਾ, ਹੌਸਲਾ, ਹੱਲਾਸ਼ੇਰੀ ਆਦਿ ਹਨ। ਜਦੋਂ ਵੀ ਇਹਨਾਂ ਵਿਚ ਤਾਲਮੇਲ ਨਹੀਂ ਬੈਠਦਾ ਤਾਂ ਆਦਮੀ ਜਾਂ ਤਾਂ ਪੂਰੇ ਪ੍ਰਬੰਧ ਅੱਗੇ ਸਾਹਮਣੇ ਸਮਰਪਣ ਕਰ ਦਿੰਦਾ ਹੈ ਤੇ ਉਪਰਾਮ ਜ਼ਿੰਦਗੀ ਜਿਊਣ ਲਗਦਾ ਹੈ ਜਾਂ ਪੂਰੇ ਸਮਾਜ ਤੋਂ ਬਾਗੀ ਹੋ ਜਾਂਦਾ ਹੈ। ਕਹਾਣੀ ਦਾ ਪਾਤਰ ਹਰਬੰਸ ਜਿਹੜਾ ਫੌਜ ਵਿਚ ਭਰਤੀ ਹੋਣ ਤੋਂ ਪਹਿਲਾਂ ਇੱਕ ਕੁੜੀ ਦੀ ਮੁਹੱਬਤ ਨੂੰ ਆਤਮਸਾਤ ਕਰਦਾ ਹੈ ਪਰੰਤੂ ਸਮਾਜਿਕ ਹਾਲਤ ਉਸਦੇ ਹੱਕ ਵਿਚ ਨਹੀਂ ਭੁਗਤਦੇ, ਉਸਦਾ ਵਿਆਹ ਕਿਸੇ ਹੋਰ ਲੜਕੀ ਨਾਲ ਕਰਦੇ ਹਨ। ਇਕ ਅਕਾਂਖਿਆ ਉਸਦੇ ਆਰ-ਪਾਰ ਰਹਿੰਦੀ ਹੈ। ਪ੍ਰੇਮ ਤੇ ਪਰਿਵਾਰਿਕ ਜ਼ਿੰਮੇਵਾਰੀਆਂ ਨਾਲੋਂ-ਨਾਲ ਚਲਦੀਆਂ ਹਨ। ਸਮਾਂ ਬਦਲਦਾ ਹੈ ਕਿ ਹਰਬੰਸ ਤੇ ਉਸਦੀ ਨਾ ਹੋ ਸਕੀ ਪਤਨੀ (ਅਜੈਬ) ਮੁੜ ਮਿਲਦੇ ਹਨ। ਅਜੈਬ ਦੇ ਪਤੀ ਦੀ ਮੌਤ ਤੋਂ ਬਾਅਦ ਸਮੀਕਰਨ ਹੋਰ ਵੀ ਬਦਲ ਜਾਂਦੇ ਹਨ। ਵਧ ਸ਼ਰਾਬ ਪੀਣ ਨਾਲ ਹਰਬੰਸ ਦੀ ਮੌਤ ਨਾਲ ਬਹੁਤ ਸਾਰੇ ਸਵਾਲ ਖੜੇ ਹੁੰਦੇ ਹਨ ਜਿਹਨਾਂ ਦੇ ਉਤਰ ਲਈ ਮਲਕੀਤ ਅਜੈਬ ਦੇ ਘਰ ਜਾਂਦਾ ਹੈ ਜਿਥੋਂ ਸਥਿਤੀ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ। ਕਹਾਣੀ ਇਹ ਗੱਲ ਸਥਾਪਤ ਕਰ ਰਹੀ ਹੈ ਕਿ ਵਿਅਕਤੀ ਜੋ

ਚਾਹੁੰਦਾ ਹੈ ਉਸ ਤਰ੍ਹਾਂ ਦੀ ਜ਼ਿੰਦਗੀ ਜਿਉਣਾ ਚਾਹੁੰਦਾ ਹੈ। ਸਮਾਜਿਕ ਬੰਦਸ਼ਾ ਉਸ ਨੂੰ ਰੋਕਦੀਆਂ ਤਾਂ ਹਨ ਪਰ ਉਸ ਨੂੰ ਬਿਲਕੁਲ ਪਿਛੇ ਨਹੀਂ ਮੋੜ ਸਕਦੀਆਂ। ਜੇ ਉਹ ਮੁੜਦਾ ਹੈ ਤਾਂ ਅਣ-ਆਈ ਮੌਤ ਦਾ ਸ਼ਿਕਾਰ ਹੁੰਦਾ ਹੈ।

ਆਦਮੀ ਦਾ ਸੁਪਨਾ ਸੰਸਾਰ ਨਾਲ ਦਸਤਪੰਜਾ ਲੈਣ ਲਈ ਮਜ਼ਬੂਰ ਕਰਦਾ ਹੈ ਜਿਸ ਨਾਲ ਆਦਮੀ ਜਿਥੇ ਆਪਣੀ ਸਮੱਰਥਾ ਨੂੰ ਮਾਪਦਾ ਹੈ ਉਥੇ ਸੰਸਾਰ ਦੀਆਂ ਉਸ ਲਈ ਤਹਿ ਕੀਤੀਆਂ ਚੁਣੌਤੀਆਂ ਰਾਹੀਂ ਸੰਸਾਰ ਨੂੰ ਸਮਝਦਾ ਹੈ। ਜਦੋਂ ਵਿਅਕਤੀ ਵੱਡੀਆਂ ਸੰਸਾਰਿਕ/ਸਮਾਜਿਕ ਚਣੌਤੀਆਂ ਸਰ ਕਰ ਦਿੰਦਾ ਹੈ ਤਾਂ ਸੰਸਾਰ ਉਸ ਨੂੰ ਨਾਇਕ ਘੋਸ਼ਿਤ ਕਰ ਦਿੰਦਾ ਹੈ ਪਰ ਜੇਕਰ ਇਸਦੇ ਉਲਟ ਵਿਅਕਤੀ ਫੇਲ੍ਹ ਹੋ ਜਾਂਦਾ ਤਾਂ ਸੰਸਾਰ ਉਸ ਨੂੰ ਜਿਉਂਦੇ ਨੂੰ ਵੀ ਲਾਸ਼ ਬਣਾ ਦਿੰਦਾ ਹੈ। ਸੋ ਸੰਘਰਸ਼ ਵਿਚੋਂ ਵਿਅਕਤੀ ਦੀ ਸ਼ਨਾਖਤ ਛੇਤੀ ਹੋ ਜਾਂਦੀ ਹੈ। ਕਹਾਣੀ 'ਲਾਸ਼' ਵਿਚ ਦੋ ਅਰਥੀਆਂ ਨਾਲੋਂ-ਨਾਲ ਚੱਲ ਰਹੀਆਂ ਹਨ। ਇਕ ਤੇਜਿੰਦਰ ਦੀ ਲਾਸ਼ ਹੈ ਜਿਹੜਾ ਚੁਣੌਤੀਆਂ ਨਾਲ ਸਫ਼ਲ ਹੋਣ ਤੱਕ ਟਕਰਾ ਨਹੀਂ ਸਕਿਆ। ਦੂਜੀ ਲਾਸ਼ ਕਾਨੀਆਂ ਦੇ ਸੁਪਨਿਆਂ ਦੀ ਹੈ ਜਿਹੜੇ ਭਵਿੱਖ ਪ੍ਰਤੀ ਆਸਵੰਦ ਨਹੀਂ ਹਨ। ਸਭ ਕੁਝ ਸ਼ਮਸ਼ਾਨਘਾਟ ਵੱਲ ਜਾ ਰਿਹਾ ਹੈ। ਆਦਮੀ ਦੀ ਆਦਮੀਅਤ, ਉਸਦੇ ਸੁਪਨੇ, ਚਾਅ, ਉਮੰਗਾਂ, ਰਿਸ਼ਤੇ ਆਦਿ ਸਭ ਖ਼ਤਮ ਹੋ ਰਹੇ ਹਨ। ਇੱਕ ਪਾਸੇ ਆਦਮੀ ਅੰਦਰ ਪਸਰੀ ਹੋਈ ਉਦਾਸੀ ਜੀਵਨ ਦੇ ਰੰਗਾਂ ਨੂੰ ਪ੍ਰਕਾਸ਼ਿਤ ਕਰ ਰਹੀ ਹੈ ਦੂਜੇ ਪਾਸੇ ਸਰਮਾਏਦਾਰੀ ਢਾਂਚੇ ਦੇ ਸਫ਼ਲ ਲੋਕਾਂ ਦਾ ਜਸ਼ਨ ਚੀਜ਼ ਨੂੰ ਭੋਗੀ ਬਣਾ ਰਿਹਾ ਹੈ। ਅੱਤ ਦਾ ਭੋਗ ਤੇ ਅੱਤ ਦੀ ਉਦਾਸੀ ਦੋਵੇਂ ਲਾਸ਼ ਖਹਿ ਕੇ ਲੰਘ ਰਹੇ ਹਨ।

ਸੋ ਸਮੁੱਚੇ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਵਿਚਰ ਰਹੇ ਪਾਤਰ ਚਿੜੀਆਂ ਵਰਗੇ ਹਨ ਜਿਹਨਾਂ ਨੇ ਨਹਾਉਂਣਾ ਤਾਂ ਪਾਣੀ ਵਿਚ ਸੀ ਪਰੰਤੂ ਸਮੁੱਚੇ ਵਰਤਾਰੇ ਉਹਨਾਂ ਨੂੰ ਇਜਾਜ਼ਤ ਨਹੀਂ ਦਿੰਦੇ। (*ਰੇਤ 'ਚ ਨਹਾਉਂਦੀਆਂ ਚਿੜੀਆਂ, ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ 225, ਪੰਨੇ 172) (**ਸੰਪਰਕ-99151-28868**)


## 'ਕਹਾਣੀ ਧਾਰਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਭਗਵੰਤ ਰਸੂਲਪੁਰੀ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਭਗਵੰਤ ਰਸੂਲਪੁਰੀ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 2 ਫਰਵਰੀ, 2016 ਦਸਤਖਤ

ਭਗਵੰਤ ਰਸੂਲਪੁਰੀ, ਪ੍ਰਕਾਸ਼ਕ

Year:11 Issue No.40
'KAHANI DHARA'(PUNJABI QUARTERLY) Jan.-March,2016 R.N.I. Regd No. PUN PUN 2006/19971

